Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

CA DRE# 00966763

Ad Space Available
Please Call
Ph: 847-359-0746

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 19, Issue 45, November 10, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ 'ਚ ਖਾੜਕੂਵਾਦ ਦੇ ਉਭਾਰ ਦਾ ਡਰਾਵਾ

### ਬਰਗਾੜੀ ਮੋਰਚੇ ਦੇ ਹੁੰਗਾਰੇ ਨੂੰ ਬਣਾਇਆ ਆਧਾਰ

**ਚੰਡੀਗੜ੍ਹ:** ਪੰਜਾਬ ਵਿਚ ਮੁੜ ਖਾੜਕੂਵਾਦ ਦਾ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਬੇ ਵਿਚ ਸਿਆਸੀ ਹਿਲਜੁਲ ਕਾਰਨ ਸਿਆਸੀ ਧਿਰਾਂ ਇਸ ਦਾਅਵੇ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਵਿਦੇਸ਼ੀ ਸ਼ਕਤੀਆਂ ਕੰਮ ਕਰ ਰਹੀਆਂ ਹਨ। ਭਾਰਤ ਦੇ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਵੀ ਇਸ ਦਾਅਵੇ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕਰਦਿਆਂ ਸਿਆਸੀ ਧਿਰਾਂ ਦੀ ਹਾਂ ਵਿਚ ਹਾਂ ਮਿਲਾਈ ਹੈ।

ਨਵੀਂ ਦਿੱਲੀ ਵਿਚ 'ਭਾਰਤ ਦੀ ਅੰਦਰੂਨੀ ਸੁਰੱਖਿਆ ਦੀ ਬਦਲਦੀ ਸੂਰਤੇ-ਹਾਲ' ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਉਨ੍ਹਾਂ ਪੰਜਾਬ ਬਾਰੇ ਟਿੱਪਣੀ ਕੀਤੀ ਹੈ ਕਿ ਬਾਹਰੀ ਸੂਤਰਾਂ ਰਾਹੀਂ ਪੰਜਾਬ ਵਿਚ ਦਹਿਸ਼ਤਪਸੰਦੀ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਇਸ ਬਾਰੇ ਜੇ ਤੁਰੰਤ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਬਹੁਤ ਦੇਰ ਹੋ ਜਾਵੇਗੀ। ਉਤਰ ਪ੍ਰਦੇਸ਼ ਦੇ ਸਾਬਕਾ ਪੁਲਿਸ ਮੁਖੀ ਪ੍ਰਕਾਸ਼ ਸਿੰਘ ਨੇ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਈ ਹੈ ਅਤੇ ਇੰਗਲੈਂਡ ਵਿਚ ਹੋਈ ਰੈਫਰੈਂਡਮ 2020 ਰੈਲੀ ਦੇ ਹਵਾਲੇ ਨਾਲ ਖ਼ਾਲਿਸਤਾਨ ਪੱਖੀ ਉਭਾਰ ਦੀ ਗੱਲ ਕੀਤੀ ਹੈ। ਸਿਆਸੀ ਧਿਰਾਂ ਅਤੇ ਫੌਜ ਮੁਖੀ ਵਲੋਂ ਇਸ ਦਾਅਵੇ ਪਿੱਛੇ ਤਰਕ ਬਰਗਾੜੀ ਮੋਰਚੇ ਨੂੰ ਮੁੱਖ ਰੱਖ ਕੇ ਦਿੱਤਾ ਜਾ ਰਿਹਾ ਹੈ। ਪੰਜਾਬ ਦਾ ਖੁਫੀਆ ਤੰਤਰ ਵੀ ਇਹੀ ਬੋਲੀ ਬੋਲ ਰਿਹਾ ਹੈ। ਸਾਰੀਆਂ ਸਿਆਸੀ ਧਿਰਾਂ ਬਰਗਾੜੀ ਮੋਰਚੇ ਨੂੰ ਅਤਿਵਾਦ ਨਾਲ ਜੋੜ ਕੇ ਇਕ-ਦੂਜੇ ਉਤੇ ਇਸ ਦੀ ਹਮਾਇਤ ਦੇ ਦੋਸ਼ ਮੜ੍ਹ ਰਹੀਆਂ ਹਨ।

ਅਸਲ ਵਿਚ ਪੰਜਾਬ ਪੁਲਿਸ ਵਲੋਂ ਪਿਛਲੇ ਦਿਨੀਂ ਕੁਝ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਹਨ। ਇਨ੍ਹਾਂ ਤੋਂ ਪੁੱਛਗਿੱਛ ਦੌਰਾਨ ਹਾਸਲ ਜਾਣਕਾਰੀ ਬਾਰੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਨਿਸ਼ਾਨਾ ਬਾਦਲ ਪਰਿਵਾਰ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਲੋਕਾਂ ਦਾ ਸੂਬੇ ਦੀਆਂ ਰਵਾਇਤੀ ਧਿਰਾਂ ਤੋਂ ਮਨ ਭਰ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਰਗਾੜੀ ਗੋਲੀਕਾਂਡ ਵਿਚ ਨਿਆਂ ਦੀ ਲੰਮੀ ਉਡੀਕ ਨੇ ਪੰਜਾਬੀਆਂ ਨੂੰ ਬੇਚੈਨ ਕਰ ਦਿੱਤਾ ਹੈ। ਇਹੀ ਰੋਹ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਬਾਦਲ ਦੇ ਸਫਾਏ ਦਾ ਕਾਰਨ ਬਣਿਆ। ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਉਤੇ ਭਰੋਸਾ ਕਰ ਕੇ ਕਾਂਗਰਸ ਨੂੰ ਸੱਤਾ ਵਿਚ ਲਿਆਂਦਾ, ਪਰ ਸੱਤਾ ਮਿਲਦੇ ਸਾਰ ਹੀ ਕੈਪਟਨ ਦੀ ਬੋਲੀ ਬਦਲ ਗਈ। ਪੌਣੇ 2 ਸਾਲ ਲੰਘਣ ਪਿਛੋਂ ਵੀ ਸਰਕਾਰ ਕਮਿਸ਼ਨ ਤੇ ਜਾਂਚ ਟੀਮਾਂ ਬਣਾ ਕੇ ਦੋਸ਼ੀਆਂ ਖਿਲਾਫ ਕਾਰਵਾਈ ਤੋਂ ਟਾਲਾ ਵੱਟ ਰਹੀ ਹੈ। ਖਾਸਕਰ ਬਾਦਲ ਪਰਿਵਾਰ ਨਾਲ ਵਰਤੀ ਜਾ ਰਹੀ ਲਿਹਾਜ਼ਦਾਰੀ ਕਾਰਨ ਸਿੱਖਾਂ ਵਿਚ ਕਾਫੀ ਰੋਹ ਹੈ। ਬਰਗਾੜੀ ਮੋਰਚਾ ਵੀ ਸਰਕਾਰ ਦੀ ਇਸੇ ਨਾਲਾਇਕੀ ਦੀ ਉਪਜ ਹੈ।

ਇਹ ਮੋਰਚਾ ਤਿੰਨ-ਚਾਰ ਮਹੀਨੇ ਪਹਿਲਾਂ ਕੁਝ ਸਿੱਖਾਂ ਆਗੂਆਂ ਦੀ ਅਗਵਾਈ ਵਿਚ ਸ਼ੁਰੂ ਹੋਇਆ ਸੀ। ਐਨੇ ਥੋੜ੍ਹੇ ਸਮੇਂ ਵਿਚ ਇਸ ਮੋਰਚੇ

(ਬਾਕੀ ਸਫਾ 6 ਉਤੇ)

## ਪੰਜਾਬ 'ਚ ਤੀਜੇ ਸਿਆਸੀ ਫਰੰਟ ਲਈ ਪਿੜ ਬੱਝਣ ਲੱਗਾ

**ਚੰਡੀਗੜ੍ਹ:** ਪੰਜਾਬ ਵਿਚ ਤੀਜੇ ਸਿਆਸੀ ਫਰੰਟ ਲਈ ਪਿੜ ਬੱਝਣ ਲੱਗਾ ਹੈ। ਰਵਾਇਤੀ ਧਿਰਾਂ ਤੋਂ ਅੱਕੇ ਲੋਕ ਇਕ ਮੰਚ ਉਤੇ ਖੜ੍ਹੇ ਹੁੰਦੇ ਦਿਸ ਰਹੇ ਹਨ। ਰਵਾਇਤੀ ਧਿਰਾਂ ਦੀ ਟੁੱਟ ਭੱਜ ਇਹੀ ਸੰਕੇਤ ਦੇ ਰਹੀ ਹੈ ਕਿ ਅਗਲੀਆਂ ਚੋਣਾਂ ਇਨ੍ਹਾਂ ਲਈ ਪਰਖ ਦੀ ਘੜੀ ਹੋਣਗੀਆਂ।

ਇਸ ਮੋਰਚੇ ਦੀ ਕਾਇਮੀ ਲਈ ਸਭ ਤੋਂ ਵੱਧ ਸਰਗਰਮੀ ਆਮ ਆਦਮੀ ਵਿਚੋਂ ਮੁਅੱਤਲ ਕੀਤੇ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਵੱਲੋਂ ਵਿਖਾਈ ਜਾ ਰਹੀ ਹੈ। ਖਹਿਰਾ ਦੀ ਇਸ ਪਹਿਲ ਨੇ ਆਪ ਸਮੇਤ ਹੋਰ ਧਿਰਾਂ ਦੇ ਬਾਗੀਆਂ ਨੂੰ ਵੀ ਰਾਹ ਦਿਖਾਇਆ ਹੈ। ਸੁਖਪਾਲ ਖਹਿਰਾ ਨੇ ਤੀਜਾ ਮੋਰਚਾ ਕਾਇਮ ਕਰਨ ਦਾ ਸੰਕੇਤ ਦਿੰਦਿਆਂ ਦਾਅਵਾ ਕੀਤਾ ਹੈ ਕਿ ਉਹ ਦਸੰਬਰ ਦੇ ਪਹਿਲੇ ਹਫਤੇ ਅੱਠ ਦਿਨ ਪੂਰੇ ਪੰਜਾਬ ਵਿਚ ਇਨਸਾਫ ਮਾਰਚ ਕਰਨਗੇ। ਇਸ ਦੌਰਾਨ ਪੰਜਾਬ ਦੀ ਜਨਤਾ ਤੋਂ ਰਾਏ ਲਈ ਜਾਵੇਗੀ। ਉਸ ਮੁਤਾਬਕ ਅਗਲੀ ਰਣਨੀਤੀ ਐਲਾਨੀ ਜਾਏਗੀ।

ਖਹਿਰਾ, ਯੂਨਾਈਟਿਡ ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਤੇ ਲੋਕ ਇਨਸਾਫ ਪਾਰਟੀ ਨੂੰ ਨਾਲ ਲੈ ਕੇ ਚੱਲਣ ਦੀ ਸੋਚ ਰਹੇ ਹਨ। ਇਸ ਤੋਂ ਇਲਾਵਾ ਸੁੱਚਾ ਸਿੰਘ ਛੋਟੇਪੁਰ, ਡਾ. ਧਰਮਵੀਰ ਗਾਂਧੀ ਤੇ ਬੀਰਦਵਿੰਦਰ ਸਿੰਘ ਵੀ ਖਹਿਰਾ ਨਾਲ ਮਿਲ ਸਕਦੇ ਹਨ। ਅਕਾਲੀ ਦਲ ਤੋਂ ਬਗਾਵਤ ਕਰ ਰਹੇ ਕਈ ਟਕਸਾਲੀ ਲੀਡਰਾਂ ਨੂੰ ਵੀ ਫਰੰਟ ਨਾਲ ਜੋੜਨ ਦੇ ਯਤਨ

(ਬਾਕੀ ਸਫਾ 6 ਉਤੇ)



ਯੂਬਾ ਸਿਟੀ ਵਿਚ ਸਜਾਏ ਗਏ 39ਵੇਂ ਮਹਾਨ ਨਗਰ ਕੀਰਤਨ ਦਾ ਇਕ ਦ੍ਰਿਸ਼ (ਰਿਪੋਰਟ ਸਫਾ 2 ਉਤੇ)


Buying/Selling
in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Raj Shergill
Associate Broker

Landmark Realty
40600 Ann Arbor Rd.,
Suite# 150,
Plymouth, MI 48170
Call: 734-751-4455
rajsshergill@yahoo.com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਸੰਗਤਾਂ ਦਾ ਰਿਕਾਰਡਤੋੜ ਇਕੱਠ ਰਿਹਾ ਯੂਬਾ ਸਿਟੀ ਦੇ ਨਗਰ ਕੀਰਤਨ ਵਿਚ

**ਯੂਬਾ ਸਿਟੀ (ਬਿਊਰੋ, ਹੁਸਨ ਲੜੋਆ ਬੰਗਾ):** ਦੂਰ ਦੂਰ ਜਿਥੋਂ ਤੱਕ ਵੀ ਨਜ਼ਰ ਜਾਂਦੀ, ਰੰਗ-ਬਰੰਗੀਆਂ ਦਸਤਾਰਾਂ ਅਤੇ ਦੁਪੱਟੇ ਹੀ ਨਜ਼ਰ ਆ ਰਹੇ ਸਨ, ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦੇ ਸਟਾਲਾਂ ਤੋਂ ਸੰਗਤਾਂ ਭੋਜਨ ਪਦਾਰਥਾਂ ਦਾ ਅਨੰਦ ਲੈ ਰਹੀਆਂ ਸਨ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ



ਅਗਵਾਈ ਹੇਠ ਨਗਰ ਕੀਰਤਨ ਅਰੰਭ ਹੋਇਆ ਤਾਂ ਅਸਮਾਨ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਇਹ ਸੀ ਨਜ਼ਾਰਾ, ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦੀਆਂ



ਸੰਗਤਾਂ ਦੇ ਉਦਮ ਨਾਲ ਸਜਾਏ ਗਏ 39ਵੇਂ ਮਹਾਨ ਨਗਰ ਕੀਰਤਨ ਦਾ। ਗੁਰੂ ਮਹਾਰਾਜ ਦੀ ਪਾਲਕੀ ਦੇ ਅੱਗੇ ਅੱਗੇ ਝਾੜੂਬਰਦਾਰ ਸੜਕ ਸਾਫ ਕਰਦੇ ਜਾ ਰਹੇ ਸਨ, ਪਾਲਕੀ 'ਤੇ ਬਿਰਾਜਮਾਨ ਰਾਗੀ ਜਥੇ ਵਲੋਂ ਕੀਤੇ ਜਾ ਰਹੇ ਸ਼ਬਦ ਕੀਰਤਨ ਦੀਆਂ ਧੁਨਾਂ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਹੀਆਂ ਸਨ। ਗਤਕੇ ਦੇ ਯੋਧੇ ਗਤਕੇ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਚਕ੍ਰਿਤ ਕਰ ਰਹੇ ਸਨ। ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਪਿਛੇ ਪਿਛੇ ਚੱਲ ਰਹੀਆਂ ਸਨ। ਪਿਛਲੇ ਸਾਲਾਂ ਵਾਂਗ ਬਾਕੀ ਭਾਈਚਾਰਿਆਂ ਦੇ ਲੋਕਾਂ ਨੇ ਸੰਗਤਾਂ ਵਜੋਂ ਹਾਜ਼ਰੀ ਭਰੀ।

ਇਸ ਵਾਰ ਦੀ ਖਾਸੀਅਤ ਇਹ ਵੀ ਸੀ ਕਿ ਸੰਗਤਾਂ ਦੀ ਗਿਣਤੀ ਰਿਕਾਰਡਤੋੜ ਸੀ। ਇਕ ਅੰਦਾਜ਼ੇ ਅਨੁਸਾਰ ਇਹ ਗਿਣਤੀ ਇਕ ਲੱਖ ਤੋਂ ਵੀ ਵੱਧ ਸੀ। ਇੰਨੇ ਵੱਡੇ ਇਕੱਠ ਦਾ ਇਕ ਕਾਰਨ ਸ਼ਾਇਦ ਸਾਫ-ਸੁਥਰਾ ਮੌਸਮ ਵੀ ਸੀ। ਪ੍ਰਬੰਧਕਾਂ ਵਲੋਂ ਨਗਰ ਕੀਰਤਨ ਲਈ ਕਈ ਮਹੀਨਿਆਂ ਤੋਂ ਕੀਤੀ ਜਾ ਰਹੀ ਤਿਆਰੀ ਨੇ ਸੰਗਤਾਂ ਨੂੰ ਸੰਭਾਲਣ ਵਿਚ ਕੋਈ ਕਸਰ ਨਾ ਛੱਡੀ।

ਨਗਰ ਕੀਰਤਨ ਤੋਂ ਪਹਿਲਾਂ ਵੱਖ ਵੱਖ ਧਾਰਮਕ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੌਰਾਨ ਅਖੰਡ ਪਾਠਾਂ ਦੀ ਲੜੀ 13 ਸਤੰਬਰ ਤੋਂ ਸ਼ੁਰੂ ਹੋਈ ਸੀ ਜਿਸ ਦੇ ਭੋਗ 4 ਨਵੰਬਰ ਨੂੰ ਪਾਏ ਗਏ। ਇਨ੍ਹਾਂ ਸਮਾਗਮਾਂ ਵਿਚ ਵੱਖ ਵੱਖ ਸ਼ਖਸੀਅਤਾਂ ਤੋਂ ਇਲਾਵਾ ਰਾਗੀ ਤੇ ਢਾਡੀ ਜਥਿਆਂ, ਕਥਾਵਾਚਕਾਂ ਤੇ ਪ੍ਰਚਾਰਕਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਨ੍ਹਾਂ 'ਚ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਹਰਿਮੰਦਰ ਸਾਹਿਬ, ਭਾਈ ਹਰਚਰਨ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਬੀਬੀ ਬਲਜੀਤ ਕੌਰ ਕੈਨੇਡਾ, ਭਾਈ ਨਿਰੰਜਣ ਸਿੰਘ ਜਵੱਦੀਕਲਾਂ, ਭਾਈ ਮਨੋਹਰ ਸਿੰਘ ਦਿੱਲੀ, ਭਾਈ ਹਰਮਨਦੀਪ ਸਿੰਘ ਖਾਲਸਾ, ਭਾਈ ਸਾਹਿਬ ਸਿੰਘ, ਕਥਾਵਾਚਕ ਭਾਈ ਇਕਬਾਲ ਸਿੰਘ, ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ, ਭਾਈ ਲਖਵਿੰਦਰ ਸਿੰਘ ਸੋਹਲ ਅਤੇ ਡਾ. ਸੁਖਪ੍ਰੀਤ ਸਿੰਘ ਉਦੋਕੇ ਤੋਂ ਇਲਾਵਾ ਹੋਰ ਪ੍ਰਚਾਰਕਾਂ ਨੇ ਵੱਖ ਵੱਖ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ।

ਇਸੇ ਲੜੀ ਤਹਿਤ ਸਨਿਚਰਵਾਰ ਨੂੰ ਸ਼ਾਮ ਦੇ ਦੀਵਾਨਾਂ ਤੋਂ ਬਾਅਦ ਕਵੀ ਦਰਬਾਰ ਹੋਇਆ ਜਿਸ ਵਿਚ ਕਵੀਆਂ ਨੇ ਆਪਣੀਆਂ ਧਾਰਮਕ ਰਚਨਾਵਾਂ ਪੇਸ਼ ਕੀਤੀਆਂ। ਇਸ ਤੋਂ ਹਫਤਾ ਪਹਿਲਾਂ ਐਤਵਾਰ ਨੂੰ ਢਾਡੀ ਦਰਬਾਰ ਕਰਵਾਇਆ ਗਿਆ। ਸਨਿਚਰਵਾਰ ਨੂੰ ਬੱਚਿਆਂ ਦਾ ਕੀਰਤਨ ਦਰਬਾਰ ਹੋਇਆ। ਨਗਰ ਕੀਰਤਨ ਤੋਂ ਪਹਿਲਾਂ ਸਨਿਚਰਵਾਰ ਨੂੰ ਅੰਮ੍ਰਿਤ ਵੇਲੇ ਦਸ਼ਮੇਸ਼ ਹਾਲ ਵਿਚ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਚਾਹਵਾਨ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਸਨਿਚਰਵਾਰ ਨੂੰ ਸਵੇਰੇ 8 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਹੋਈ। ਇਕ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ, 'ਵੇ ਆਫ ਸਿੱਖ।' ਇਸ ਵਿਚ ਵੱਖ ਵੱਖ ਲੇਖਕਾਂ ਤੇ ਬੁੱਧੀਜੀਵੀਆਂ ਨੇ ਆਪਣੇ ਪਰਚੇ ਪੜ੍ਹੇ।

ਐਤਵਾਰ ਨੂੰ ਨਗਰ ਕੀਰਤਨ ਸ਼ੁਰੂ ਹੋਣ



ਤੋਂ ਪਹਿਲਾਂ ਵਿਸ਼ੇਸ਼ ਦੀਵਾਨਾਂ ਵਿਚ ਵੱਖ ਵੱਖ ਅਮਰੀਕਨ ਸ਼ਖਸੀਅਤਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ 'ਚ ਪੰਜ ਸੁਪਰਵਾਈਜ਼ਰ-ਰੌਨ ਸਲਿੰਜਰ, ਜੈਮ ਵੁਡਕਰ, ਡੈਨ ਫਲੋਰਸ, ਲੈਰੀ ਮੰਗਰ ਅਤੇ ਮੈਟ ਕੌਂਟ ਸ਼ਾਮਲ ਸਨ। ਇਸ ਤੋਂ ਇਲਾਵਾ ਕਾਂਗਰਸਮੈਨ ਜੇਮਜ਼ ਮਲੀਗਰ ਅਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਵੀ ਸ਼ਾਮਲ ਸਨ।

ਵੱਖ ਵੱਖ ਪੰਥਕ ਜਥੇਬੰਦੀਆਂ ਅਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਨੇ ਆਪੋ ਆਪਣੇ ਫਲੋਟ ਲੈ ਕੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਇਨ੍ਹਾਂ ਵਿਚ ਸਿੱਖਸ ਫਾਰ ਜਸਟਿਸ, ਸਿੱਖ ਯੂਥ ਆਫ ਅਮੈਰਿਕਾ, ਯੁਨਾਈਟਿਡ ਸਿੱਖਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਸ਼ਾਮਲ ਸਨ। ਜੈਕਾਰਾ ਮੂਵਮੈਂਟ, ਸਿੱਖ ਕੁਲੀਸ਼ਨ, ਸਿੱਖ ਸੇਵਾ ਸਿਮਰਨ ਸੁਸਾਇਟੀ, ਬੜੂ ਸਾਹਿਬ ਕਲਗੀਧਰ ਸੁਸਾਇਟੀ, ਭਗਤ ਪੂਰਨ ਸਿੰਘ ਹੈਲਥ ਇਨੀਸ਼ੇਟਿਵ ਆਦਿ ਸੰਸਥਾਵਾਂ ਨੇ ਆਪੋ ਆਪਣੇ ਸਟਾਲਾਂ ਰਾਹੀਂ ਸੰਗਤਾਂ 'ਚ ਪ੍ਰਚਾਰ ਕੀਤਾ। ਗੋਲਡਨ ਟੈਂਪਲ ਮਾਡਲ, ਭਾਈ ਕਨੱਈਆ ਫਲੋਟ, ਸ਼ਹੀਦ ਸਿੰਘਾਂ ਦਾ ਫਲੋਟ ਵੀ ਸੰਗਤਾਂ ਦੇ ਧਿਆਨ ਦਾ ਕੇਂਦਰ ਸਨ।

ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਜਗ੍ਹਾ ਵਿਚ ਲੱਗੇ ਵੱਡੇ ਬਾਜ਼ਾਰ ਵਿਚ ਕੱਪੜੇ, ਗਹਿਣਿਆਂ ਅਤੇ ਹੋਰ ਚੀਜ਼ਾਂ ਵਸਤਾਂ ਤੋਂ ਇਲਾਵਾ ਕਿਤਾਬਾਂ ਦੇ



ਸਟਾਲ ਵੀ ਲੱਗੇ ਹੋਏ ਸਨ, ਜਿਨ੍ਹਾਂ ਤੋਂ ਲੋਕ ਖਰੀਦੋ ਫਰੋਖਤ ਕਰ ਰਹੇ ਸਨ।

ਨਗਰ ਕੀਰਤਨ ਦੀ ਪੰਜਾਬੀ ਤੇ ਅਮਰੀਕਨ ਮੀਡੀਏ ਨੇ ਲਾਈਵ ਕਵਰੇਜ ਕੀਤੀ। ਵੱਖ ਵੱਖ ਲੰਗਰਾਂ ਤੇ ਹੋਰ ਸੁਆਦਲੇ ਖਾਣਿਆਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ।

ਪੁਲਿਸ ਦੀਆਂ ਗਾਰਦਾਂ ਪਿਛਲੇ ਕੁਝ ਸਾਲਾਂ ਦੌਰਾਨ ਵਾਪਰੀਆਂ ਹਿੰਸਕ ਵਾਰਦਾਤਾਂ ਨੂੰ ਧਿਆਨ ਵਿਚ ਰੱਖਦਿਆਂ ਲਗਾਤਾਰ ਅਮਨ ਅਮਾਨ 'ਤੇ ਨਿਗ੍ਹਾ ਰੱਖ ਰਹੀਆਂ ਸਨ। ਬਾਅਦ ਵਿਚ ਇਕ ਪਾਸੇ ਮੁੰਡਿਆਂ ਦੇ ਗੁੱਟ ਵਲੋਂ ਆਪਸੀ ਝਗੜੇ ਕਾਰਨ ਕੁਝ ਸ਼ਰਾਰਤੀ ਫੱਟੜ ਹੋ ਗਏ ਤੇ ਪੁਲਿਸ ਨੂੰ ਦਖਲ ਦੇਣਾ ਪਿਆ।

# ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਖਿੱਚੋਤਾਣ

**ਯੂਬਾ ਸਿਟੀ (ਬਿਊਰੋ):** ਇਥੇ 39 ਸਾਲ ਪਹਿਲਾਂ ਸ਼ੁਰੂ ਹੋਇਆ ਨਗਰ ਕੀਰਤਨ ਸਿੱਖਾਂ ਦੇ ਵੱਡੇ ਜੋੜ-ਮੇਲਿਆਂ 'ਚ ਸ਼ੁਮਾਰ ਹੈ। ਸ਼ੁਰੂ ਦੇ ਸਾਲਾਂ 'ਚ ਸੰਗਤ ਦੀ ਗਿਣਤੀ ਕੁਝ ਹਜ਼ਾਰਾਂ ਵਿਚ ਹੁੰਦੀ ਸੀ ਜੋ ਹੁਣ ਲੱਖ ਤੋਂ ਉਪਰ ਟੱਪ ਚੁੱਕੀ ਹੈ। ਨਵੀਂ ਜੁੜੀ ਪੀੜ੍ਹੀ ਨੂੰ ਅੱਜ ਦੀ ਸ਼ਾਨੋ ਸ਼ੌਕਤ ਤੇ ਇਕੱਠ ਵੇਖ ਕੇ ਬਹੁਤ ਸਾਧਾਰਨ ਲੱਗਦਾ ਹੋਵੇਗਾ, ਪਰ ਜਿਨ੍ਹਾਂ ਗੁਰਸਿੱਖਾਂ ਨੇ ਇਸ ਦੀ ਸ਼ੁਰੂਆਤ ਕੀਤੀ ਜਾਂ ਇਸ ਦੀ ਕਾਮਯਾਬੀ ਲਈ ਸ਼ੁਰੂ ਤੋਂ ਨਾਲ ਜੁੜੇ ਹੋਏ ਹਨ, ਉਹ ਹੀ ਦੱਸ ਸਕਦੇ ਹਨ ਕਿ ਕਿਹੜੇ ਹਾਲਾਤ ਵਿਚ ਇਹ ਸ਼ੁਰੂ ਕੀਤਾ ਗਿਆ ਸੀ। ਅੱਜ ਦੀ ਸੰਗਤ ਵਿਚਲਾ ਜੋਸ਼ ਵੇਖ ਕੇ ਸਹਿਜੇ ਹੀ ਇਹ ਸਵਾਲ ਮਨਾਂ ਵਿਚ ਉਠਦਾ ਹੈ ਕਿ ਜਿਸ ਉਦੇਸ਼ ਅਤੇ ਮਕਸਦ ਨਾਲ ਇਹ ਨਗਰ ਕੀਰਤਨ ਸ਼ੁਰੂ ਕੀਤਾ ਗਿਆ ਸੀ, ਕਿਤੇ ਅਸੀਂ ਉਸ ਤੋਂ ਭਟਕ ਤਾਂ ਨਹੀਂ ਗਏ? ਕਿਧਰੇ ਆਪਣੀ ਹਉਮੈ, ਦਿਖਾਵੇ, ਚੌਧਰ ਚਮਕਾਉਣ ਤੇ ਸ਼ਕਤੀ ਪ੍ਰਦਰਸ਼ਨ ਵਰਗੀਆਂ ਅਲਾਮਤਾਂ 'ਚ ਤਾਂ ਨਹੀਂ ਘਿਰ ਗਏ?

"ਜਾਤ-ਪਾਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰ ਸੇ ਮੰਗਾ। ਅਵਰ ਨਹੀਂ ਤੋ ਅਪਨ ਸੰਗਾ" ਦੀ ਉਕਤੀ ਅਨੁਸਾਰ ਨਗਰ ਕੀਰਤਨ ਦੌਰਾਨ ਹਰ ਸਾਲ ਲੜਾਈ-ਝਗੜਾ ਹੁੰਦਾ ਰਿਹਾ ਹੈ ਅਤੇ ਨੌਬਤ ਮਰਨ-ਮਾਰਨ ਤੱਕ ਵੀ ਪਹੁੰਚ ਜਾਂਦੀ ਰਹੀ ਹੈ। ਇਸ ਵਾਰ ਭਾਵੇਂ ਕੋਈ ਗੰਭੀਰ ਝਗੜਾ ਤਾਂ ਨਹੀਂ ਹੋਇਆ, ਫਿਰ ਵੀ ਕੁਝ ਖਿੱਚੋਤਾਣ ਜਰੂਰ ਹੋਈ।

ਕਿੰਨੇ ਦੁੱਖ ਦੀ ਗੱਲ ਹੈ ਕਿ ਇਸ ਗੱਲ ਤੋਂ ਹੀ ਅਕਸਰ ਤਕਰਾਰਬਾਜ਼ੀ ਹੋ ਜਾਂਦੀ ਹੈ ਕਿ ਕਿਹੜੀ ਧਿਰ ਨੇ ਕਿਥੇ ਲੰਗਰ ਲਾਉਣਾ ਹੈ? ਇਸ ਸਾਲ ਵੀ ਸ਼ੁੱਕਰਵਾਰ ਦੀ ਰਾਤ ਰੈਫਰੈਂਡਮ 2020 ਦੇ ਵਰਕਰਾਂ ਵਲੋਂ ਲਾਏ ਜਾ ਰਹੇ ਸਟਾਲ ਨੂੰ ਲੈ ਕੇ ਪ੍ਰਬੰਧਕਾਂ ਨਾਲ ਟਕਰਾ ਵਾਲੀ ਸਥਿਤੀ ਬਣ




ਗਈ ਜਿਸ ਕਾਰਨ ਪੁਲਿਸ ਵੀ ਬੁਲਾਉਣੀ ਪਈ। ਜਿਸ ਥਾਂ ਉਤੇ ਰੈਫਰੈਂਡਮ ਵਾਲੇ ਸਟਾਲ ਲਾਉਣਾ ਚਾਹੁੰਦੇ ਸਨ, ਉਸ ਥਾਂ ਦੂਸਰੇ ਦਿਨ ਮੈਡੀਕਲ ਕੈਂਪ ਲੱਗਣਾ ਸੀ। ਖੈਰ, ਦੂਜੇ ਦਿਨ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਮੰਗ ਵਾਲੀ ਥਾਂ ਦੇ ਕੇ ਸਿਆਣਪ ਕੀਤੀ ਪਰ ਕਿੰਨੀ ਦੁੱਖਦਾਈ ਗੱਲ ਹੈ ਕਿ ਜਿਸ ਵਕਤ ਸ਼ੁੱਕਰਵਾਰ ਦੀ ਰਾਤ ਆਤਿਸ਼ਬਾਜ਼ੀ ਦੇਖਣ ਤਮਾਮ ਗੈਰ ਸਿੱਖ ਲੋਕ ਗੁਰੂ ਘਰ ਜੁੜੇ ਹੋਏ ਸਨ, ਉਦੋਂ ਹੀ ਪੁਲਿਸ ਸੱਦਣੀ ਪਈ। ਨਗਰ ਕੀਰਤਨ ਵਾਲੇ ਦਿਨ ਵੀ ਕੁਝ ਉਪੱਦਰੀਆਂ ਨੇ ਉਪੱਦਰ ਕੀਤਾ। ਦੱਸਿਆ ਜਾਂਦਾ ਹੈ ਕਿ ਉਹ ਸਾਰੇ ਬੇਏਰੀਏ ਇਲਾਕੇ ਦੇ ਸਨ ਤੇ ਕਿਰਪਾਨਾਂ ਤੇ ਹੋਰ ਤਿੱਖੇ ਹਥਿਆਰ ਕੱਢਦਿਆਂ ਸਾਰ ਹੀ ਪੁਲਿਸ ਦੋਵਾਂ ਧਿਰਾਂ ਨੂੰ ਫੜ੍ਹ ਕੇ ਲੈ ਗਈ।

ਨਗਰ ਕੀਰਤਨ ਦੀਆਂ ਤਿਆਰੀਆਂ ਦੌਰਾਨ ਕੁਝ ਲੋਕ ਦੋਸ਼ ਲਾ ਰਹੇ ਸਨ ਕਿ ਗੁਰੂ ਘਰ ਦੇ ਕੁਝ ਅਹਿਮ ਡਾਇਰੈਕਟਰ ਗੁਰੂ ਘਰ ਦੇ ਪੈਸਿਆਂ ਦੀ ਦੁਰਵਰਤੋਂ ਕਰਦੇ ਹਨ ਤੇ ਨਿੱਜੀ ਲਾਭ ਲਈ ਵਰਤਦੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪ੍ਰਬੰਧਕਾਂ ਵਿਚੋਂ ਇਕ ਸ਼ਖਸ ਨੇ ਗੁਰੂ ਘਰ ਦੇ ਕਰੈਡਿਟ ਕਾਰਡ ਦੀ ਦੁਰਵਰਤੋਂ ਕੀਤੀ। ਦੋਸ਼ ਲਾਉਣ ਵਾਲਿਆਂ 'ਚ ਕੁਝ ਡਾਇਰੈਕਟਰ ਵੀ ਸ਼ਾਮਲ ਹਨ ਪਰ ਜਿਨ੍ਹਾਂ ਉਤੇ ਦੋਸ਼ ਲੱਗ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮਹਿਜ ਬਦਨਾਮ ਕਰਨ ਦੀ ਸਾਜਿਸ਼ ਹੈ। ਦੋਸ਼ ਲਾਉਣ ਵਾਲੇ ਤਾਂ ਇਹ ਵੀ ਕਹਿ ਰਹੇ ਹਨ ਕਿ ਪਿਛਲੀ ਵਾਰ ਰਣਜੀਤ ਸਿੰਘ ਢੱਡਰੀਆਂ ਵਾਲੇ ਨਾਲ ਆਏ ਕੁਝ ਬੰਦੇ ਇੱਥੇ ਰਹਿ ਗਏ ਤੇ ਗੁਰੂ ਘਰ ਦੇ ਕੁਝ ਡਾਇਰੈਕਟਰਾਂ ਨੇ ਉਨ੍ਹਾਂ ਤੋਂ ਪੈਸੇ ਲੈ ਕੇ ਗੁਰੂ ਘਰ ਵਲੋਂ ਗਰੀਨ ਕਾਰਡ ਦੁਆਏ ਪਰ ਨਾਲ ਹੀ ਕੁਝ ਸਿਆਣੇ ਡਾਇਰੈਕਟਰ ਕਹਿ ਰਹੇ ਹਨ ਕਿ ਇਸ ਹਮਾਮ ਵਿਚ ਬਹੁਤ ਸਾਰੇ ਹੋਰ ਵੀ ਨੰਗੇ ਹਨ ਤੇ ਉਨ੍ਹਾਂ ਦੇ ਹੱਥ ਵੀ ਮੈਲੇ ਹਨ। ਸਵਾਲ ਉਠਦਾ ਹੈ ਕਿ ਜੇ ਅਜਿਹੇ ਦੋਸ਼ ਲੱਗ ਰਹੇ ਹਨ ਤਾਂ ਜਰੂਰ ਹੀ ਪੁਣਛਾਣ ਹੋਣੀ ਚਾਹੀਦੀ ਹੈ।

ਸੂਤਰਾਂ ਅਨੁਸਾਰ ਗੁਰੂ ਘਰ ਦੇ ਬੋਰਡ ਦੀ ਅਗਲੀ ਮੀਟਿੰਗ ਦਸੰਬਰ ਮਹੀਨੇ ਰੱਖੀ ਗਈ ਹੈ ਜਿਸ ਵਿਚ ਬਹੁਤ ਸਾਰੇ ਅਹਿਮ ਫੈਸਲੇ ਹੋਣ ਦੀ ਚਰਚਾ ਹੈ। ਯਾਦ ਰਹੇ, ਗੁਰੂ ਘਰ ਦੇ ਇਕ ਡਾਇਰੈਕਟਰ ਦੀ ਮੌਤ ਹੋ ਗਈ ਸੀ ਜਿਸ ਲਈ ਬਾਕੀ ਡਾਇਰੈਕਟਰਾਂ ਨੇ ਬਹੁਸੰਮਤੀ ਨਾਲ ਨਵੇਂ ਡਾਇਰੈਕਟਰ ਦੀ ਚੋਣ ਕਰਨੀ ਸੀ। ਨਗਰ ਕੀਰਤਨ ਤੋਂ ਅਗਲੇ ਦਿਨ ਹੋਈਆਂ ਵੋਟਾਂ ਵਿਚ ਦੋ ਉਮੀਦਵਾਰ ਚੋਣ ਲੜ ਰਹੇ ਸਨ। ਵੋਟਾਂ ਪਾਉਣ ਲਈ 73 ਡਾਇਰੈਕਟਰਾਂ 'ਚੋਂ ਕੁਲ 66 ਡਾਇਰੈਕਟਰ ਹਾਜ਼ਰ ਹੋਏ, ਜਿਹੜੇ ਆਪਸ 'ਚ ਬਰਾਬਰ ਵੰਡੇ ਗਏ ਜਿਸ ਕਾਰਨ ਨਵੇਂ ਡਾਇਰੈਕਟਰ ਦੀ ਚੋਣ ਨਾ ਹੋ ਸਕੀ। ਹੋ ਸਕਦਾ ਹੈ ਕਿ ਅਗਲੀ ਚੋਣ ਦਸੰਬਰ ਦੀ ਮੀਟਿੰਗ ਵਿਚ ਕੀਤੀ ਜਾਵੇ।

## ਜੌਹਨ ਕੈਨੇਡੀ ਦੀ ਪਤਨੀ ਵੱਲੋਂ ਲਿਖਿਆ ਪੱਤਰ ਹੋਵੇਗਾ ਨਿਲਾਮ

**ਬੋਸਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਹਨ ਐਫ. ਕੈਨੇਡੀ ਨੂੰ ਉਨ੍ਹਾਂ ਦੀ ਪਤਨੀ ਵੱਲੋਂ ਲਿਖਿਆ ਤਿੰਨ ਸਫਿਆਂ ਦਾ ਪੱਤਰ ਇਥੇ ਬੋਲੀ ਦੌਰਾਨ ਵੀਹ ਹਜ਼ਾਰ ਅਮਰੀਕੀ ਡਾਲਰ ਤੋਂ ਵਧ ਵਿਚ ਨਿਲਾਮ ਹੋ ਸਕਦਾ ਹੈ। ਇਸ ਪੱਤਰ ਵਿਚ ਜੈਕੁਲਿਨ ਕੈਨੇਡੀ ਨੇ ਪਤੀ ਨਾਲ ਆਪਣੇ ਸਬੰਧਾਂ ਤੇ ਪਰਿਵਾਰ ਨੂੰ ਲੈ ਕੇ ਫਿਕਰਮੰਦੀ ਜ਼ਾਹਿਰ ਕੀਤੀ ਸੀ।

ਅਮਰੀਕਾ ਆਧਾਰਿਤ ਆਰ. ਆਰ. ਆਕਸ਼ਨਜ਼ ਨੇ ਇਕ ਬਿਆਨ 'ਚ ਕਿਹਾ ਕਿ ਜੈਕੁਲਿਨ ਨੇ ਇਹ ਪੱਤਰ ਅਜਿਹੇ ਸਮੇਂ ਲਿਖਿਆ ਸੀ, ਜਦੋਂ ਉਹਦਾ ਪਤੀ ਮੈਸਾਚੂਸੈਟਸ ਦਾ ਸੈਨੇਟਰ ਸੀ। ਜੈਕੁਲਿਨ ਨੇ ਲਿਖਿਆ ਸੀ ਕਿ ਪਤੀ ਤੋਂ ਦੂਰ ਹੋਣ ਕਰ ਕੇ ਉਸ ਲਈ ਪਤੀ ਨਾਲ ਸੰਵਾਦ ਰਚਾਉਣਾ ਔਖਾ ਹੋ ਗਿਆ ਹੈ।

## ਜਾਅਲੀ ਵੀਜ਼ੇ ਦਿਵਾਉਣ ਦੇ ਮਾਮਲੇ 'ਚ ਭਾਰਤੀ ਗ੍ਰਿਫਤਾਰ

**ਵਾਸ਼ਿੰਗਟਨ:** ਐਚ-1ਬੀ ਵੀਜ਼ੇ ਦਿਵਾਉਣ ਬਦਲੇ ਦਸਤਾਵੇਜ਼ਾਂ ਵਿਚ ਹੇਰਫੇਰ ਕਰਨ ਦੇ ਇਲਜ਼ਾਮਾਂ ਹੇਠ ਇਕ 46 ਸਾਲਾ ਭਾਰਤੀ-ਅਮਰੀਕੀ ਨੂੰ ਕੈਲੀਫੋਰਨੀਆ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਕਿਸ਼ੋਰ ਕੁਮਾਰ ਕਾਵੂਰੂ ਨੂੰ ਹਿਰਾਸਤ ਵਿਚ ਲਿਆ ਗਿਆ ਜਿਸ ਪਿੱਛੋਂ ਉਸ ਨੂੰ ਅਮਰੀਕੀ ਮੈਜਿਸਟਰੇਟ ਜੱਜ ਸੁਜ਼ਾਨ ਵੈਨ ਕਿਊਲੇਨ ਸਾਹਮਣੇ ਪੇਸ਼ ਕੀਤਾ ਗਿਆ। ਹਾਲਾਂਕਿ ਬਾਅਦ ਵਿਚ ਉਸ ਨੂੰ ਨਿੱਜੀ ਮੁਚੱਲਕੇ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

## ਏ. ਆਈ. ਜੀ. 'ਤੇ ਜਿਣਸੀ ਸ਼ੋਸ਼ਣ ਦੇ ਦੋਸ਼ ਲਾਉਣ ਵਾਲੀ ਮਹਿਲਾ ਪਿਛਾਂਹ ਹਟੀ

**ਚੰਡੀਗੜ੍ਹ:** ਪਿਛਲੇ ਦਿਨੀਂ ਆਹਲਾ ਪੁਲਿਸ ਅਧਿਕਾਰੀ ਏ.ਆਈ.ਜੀ. ਆਰ.ਐਸ. ਉਪਲ ਖਿਲਾਫ ਜਿਣਸੀ ਸ਼ੋਸ਼ਣ ਦੇ ਇਲਜ਼ਾਮ ਲਾਉਣ ਵਾਲੀ ਮਹਿਲਾ ਨੇ ਅੰਮ੍ਰਿਤਸਰ ਪੁਲਿਸ ਨੂੰ ਇਕ ਹੋਰ ਅਰਜ਼ੀ ਦਿੱਤੀ ਹੈ ਜਿਸ ਵਿਚ ਉਸ ਨੇ ਮੰਗ ਕੀਤੀ ਹੈ ਕਿ ਏ.ਆਈ.ਜੀ. ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਏ। ਸਥਾਨਕ ਲਾਅ ਕਾਲਜ ਦੀ ਵਿਦਿਆਰਥਣ ਨੇ ਏ.ਆਈ.ਜੀ. ਖਿਲਾਫ ਜਿਣਸੀ ਸ਼ੋਸ਼ਣ ਦੇ ਇਲਜ਼ਾਮ ਲਾਏ ਸਨ।

ਇਨਸਾਫ ਪਾਉਣ ਲਈ ਉਸ ਨੇ ਮੀਡੀਆ ਦਾ ਸਹਾਰਾ ਵੀ ਲਿਆ ਸੀ। ਪਰ ਹੁਣ ਉਸੀ ਮਹਿਲਾ ਨੇ ਏ.ਆਈ.ਜੀ. ਖਿਲਾਫ ਕੋਈ ਕਾਰਵਾਈ ਨਾ ਕਰਨ ਦੀ ਗੱਲ ਕਹਿ ਕੇ ਇਸ ਕੇਸ ਵਿਚ ਨਵਾਂ ਮੋੜ ਲੈ ਆਂਦਾ ਹੈ। ਮੰਨਿਆ ਜਾ ਰਿਹਾ ਹੈ ਕਿ ਸਿਰਫ ਮਹਿਲਾ ਦੀ ਦਰਖ਼ਾਸਤ ਨਾਲ ਇਹ ਕੇਸ ਖਾਰਜ ਕਰਨਾ ਇੰਨਾ ਸੌਖਾ ਨਹੀਂ ਹੋਏਗਾ। ਪੁਲਿਸ ਉਸ ਦੇ ਬਿਆਨ ਅਦਾਲਤ ਵਿਚ ਦਰਜ ਕਰੇਗੀ। ਜ਼ਿਕਰਯੋਗ ਹੈ ਕਿ ਪੁਲਿਸ ਨੇ 28 ਸਤੰਬਰ ਨੂੰ ਮਹਿਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਪਹਿਲਾਂ ਏ.ਆਈ.ਜੀ. ਸਮੇਤ ਦੋ ਹੋਰ ਜਣਿਆਂ ਪਰਮਿੰਦਰ ਸਿੰਘ ਤੇ ਜਸਕਰਨ ਸਿੰਘ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਕੇਸ ਕਰਜ ਕੀਤਾ ਸੀ। 30 ਸਤੰਬਰ ਨੂੰ ਪੁਲਿਸ ਅਫਸਰ ਦੀ ਗ੍ਰਿਫਤਾਰੀ ਲਈ ਲੁਕ ਆਊਟ ਸਰਕੂਲਰ ਵੀ ਜਾਰੀ ਕੀਤਾ ਗਿਆ ਸੀ।

## ਨਾਸਾ ਨੇ ਵਿਖਾਈ ਪੰਜਾਬ ਵਿਚ ਪਰਾਲੀ ਸਾੜਨ ਦੀ ਅਸਲ ਤਸਵੀਰ


**ਨਵੀਂ ਦਿੱਲੀ:** ਨਾਸਾ ਵੱਲੋਂ ਜਾਰੀ ਤਸਵੀਰਾਂ ਵਿਚ ਦਿਖਾਇਆ ਗਿਆ ਹੈ ਕਿ ਉੱਤਰੀ ਭਾਰਤ 'ਚ ਵੱਡੇ ਪੱਧਰ 'ਤੇ ਪਰਾਲੀ ਸਾੜੀ ਜਾ ਰਹੀ ਹੈ। ਪੁਲਾੜ ਏਜੰਸੀ ਨੇ ਦੱਸਿਆ ਹੈ ਕਿ ਭਾਵੇਂ ਇਸ ਸਾਲ ਪਰਾਲੀ ਸਾੜੇ ਜਾਣ 'ਚ ਕਮੀ ਆਈ ਹੈ ਪਰ ਆਉਂਦੇ ਦਿਨਾਂ 'ਚ ਵੱਡੇ ਪੱਧਰ ਉਤੇ ਪਰਾਲੀ ਸਾੜੀ ਜਾਵੇਗੀ ਕਿਉਂਕਿ ਸਤੰਬਰ ਤੱਕ ਬਾਰਸ਼ ਦਾ ਮੌਸਮ ਖਿੱਚੇ ਜਾਣ ਕਾਰਨ ਝੋਨੇ ਦੀ ਵਾਢੀ ਲੇਟ ਹੋਈ ਹੈ। ਪਰਾਲੀ ਨੂੰ ਅੱਗ ਲਾਉਣ ਕਾਰਨ ਹਵਾ ਦੀ ਕੁਆਲਟੀ ਹੋਰ ਮਾੜੀ ਹੋਵੇਗੀ ਤੇ ਉੱਤਰੀ ਸੂਬਿਆਂ ਦਿੱਲੀ ਤੇ ਉੱਤਰ ਪ੍ਰਦੇਸ਼ 'ਚ ਪ੍ਰਦੂਸ਼ਣ ਵਧੇਗਾ। ਨਾਸਾ ਨੇ ਲਿਖਿਆ ਹੈ ਕਿ ਭਾਵੇਂ ਭਾਰਤ 'ਚ ਪਰਾਲੀ ਸਾੜਨ 'ਤੇ ਪਾਬੰਦੀ ਹੈ ਪਰ ਕਿਸਾਨਾਂ ਕੋਲ ਪਰਾਲੀ ਤੋਂ ਛੁਟਕਾਰਾ ਪਾਉਣ ਲਈ ਲੋੜੀਂਦੀ ਮਸ਼ੀਨਰੀ ਨਹੀਂ ਹੈ। ਜ਼ਿਕਰਯੋਗ ਹੈ ਕਿ ਇਹ ਤਸਵੀਰਾਂ ਸੂਓਮੀ ਐਨ.ਪੀ.ਪੀ. ਉਪਗ੍ਰਹਿ ਵੱਲੋਂ 23 ਅਕਤੂਬਰ ਨੂੰ ਲਈਆਂ ਗਈਆਂ ਜੋ ਨਾਸਾ ਵੱਲੋਂ ਜਾਰੀ ਕੀਤੀਆਂ ਗਈਆਂ।

## ਚੀਨ ਨੇ ਭਾਰਤ ਨੂੰ ਬ੍ਰਹਮਪੁੱਤਰ 'ਚ ਹੜ੍ਹ ਦੀ ਸੰਭਾਵਨਾ ਬਾਰੇ ਕੀਤਾ ਸੁਚੇਤ

**ਨਵੀਂ ਦਿੱਲੀ:** ਚੀਨ ਨੇ ਇਕ ਪੰਦਰਵਾੜੇ 'ਚ ਦੂਜੀ ਵਾਰ ਭਾਰਤ ਨੂੰ ਸੁਚੇਤ ਕੀਤਾ ਹੈ ਕਿ ਤਿੱਬਤ 'ਚ ਜ਼ਮੀਨ ਖਿਸਕਣ ਨਾਲ ਦਰਿਆ ਦੇ ਪਾਣੀ ਦੇ ਵਹਾਅ ਵਿਚ ਰੁਕਾਵਟ ਪੈਣ ਕਾਰਨ ਅਰੁਨਾਚਲ ਪ੍ਰਦੇਸ਼ 'ਚ ਬ੍ਰਹਮਪੁੱਤਰ 'ਚ ਹੜ੍ਹ ਆ ਸਕਦਾ ਹੈ। ਜਲ ਸ੍ਰੋਤਾਂ ਬਾਰੇ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਚੀਨ ਨੇ ਤਿੱਬਤ 'ਚ ਜ਼ਮੀਨ ਖਿਸਕਣ ਕਾਰਨ ਉਥੇ ਬਣਾਵਟੀ (ਆਰਟੀਫਿਸ਼ੀਅਲ) ਝੀਲ ਬਣਨ ਬਾਰੇ ਕੂਟਨੀਤਕ ਮਾਧਿਅਮਾਂ ਰਾਹੀਂ ਜਾਣਕਾਰੀ ਮੁਹੱਈਆ ਕਰਵਾਈ ਸੀ।

ਅਧਿਕਾਰੀ ਮੁਤਾਬਕ ਚੀਨ ਤੋਂ ਮਿਲੀ ਤਾਜ਼ਾ ਜਾਣਕਾਰੀ ਮੁਤਾਬਕ ਪਾਣੀ ਦੇ ਰੁਕੇ ਵਹਾਅ ਕਾਰਨ ਬ੍ਰਹਮਪੁੱਤਰ 'ਚ ਹੜ੍ਹ ਦੀ ਸੰਭਾਵਨਾ ਨੂੰ ਵੇਖਦਿਆਂ ਦਰਿਆ ਨਾਲ ਲੱਗਦੇ ਜ਼ਿਲ੍ਹਿਆਂ 'ਚ ਹਾਈ ਅਲਰਟ ਰੱਖਿਆ ਗਿਆ ਹੈ।

Homeopathicvibes
Harminder Singh Gill
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.



Drivers Wanted
For NGL DBA Shan Freight Way Inc. Out Of Clinton Township, MI
Pays up to 50c Single, 55c Team (Loaded/Empty)
From California Or Mid West. Company Operation From Michigan To California & California To Michigan, Ohio, Pennsylvania, New York.
Automatic Trucks. Pay By Weakly Lay Over, Overnight, Paid.
Minimum 1 Year Experience Required. Automatic Trucks
Contact Ajay Parmar Or Binder Rai Or Prince Parmar
Ph: (440) 334-7318 (301) 640-6746 Or (425) 362-4592
NGL DBA Shan Freight Way Inc.
44543 N Gratiot, Clinton Twp, MI 48038 Fax: 216-763-0496

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

LOOKING FOR THE LOWEST FARES ?
BOOK INTERNATIONAL
FLIGHTS, HOTELS, CARS
Price From Los Angeles To Delhi
Starts from - $ 735
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਸੁੱਤੇ ਲੋਕਾਂ ਨੂੰ ਜਾਗਣ ਦਾ ਹੋਕਾ ਦੇ ਗਿਆ ਮੇਲਾ ਗਦਰੀ ਬਾਬਿਆਂ ਦਾ

**ਜਲੰਧਰ:** ਗਦਰੀ ਬਾਬਿਆਂ ਦਾ ਮੇਲਾ ਸੁੱਤੇ ਲੋਕਾਂ ਨੂੰ ਜਾਗਣ ਦਾ ਹੋਕਾ ਦਿੰਦੇ ਹੋਏ ਸਮਾਪਤ ਹੋਇਆ। ਗਦਰੀ ਬਾਬਿਆਂ ਦੇ ਮੇਲੇ ਦੀ ਅਖੀਰਲੀ ਨਾਟਕਾਂ ਅਤੇ ਗੀਤ-ਸੰਗੀਤ ਭਰੀ ਰਾਤ ਨੇ ਸਥਾਪਤੀ ਅਤੇ ਲੋਕ ਵਿਰੋਧੀ ਸਭਿਆਚਾਰ ਖ਼ਿਲਾਫ਼ ਬੇਖੌਫ਼ ਹੋ ਕੇ, ਲੋਕ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਇਸ ਰਾਤ ਦੇ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਫੁਲਵਾੜੀ ਕਲਾ ਕੇਂਦਰ ਲੋਹੀਆਂ ਖਾਸ ਵੱਲੋਂ 'ਜਾਗੋ' ਕੱਢੀ ਗਈ, ਜਿਸ 'ਚ ਵੱਡੀ ਗਿਣਤੀ ਕੁੜੀਆਂ ਨੇ ਰਵਾਇਤੀ ਬੋਲੀਆਂ ਨਾਲੋਂ ਸੰਗਰਾਮੀ ਇਤਿਹਾਸ, ਲੋਕ-ਮਸਲਿਆਂ ਅਤੇ ਹਰ ਵੰਨਗੀ ਦੀ ਬੁਰਾਈ ਖ਼ਿਲਾਫ਼ ਜੂਝਣ ਦਾ ਅਹਿਦ ਕਰਦੀਆਂ ਬੋਲੀਆਂ ਅਤੇ ਗਿੱਧਾ ਪਾਇਆ।

ਨਾਟਕਾਂ ਭਰੀ ਇਸ ਰਾਤ 'ਚ ਸੁਚੇਤਕ ਰੰਗਮੰਚ ਮੁਹਾਲੀ ਵੱਲੋਂ ਸ਼ਬਦੀਸ਼ ਦਾ ਲਿਖਿਆ ਨਾਟਕ 'ਮਨ ਮਿੱਟੀ ਦਾ ਬੋਲਿਆ' ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਸ ਨਾਟਕ ਨੇ ਮਰਦ ਪ੍ਰਧਾਨ ਨਿਜ਼ਾਮ ਦੇ ਕੋਹੜ ਨੂੰ ਬਾਖ਼ੂਬੀ ਸਾਹਮਣੇ ਲਿਆਉਂਦੇ ਹੋਏ ਔਰਤ ਸ਼ਕਤੀ ਦੀ ਗੱਲ ਕੀਤੀ। ਸਵਰਾਜਬੀਰ ਵੱਲੋਂ ਲਿਖੇ ਤੇ ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਤ ਨਾਟਕ 'ਧਰਮ-ਗੁਰੂ' ਨੇ ਅਖੌਤੀ ਗਊ ਰੱਖਿਅਕਾਂ ਅਤੇ ਧਰਮ ਦੇ ਨਾਂ ਹੇਠ ਸਮਾਜੀ ਦਾਬਾ ਜਮਾਉਣ, ਲੋਕਾਂ ਦੀ ਜ਼ੁਬਾਨਬੰਦੀ ਕਰਨ ਵਾਲਿਆਂ ਉਪਰ ਕਰਾਰੀਆਂ ਚੋਟਾਂ ਕੀਤੀਆਂ। ਨਾਟਕ 'ਧਰਮ-ਗੁਰੂ' ਨੇ ਗਊ ਮਾਸ ਦੇ ਮਸਲੇ ਨੂੰ ਲੈ ਕੇ ਮਾਰ-ਧਾੜ ਕਰਨ ਵਾਲਿਆਂ ਉਪਰ ਕਰਾਰਾ ਹੱਲਾ ਬੋਲਿਆ।

ਇਸ ਦੇ ਨਾਲ ਹੀ ਗੁਰਮੀਤ ਕੜਿਆਲਵੀ ਦੀ ਕਲਮ ਤੋਂ ਲਿਖਿਆ ਨਾਟਕ 'ਸਿਲਤਰਾਂ' ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਨਾਟਿਯਮ ਅਭਿਨੇਤਾ ਦਾ ਰੰਗਮੰਚ ਜੈਤੋ, ਬਠਿੰਡਾ ਨੇ ਖੇਡਿਆ।

ਪੰਜਾਬ ਅੰਦਰ ਦਲਿਤਾਂ ਲਈ ਰਾਖਵੀਂ ਜ਼ਮੀਨ ਦੀ ਪ੍ਰਾਪਤੀ ਲਈ ਉਠੀ ਹੱਕੀ ਮੰਗ ਦਾ ਜ਼ਿਕਰ ਕਰਦਿਆਂ ਇਹ ਨਾਟਕ ਦਲਿਤਾਂ ਨਾਲ ਮੋਢੇ ਸੰਗ ਮੋਢਾ ਜੋੜਨ ਲਈ ਨਿੱਤਰੀ ਕਿਸਾਨੀ ਦੇ ਮਹੱਤਵ ਨੂੰ ਉਘਾੜਨ 'ਚ ਸਫਲ ਰਿਹਾ। ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਐਸੇ ਜਨ ਵਿਰਲੇ ਸੰਸਾਰਿ', ਜਿਥੇ ਧਾਰਮਿਕ ਦੰਭੀਆਂ ਦੇ ਪਾਖੰਡ ਦੇ ਚੀਥੜੇ ਉਡਾ ਗਿਆ, ਉਥੇ ਦਲਿਤਾਂ ਸਮੇਤ ਸਮੂਹ ਦੱਬੀਆਂ ਜਮਾਤਾਂ ਨੂੰ ਸਮਾਜ ਦੇ ਹਕੀਕੀ ਵਾਰਸਾਂ ਵਜੋਂ ਉਭਾਰਨ 'ਚ ਵੀ ਸਫਲ ਰਿਹਾ। ਕ੍ਰਿਸ਼ਨ ਚੰਦਰ ਅਤੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ 'ਤੇ ਆਧਾਰਿਤ ਨਾਟਕ 'ਪਿਸ਼ਾਵਰ ਐਕਸਪ੍ਰੈਸ', ਵਿਕੀ ਮਹੇਸ਼ਰੀ ਦੀ ਨਿਰਦੇਸ਼ਨਾ 'ਚ ਰੁਜ਼ਗਾਰ ਪ੍ਰਾਪਤੀ ਮੰਚ (ਇਪਟਾ) ਵੱਲੋਂ ਖੇਡਿਆ ਗਿਆ। ਨਾਟਕ 1947 ਦੀ ਤ੍ਰਾਸਦੀ ਨੂੰ ਸਾਹਮਣੇ ਲਿਆ ਕੇ ਲੋਕਾਂ ਨੂੰ ਦਰਤ ਰਹੀ ਫ਼ਿਰਕੂ ਫਾਸ਼ੀਵਾਦੀ 'ਐਕਸਪ੍ਰੈੱਸ' ਤੋਂ ਸੁਚੇਤ ਕਰਦਾ ਹੈ।

ਮਾਨਵਤਾ ਕਲਾ ਮੰਚ ਨਗਰ ਨੇ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਗੁਰਦਿਆਲ ਰੌਸ਼ਨ ਦੀ ਰਚਨਾ ਉਤੇ ਆਧਾਰਿਤ 'ਮੈਂ ਭਾਰਤ ਹਾਂ' ਕੋਰੀਓਗਰਾਫੀ ਪੇਸ਼ ਕਰਕੇ ਭਾਰਤ ਅੰਦਰ ਦਲਿਤਾਂ ਦੀ ਕੀਤੀ ਜਾ ਰਹੀ ਦੁਰਦਸ਼ਾ ਅਤੇ ਇਸ ਖਿਲਾਫ਼ ਚੱਲ ਰਹੇ ਸੰਗਰਾਮ ਦੀ ਤਸਵੀਰ ਸਾਹਮਣੇ ਲਿਆਂਦੀ। ਇਸ ਦੇ ਨਾਲ ਹੀ ਜਗਸੀਰ ਜੀਦਾ, ਧਰਮਿੰਦਰ ਮਸਾਣੀ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ, ਜੰਮੂ ਤੋਂ ਆਈ ਸੰਗੀਤ ਮੰਡਲੀ, ਰੈੱਡ ਆਰਟ, ਅੰਮ੍ਰਿਤਪਾਲ, ਰੁਪਿੰਦਰ ਰੰਧਾਵਾ, ਰੁਹਜਨਜੀਤ, ਗਗਨ ਲੌਂਗੋਵਾਲ ਨੇ ਗੀਤਾਂ ਨਾਲ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ।

ਨਾਟਕਾਂ ਅਤੇ ਗੀਤਾਂ ਭਰੀ ਇਸ ਰਾਤ 'ਚ ਖਚਾਖਚ ਭਰੇ ਪੰਡਾਲ ਸਾਹਮਣੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਮੇਟੀ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਮੰਚ ਸੰਚਾਲਕ ਅਮੋਲਕ ਸਿੰਘ ਨੇ ਮੰਗ ਰੱਖੀ ਕਿ ਪ੍ਰੋ. ਆਨੰਦ ਤੈਲਤੁੰਬੜੇ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ 'ਤੇ ਝੂਠੇ ਕੇਸ ਮੜ੍ਹਨ ਦੇ ਕੀਤੇ ਜਾ ਰਹੇ ਯਤਨ ਬੰਦ ਕੀਤੇ ਜਾਣ। ਜਿਸ ਵਜ੍ਹਾ ਕਰ ਕੇ ਉਹ ਮੁੱਖ ਵਕਤਾ ਵਜੋਂ ਮੇਲੇ 'ਚ ਨਹੀਂ ਆ ਸਕੇ। ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਅਗਲੇ ਵਰ੍ਹੇ ਮੇਲਾ ਜਲ੍ਹਿਆਂਵਾਲਾ ਬਾਗ਼ ਕਾਂਡ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ।

## ਚਿੱਤਰਕਲਾ ਮੁਕਾਬਲਿਆਂ ਨੇ ਮੇਲੇ 'ਚ ਭਰਿਆ ਰੰਗ

**ਜਲੰਧਰ:** ਗਦਰੀ ਬਾਬਿਆਂ ਦੇ ਮੇਲੇ ਦੇ ਦੂਜੇ ਦਿਨ ਕੁਇਜ਼, ਚਿੱਤਰਕਲਾ ਮੁਕਾਬਲੇ ਤੋਂ ਇਲਾਵਾ ਤਰਕਸ਼ੀਲ ਵਿਚਾਰ-ਸ਼ੋਅ, ਕਵੀ ਦਰਬਾਰ ਅਤੇ ਦਸਤਾਵੇਜ਼ੀ ਫ਼ਿਲਮ ਸ਼ੋਅ ਦੇ ਸੈਸ਼ਨ ਹੋਏ। ਕੁਇਜ਼ ਮੁਕਾਬਲੇ ਵਿਚ 31 ਟੀਮਾਂ ਨੇ ਹਿੱਸਾ ਲਿਆ।

ਇਹ ਮੁਕਾਬਲਾ 'ਕਾਰਲ ਮਾਰਕਸ: ਵਿਅਕਤੀ, ਯੁੱਗ ਤੇ ਸਿਧਾਂਤ' ਨਾਂ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਵ-ਪ੍ਰਕਾਸ਼ਿਤ ਪੁਸਤਕ ਵਿਚੋਂ ਪਾਏ ਸੁਆਲਾਂ ਉਪਰ ਹੋਇਆ। ਇਸ ਪੁਸਤਕ ਦੇ ਲੇਖਕ ਅਤੇ ਕੁਇਜ਼ ਸੰਚਾਲਕ ਹਰਵਿੰਦਰ ਭੰਡਾਲ ਨੇ ਮੁਕਾਬਲੇ ਉਪਰੰਤ ਨਤੀਜੇ ਸੁਣਾਉਣ ਵੇਲੇ ਦੱਸਿਆ ਕਿ ਸਕੂਲਾਂ ਤੋਂ ਆਏ ਪ੍ਰਤੀਯੋਗੀਆਂ ਦੇ ਕਾਲਜਾਂ ਦੇ ਵਿਦਿਆਰਥੀਆਂ ਨਾਲੋਂ ਵੀ ਵੱਧ ਮਿਹਨਤ ਕੀਤੀ ਅਤੇ ਟੀਮਾਂ ਵਿਚ ਫਸਵਾਂ ਮੁਕਾਬਲਾ ਹੋਇਆ।

ਇਸ ਮੌਕੇ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ ਕਾਲਾ ਸੰਘਿਆ, ਦੂਜਾ ਸਥਾਨ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਨੇ ਪ੍ਰਾਪਤ ਕੀਤਾ।

# ਜੀ. ਕੇ. ਅਤੇ ਮਾਨ ਦੀ ਮੁਲਾਕਾਤ ਨੇ ਵਧਾਇਆ ਬਾਦਲਾਂ ਦਾ ਫਿਕਰ

**ਨਵੀਂ ਦਿੱਲੀ:** ਆਪਣੀ ਪਾਰਟੀ ਦੀ ਲੀਡਰਸ਼ਿਪ ਨਾਲ ਤੜਿੰਗ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ



ਸਿੰਘ ਜੀ. ਕੇ. ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਮੁਲਾਕਾਤ ਦੀ ਸਿਆਸੀ ਗਲਿਆਰਿਆਂ ਵਿਚ ਚਰਚਾ ਛਿੜ ਗਈ ਹੈ। ਜਿਹੜੇ ਜੀ. ਕੇ. ਹੁਣ ਤੱਕ ਗਰਮਖਿਆਲੀਆਂ ਉਤੇ ਸਵਾਲ ਚੁੱਕਦੇ ਆਏ ਹਨ, ਅਮਰੀਕਾ ਦੌਰੇ ਤੋਂ ਬਾਅਦ ਉਹ ਮਾਨ ਜਿਹੇ ਖਾਲਿਸਤਾਨੀ ਸਮਰਥਕਾਂ ਨਾਲ ਖਾਸੀ ਨੇੜਤਾ ਵਿਖਾ ਰਹੇ ਹਨ।

ਇਹ ਮੁਲਾਕਾਤ ਉਸ ਸਮੇਂ ਹੋਈ ਹੈ, ਜਦੋਂ ਜੀ. ਕੇ. ਵੱਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅੱਖਾਂ ਵਿਖਾਈਆਂ ਜਾ ਰਹੀਆਂ ਹਨ। ਉਹ ਬਰਗਾੜੀ ਗੋਲੀ ਕਾਂਡ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਨੂੰ ਗਲਤ ਠਹਿਰਾ ਰਹੇ ਹਨ। ਦੂਜੇ ਪਾਸੇ ਵਿਦੇਸ਼ਾਂ ਵਿਚ ਗਰਮਖਿਆਲੀਆਂ ਦੇ ਵਿਰੋਧ ਤੇ ਕੁੱਟਮਾਰ ਦਾ ਸ਼ਿਕਾਰ ਹੋਏ ਜੀ. ਕੇ. ਦੀ ਮਾਨ ਨੂੰ ਜੱਫੀ ਦੇ ਕਈ ਅਰਥ ਕੱਢੇ ਜਾ ਰਹੇ ਹਨ। ਸੂਤਰਾਂ ਮੁਤਾਬਕ ਮਾਨ ਨੇ ਜੀ. ਕੇ. ਨੂੰ ਬਰਗਾੜੀ ਆਉਣ ਦਾ ਸੱਦਾ ਦਿੱਤਾ ਹੈ, ਜਿਸ ਨੂੰ ਜੀ. ਕੇ. ਨੇ ਪ੍ਰਵਾਨ ਕਰ ਲਿਆ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਅਕਾਲੀ ਦਲ ਨੂੰ ਵੱਡੀ ਸੱਟ ਵੱਜੇਗੀ, ਕਿਉਂਕਿ ਹਾਲੇ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਲੀਡਰ ਬਰਗਾੜੀ ਮੋਰਚੇ 'ਤੇ ਨਹੀਂ ਪਹੁੰਚਿਆ।

ਅਕਾਲੀ ਦਲ ਬਾਦਲ ਵਿਚ ਇਸ ਸਮੇਂ ਪੰਜਾਬ ਤੋਂ ਇਲਾਵਾ ਦਿੱਲੀ ਵਿਚ ਵੀ ਬਾਗ਼ੀ ਸੁਰਾਂ ਉਠੀਆਂ ਹੋਈਆਂ ਹਨ। ਜੀ. ਕੇ. ਤੇ ਮਨਜਿੰਦਰ ਸਿੰਘ ਸਿਰਸਾ ਇਕ-ਦੂਜੇ ਦੇ ਆਹਮੋ ਸਾਹਮਣੇ ਹਨ। ਅਜਿਹੇ ਹਾਲਾਤ ਵਿਚ ਖਾਲਿਸਤਾਨੀ ਸਮਰਥਕ ਸਿਮਰਨਜੀਤ ਮਾਨ ਨੂੰ ਜੀ. ਕੇ. ਵੱਲੋਂ ਸਨਮਾਨਿਤ ਕਰਨਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ। ਇਹ ਜੱਫੀ ਜੀ. ਕੇ. ਦਾ ਸਿਆਸੀ ਪੈਂਤੜਾ ਹੈ ਜਾਂ 'ਪੰਥਕ ਦਰਦ' ਕਾਰਨ ਉਨ੍ਹਾਂ ਵਿਚ ਵਿਚਾਰਧਾਰਕ ਤਬਦੀਲੀਆਂ ਆ ਰਹੀਆਂ ਹਨ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

## ਅਕਾਲੀ ਦਲ ਨੇ ਫਿਰ ਚੁੱਕੇ ਪੰਥਕ ਹਥਿਆਰ

**ਅੰਮ੍ਰਿਤਸਰ:** ਸਿਆਸੀ ਸੰਕਟ ਵਿਚ ਘਿਰੇ ਸ਼੍ਰੋਮਣੀ ਅਕਾਲੀ ਦਲ ਨੇ ਇਕ ਵਾਰ ਫਿਰ ਪੰਥਕ ਹਥਿਆਰ ਚੁੱਕ ਲਏ ਹਨ। 1984 ਸਿੱਖ ਕਤਲੇਆਮ ਦੀ ਵਰ੍ਹੇਗੰਢ ਮੌਕੇ ਅਕਾਲੀ ਦਲ ਨੇ ਕਾਂਗਰਸ 'ਤੇ ਸਿੱਖ ਵਿਰੋਧੀ ਗਤੀਵਿਧੀਆਂ ਦਾ ਦੋਸ਼ ਲਾਉਂਦਿਆਂ ਅੰਮ੍ਰਿਤਸਰ ਵਿਚ ਧਰਨੇ ਦਿੱਤੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਿੱਖ ਇਤਿਹਾਸ ਨਾਲ ਛੇੜਛਾੜ ਤੇ ਚੁਰਾਸੀ ਦੁਖਾਂਤ ਪੀੜਤਾਂ ਨੂੰ ਨਿਆਂ ਨਾ ਮਿਲਣ ਦੇ ਮੁੱਦੇ 'ਤੇ ਧਰਨੇ ਲਾਏ।

ਧਰਨਿਆਂ ਵਿਚ ਸੁਖਬੀਰ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਕਮੇਟੀ ਮੈਂਬਰਾਂ ਨਾਲ ਬੈਠੇ। ਸੁਖਬੀਰ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਖ ਪੰਥ ਕੋਲੋਂ ਮੁਆਫੀ ਮੰਗਣ ਦੀ ਗੱਲ ਕਹੀ ਹੈ। ਸੁਖਬੀਰ ਬਾਦਲ ਨੇ ਇਲਜ਼ਾਮ ਲਾਇਆ ਕਿ ਕਾਂਗਰਸ ਸਿੱਖ ਵਿਰੋਧੀ ਹਥਕੰਡੇ ਅਪਣਾ ਕੇ ਪੰਥ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਚੁਰਾਸੀ ਕਤਲੇਆਮ ਦੇ ਕਿਸੇ ਵੀ ਦੋਸ਼ੀ ਨੂੰ ਸਜ਼ਾ ਤੇ ਹੁਣ ਪੰਜਾਬ ਦੀ ਕਾਂਗਰਸ ਸਰਕਾਰ ਸਿੱਖ ਇਤਿਹਾਸ ਨਾਲ ਛੇੜਛਾੜ ਕਰ ਰਹੀ ਹੈ ਤਾਂ ਕਿ ਸਿੱਖ ਕੌਮ ਨੂੰ ਖਤਮ ਕੀਤਾ ਜਾ ਸਕੇ।

# ਖਹਿਰਾ ਤੇ ਸੰਧੂ ਆਮ ਆਦਮੀ ਪਾਰਟੀ 'ਚੋਂ ਮੁਅੱਤਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਨੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਹਲਕਾ ਖਰੜ ਦੇ ਵਿਧਾਇਕ ਕੰਵਰ ਸੰਧੂ ਨੂੰ ਮੁਅੱਤਲ





ਕਰ ਦਿੱਤਾ ਹੈ ਜਿਸ ਨਾਲ ਪਾਰਟੀ ਦੋਫਾੜ ਹੋਣ ਦਾ ਰਾਹ ਸਾਫ ਹੋ ਗਿਆ ਹੈ।

ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਪ੍ਰੈੱਸ ਬਿਆਨ ਵਿਚ ਕਿਹਾ ਗਿਆ ਕਿ ਸ੍ਰੀ ਖਹਿਰਾ ਅਤੇ ਸ੍ਰੀ ਸੰਧੂ ਲਗਾਤਾਰ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ ਅਤੇ ਲਗਾਤਾਰ ਕੇਂਦਰੀ ਅਤੇ ਸੂਬਾ ਲੀਡਰਸ਼ਿਪ 'ਤੇ ਸ਼ਬਦੀ ਹਮਲੇ ਕਰਦੇ ਰਹੇ ਹਨ।

ਪੰਜਾਬ ਦੀ ਕੋਰ ਕਮੇਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਹੈ ਕਿ ਪਾਰਟੀ ਵੱਲੋਂ ਆਪਣੇ ਪੱਧਰ 'ਤੇ ਹਰ ਸੰਭਵ ਯਤਨ ਕਰ ਕੇ ਦੋਵਾਂ ਆਗੂਆਂ ਨੂੰ ਸਮਝਾਉਣ ਤੋਂ ਅਸਫਲ ਹੋਣ ਤੋਂ ਬਾਅਦ ਇਨ੍ਹਾਂ ਦੋਵਾਂ ਵਿਧਾਇਕਾਂ ਨੂੰ ਫੌਰੀ ਤੌਰ 'ਤੇ ਮੁਅੱਤਲ ਕਰਨ ਦਾ ਫੈਸਲਾ ਲਿਆ ਗਿਆ ਹੈ। ਪਾਰਟੀ ਨੇ ਕਿਹਾ ਕਿ ਕਿਸੇ ਵੀ ਪੱਧਰ 'ਤੇ ਅਨੁਸ਼ਾਸਨਹੀਣਤਾ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ ਅਤੇ ਆਗੂਆਂ ਅਤੇ ਵਾਲੰਟੀਅਰਾਂ ਨੂੰ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਦੱਸਣਯੋਗ ਹੈ ਕਿ ਪਾਰਟੀ ਨੇ ਸ੍ਰੀ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਇਆ ਸੀ ਤਾਂ ਉਨ੍ਹਾਂ ਬਗਾਵਤ ਦਾ ਝੰਡਾ ਚੁੱਕ ਲਿਆ ਸੀ ਅਤੇ 2 ਅਗਸਤ ਨੂੰ ਬਠਿੰਡਾ ਵਿਚ ਬਾਗੀ ਧਿਰ ਦੀ ਕਾਨਫਰੰਸ ਕਰਕੇ ਪੰਜਾਬ ਇਕਾਈ ਨੂੰ ਆਪਣੇ ਪੱਧਰ 'ਤੇ ਹੀ ਰੱਦ ਕਰਕੇ ਪਾਰਟੀ ਵਿਰੁੱਧ ਹੋਰ ਕਈ ਸਖਤ ਮਤੇ ਪਾਸ ਕੀਤੇ ਸਨ।

ਸੂਤਰਾਂ ਅਨੁਸਾਰ ਜਦੋਂ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਕ ਨਵੰਬਰ ਨੂੰ ਚੰਡੀਗੜ੍ਹ ਆਏ ਸਨ ਤਾਂ ਉਨ੍ਹਾਂ ਨੇ ਪੰਜਾਬ ਦੇ ਚੋਣਵੇਂ ਆਗੂਆਂ ਨਾਲ ਮੀਟਿੰਗ ਕਰ ਕੇ ਸ੍ਰੀ ਖਹਿਰਾ ਬਾਰੇ ਗੰਭੀਰ ਚਰਚਾ ਕਰਨ ਉਪਰੰਤ ਕਿਹਾ ਸੀ ਕਿ ਇਸ ਮਾਮਲੇ ਨੂੰ ਤੁਰਤ ਇਕ ਪਾਸੇ ਲਾਇਆ ਜਾਵੇ।

ਸੂਤਰਾਂ ਅਨੁਸਾਰ ਇਸ ਤੋਂ ਬਾਅਦ ਪੰਜਾਬ ਦੀ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਬਣਾਈ ਗਈ 22 ਮੈਂਬਰੀ ਕੋਰ ਕਮੇਟੀ ਨੇ ਤੁਰਤ ਸ੍ਰੀ ਖਹਿਰਾ ਤੇ ਸ੍ਰੀ ਸੰਧੂ ਨੂੰ ਮੁਅੱਤਲ ਕਰਨ ਦਾ ਫੈਸਲਾ ਲਿਆ ਅਤੇ ਇਸ ਸਬੰਧੀ ਹਾਈਕਮਾਂਡ ਨੂੰ ਸੂਚਿਤ ਕੀਤਾ ਗਿਆ। ਹਾਈਕਮਾਂਡ ਵੱਲੋਂ ਹਰੀ ਝੰਡੀ ਦੇਣ ਤੋਂ ਬਾਅਦ ਕੋਰ ਕਮੇਟੀ ਨੇ ਸ੍ਰੀ ਖਹਿਰਾ ਤੇ ਸ੍ਰੀ ਸੰਧੂ ਨੂੰ ਮੁਅੱਤਲ ਕਰਨ ਦੇ ਐਲਾਨ ਕਰ ਦਿੱਤਾ।

## ਮੁਅੱਤਲੀ ਵਿਰੁੱਧ ਕੋਰ ਕਮੇਟੀ ਨੂੰ ਨੋਟਿਸ ਦੇਣ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚਲਾ ਪਾੜਾ ਵਧਦਾ ਜਾ ਰਿਹਾ ਹੈ। ਬਾਗੀ ਧਿਰ ਨੇ ਪਲਟਵਾਰ ਕਰਦਿਆਂ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸੰਧੂ ਨੂੰ ਮੁਅੱਤਲ ਕਰਨ ਵਿਰੁੱਧ ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਤੇ 22 ਮੈਂਬਰਾਂ ਨੂੰ ਕਾਰਨ ਦੱਸੋ ਨੋਟਿਸ ਦੇਣ ਦਾ ਐਲਾਨ ਕਰ ਕੇ ਆਰ ਜਾਂ ਪਾਰ ਦੀ ਲੜਾਈ ਛੇੜ ਦਿੱਤੀ ਹੈ। ਬਾਗੀ ਧਿਰ ਦੀ ਪੀਏਸੀ ਦੀ ਹੋਈ ਮੀਟਿੰਗ ਤੋਂ ਬਾਅਦ ਸ੍ਰੀ ਖਹਿਰਾ ਅਤੇ ਸ੍ਰੀ ਸੰਧੂ ਨੇ ਵਿਧਾਇਕ ਪਿਰਮਲ ਸਿੰਘ ਖਾਲਸਾ, ਮਾਸਟਰ ਬਲਦੇਵ ਸਿੰਘ, ਜਗਦੇਵ ਸਿੰਘ ਕਮਾਲੂ ਅਤੇ ਜੈ ਕਿਸ਼ਨ ਰੋੜੀ ਦੀ ਮੌਜੂਦਗੀ ਵਿਚ ਦੋਸ਼ ਲਾਇਆ ਕਿ ਪਾਰਟੀ ਵੱਲੋਂ ਉਨ੍ਹਾਂ (ਖਹਿਰਾ ਤੇ ਸੰਧੂ) ਨੂੰ ਗੈਰ-ਸੰਵਿਧਾਨਕ ਢੰਗ ਨਾਲ ਮੁਅੱਤਲ ਕੀਤਾ ਗਿਆ ਹੈ। ਬਾਗੀ ਧੜੇ ਨੇ ਵਿਧਾਇਕ ਕੰਵਰ ਸੰਧੂ ਤੇ ਪਿਰਮਲ ਸਿੰਘ ਖਾਲਸਾ ਤੇ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੀ ਮੈਂਬਰ ਕਰਮਜੀਤ ਕੌਰ ਮਾਨਸਾ ਦੀ ਅਗਵਾਈ ਹੇਠ ਅਨੁਸ਼ਾਸਨੀ ਕਮੇਟੀ ਬਣਾਉਣ ਦਾ ਫੈਸਲਾ ਲਿਆ ਹੈ। ਜਲਦ ਹੀ ਵਾਈਟ ਪੇਪਰ ਜਾਰੀ ਕਰ ਕੇ ਅਜਿਹੇ ਆਗੂਆਂ ਨੂੰ ਬੇਨਕਾਬ ਕੀਤਾ ਜਾਵੇਗਾ।

## ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਨਾ ਦੇਣ ਬਾਰੇ ਸਰਕਾਰ ਨੂੰ ਸਵਾਲ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਨੇ ਗ੍ਰਹਿ ਮੰਤਰਾਲੇ ਨੂੰ ਸਿਫਾਰਸ਼ ਕੀਤੀ ਹੈ ਕਿ ਉਹ ਇਹ ਸੰਭਾਵਨਾ ਤਲਾਸ਼ ਕਰੇ ਕਿ ਕੀ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾ ਸਕਦਾ ਹੈ। ਜੇ ਇਹ ਦਰਜਾ ਨਹੀਂ ਦਿੱਤਾ ਜਾ



ਸਕਦਾ ਤਾਂ ਸਰਕਾਰ ਇਸ ਬਾਰੇ ਸਪੱਸ਼ਟੀਕਰਨ ਦੇਵੇ।

ਸੂਚਨਾ ਕਮਿਸ਼ਨਰ ਸ੍ਰੀਧਰ ਆਚਾਰਯੁਲੂ ਨੇ ਕਿਹਾ ਕਿ ਸਰਕਾਰ ਆਜ਼ਾਦੀ ਘੁਲਾਟੀਆਂ ਨੂੰ ਸੁਵਿਧਾਵਾਂ ਤੇ ਪੈਨਸ਼ਨ ਦਿੰਦੀ ਹੈ ਪਰ ਭਗਤ ਸਿੰਘ ਜਿਹੇ ਇਨਕਲਾਬੀਆਂ ਨੂੰ ਸ਼ਹੀਦ ਦਾ ਦਰਜਾ ਵੀ ਨਹੀਂ ਦਿੱਤਾ ਗਿਆ ਤੇ ਉਨ੍ਹਾਂ ਦੇ ਵਾਰਸਾਂ ਨੂੰ ਕਿਸੇ ਕਿਸਮ ਦੀ ਵਿੱਤੀ ਮਦਦ ਦੀ ਗੱਲ ਤਾਂ ਪਾਸੇ ਹੀ ਰਹਿਣ ਦਿਓ। ਇਹ ਮਾਮਲਾ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਜਾਣਕਾਰੀ ਮੰਗਣ ਵਾਲੇ ਇਕ ਪ੍ਰਾਰਥੀ ਨੇ ਉਠਾਇਆ ਜਿਸ ਨੇ ਸਰਕਾਰ ਤੋਂ ਜਾਣਕਾਰੀ ਮੰਗੀ ਹੈ ਕਿ ਕੀ ਉਹ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦਿੰਦੀ ਹੈ ਤੇ ਜੇ ਨਹੀਂ ਤਾਂ ਦੱਸੇ ਕਿ ਉਸ ਦੀ ਕੀ ਕਾਨੂੰਨੀ ਮਜਬੂਰੀ ਹੈ।

# ਸਰਕਾਰ ਦਾ 'ਤੰਦਰੁਸਤ ਪੰਜਾਬ ਮਿਸ਼ਨ' ਸਵਾਲਾਂ ਦੇ ਘੇਰੇ ਵਿਚ

**ਚੰਡੀਗੜ੍ਹ:** ਸੂਬਾ ਸਰਕਾਰ ਵੱਲੋਂ 'ਤੰਦਰੁਸਤ ਪੰਜਾਬ ਮਿਸ਼ਨ' ਦੇ ਤਹਿਤ ਚਲਾਏ ਜਾ ਰਹੇ ਕਈ ਪ੍ਰੋਗਰਾਮਾਂ ਵਿਚ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮਿਲਾਵਟਖੋਰਾਂ ਖਿਲਾਫ਼ ਵਿੱਢੀ ਗਈ ਮੁਹਿੰਮ ਵੀ ਸ਼ਾਮਲ ਹੈ। ਇਸ ਦੌਰਾਨ ਹੀ ਭਾਰੀ ਮਾਤਰਾ ਵਿਚ ਮਿਲਾਵਟੀ/ਨਕਲੀ ਖਾਧ ਪਦਾਰਥ ਬਰਾਮਦ ਕਰ ਕੇ ਨਸ਼ਟ ਕੀਤੇ ਜਾ ਚੁੱਕੇ ਹਨ, ਪਰ ਇਸ ਮਿਸ਼ਨ ਦੀ ਇਕ ਅਹਿਮ ਕੜੀ ਅਜੇ ਵੀ ਕਮਜ਼ੋਰ ਹੈ, ਕਿਉਂਕਿ ਖਾਧ ਪਦਾਰਥਾਂ ਦੀ ਜਾਂਚ ਲਈ ਸੈਂਪਲ ਭਰਨ ਦਾ ਅਧਿਕਾਰ ਰੱਖਦੇ ਫੂਡ ਸੇਫਟੀ ਅਫਸਰਾਂ (ਐਫ.ਐਸ.ਓ.) ਦੀਆਂ ਰਾਜ ਅੰਦਰ ਅੱਧੀਆਂ ਅਸਾਮੀਆਂ ਖਾਲੀ ਪਈਆਂ ਹਨ।

ਇਸ ਕਰਕੇ ਖਾਧ ਪਦਾਰਥਾਂ ਦੀ ਮੁਕੰਮਲ ਜਾਂਚ ਕਰਵਾਉਣੀ ਤਾਂ ਦੂਰ ਦੀ ਗੱਲ, ਬਲਕਿ ਬਹੁਤੇ ਜ਼ਿਲ੍ਹਿਆਂ ਅੰਦਰ ਸਿਹਤ ਵਿਭਾਗ ਸੈਂਪਲ ਭਰਨ ਦੇ ਟੀਚੇ ਮੁਕੰਮਲ ਕਰਨ 'ਚ ਵੀ ਕਾਮਯਾਬ ਨਹੀਂ ਹੋ ਰਿਹਾ, ਜਿਸ ਦਾ ਸਿੱਧਾ ਲਾਭ ਮਿਲਾਵਟਖੋਰਾਂ ਨੂੰ ਹੈ।

ਪੰਜਾਬ ਅਤੇ ਲੋਕਾਂ ਦੀ ਸਿਹਤ ਲਈ ਨੁਕਸਾਨਦੇਹ ਹਰੇਕ ਘਟਨਾਕ੍ਰਮ 'ਤੇ ਤਿੱਖੀ ਨਿਗਾਹ ਰੱਖ ਰਹੇ 'ਮਿਸ਼ਨ ਤੰਦਰੁਸਤ ਪੰਜਾਬ' ਦਾ ਕਰਤਾ ਧਰਤਾ ਵੀ ਸਰਕਾਰ ਨੇ ਬਤੌਰ ਚੇਅਰਮੈਨ ਕਾਹਨ ਸਿੰਘ ਪੰਨੂ ਆਈ.ਏ.ਐਸ. ਅਧਿਕਾਰੀ ਨੂੰ ਬਣਾਇਆ ਹੈ, ਜਿਨ੍ਹਾਂ ਦੀ ਦੇਖ ਰੇਖ ਹੇਠਾਂ ਰਾਜ ਅੰਦਰ ਹਸਪਤਾਲਾਂ, ਮਠਿਆਈਆਂ ਦੀਆਂ ਦੁਕਾਨਾਂ ਅਤੇ ਫੈਕਟਰੀਆਂ ਆਦਿ ਦੀ ਜਾਂਚ ਕੀਤੀ ਜਾ ਰਹੀ ਹੈ। ਇਸੇ ਕੜੀ ਵਜੋਂ ਹੀ ਵਿੱਢੇ ਜਹਾਦ ਦੌਰਾਨ ਭਾਰੀ ਮਾਤਰਾ ਵਿਚ ਨਕਲੀ/ਮਿਲਾਵਟੀ ਖਾਧ ਪਦਾਰਥਾਂ ਦੇ ਜ਼ਖ਼ੀਰਿਆਂ ਦੀ ਬਰਾਮਦਗੀ ਨੇ ਮਨੁੱਖੀ ਸਿਹਤ ਦੇ ਦੁਸ਼ਮਣਾਂ ਦੀਆਂ ਸਰਗਰਮੀਆਂ ਜਾਰੀ ਹੋਣ ਦੇ ਸਬੂਤ ਵੀ ਦਿੱਤੇ।

ਇਹ ਬਰਾਮਦਗੀਆਂ ਪੁਲਿਸ ਤੇ ਸਿਹਤ ਵਿਭਾਗ ਦੀ ਕਾਰਵਾਈ ਦਾ ਹਿੱਸਾ ਸਨ, ਜਦਕਿ ਨਕਲੀ ਖਾਧ ਪਦਾਰਥਾਂ ਦੀ ਜਾਂਚ ਲਈ ਸੈਂਪਲ ਭਰਨ ਦਾ ਅਧਿਕਾਰ ਫੂਡ ਸੇਫਟੀ ਅਫਸਰ ਰੱਖਦੇ ਹਨ, ਪਰ ਇਨ੍ਹਾਂ ਅਫਸਰਾਂ ਦੀਆਂ ਪੰਜਾਬ ਅੰਦਰ 60 ਵਿਚੋਂ 29 ਅਸਾਮੀਆਂ ਖਾਲੀ ਹੋਣ ਕਰ ਕੇ 31 ਦੀ ਹੀ ਤਾਇਨਾਤੀ ਹੈ, ਜਿਸ ਕਰ ਕੇ ਬਹੁਤੇ ਜ਼ਿਲ੍ਹਿਆਂ ਵਿਚ ਖਾਧ ਪਦਾਰਥਾਂ ਦੇ ਸੈਂਪਲ ਲੈਣ ਦੀ ਕਾਰਵਾਈ ਹੀ ਪੂਰੀ ਨਹੀਂ ਕੀਤੀ ਜਾਂਦੀ।

ਮੁੱਖ ਮੰਤਰੀ ਤੇ ਸਿਹਤ ਮੰਤਰੀ ਦੇ ਸ਼ਹਿਰ ਪਟਿਆਲਾ ਦੀ ਗੱਲ ਕਰੀਏ, ਤਾਂ ਇਥੇ ਐਫ.ਐਸ.ਓ. ਦੀਆਂ ਤਿੰਨ ਵਿਚੋਂ ਦੋ ਅਸਾਮੀਆਂ ਖਾਲੀ ਹਨ। ਸਤੰਬਰ ਮਹੀਨੇ ਦੀ ਰਿਪੋਰਟ 'ਤੇ ਝਾਤ ਮਾਰੀਏ ਤਾਂ ਪਟਿਆਲਾ ਵਿਚ ਨਿਰਧਾਰਤ 125 ਵਿਚੋਂ 64 ਸੈਂਪਲ ਹੀ ਲਏ ਜਾ ਸਕੇ, ਜੋ ਐਫ.ਐਸ.ਓ. ਬੀਬੀ ਪੁਨੀਤ ਸ਼ਰਮਾ ਵੀ ਮੰਨਦੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ, ਬਠਿੰਡਾ, ਜਲੰਧਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਤਰਨਤਾਰਨ, ਬਰਨਾਲਾ, ਫਾਜ਼ਿਲਕਾ, ਫਿਰੋਜ਼ਪੁਰ, ਕਪੂਰਥਲਾ, ਪਠਾਨਕੋਟ ਅਤੇ ਸੰਗਰੂਰ ਆਦਿ ਜ਼ਿਲ੍ਹਿਆਂ ਵਿਚ ਵੀ ਸੈਂਪਲ ਲੈਣ ਦੇ ਟੀਚੇ ਵੀ ਪੂਰੇ ਨਾ ਹੋਏ। ਸੈਂਪਲਾਂ ਦੀ ਰਿਪੋਰਟ ਦੇਰੀ ਨਾਲ ਆਉਣਾ ਵੀ ਵੱਡੀ ਮੁਸ਼ਕਲ ਦਾ ਹਿੱਸਾ ਹੈ।

# ਪੀੜਤ ਪਰਿਵਾਰਾਂ ਦੇ ਛੇ ਮੈਂਬਰਾਂ ਨੂੰ ਸਰਕਾਰੀ ਨੌਕਰੀ

## ਇਰਾਕ ਕਾਂਡ

**ਜਲੰਧਰ:** ਇਰਾਕ ਦੇ ਮੌਸੂਲ ਵਿਚ ਮਾਰੇ ਗਏ ਪੰਜਾਬੀਆਂ ਦੇ ਪਰਿਵਾਰਾਂ ਦੇ ਕਾਨੂੰਨੀ ਵਾਰਸਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਨੌਕਰੀਆਂ ਦਿੱਤੀਆਂ ਹਨ। ਜ਼ਿਲ੍ਹੇ ਦੇ ਪਿੰਡ ਅੱਲੇਵਾਲੀ ਦੇ ਸੰਦੀਪ ਕੁਮਾਰ, ਖਾਨਕੇ ਪਿੰਡ ਦੇ ਕੁਲਵਿੰਦਰ ਸਿੰਘ, ਬਾਠਕਲਾਂ ਪਿੰਡ ਦੇ ਰੂਪ ਲਾਲ, ਢੱਡਾ ਪਿੰਡ ਦੇ ਬਲਵੰਤ ਰਾਏ, ਪਿੰਡ ਚੱਕ ਦੇਸ ਰਾਜ ਦੇ ਦਵਿੰਦਰ ਸਿੰਘ ਅਤੇ ਚੂਹੜਵਾਲੀ ਪਿੰਡ ਦੇ ਸੁਰਜੀਤ ਮੇਨਕਾ ਇਰਾਕ ਵਿਚ ਮਾਰੇ ਗਏ ਸਨ। ਇਨ੍ਹਾਂ ਨੌਜਵਾਨਾਂ ਦੀ ਦਰਦਨਾਕ ਮੌਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੇ ਕਾਨੂੰਨੀ ਵਾਰਸਾਂ ਲਈ ਨੌਕਰੀਆਂ ਦਾ ਐਲਾਨ ਕੀਤਾ ਸੀ ਜਿਸ 'ਤੇ ਅਮਲ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਨੌਕਰੀ ਦਿੱਤੀ ਹੈ।

ਇਸ ਬਾਰੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਕਿਹਾ ਕਿ ਸੰਦੀਪ ਕੁਮਾਰ ਦੀ ਭੈਣ ਰੀਨਾ ਰਾਣੀ, ਸਵਰਗੀ ਰੂਪ ਲਾਲ ਦੀ ਪਤਨੀ ਕਮਲਦੀਪ ਕੌਰ, ਸਵਰਗੀ ਕੁਲਵਿੰਦਰ ਸਿੰਘ ਦੀ ਪਤਨੀ ਅਮਨਦੀਪ ਕੌਰ ਅਤੇ ਸਵਰਗੀ ਦਵਿੰਦਰ ਕੁਮਾਰ ਦੀ ਪਤਨੀ ਮਨਜੀਤ ਕੌਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ ਦੋ ਪਰਿਵਾਰਾਂ ਨੂੰ ਵੀ ਛੇਤੀ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਜੂਨ 2014 ਨੂੰ 40 ਭਾਰਤੀਆਂ ਨੂੰ ਇਰਾਕ ਦੇ ਸ਼ਹਿਰ ਮੌਸੂਲ ਵਿਚ ਇਸਲਾਮਿਕ ਸਟੇਟ ਦੇ ਅਤਿਵਾਦੀਆਂ ਨੇ ਬੰਦੀ ਬਣਾ ਲਿਆ ਸੀ। ਇਨ੍ਹਾਂ ਵਿਚੋਂ ਗੁਰਦਾਸਪੁਰ ਦੇ ਇਕ ਨੌਜਵਾਨ ਨੇ ਬਚ ਕੇ ਆਉਣ ਪਿਛੋਂ ਇਨ੍ਹਾਂ ਨੌਜਵਾਨਾਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਸੀ।

ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ। ਜਦੋਂ ਇਨ੍ਹਾਂ ਪਰਿਵਾਰਾਂ ਦੇ ਡੀ.ਐਨ.ਏ. ਟੈਸਟ ਲੈਣ ਲਈ ਖ਼ੂਨ ਦੇ ਨਮੂਨੇ ਲਏ ਗਏ ਸਨ ਤਾਂ ਉਦੋਂ ਹੀ ਇਹ ਸ਼ੰਕਾ ਜ਼ਾਹਿਰ ਕੀਤੀ ਜਾਣ ਲੱਗ ਪਈ ਸੀ ਕਿ ਅਤਿਵਾਦੀਆਂ ਨੇ ਇਨ੍ਹਾਂ ਸਾਰਿਆਂ ਨੂੰ ਮਾਰ ਦਿੱਤਾ ਸੀ। ਕੇਂਦਰ ਦੀ ਮੋਦੀ ਸਰਕਾਰ ਇਨ੍ਹਾਂ ਮੌਤਾਂ ਬਾਰੇ ਸਪਸ਼ਟ ਨਹੀਂ ਸੀ ਦੱਸ ਰਹੀ। ਕੁਝ ਮਹੀਨੇ ਪਹਿਲਾਂ ਹੀ ਇਨ੍ਹਾਂ ਦੀਆਂ ਲਾਸ਼ਾਂ ਅਸਥੀਆਂ ਤਾਬੂਤਾਂ ਵਿਚ ਬੰਦ ਕਰ ਕੇ ਪੰਜਾਬ ਲਿਆਂਦੀਆਂ ਗਈਆਂ ਸਨ ਤੇ ਫਿਰ ਇਨ੍ਹਾਂ ਦਾ ਧਾਰਮਿਕ ਰਸਮਾਂ ਨਾਲ ਅੰਤਮ ਸੰਸਕਾਰ ਕੀਤਾ ਗਿਆ ਸੀ। ਪੰਜਾਬ ਸਰਕਾਰ ਨੇ ਨਕਦ ਸਹਾਇਤਾ ਰਾਸ਼ੀ ਦੇ ਨਾਲ-ਨਾਲ ਇਕ-ਇਕ ਨੌਕਰੀ ਦੇਣ ਦਾ ਵਾਅਦਾ ਵੀ ਕੀਤਾ ਸੀ।

# ਪੰਜਾਬੀ ਸ਼ਾਇਰ ਦਰਸ਼ਨ ਗਿੱਲ ਨਹੀਂ ਰਹੇ

**ਬਠਿੰਡਾ:** ਪ੍ਰਗਤੀਵਾਦੀ ਪੰਜਾਬੀ ਸ਼ਾਇਰ ਦਰਸ਼ਨ ਗਿੱਲ (ਬਠਿੰਡਾ) ਨਹੀਂ ਰਹੇ। ਉਹ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਘੇ ਜਨਵਾਦੀ ਆਲੋਚਕ ਕਾ. ਸੁਰਜੀਤ ਗਿੱਲ ਦੀ ਸਰਪ੍ਰਸਤੀ ਵਿਚ ਪਰਵਾਨ ਚੜ੍ਹੇ ਇਸ ਜਨਵਾਦੀ ਲੇਖਕ ਨੇ 'ਭਟਕਣਾ' ਗ਼ਜ਼ਲ ਸੰਗ੍ਰਹਿ, 'ਜੰਗ ਰੋਟੀ ਦੀ', 'ਪੁਰਸਲਾਤ', 'ਮੈਂ ਖ਼ੁਦਾ ਹਾਂ', 'ਕੇਹੇ ਦਿਨ' (ਕਾਵਿ ਸੰਗ੍ਰਹਿ), 'ਵਿਸ਼ਵ ਦੇ ਵਿਦਰੋਹੀ ਬੋਲ', 'ਪਾਗਲ ਦੀ ਡਾਇਰੀ' (ਸੰਪਾਦਨਾ) ਅਤੇ ਇਕ ਨਾਵਲ 'ਸ਼ਹੀਦ ਪੰਜਾਬੀ ਸਾਹਿਤ' ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਦਰਸ਼ਨ ਗਿੱਲ ਦੀ ਲੋਕ-ਪੱਖੀ ਸ਼ਾਇਰੀ ਦੀ ਮਹਿਕ ਕਦੇ ਮੱਠੀ ਨਹੀਂ ਪਵੇਗੀ। ਉਨ੍ਹਾਂ ਨੂੰ ਸਾਹਿਤ ਦੀ ਏਨੀ ਸਮਝ ਸੀ ਕਿ ਕਈ ਵਾਰ ਆਲੋਚਕ ਦਾ ਕਾਰਜ ਵੀ ਨਿਭਾਅ ਜਾਂਦੇ ਸਨ।

# ਚੱਢਾ ਖੁਦਕੁਸ਼ੀ ਮਾਮਲੇ 'ਚ ਨੌਂ ਖਿਲਾਫ ਦੋਸ਼ ਤੈਅ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਖੁਦਕੁਸ਼ੀ ਮਾਮਲੇ ਵਿਚ ਅਦਾਲਤ ਨੇ 9 ਜਣਿਆਂ ਖਿਲਾਫ਼ ਦੋਸ਼ ਤੈਅ ਕਰ ਦਿੱਤੇ ਹਨ। ਅਗਲੀ ਸੁਣਵਾਈ 22 ਨਵੰਬਰ ਨੂੰ ਹੋਵੇਗੀ। ਇੰਦਰਪ੍ਰੀਤ ਸਿੰਘ ਚੱਢਾ ਨੇ ਇਸ ਵਰ੍ਹੇ 3 ਜਨਵਰੀ ਨੂੰ ਏਅਰਪੋਰਟ ਰੋਡ 'ਤੇ ਆਪਣੇ ਵਾਹਨ 'ਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਸਰਕਾਰ ਨੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ।

ਅਦਾਲਤ ਨੇ ਨੌਂ ਜਣਿਆਂ ਖਿਲਾਫ਼ ਧਾਰਾ 306, 384, 120-ਬੀ ਹੇਠ ਦੋਸ਼ ਤੈਅ ਕੀਤੇ ਹਨ। ਮੁਲਜ਼ਮਾਂ ਵਿਚ ਮ੍ਰਿਤਕ ਦਾ ਭਰਾ ਹਰਜੀਤ ਸਿੰਘ ਚੱਢਾ, ਦਵਿੰਦਰ ਸੰਧੂ, ਪਰਵਾਸੀ ਭਾਰਤੀ ਕੇ. ਘੁੰਮਣ, ਵਿਜੈ ਉਮੰਤ, ਇੰਦਰਪ੍ਰੀਤ ਸਿੰਘ ਅਨੰਦ, ਸੁਰਜੀਤ ਸਿੰਘ, ਗੁਰਸੇਵਕ ਸਿੰਘ ਅਤੇ ਇਕ ਸਕੂਲ ਦੀ ਪ੍ਰਿੰਸੀਪਲ ਸ਼ਾਮਲ ਹੈ। ਪੁਲਿਸ ਨੂੰ ਘਟਨਾ ਸਥਾਨ ਤੋਂ ਖੁਦਕੁਸ਼ੀ ਨੋਟ ਮਿਲੇ ਸਨ। ਇਨ੍ਹਾਂ ਦੇ ਆਧਾਰ 'ਤੇ ਪੁਲਿਸ ਨੇ ਕਈ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ। ਸਰਕਾਰ ਨੇ ਬਾਅਦ ਵਿਚ ਇਸ ਮਾਮਲੇ ਦੀ ਜਾਂਚ ਲਈ ਆਈ.ਜੀ. ਐੱਲ.ਕੇ. ਯਾਦਵ ਦੀ ਅਗਵਾਈ ਹੇਠ ਇਕ ਜਾਂਚ ਕਮੇਟੀ ਬਣਾਈ ਸੀ ਤੇ ਨੌਂ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ। ਇਨ੍ਹਾਂ ਵਿਚੋਂ ਕਈ ਫਿਲਹਾਲ ਜ਼ਮਾਨਤ 'ਤੇ ਹਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com



ਵੇਟਰ ਤੇ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ
ਇੰਡੀਆ ਪੈਲੇਸ ਰੈਸਟੋਰੈਂਟ ਲਈ
ਵੇਟਰ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਜੌਹਲ

ਫੋਨ: 317-709-7800

44-45



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

***Grand Opening***
***Special Price for Truck Wash***

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜ਼ਾਕਿਰ ਮੂਸਾ ਨੇ ਰਚੀ ਸੀ ਮਕਸੂਦਾਂ ਥਾਣੇ ਬਾਹਰ ਧਮਾਕਿਆਂ ਦੀ ਸਾਜ਼ਿਸ਼

**ਜਲੰਧਰ:** ਮਕਸੂਦਾਂ ਥਾਣੇ ਦੇ ਬਾਹਰ ਚਾਰ ਹਲਕੇ ਬੰਬ ਧਮਾਕੇ ਕਰਨ ਵਾਲੇ ਚਾਰ ਕਸ਼ਮੀਰੀਆਂ ਵਿਚੋਂ ਕਮਿਸ਼ਨਰੇਟ ਪੁਲਿਸ ਨੇ ਦੋ ਜਣਿਆਂ ਨੂੰ ਕਾਬੂ ਕਰ ਲਿਆ ਹੈ ਜਦੋਂ ਕਿ ਦੋ ਜਣੇ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਦੂਰ ਦੱਸੇ ਜਾ ਰਹੇ ਹਨ। 14 ਸਤੰਬਰ ਨੂੰ ਰਾਤ ਪੌਣੇ ਅੱਠ ਵਜੇ ਦੇ ਕਰੀਬ ਮਕਸੂਦਾਂ ਥਾਣੇ ਦੇ ਬਾਹਰ ਚਾਰ ਹਲਕੇ ਧਮਾਕੇ ਵਾਲੇ ਹੈਂਡ ਗ੍ਰਨੇਡ ਸੁੱਟੇ ਗਏ ਸਨ।

ਪੁਲਿਸ ਨੇ ਇਸ ਕੇਸ ਨੂੰ ਹੱਲ ਕਰਦਿਆਂ ਦੋ ਕਸ਼ਮੀਰੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਹੜੇ ਕਿ ਸੇਂਟ ਸੋਲਜ਼ਰ ਇੰਜੀਨੀਅਰਿੰਗ ਕਾਲਜ ਜਲੰਧਰ ਦੇ ਵਿਦਿਆਰਥੀ ਹਨ। ਫੜੇ ਗਏ ਵਿਦਿਆਰਥੀਆਂ ਦੀ ਪਛਾਣ ਸ਼ਾਹਿਦ ਕਿਊਮ ਤੇ ਫਾਜ਼ਿਲ ਬਸ਼ੀਰ ਵਜੋਂ ਹੋਈ ਹੈ। ਇਨ੍ਹਾਂ ਧਮਾਕਿਆਂ ਦਾ ਮਾਸਟਰ ਮਾਈਂਡ ਜ਼ਾਕਿਰ ਰਸ਼ੀਦ ਭੱਟ ਉਰਫ ਜ਼ਾਕਿਰ ਮੂਸਾ ਦੱਸਿਆ ਜਾਂਦਾ ਹੈ। ਇਸ ਕੇਸ ਵਿਚ ਲੋੜੀਂਦੇ ਦੋ ਹੋਰ ਮੁਲਜ਼ਮ ਮੀਰ ਰੂਫ ਅਹਿਮਦ ਉਰਫ ਰੂਫ ਅਤੇ ਮੀਰ ਉਮਰ ਰਮਜ਼ਾਨ ਉਰਫ ਗਾਜ਼ੀ ਫਰਾਰ ਦੱਸੇ ਜਾ ਰਹੇ ਹਨ। ਕਸ਼ਮੀਰੀ ਵਿਦਿਆਰਥੀਆਂ ਦਾ ਸਬੰਧ ਅਨਸਾਰ ਗਜਾਵਤ ਉਲ ਹੱਕ ਨਾਂ ਦੀ ਕਸ਼ਮੀਰੀ ਜਥੇਬੰਦੀ ਨਾਲ ਹੈ, ਜਿਸ ਦਾ ਅੱਗੇ ਦਹਿਸ਼ਤੀ ਜਥੇਬੰਦੀ ਅਲਕਾਇਦਾ ਨਾਲ ਸਬੰਧ ਦੱਸਿਆ ਜਾ ਰਿਹਾ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਫੜੇ ਗਏ ਦੋਵੇਂ ਕਸ਼ਮੀਰੀ ਵਿਦਿਆਰਥੀਆਂ ਵਿਚੋਂ ਸ਼ਾਹਿਦ ਕਿਊਮ ਨੂੰ 4 ਨਵੰਬਰ ਨੂੰ ਜਲੰਧਰ ਤੋਂ ਫੜਿਆ ਗਿਆ ਸੀ ਜਦਕਿ ਦੂਜੇ ਫਾਜ਼ਿਲ ਬਸ਼ੀਰ ਨੂੰ ਕਸ਼ਮੀਰ ਤੋਂ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ ਹੈ। ਜਲੰਧਰ ਤੋਂ ਫੜੇ ਗਏ ਕਸ਼ਮੀਰੀ ਵਿਦਿਆਰਥੀ ਵਿਰੁੱਧ ਥਾਣਾ ਡਿਵੀਜ਼ਨ ਨੰਬਰ ਇਕ ਵਿਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਨ ਮਗਰੋਂ ਇਸ ਵਿਚ ਧਮਾਕਾਖੇਜ਼ ਸਮੱਗਰੀ ਰੋਕੂ ਐਕਟ ਦੀ ਧਾਰਾ ਵੀ ਜੋੜ ਦਿੱਤੀ ਗਈ ਹੈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮਕਸੂਦਾਂ ਥਾਣੇ ਅੱਗੇ ਸੁੱਟੇ ਗਏ ਗ੍ਰਨੇਡ ਚਾਰ ਜਣਿਆਂ ਨੇ ਹੀ ਸੁੱਟੇ ਸਨ। ਇਨ੍ਹਾਂ ਦਾ ਪਹਿਲਾ ਨਿਸ਼ਾਨਾ ਬਿਧੀਪੁਰ ਨੇੜਲੇ ਸੀ.ਆਰ.ਪੀ.ਐਫ. ਅਤੇ ਆਈ.ਟੀ.ਬੀ.ਪੀ. ਕੈਂਪਸ ਸਨ, ਪਰ ਬਾਅਦ ਵਿਚ ਇਨ੍ਹਾਂ ਨੇ ਉਸ ਨੂੰ ਬਦਲ ਕੇ ਮਕਸੂਦਾਂ ਥਾਣੇ ਨੂੰ ਆਪਣਾ ਨਿਸ਼ਾਨਾ ਬਣਾ ਲਿਆ। ਵਾਰਦਾਤ ਕਰਨ ਲਈ 13 ਸਤੰਬਰ ਨੂੰ ਸ੍ਰੀਨਗਰ ਤੋਂ ਚੰਡੀਗੜ੍ਹ ਤੱਕ ਹਵਾਈ ਜਹਾਜ਼ ਰਾਹੀਂ ਰੂਫ ਅਤੇ ਗਾਜ਼ੀ ਆਏ ਸਨ।

# ਦਿੱਲੀ 'ਚ ਸਾਹ ਲੈਣਾ ਹੋਇਆ ਔਖਾ, ਹਵਾ ਗੁਣਵੱਤਾ ਖਤਰਨਾਕ ਪੱਧਰ ਉਤੇ

**ਨਵੀਂ ਦਿੱਲੀ:** ਦਿੱਲੀ 'ਚ ਬਦਲਦੇ ਮੌਸਮ ਕਾਰਨ ਸੰਘਣੀ ਧੁੰਦ ਦੀ ਮੋਟੀ ਪਰਤ ਨੇ ਰਾਜਧਾਨੀ ਨੂੰ ਆਪਣੇ ਗਲਬੇ ਵਿਚ ਲੈ ਲਿਆ, ਜਿਸ ਕਾਰਨ ਇਥੇ ਹਵਾ ਗੁਣਵੱਤਾ ਮੁੜ ਖਤਰਨਾਕ ਪੱਧਰ ਉਤੇ ਪਹੁੰਚ ਗਈ, ਜਿਸ ਕਾਰਨ ਦਿੱਲੀ ਇਕ ਵਾਰ ਫਿਰ ਤੋਂ ਗੈਸ ਚੈਂਬਰ ਬਣਦੀ ਨਜ਼ਰ ਆ ਰਹੀ ਹੈ।

ਕੇਂਦਰ ਦੇ ਹਵਾ ਗੁਣਵੱਤਾ ਦੱਸਣ ਵਾਲੇ ਤੇ ਇਸ ਸਬੰਧੀ ਖੋਜ ਕਰਨ ਵਾਲੇ ਸਿਸਟਮ (ਐਸ.ਏ.ਐਫ.ਏ.ਆਰ.) ਦੇ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਵਿਚ ਹਲਕੀ ਹਵਾ ਚੱਲਣ ਦੇ ਬਾਵਜੂਦ ਗੁਆਂਢੀ ਸੂਬਿਆਂ ਵਿਚ ਪਰਾਲੀ ਸਾੜੇ ਜਾਣ ਕਾਰਨ ਪ੍ਰਦੂਸ਼ਣ ਵਧਿਆ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਵਿਚ 24 ਫੀਸਦੀ ਪ੍ਰਦੂਸ਼ਣ ਪਰਾਲੀ ਸਾੜੇ ਜਾਣ ਕਾਰਨ ਹੋਣ ਦੀ ਸੰਭਾਵਨਾ ਹੈ। ਧੁੰਦ ਦੀ ਮੋਟੀ ਪਰਤ ਨੇ ਵੀ ਸ਼ਹਿਰ ਨੂੰ ਆਪਣੇ ਗਲਬੇ ਵਿਚ ਲਿਆ ਹੋਇਆ ਹੈ, ਜਿਸ ਕਾਰਨ 'ਵਿਜ਼ੀਬਿਲਟੀ' ਕਾਫੀ ਘਟੀ ਹੈ।

ਦਿੱਲੀ ਵਿਚ ਹਵਾ ਗੁਣਵੱਤਾ 345 ਦਰਜ ਕੀਤੀ ਗਈ ਹੈ, ਜੋ ਕਿ ਬਹੁਤ ਮਾੜੀ ਸ਼੍ਰੇਣੀ ਵਿਚ ਆਉਂਦੀ ਹੈ। ਰਾਜਧਾਨੀ ਦਾ ਤਾਪਮਾਨ 14.8 ਡਿਗਰੀ ਤੱਕ ਪੁੱਜ ਗਿਆ। ਵੱਡੀ ਗਿਣਤੀ 'ਚ ਲੋਕਾਂ ਨੂੰ ਸਾਹ ਲੈਣ 'ਚ ਦਿੱਕਤ ਮਹਿਸੂਸ ਹੋਣ ਸਮੇਤ ਹੋਰਨਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹਵਾ ਗੁਣਵੱਤਾ ਇੰਡੈਕਸ ਮੁਤਾਬਕ ਮੰਦਰ ਮਾਰਗ 'ਤੇ 707, ਮੇਜਰ ਧਿਆਨ ਚੰਦ ਸਟੇਡੀਅਮ ਦੇ ਨੇੜੇ 676, ਜਵਾਹਰ ਲਾਲ ਨਹਿਰੂ ਸਟੇਡੀਅਮ 'ਤੇ 681 ਅੰਕਾਂ ਦੇ ਨੇੜੇ-ਤੇੜੇ ਰਹੀ।

# ਫੈਜ਼ਾਬਾਦ ਜ਼ਿਲ੍ਹਾ ਹੁਣ ਅਯੁੱਧਿਆ ਬਣਿਆ

**ਅਯੁੱਧਿਆ:** ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕੀਤੇ ਜਾਣ ਦੇ ਕੁਝ ਦਿਨ ਬਾਅਦ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਐਲਾਨ ਕੀਤਾ ਕਿ ਹੁਣ ਫੈਜ਼ਾਬਾਦ ਜ਼ਿਲ੍ਹਾ ਅਯੁੱਧਿਆ ਦੇ ਨਾਂ ਨਾਲ ਜਾਣਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਯੁੱਧਿਆ ਸਾਡੀ ਆਨ, ਬਾਨ ਅਤੇ ਸ਼ਾਨ ਦਾ ਪ੍ਰਤੀਕ ਹੈ। ਅਯੁੱਧਿਆ ਨਾਲ ਕੋਈ ਅਨਿਆਂ ਨਹੀਂ ਕਰ ਸਕਦਾ। ਇਸ ਪਵਿੱਤਰ ਸ਼ਹਿਰ ਦੀ ਪਛਾਣ ਭਗਵਾਨ ਰਾਮ ਦੇ ਨਾਮ ਨਾਲ ਹੈ।

ਮੁੱਖ ਮੰਤਰੀ ਦੀਵਾਲੀ ਦੀ ਪੂਰਵ ਸੰਧਿਆ 'ਦੀਪੋਤਸਵ' ਮੌਕੇ ਬੋਲ ਰਹੇ ਸਨ। ਉਨ੍ਹਾਂ ਜ਼ਿਲ੍ਹੇ ਵਿਚ ਭਗਵਾਨ ਰਾਮ ਅਤੇ ਰਾਜਾ ਦਸ਼ਰਥ ਦੇ ਨਾਂ 'ਤੇ ਹਵਾਈ ਅੱਡਾ ਅਤੇ ਮੈਡੀਕਲ ਕਾਲਜ ਸਥਾਪਤ ਕਰਨ ਦਾ ਵੀ ਐਲਾਨ ਕੀਤਾ। ਇਸੇ ਦੌਰਾਨ ਦੱਖਣੀ ਕੋਰੀਆ ਦੀ ਪ੍ਰਥਮ ਮਹਿਲਾ ਕਿਮ ਜੁੰਗ ਸੂਕ ਦੀਵਾਲੀ ਮਹਾਉਤਸਵ ਵਿਚ ਸ਼ਾਮਲ ਹੋਣ ਲਈ ਅਯੁੱਧਿਆ ਪੁੱਜੇ। ਉਨ੍ਹਾਂ ਆਪਣੇ ਦੌਰੇ ਦੀ ਸ਼ੁਰੂਆਤ ਰਾਣੀ ਹੀਓ ਦੀ ਯਾਦਗਾਰ 'ਤੇ ਸ਼ਰਧਾਂਜਲੀ ਭੇਟ ਕਰ ਕੇ ਕੀਤੀ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਉਨ੍ਹਾਂ ਦੇ ਨਾਲ ਸਨ।

## ਆਰ.ਬੀ.ਆਈ. ਸਰਕਾਰ ਲਈ ਸੀਟ ਬੈਲਟ ਵਾਂਗ: ਰਾਜਨ

**ਨਵੀਂ ਦਿੱਲੀ:** ਰਿਜ਼ਰਵ ਬੈਂਕ ਅਤੇ ਵਿੱਤ ਮੰਤਰਾਲੇ ਜਦੋਂ ਤਕਰਾਰ ਵਧ ਰਹੀ ਹੈ ਤਾਂ ਆਰ. ਬੀ. ਆਈ. ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਹੈ ਕਿ ਕੇਂਦਰੀ ਬੈਂਕ ਕਾਰ ਵਿਚ ਸੀਟ ਬੈਲਟ ਦੀ ਤਰ੍ਹਾਂ ਹੈ ਤੇ ਜੇ ਕੋਈ ਸੀਟ ਬੈਲਟ ਲਾਏ ਬਗੈਰ ਕਾਰ ਦੌੜਾਉਣੀ ਚਾਹੁੰਦਾ ਹੈ ਤਾਂ ਇਹ ਖਤਰਨਾਕ ਹੋ ਸਕਦਾ ਹੈ।

ਆਰ.ਬੀ.ਆਈ. ਦੇ ਸੰਸਥਾਗਤ ਖ਼ੁਦਮੁਖ਼ਤਾਰੀ ਦਾ ਸਤਿਕਾਰ ਕਰਨ ਦੀ ਪੈਰਵੀ ਕਰਦਿਆਂ ਸ੍ਰੀ ਰਾਜਨ ਨੇ ਕਿਹਾ ਕਿ ਜੇ ਸਰਕਾਰ ਜ਼ਿਆਦਾ ਧੱਕਾ ਕਰੇ ਤਾਂ ਕੇਂਦਰੀ ਬੈਂਕ ਕੋਲ ਨਾਂਹ ਕਹਿਣ ਦਾ ਹੱਕ ਹੁੰਦਾ ਹੈ।

19 ਨਵੰਬਰ ਨੂੰ ਆਰ.ਬੀ.ਆਈ. ਬੋਰਡ ਦੀ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਬੋਰਡ ਦਾ ਉਦੇਸ਼ ਸੰਸਥਾ ਦੀ ਰਾਖੀ ਕਰਨਾ ਹੈ ਨਾ ਕਿ ਹੋਰਨਾਂ ਦੇ ਹਿੱਤਾਂ ਦੀ ਸੇਵਾ ਕਰਨਾ। ਉਨ੍ਹਾਂ ਸੀ.ਐਨ.ਬੀ.ਸੀ. ਟੀਵੀ 18 ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਰ. ਬੀ. ਆਈ. ਸੀਟ ਬੈਲਟ ਦੀ ਤਰ੍ਹਾਂ ਹੈ।

# ਪੰਜਾਬ 'ਚ ਬੱਸ ਸਫਰ ਹੋਰ ਮਹਿੰਗਾ ਹੋਇਆ

**ਪਟਿਆਲਾ:** ਪੰਜਾਬ ਸਰਕਾਰ ਨੇ ਸੱਤ ਪੈਸੇ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਬੱਸ ਕਿਰਾਏ ਵਿਚ ਵਾਧਾ ਕੀਤਾ ਹੈ। ਆਮ ਬੱਸ ਕਿਰਾਇਆ ਹੁਣ 110 ਪੈਸੇ ਤੋਂ ਵਧ ਕੇ 117 ਪੈਸੇ ਫੀ ਕਿਲੋਮੀਟਰ ਹੋ ਗਿਆ ਹੈ। ਇਸ ਨਾਲ ਪੀ.ਆਰ.ਟੀ.ਸੀ. ਨੂੰ ਰੋਜ਼ਾਨਾ ਦਾ 7.71 ਲੱਖ ਰੁਪਏ ਦਾ ਲਾਭ ਹੋਵੇਗਾ ਪਰ ਲੋਕਾਂ 'ਤੇ ਲੱਖਾਂ ਰੁਪਏ ਦਾ ਵਿੱਤੀ ਬੋਝ ਪਵੇਗਾ ਕਿਉਂਕਿ ਇਹ ਵਾਧਾ ਪੀ.ਆਰ.ਟੀ.ਸੀ. ਸਮੇਤ ਪ੍ਰਾਈਵੇਟ ਬੱਸਾਂ ਵਿਚ ਵੀ ਹੋਇਆ ਹੈ।

ਸਾਲ ਵਿਚ ਤੀਜੀ ਵਾਰ ਬੱਸ ਕਿਰਾਇਆ ਵਧਿਆ ਹੈ। ਫਰਵਰੀ ਵਿਚ ਦੋ ਪੈਸੇ ਅਤੇ ਜੂਨ ਵਿਚ ਛੇ ਪੈਸੇ ਵਧੇ ਸਨ। ਇਸ ਤਰ੍ਹਾਂ ਸਾਲ ਵਿਚ ਪੰਦਰਾਂ ਪੈਸੇ ਪ੍ਰਤੀ ਕਿਲੋਮੀਟਰ ਦਾ ਵਾਧਾ ਹੋਇਆ ਹੈ।

ਇਸ ਵਾਧੇ ਨਾਲ ਐਚ.ਵੀ.ਏ.ਸੀ. ਬੱਸਾਂ ਦਾ ਕਿਰਾਇਆ 132 ਤੋਂ ਵਧ ਕੇ 140.40 ਪੈਸੇ ਹੋ ਗਿਆ ਹੈ। ਇਹ ਆਮ ਕਿਰਾਏ (117 ਪੈਸੇ) ਦਾ ਵੀਹ ਫੀਸਦੀ ਵਧਦਾ ਹੈ। ਇੰਟੈਗਰਲ ਕੋਚ ਬੱਸਾਂ ਦਾ ਕਿਰਾਇਆ 198 ਤੋਂ 210 ਪੈਸੇ ਹੋ ਗਿਆ ਜੋ ਆਮ ਕਿਰਾਏ ਦਾ ਅੱਸੀ ਫੀਸਦੀ ਵਧਦਾ ਹੈ ਜਦਕਿ ਸੁਪਰ ਇੰਟੈਗਰਲ ਕੋਚ ਬੱਸਾਂ ਦਾ ਕਿਰਾਇਆ ਆਮ ਕਿਰਾਏ ਦਾ ਸੌ ਫੀਸਦੀ ਵਧ ਕੇ ਦੁੱਗਣਾ, ਭਾਵ 234 ਪੈਸੇ ਹੋ ਗਿਆ ਹੈ।

ਪੀ.ਆਰ.ਟੀ.ਸੀ. ਦੇ ਐਮ.ਡੀ. ਮਨਜੀਤ ਸਿੰਘ ਨਾਰੰਗ ਨੇ ਸਤੰਬਰ 'ਚ ਸਰਕਾਰ ਨੂੰ ਪੱਤਰ ਲਿਖ ਕੇ ਪੰਜ ਪੈਸੇ ਪ੍ਰਤੀ ਕਿਲੋਮੀਟਰ ਕਿਰਾਇਆ ਵਧਾਉਣ ਦੀ ਮੰਗ ਕੀਤੀ ਸੀ। ਤਰਕ ਸੀ ਕਿ ਇਕ ਜੂਨ ਨੂੰ ਜਦੋਂ ਕਿਰਾਏ 'ਚ ਛੇ ਪੈਸੇ ਕਿਲੋਮੀਟਰ ਦਾ ਵਾਧਾ ਹੋਇਆ ਸੀ, ਉਦੋਂ ਡੀਜ਼ਲ ਦੀ ਕੀਮਤ 68.46 ਰੁਪਏ ਲਿਟਰ ਸੀ ਜੋ ਵਧ ਕੇ 75 ਰੁਪਏ ਲਿਟਰ ਹੋਣ ਨਾਲ ਕਾਰਪੋਰੇਸ਼ਨ ਨੂੰ ਡੀਜ਼ਲ ਦੀ ਖਰੀਦ ਉਤੇ ਰੋਜ਼ਾਨਾ ਛੇ ਲੱਖ ਰੁਪਏ ਵਾਧੂ ਖਰਚ ਝੱਲਣਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਪੀ.ਆਰ.ਟੀ.ਸੀ. ਦੀਆਂ 1073 ਬੱਸਾਂ ਰੋਜ਼ਾਨਾ ਪੰਜਾਬ ਵਿਚ 3 ਲੱਖ ਕਿਲੋਮੀਟਰ ਤੇ ਪੰਜਾਬ ਤੋਂ ਬਾਹਰ 53 ਹਜ਼ਾਰ ਕਿਲੋਮੀਟਰ ਸਫਰ ਤੈਅ ਕਰਦੀਆਂ ਹਨ ਜਿਸ ਦੌਰਾਨ 90 ਹਜ਼ਾਰ ਲਿਟਰ ਡੀਜ਼ਲ ਦੀ ਰੋਜ਼ਾਨਾ ਖਪਤ ਹੁੰਦੀ ਹੈ।

# ਕੇਜਰੀਵਾਲ ਮਾਣਹਾਨੀ ਦੇ ਕੇਸ 'ਚੋਂ ਬਰੀ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਮਾਣਹਾਨੀ ਦੇ ਫੌਜਦਾਰੀ ਕੇਸ 'ਚੋਂ ਬਰੀ ਕਰ ਦਿੱਤਾ ਹੈ ਜੋ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਸਾਥੀ ਕਾਂਗਰਸ ਆਗੂ ਪਵਨ ਖੇੜਾ ਵੱਲੋਂ ਦਾਇਰ ਕੀਤਾ ਗਿਆ ਸੀ। ਸ੍ਰੀ ਖੇੜਾ ਨੇ ਕਿਹਾ ਸੀ ਕਿ ਕੇਜਰੀਵਾਲ ਨੇ ਦੀਕਸ਼ਿਤ ਖ਼ਿਲਾਫ ਝੂਠੇ ਤੇ ਅਪਮਾਨਜਨਕ ਦੋਸ਼ ਲਾਏ ਸਨ। ਅਦਾਲਤ ਨੇ ਕਿਹਾ ਕਿ ਸ਼ਿਕਾਇਤਕਰਤਾ ਇਸ ਕੇਸ ਵਿਚ ਪੀੜਤ ਧਿਰ ਨਹੀਂ ਮੰਨੇ ਜਾ ਸਕਦੇ।

# ਪੰਜਾਬ 'ਚ ਖਾੜਕੂਵਾਦ ਦੇ ਉਭਾਰ ਦਾ ਡਰਾਵਾ

*(ਸਫਾ ਇਕ ਦੀ ਬਾਕੀ)*

ਦੀ ਸਫਲਤਾ ਵੇਖ ਕੇ ਸਿਆਸੀ ਧਿਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ ਹੋਈ ਹੈ। ਭਾਰਤ ਸਮੇਤ ਵਿਦੇਸ਼ਾਂ ਤੋਂ ਇਸ ਮੋਰਚੇ ਨੂੰ ਹਮਾਇਤ ਮਿਲ ਰਹੀ ਹੈ। ਇਥੋਂ ਤੱਕ ਕਿ ਕੁਝ ਹਿੰਦੂ ਜਥੇਬੰਦੀਆਂ ਵੀ ਇਸ ਦੀ ਹਮਾਇਤ ਵਿਚ ਆ ਨਿੱਤਰੀਆਂ ਹਨ। ਸਿਆਸੀ ਧਿਰਾਂ ਨਾਲੋਂ ਟੁੱਟ ਕੇ ਵੱਡੀ ਗਿਣਤੀ ਆਗੂ ਮੋਰਚੇ ਨਾਲ ਜੁੜ ਰਹੇ ਹਨ। ਖਾਸ ਕਰ ਅਕਾਲੀ ਦਲ ਨੂੰ ਇਸ ਪੱਖੋਂ ਕਾਫੀ ਤਕੜਾ ਝਟਕਾ ਲੱਗਾ ਹੈ। ਦੂਜੇ ਪਾਸੇ ਸਿਆਸੀ ਸੰਕਟ ਤੋਂ ਇਲਾਵਾ ਪੰਜਾਬ ਆਰਥਿਕ ਮੰਦਹਾਲੀ ਦਾ ਵੀ ਸ਼ਿਕਾਰ ਹੈ। ਬੇਰੁਜ਼ਗਾਰੀ, ਕਰਜ਼ ਤੇ ਨਸ਼ੇ ਨੌਜਵਾਨਾਂ ਨੂੰ ਖੁਦਕੁਸ਼ੀ ਦੇ ਰਾਹ ਤੋਰ ਰਹੇ ਹਨ। ਦਰਅਸਲ, ਪੰਜਾਬ ਨੇ ਅੱਸੀ ਤੇ ਨੱਬੇ ਦੇ ਦਹਾਕੇ ਵਿਚ ਵੱਡਾ ਦਰਦ ਝੱਲਿਆ ਪਰ ਲੱਖਾਂ ਲੋਕਾਂ ਦੀ ਮੌਤ ਤੋਂ ਬਾਅਦ ਵੀ ਪੰਜਾਬ ਦੇ ਮਸਲੇ ਉਥੇ ਦੇ ਉਥੇ ਹੀ ਖੜ੍ਹੇ ਹਨ। ਇਨ੍ਹਾਂ ਮਸਲਿਆਂ ਪ੍ਰਤੀ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਸੰਜੀਦਗੀ ਵਿਖਾਈ ਤੇ ਨਾ ਹੀ ਕੇਂਦਰ ਸਰਕਾਰਾਂ ਨੇ ਇਸ ਵੱਲ ਕੋਈ ਧਿਆਨ ਦਿੱਤਾ। ਇਹੋ ਕਾਰਨ ਹੈ ਕਿ ਅੱਜ ਲੋਕ ਉਸ ਸਿਆਸਤਦਾਨ ਨੂੰ ਹੀ ਹੁੰਗਾਰਾ ਦੇ ਰਹੇ ਹਨ ਜੋ ਪੰਥਕ ਮੁੱਦਿਆਂ ਦੀ ਗੱਲ ਕਰਦਾ ਹੈ।

ਇਸ ਦੀ ਤਾਜ਼ਾ ਮਿਸਾਲ ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੇ ਬਾਗੀ ਆਗੂ ਸੁਖਪਾਲ ਖਹਿਰਾ ਵੱਲੋਂ ਬਰਗਾੜੀ ਮੋਰਚਾ ਦੀ ਹਮਾਇਤ ਵਿਚ ਰੋਸ ਮਾਰਚ ਦੌਰਾਨ ਵੇਖਣ ਨੂੰ ਮਿਲੀ। ਕਾਂਗਰਸ ਵੀ ਪੰਥਕ ਮੁੱਦਿਆਂ ਦੀ ਵਕਾਲਤ ਕਰਨ ਲੱਗੀ ਹੈ, ਭਾਵੇਂ ਉਸ ਵਿਚ ਅਕਾਲੀ ਦਲ ਨੂੰ ਠਿੱਬੀ ਲਾਉਣ ਦੀ ਭਾਵਨਾ ਹੀ ਛੁਪੀ ਹੋਈ ਹੈ। ਇਹੀ ਕਾਰਨ ਹੈ ਕਿ ਰਵਾਇਤੀ ਧਿਰਾਂ ਵਲ-ਵਲ ਕੇ ਬਰਗਾੜੀ ਮੋਰਚੇ ਨੂੰ ਖਾੜਕੂਵਾਦ ਨਾਲ ਜੋੜ ਰਹੀਆਂ ਹਨ।

# ਪੰਜਾਬ 'ਚ ਤੀਜੇ ਸਿਆਸੀ ਫਰੰਟ ਲਈ ਪਿੜ ਬੱਝਣ ਲੱਗਾ

*(ਸਫਾ ਇਕ ਦੀ ਬਾਕੀ)*

ਕੀਤੇ ਜਾ ਰਹੇ ਹਨ। ਪਟਿਆਲਾ ਤੋਂ ਆਪ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਵੀ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਹ ਪੰਜਾਬ ਦੇ 22 ਜ਼ਿਲ੍ਹਿਆਂ ਵਿਚ ਆਪਣੇ ਨੁਮਾਇੰਦੇ ਤਿਆਰ ਕਰ ਰਹੇ ਹਨ। ਉਹ ਸੁਖਪਾਲ ਖਹਿਰਾ ਅਤੇ ਕੰਵਰ ਸੰਧੂ ਦੀ ਮੁਅੱਤਲੀ ਨੂੰ ਗਲਤ ਕਰਾਰ ਦੇ ਰਹੇ ਹਨ। ਡਾ. ਗਾਂਧੀ ਦਾ ਕਹਿਣਾ ਹੈ ਕਿ ਉਨ੍ਹਾਂ ਆਪਣਾ ਏਜੰਡਾ ਪੇਸ਼ ਕਰ ਦਿੱਤਾ ਹੈ ਤੇ ਪੰਜਾਬ ਦੇ ਹਿੱਤ 'ਚ ਕੰਮ ਕਰਨ ਵਾਲੀ ਕਿਸੇ ਵੀ ਪਾਰਟੀ ਜਾਂ ਵਿਅਕਤੀ ਨਾਲ ਉਹ ਸਮਝੌਤਾ ਕਰ ਸਕਦੇ ਹਨ।

ਉਧਰ, ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਫਰੰਟ ਹੋਂਦ ਵਿਚ ਤਾਂ ਆ ਸਕਦਾ ਹੈ ਪਰ ਇਹ ਕਿੰਨਾ ਸਮਾਂ ਇਕੱਠਾ ਚੱਲੇਗਾ, ਇਸ ਬਾਰੇ ਕੁਝ ਕਹਿਣਾ ਮੁਸ਼ਕਲ ਹੈ। ਦਰਅਸਲ, ਲੋਕ ਇਨਸਾਫ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਧਿਰਾਂ ਵਿਚਾਰਧਾਰਕ ਪੱਖੋਂ ਸੁਖਪਾਲ ਖਹਿਰਾ ਧੜੇ ਨਾਲੋਂ ਵੱਖਰੇਵਾਂ ਰੱਖਦੀਆਂ ਹਨ। ਚੋਣਾਂ ਵਿਚ ਤਾਂ ਇਹ ਗੱਠਜੋੜ ਚੱਲ ਸਕਦਾ ਹੈ ਪਰ ਲੰਮੇ 'ਤੇ ਵਿਚਾਰਧਾਰਕ ਟਕਰਾ ਸੰਭਵ ਹੈ। ਇਸ ਤੋਂ ਇਲਾਵਾ ਪੁਰਾਣੀਆਂ ਪਾਰਟੀਆਂ ਵੱਲੋਂ ਖਹਿਰਾ ਨੂੰ ਆਪਣਾ ਲੀਡਰ ਮੰਨਣ 'ਚ ਵੀ ਦਿੱਕਤ ਆ ਸਕਦੀ ਹੈ।

## ਸੌਖਿਆਂ ਲੱਭੇਗੀ 'ਬਿੱਗ ਡੇਟਾ' ਤਕਨੀਕ ਰਾਹੀਂ ਖਾਲੀ ਪਾਰਕਿੰਗ

**ਹਿਊਸਟਨ:** ਇਕ ਭਾਰਤੀ ਵਿਦਿਆਰਥੀ ਨੇ ਅਜਿਹਾ ਢਾਂਚਾ ਵਿਕਸਿਤ ਕੀਤਾ ਹੈ ਜੋ 'ਬਿੱਗ ਡੇਟਾ' ਤਕਨੀਕ ਰਾਹੀਂ ਗੱਡੀ ਪਾਰਕ ਕਰਨ ਲਈ ਖਾਲੀ ਜਗ੍ਹਾ ਦੀ ਸ਼ਨਾਖਤ ਕਰਨ ਵਿਚ ਮਦਦ ਕਰੇਗਾ। ਇਸ ਨਾਲ ਸਮੇਂ ਤੇ ਪੈਸੇ ਦੀ ਵੀ ਬੱਚਤ ਹੋਵੇਗੀ। ਯੂਨੀਵਰਸਿਟੀ ਆਫ ਅਲਬਾਮਾ ਦੇ ਵਿਦਿਆਰਥੀ ਸਾਈ ਨਿਖਿਲ ਰੈਡੀ ਮੇਤੂਪੱਲੀ ਨੂੰ ਇਸ ਖੋਜ ਲਈ ਵਿਗਿਆਨ ਤੇ ਤਕਨੀਕੀ ਓਪਨ ਹਾਊਸ ਮੁਕਾਬਲੇ ਵਿਚ ਇਸੇ ਵਰ੍ਹੇ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਵਿਆਹ ਦੇ ਪੰਜ ਮਹੀਨਿਆਂ ਬਾਅਦ ਲਾਲੂ ਦੇ ਮੁੰਡੇ ਵੱਲੋਂ ਤਲਾਕ ਦੀ ਤਿਆਰੀ

**ਪਟਨਾ:** ਆਰ.ਜੇ.ਡੀ. ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੇ ਵੱਡੇ ਪੁੱਤਰ ਤੇਜ ਪ੍ਰਤਾਪ ਯਾਦਵ ਨੇ ਪਟਨਾ ਦੇ ਸਿਵਲ ਕੋਰਟ ਵਿਚ ਆਪਣੀ ਪਤਨੀ ਐਸ਼ਵਰਿਆ ਰਾਏ ਤੋਂ ਤਲਾਕ ਲੈਣ ਦੀ ਅਰਜ਼ੀ ਦਿੱਤੀ ਹੈ। ਤੇਜ ਪ੍ਰਤਾਪ ਦੀ ਅਰਜ਼ੀ 'ਤੇ 20 ਨਵੰਬਰ ਨੂੰ ਸੁਣਵਾਈ ਹੋਏਗੀ। ਦੋਵਾਂ ਦਾ ਵਿਆਹ ਇਸੇ ਸਾਲ 12 ਮਈ ਨੂੰ ਹੋਇਆ ਸੀ। ਤਲਾਕ ਦੀ ਅਰਜ਼ੀ ਦੇਣ ਬਾਅਦ ਤੇਜ ਪ੍ਰਤਾਪ ਲਾਲੂ ਨੂੰ ਮਿਲਣ ਲਈ ਰਾਂਚੀ ਰਵਾਨਾ ਹੋ ਗਿਆ। ਉਸ ਦੀ ਪਤਨੀ ਐਸ਼ਵਰਿਆ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਦਰੋਗਾ ਰਾਏ ਦੀ ਪੋਤਰੀ ਹੈ।

ਐਸ਼ਵਰਿਆ ਨੂੰ ਤੇਜ ਪ੍ਰਤਾਪ ਦੀ ਮਾਂ ਰਾਬੜੀ ਦੇਵੀ ਨੇ ਆਪਣੀ ਨੂੰਹ ਬਣਾਉਣ ਲਈ ਪਸੰਦ ਕੀਤਾ ਸੀ। ਤੇਜ ਪ੍ਰਤਾਪ ਇਸ ਗੱਲੋਂ ਨਾਰਾਜ਼ ਚੱਲ ਰਿਹਾ ਸੀ ਕਿ ਸਿਆਸਤ ਵਿਚ ਭਰਾ ਦੇ ਮੁਕਾਬਲੇ ਉਸ ਦੀ ਘੱਟ ਚੱਲਦੀ ਹੈ। ਇਹ ਗੱਲ ਇਕ ਸਮਾਗਮ ਵਿੱਚ ਤੇਜ ਪ੍ਰਤਾਪ ਦੀ ਭੈਣ ਮੀਸਾ ਭਾਰਤੀ ਨੇ ਮੰਨੀ ਸੀ।

## ਪਿਉ ਨੇ ਤਿੰਨ ਬੱਚਿਆਂ ਸਣੇ ਨਹਿਰ 'ਚ ਮਾਰੀ ਛਾਲ

**ਸ੍ਰੀ ਮੁਕਤਸਰ ਸਾਹਿਬ:** ਪਤਨੀ ਦੀ ਬੇਵਫਾਈ ਅਤੇ ਪੁਲਿਸ ਦੀ ਬੇਰੁਖੀ ਕਾਰਨ ਇਕ ਬੰਦੇ ਨੇ ਆਪਣੇ ਤਿੰਨ ਬੱਚਿਆਂ ਸਮੇਤ ਨਹਿਰ 'ਚ ਛਾਲ ਮਾਰ ਦਿੱਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਤਿੰਨਾਂ ਬੱਚਿਆਂ ਨੂੰ ਨਹਿਰ 'ਚੋਂ ਕੱਢ ਕੇ ਹਸਪਤਾਲ ਪਹੁੰਚਾਇਆ, ਜਿਥੇ ਇਕ ਬੱਚੇ ਦੀ ਮੌਤ ਹੋ ਗਈ।

ਮੁਕਤਸਰ ਵਾਸੀ ਕ੍ਰਿਸ਼ਨ ਨੇ 30 ਅਕਤੂਬਰ 2018 ਨੂੰ ਸ਼ਹਿਰੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ, ਕਿ ਉਸ ਦੀ ਪਤਨੀ ਕਿਸੇ ਵਿਅਕਤੀ ਨਾਲ ਚਲੀ ਗਈ ਹੈ। ਉਸ ਨੇ ਤਿੰਨ ਸ਼ੱਕੀ ਵਿਅਕਤੀਆਂ ਦੇ ਮੋਬਾਈਲ ਨੰਬਰ ਵੀ ਦਿੱਤੇ ਸਨ, ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਕ੍ਰਿਸ਼ਨ ਮੁਕਤਸਰ ਤੋਂ ਇਕ ਈ-ਰਿਕਸ਼ਾ ਲੈ ਕੇ ਪਿੰਡ ਵੜਿੰਗ ਨੇੜੇ ਵਗਦੀ ਨਹਿਰ ਕੋਲ ਪੁੱਜਾ। ਉਸ ਨੇ ਆਪਣੇ ਬੱਚਿਆਂ ਅਰਸ਼ (13), ਰੀਤੂ (10) ਤੇ ਦੀਪਕ (8) ਸਣੇ ਨਹਿਰ ਵਿਚ ਛਾਲ ਮਾਰ ਦਿੱਤੀ। ਅਰਸ਼ ਦੀ ਮੌਤ ਹੋ ਗਈ ਹੈ ਜਦ ਕਿ ਲੜਕੀ ਰੀਤੂ ਤੇ ਦੀਪਕ ਨੂੰ ਬਚਾਅ ਲਿਆ ਗਿਆ ਹੈ।

## ਸ੍ਰੀ ਸਾਹਿਬ ਉਤਰਵਾਉਣ ਦਾ ਮਾਮਲਾ ਅਕਾਲ ਤਖਤ ਪੁੱਜਾ

**ਅੰਮ੍ਰਿਤਸਰ:** ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਪੱਤਰ ਸੌਂਪ ਕੇ ਮੰਗ ਕੀਤੀ ਹੈ ਕਿ ਜਥੇਦਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਦਿੱਲੀ ਸਥਿਤ ਅਮਰੀਕੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਨੂੰ ਸਿੱਖਾਂ ਨਾਲ ਨਸਲੀ ਵਿਤਕਰਾ ਬੰਦ ਕਰਨ ਲਈ ਆਖਣ।

ਅਕਾਲ ਤਖਤ ਦੇ ਸਕੱਤਰੇਤ ਵਿਚ ਸੌਂਪੇ ਪੱਤਰ ਵਿਚ ਸ੍ਰੀ ਬੈਂਸ ਨੇ ਦੱਸਿਆ ਕਿ ਉਹ 30 ਅਕਤੂਬਰ ਨੂੰ ਆਪਣੇ ਸਾਥੀ ਜਸਵਿੰਦਰ ਸਿੰਘ ਖਾਲਸਾ ਨਾਲ ਦਿੱਲੀ ਸਥਿਤ ਅਮਰੀਕੀ ਸਫ਼ਾਰਤਖਾਨੇ 'ਚ ਵੀਜ਼ਾ ਲਵਾਉਣ ਗਏ ਸਨ। ਜਦੋਂ ਉਹ ਸਫ਼ਾਰਤਖਾਨੇ ਵਿਚ ਦਾਖਲ ਹੋਣ ਲੱਗੇ ਤਾਂ ਉਥੇ ਜਸਵਿੰਦਰ ਸਿੰਘ ਖਾਲਸਾ ਨੂੰ ਸ੍ਰੀ ਸਾਹਿਬ ਬਾਹਰ ਉਤਾਰ ਕੇ ਆਉਣ ਲਈ ਆਖਿਆ ਗਿਆ। ਜਸਵਿੰਦਰ ਸਿੰਘ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

## ਸਰਾਂ ਪਰਿਵਾਰ ਨੂੰ ਸਦਮਾ

**ਨੇਪਰਵਿਲ, ਇਲੀਨਾਏ (ਬਿਊਰੋ):** ਕੁਲਦੀਪ, ਡੋਰਿਸ ਅਤੇ ਰਣਦੀਪ ਸਰਾਂ ਦੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਤੀਜੇ ਗਗਨਜੀਤ ਸਿੰਘ (ਕਲਾਰਕਸਵਿਲ, ਮਿਸ਼ੀਗਨ) ਦਾ ਦੇਹਾਂਤ ਹੋ ਗਿਆ। ਉਹ 36 ਵਰ੍ਹਿਆਂ ਦਾ ਸੀ ਅਤੇ ਗੁੜਗਾਉਂ ਦੇ ਮੇਦਾਂਤਾ ਹਸਪਤਾਲ ਵਿਚ ਦਾਖਲ ਸੀ।

ਪਰਿਵਾਰ ਮੁਤਾਬਕ ਸਮੁੱਚਾ ਪਰਿਵਾਰ ਤਾਂ ਆਪਣੀ '22ਵੀ ਥੈਂਕਸਗਿਵਿੰਗ ਡਿਨਰ ਪਾਰਟੀ' ਦੀਆਂ ਤਿਆਰੀਆਂ ਵਿਚ ਰੁਝਾ ਹੋਇਆ ਸੀ ਕਿ 29 ਅਕਤੂਬਰ ਨੂੰ ਇਹ ਭਾਣਾ ਵਰਤ ਗਿਆ। ਗਗਨਜੀਤ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਦਲਜੀਤ ਕੌਰ, ਤਿੰਨ ਪੁੱਤਰ, ਭੈਣ ਬ੍ਰਹਮਜੋਤ ਕੌਰ (ਪਤਨੀ ਦਲਜੀਤ ਸਿੰਘ) ਭਰਾ ਮਨਧੀਰਜ ਸਿੰਘ (ਮਾਣਕ) ਅਤੇ ਮਾਤਾ-ਪਿਤਾ ਸ. ਪ੍ਰਿਤਪਾਲ ਸਿੰਘ ਤੇ ਹਰਪਾਲ ਕੌਰ ਹਨ। ਆਪਣੀ ਇਸ ਛੋਟੀ ਜਿਹੀ ਜ਼ਿੰਦਗੀ ਦੌਰਾਨ ਗਗਨਜੀਤ ਸਿੰਘ ਨੇ ਆਪਣੇ ਮੋਹ-ਮੁਹੱਬਤ ਨਾਲ ਸਭ ਦਾ ਦਿਲ ਜਿੱਤਿਆ ਹੋਇਆ ਸੀ ਅਤੇ ਬੜਾ ਕਾਮਯਾਬ ਬਿਜਨਸਮੈਨ ਹੋ ਨਿੱਬੜਿਆ ਸੀ। ਆਪਣੇ ਮੁਲਾਜ਼ਮਾਂ ਨੂੰ ਆਪਣੇ ਪਰਿਵਾਰ ਵਾਂਗ ਹੀ ਸਮਝਦਾ ਸੀ।

## ਸ਼ਮਿੰਦਰ ਪਾਲ ਸਿੰਘ ਦਾ ਪਿਤਾ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਇਥੋਂ ਦੇ ਸਮਾਜ ਸੇਵੀ ਸ਼ਮਿੰਦਰ ਪਾਲ ਸਿੰਘ ਨੂੰ ਉਦੋਂ ਸਦਮਾ ਲੱਗਾ ਜਦੋਂ ਪਹਿਲੀ ਨਵੰਬਰ ਨੂੰ ਉਨ੍ਹਾਂ ਦੇ ਪਿਤਾ ਸ. ਬਲਬੀਰ ਸਿੰਘ 92 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ



ਦਾ ਪਿਛਲਾ ਪਿੰਡ ਗੁੰਮਟੀ ਖੁਰਦ (ਸੇਵੇਵਾਲਾ) ਜਿਲਾ ਫਰੀਦਕੋਟ ਹੈ।

ਸਵਰਗੀ ਬਲਬੀਰ ਸਿੰਘ ਦਾ ਅੰਤਿਮ ਸੰਸਕਾਰ 12 ਨਵੰਬਰ, ਸੋਮਵਾਰ ਨੂੰ ਇਥੇ ਗਰੀਨ ਲਾਅਨ ਸਾਊਥ ਵੈਸਟ ਫਿਊਨਰਲ ਹੋਮ (2739 ਪਨਾਮਾ ਲੇਨ) ਵਿਖੇ ਸਵੇਰੇ 10 ਤੋਂ 12 ਵਜੇ ਦਰਮਿਆਨ ਹੋਵੇਗਾ।

ਪਰਿਵਾਰ ਨਾਲ ਸੰਪਰਕ ਸ਼ਮਿੰਦਰ ਪਾਲ ਸਿੰਘ ਫੋਨ: 661-380-0184 ਜਾਂ ਰੁਪਿੰਦਰ ਪਾਲ ਸਿੰਘ ਨਾਲ ਫੋਨ: 661-221-1448 ਰਾਹੀਂ ਕੀਤਾ ਜਾ ਸਕਦਾ ਹੈ।

# Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

punjabtimesusa.com

### ਲੜਕੇ ਦੀ ਲੋੜ ਹੈ

ਖੱਤਰੀ, 29 ਸਾਲ, 5'-2", ਤਲਾਕਸ਼ੁਦਾ, ਰਜਿਸਟਰਡ ਨਰਸ, ਗਰੀਨ ਕਾਰਡ ਹੋਲਡਰ ਲੜਕੀ ਲਈ ਖਾਨਦਾਨੀ ਪਰਿਵਾਰ ਦੇ ਯੋਗ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਮੁੰਡੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ ਤੇ ਵਟਸਐਪ: 1-317-579-5870 45-48

### ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45

Khalsa USA Inc.
We are hiring owner operators and (CDL) Drivers
*All 48 States *We Pay Weekly
ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ

Please Call: 708-690-6498
847-477-9988
Fax: 888-443-6990
email: khalsausa55@gmail.com

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਟਕਸਾਲੀ ਆਗੂਆਂ ਨੇ ਖੋਲ੍ਹਿਆ ਸੁਖਬੀਰ ਤੇ ਮਜੀਠੀਆ ਖਿਲਾਫ ਮੋਰਚਾ

**ਤਰਨ ਤਾਰਨ:** ਮਾਝਾ ਖੇਤਰ ਦੇ ਬਾਗੀ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਜ਼ਿਲ੍ਹੇ ਦੇ ਕਸਬਾ ਚੋਹਲਾ ਸਾਹਿਬ 'ਚ ਭਰਵਾਂ ਇਕੱਠ ਕਰ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਅਸਤੀਫਿਆਂ ਦੀ ਮੰਗ ਕਰਦਿਆਂ ਕਿਹਾ ਕਿ ਉਹ ਇਸ ਮੰਗ ਦੇ ਮੰਨੇ ਜਾਣ ਤੱਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਵਿਖੇ ਬੇਦੋਸ਼ੇ ਸਿੱਖਾਂ 'ਤੇ ਗੋਲੀਆਂ ਚਲਾਉਣ ਲਈ ਸਿੱਧੇ ਤੌਰ ਉਤੇ ਉਕਤ ਦੋਵੇਂ ਆਗੂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਕਾਬੂ ਨਾ ਕਰਕੇ ਸਜ਼ਾਵਾਂ ਨਾ ਦੇਣ ਦਾ ਸੰਗਤ ਵਿਚ ਭਾਰੀ ਰੋਸ ਹੈ ਜਿਸ ਦਾ ਖਮਿਆਜ਼ਾ ਅਕਾਲੀ ਦਲ ਪਿਛਲੀਆਂ ਚੋਣਾਂ ਵਿਚ ਭੁਗਤ ਚੁੱਕਿਆ ਹੈ।

ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਹੈ। ਇਕੱਠ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਦੇ ਨਾਲ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਸ੍ਰੀ ਬ੍ਰਹਮਪੁਰਾ ਨੇ



ਸੇਵਾ ਸਿੰਘ ਸੇਖਵਾਂ ਨੂੰ ਅਕਾਲੀ ਦਲ ਵਿਚੋਂ ਕੱਢਣ ਬਾਰੇ ਕਿਹਾ ਕਿ ਫੈਸਲਾ ਵਾਪਸ ਲੈਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਅਤੇ ਸ੍ਰੀ ਸੇਖਵਾਂ ਨੂੰ ਵੀ ਮੁੜ ਪਾਰਟੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਸਿੱਧੇ ਰੂਪ ਵਿਚ ਨਿਖੇਧੀ ਕਰਨ ਤੋਂ ਗੁਰੇਜ਼ ਕੀਤਾ। ਸਾਬਕਾ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਦਿੱਤੇ ਮਾਣ-ਸਤਿਕਾਰ ਨੂੰ ਯਾਦ ਕਰਦਿਆਂ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਸ੍ਰੀ ਬਾਦਲ ਨੇ ਮੇਰੇ ਕਹਿਣ 'ਤੇ ਬਹੁਤ ਸਾਰੇ ਕੰਮ ਕੀਤੇ ਪਰ ਡੇਰਾ ਸਾਧ ਨੂੰ ਮੁਆਫੀ ਦੇਣ, ਬਰਗਾੜੀ ਕਾਂਡ ਜਿਹੇ ਮੁੱਦਿਆਂ 'ਤੇ ਉਹ ਕੁਝ ਨਹੀਂ ਬੋਲੇ। ਉਨ੍ਹਾਂ ਕਿਹਾ ਕਿ ਖਣਨ, ਭੂਮੀ, ਕੇਬਲ, ਸ਼ਰਾਬ ਆਦਿ ਮਾਫੀਏ ਕਰ ਕੇ ਸਰਕਾਰ ਦੇ ਬਦਨਾਮ ਹੋਣ ਬਾਰੇ ਵੀ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨੂੰ ਸੁਚੇਤ ਕੀਤਾ ਸੀ ਪਰ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਗਿਆ।

ਆਪਣੇ ਸੰਘਰਸ਼ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲਾਂ ਨੇ ਅਕਾਲ ਤਖ਼ਤ ਸਾਹਿਬ ਤੱਕ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕੀਤੇ ਜਾਣ 'ਤੇ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਜੇਕਰ ਉਹ ਖੁਦ ਸ੍ਰੀ ਬਾਦਲ ਦੀ ਥਾਂ ਉਤੇ ਮੁੱਖ ਮੰਤਰੀ ਹੁੰਦੇ ਤਾਂ ਅਜਿਹਾ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾਵਾਂ ਦਿੰਦੇ।

ਕੁਝ ਦਿਨ ਪਹਿਲਾਂ ਉਨ੍ਹਾਂ ਦਾ ਸਾਥ ਛੱਡ ਦੇਣ ਦਾ ਦਾਅਵਾ ਕਰਨ ਵਾਲੇ ਕਈ ਆਗੂਆਂ ਨੂੰ ਸ੍ਰੀ ਬ੍ਰਹਮਪੁਰਾ ਨੇ ਸੰਗਤ ਸਾਹਮਣੇ ਪੇਸ਼ ਕੀਤਾ। ਸ੍ਰੀ ਬ੍ਰਹਮਪੁਰਾ ਨੇ ਵਿਰੋਧੀਆਂ 'ਤੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਜਿਹੜੇ ਉਨ੍ਹਾਂ ਦੇ ਨਹੀਂ ਬਣੇ, ਉਹ ਪਾਰਟੀ ਦੇ ਕਿਵੇਂ ਬਣਨਗੇ।

## ਅਕਾਲੀ ਦਲ ਨੂੰ ਆਜ਼ਾਦ ਕਰਵਾਉਣ ਲਈ ਢੁਕਵਾਂ ਸਮਾਂ: ਰਵੀਇੰਦਰ ਸਿੰਘ

**ਜਲੰਧਰ:** ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਟਕਸਾਲੀ ਅਕਾਲੀ ਆਗੂਆਂ ਨੂੰ ਹਲੂਣਾ ਦਿੰਦਿਆਂ ਕਿਹਾ ਕਿ ਬਾਦਲਾਂ ਦੇ ਢਹਿ ਰਹੇ ਸਿਆਸੀ ਕਿਲ੍ਹੇ ਨੂੰ ਇਕਜੁੱਟ ਹੋ ਕੇ ਧੱਕਾ ਮਾਰਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਸ਼ੁਰੂ ਤੋਂ ਹੀ ਇਹ ਨੀਤੀ ਰੱਖੀ ਹੈ ਕਿ ਉਹ ਇਕੱਲੇ-ਇਕੱਲੇ ਟਕਸਾਲੀ ਅਕਾਲੀ ਆਗੂ ਨੂੰ ਜ਼ਲੀਲ ਕਰ ਕੇ ਕੱਢਦੇ ਰਹੇ ਹਨ, ਜਿਸ ਕਾਰਨ ਉਹ ਆਪਣੇ ਸਿਆਸੀ ਦਾਅ-ਪੇਚ ਵਿਚ ਕਿਸੇ ਹੱਦ ਤੱਕ ਕਾਮਯਾਬ ਵੀ ਰਹੇ ਹਨ ਪਰ ਹੁਣ ਬਾਜ਼ੀ ਪੁੱਠੀ ਪੈ ਗਈ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਕੋਈ ਵੀ ਸੱਚਾ-ਸੁੱਚਾ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਤੋਂ ਸੀਨੀਅਰ ਅਕਾਲੀ ਆਗੂਆਂ ਦੇ ਮਾਣ ਸਨਮਾਨ ਦਾ ਰੱਤੀ ਭਰ ਖਿਆਲ ਨਹੀਂ ਹੈ।

# ਹੁਣ ਬਾਗੀਆਂ ਖਿਲਾਫ ਸਖਤ ਹੋਇਆ ਅਕਾਲੀ ਦਲ (ਬਾਦਲ)

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮਾਝੇ ਦੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਵੱਲੋਂ ਖੁੱਲ੍ਹੇਆਮ ਬਗਾਵਤ ਕਰਨ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਮਾਝੇ ਦੇ ਤਿੰਨ ਸੀਨੀਅਰ ਅਕਾਲੀ ਆਗੂਆਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਤੇ ਜਥੇਦਾਰ ਸੇਖਵਾਂ ਨੇ ਪਿਛਲੇ ਕਰੀਬ ਇਕ ਮਹੀਨੇ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਖੁੱਲ੍ਹੇਆਮ ਬਗਾਵਤ ਦਾ ਝੰਡਾ ਚੁੱਕਿਆ ਹੋਇਆ ਹੈ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਿਆਸੀ ਸੰਕਟ ਦਾ ਸ਼ਿਕਾਰ ਅਕਾਲੀ ਦਲ ਵੱਲੋਂ ਬਗਾਵਤ ਦੀ ਸੁਲਗ ਰਹੀ ਅੱਗ ਸ਼ਾਂਤ ਕਰਨ ਲਈ ਬਾਗ਼ੀ ਨੇਤਾਵਾਂ ਨੂੰ ਕੱਢਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਦੀ ਸ਼ੁਰੂਆਤ ਸੇਵਾ ਸਿੰਘ ਸੇਖਵਾਂ ਤੋਂ ਕੀਤੀ ਗਈ। ਜਥੇਦਾਰ ਸੇਖਵਾਂ ਨੇ ਪਾਰਟੀ ਦੀ ਕੋਰ ਕਮੇਟੀ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਤੇ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਲਾ ਬਿਕਰਮ ਸਿੰਘ ਮਜੀਠੀਆ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਜਥੇਦਾਰ ਸੇਖਵਾਂ ਦੀ ਇਸ ਕਾਰਵਾਈ ਤੋਂ ਬਾਅਦ ਤੁਰਤ ਅਨੁਸ਼ਾਸਨੀ ਕਾਰਵਾਈ ਦਾ ਐਲਾਨ ਕਰ ਦਿੱਤਾ ਗਿਆ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਥੇਦਾਰ ਸੇਖਵਾਂ ਦੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਨੂੰ ਵੇਖਦੇ ਹੋਏ ਉਨ੍ਹਾਂ ਦੀ ਮੁਢਲੀ ਮੈਂਬਰਸ਼ਿਪ ਨੂੰ ਖਾਰਜ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਚਾਰ ਵਾਰ ਵਿਧਾਨ ਸਭਾ ਚੋਣਾਂ ਹਾਰ ਚੁੱਕੇ ਸੇਖਵਾਂ ਨੇ ਮੌਕਾਪ੍ਰਸਤ ਵਾਂਗ ਵਿਵਹਾਰ ਕੀਤਾ ਹੈ ਅਤੇ ਉਹ ਆਪਣੀ ਮਾਂ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਨ ਵਾਲੀਆਂ ਹਰਕਤਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਉਸ ਨੇ ਪਾਰਟੀ ਪ੍ਰਤੀ ਨਾਸ਼ੁਕਰਗੁਜ਼ਾਰੀ ਵਿਖਾਈ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਮਾਝੇ ਨਾਲ ਹੀ ਸਬੰਧਤ ਤਿੰਨ ਹੋਰ ਆਗੂਆਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਅਮਰਪਾਲ ਸਿੰਘ ਬੋਨੀ ਅਜਨਾਲਾ ਵੱਲੋਂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਪਰ ਅਕਾਲੀ ਦਲ ਵੱਲੋਂ ਇਨ੍ਹਾਂ ਆਗੂਆਂ ਖਿਲਾਫ ਕਾਰਵਾਈ ਕਰਨ ਤੋਂ ਹਾਲ ਦੀ ਘੜੀ ਗੁਰੇਜ਼ ਕੀਤਾ ਜਾ ਰਿਹਾ ਹੈ।

ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਬਗਾਵਤ ਦੀ ਹਵਾ ਦਾ ਰੁਖ ਦੇਖਣ ਤੋਂ ਬਾਅਦ ਹੀ ਪਾਰਟੀ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ 29 ਸਤੰਬਰ ਨੂੰ ਦਿੱਤੇ ਅਸਤੀਫੇ ਤੋਂ ਬਾਅਦ ਬਗਾਵਤ ਦੀ ਅੱਗ ਸੁਲਗਣ ਲੱਗ ਗਈ ਸੀ ਤੇ ਇਸ ਕਤਾਰ ਵਿਚ ਮਾਝੇ ਦੇ ਆਗੂ ਵੀ ਸ਼ਾਮਲ ਹੋ ਗਏ। ਜ਼ਿਕਰਯੋਗ ਹੈ ਕਿ ਬਾਗ਼ੀ ਅਕਾਲੀਆਂ ਵੱਲੋਂ ਬਾਦਲ ਪਰਿਵਾਰ 'ਤੇ ਹਮਲਾ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਅਕਾਲੀ ਦਲ ਵੱਲੋਂ ਸਿਆਸੀ ਤੌਰ 'ਤੇ ਉਖੜੇ ਪੈਰ ਲਾਉਣ ਲਈ ਕੋਈ ਪ੍ਰੋਗਰਾਮ ਐਲਾਨਿਆ ਹੁੰਦਾ ਹੈ। ਜਥੇਦਾਰ ਸੇਖਵਾਂ ਵੱਲੋਂ ਪਾਰਟੀ ਦੇ ਅਹੁਦਿਆਂ ਤੋਂ ਅਸਤੀਫਿਆਂ ਦਾ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਪਾਰਟੀ ਵੱਲੋਂ '84 ਦੇ ਦੰਗਿਆਂ ਦੇ ਮੁੱਦੇ 'ਤੇ ਕਾਂਗਰਸ ਖਿਲਾਫ ਦਿੱਲੀ ਵਿਚ ਪ੍ਰਦਰਸ਼ਨ ਕੀਤਾ ਗਿਆ। ਇਸੇ ਤਰ੍ਹਾਂ ਸ੍ਰੀ ਢੀਂਡਸਾ ਵੱਲੋਂ ਵੀ ਅਸਤੀਫਾ ਪਟਿਆਲਾ ਦੀ ਵੱਕਾਰੀ ਰੈਲੀ ਤੋਂ ਕੁਝ ਦਿਨ ਪਹਿਲਾਂ ਦਿੱਤਾ ਗਿਆ ਸੀ। ਜਥੇਦਾਰ ਬ੍ਰਹਮਪੁਰਾ ਨੇ ਵੀ ਅਸਤੀਫਾ ਦੇਣ ਦਾ ਐਲਾਨ ਉਸ ਸਮੇਂ ਕੀਤਾ ਸੀ ਜਦੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੇ ਆਗੂ ਪੰਜਾਬ ਦੇ ਰਾਜਪਾਲ ਨੂੰ ਮਿਲ ਕੇ ਅੰਮ੍ਰਿਤਸਰ ਰੇਲ ਹਾਦਸੇ ਦੀ ਜਾਂਚ ਮੰਗ ਕਰਨ ਲਈ ਜ਼ੋਰ-ਅਜ਼ਮਾਈ ਕਰਨ ਪਹੁੰਚੇ ਸਨ।

## ਬਾਦਲਾਂ ਖਿਲਾਫ ਦੋਆਬੇ 'ਚ ਵੀ ਉਠੀਆਂ ਬਾਗੀ ਸੁਰਾਂ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸਰੂਪ ਸਿੰਘ ਢੇਸੀ ਨੇ ਟਕਸਾਲੀ ਅਕਾਲੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਬਾਦਲਾਂ ਦੇ ਚੁੰਗਲ ਵਿਚੋਂ ਨਿਕਲ ਕੇ ਸ਼ਹੀਦਾਂ ਦੇ ਖੂਨ ਨਾਲ ਸਿਰਜੇ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਤੇ ਕੋਟਕਪੂਰਾ 'ਚ ਹੋਈਆਂ ਘਟਨਾਵਾਂ ਦੱਸਦੀਆਂ ਹਨ ਕਿ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਸ ਪ੍ਰਗਟਾਉਣ ਵਾਲਿਆਂ 'ਤੇ ਜ਼ੁਲਮ ਢਾਹੁਣ ਦੀ ਤਿਆਰੀ ਕੀਤੀ ਹੋਈ ਸੀ, ਇਸੇ ਕਰ ਕੇ ਘਟਨਾ ਤੋਂ ਪਹਿਲਾਂ ਹੀ ਆਲੇ ਦੁਆਲੇ ਦੇ ਹਸਪਤਾਲਾਂ ਨੂੰ ਖਾਲੀ ਕਰਨ ਅਤੇ ਡਾਕਟਰਾਂ ਨੂੰ ਤਿਆਰ ਰਹਿਣ ਦੇ ਹੁਕਮ ਦੇ ਦਿੱਤੇ ਸਨ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਕਦੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਨਹੀਂ ਮੰਨਿਆ ਸਗੋਂ ਸਿੱਖਾਂ ਦੀ ਸਿਰਮੌਰ ਜਥੇਬੰਦੀ ਦੇ ਸਿਧਾਂਤਾਂ ਨੂੰ ਰੋਲ ਕੇ ਰੱਖਿਆ ਅਤੇ ਜਥੇਦਾਰ ਉਨ੍ਹਾਂ ਦੇ ਲਿਫਾਫੇ ਵਿਚੋਂ ਨਿਕਲਦੇ ਰਹੇ। ਬਾਦਲ ਨੇ ਸ਼ੁਰੂ ਤੋਂ ਹੀ ਪਰਿਵਾਰਵਾਦ ਅਤੇ ਆਪਣੇ ਕਾਰੋਬਾਰ ਨੂੰ ਤਰਜੀਹ ਦਿੱਤੀ। ਰਾਜਨੀਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਾਂ ਨੂੰ ਵੀ ਸਮੇਂ ਸਮੇਂ ਧੋਖਾ ਦਿੰਦੇ ਰਹੇ ਹਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਦੀ ਕੀਤੀ ਪੇਸ਼ਕਸ਼ ਨੂੰ ਮਹਿਜ਼ ਡਰਾਮਾ ਦੱਸਿਆ। ਸਰੂਪ ਸਿੰਘ ਢੇਸੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਕ ਸਿਧਾਂਤਾਂ ਤੇ ਅਸੂਲਾਂ ਨੂੰ ਪ੍ਰਣਾਈ ਹੋਈ ਪਾਰਟੀ ਹੈ ਜਦਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਜਿਹੇ ਐਮ.ਐਲ.ਏ. ਵੀ ਪਾਰਟੀ ਨੇ ਬਣਾ ਦਿੱਤੇ ਜਿਨ੍ਹਾਂ ਨੂੰ ਨਾ ਤਾਂ ਅਕਾਲੀ ਦਲ ਦੇ ਸਿਧਾਂਤਾਂ ਦਾ ਕੋਈ ਇਲਮ ਹੈ ਤੇ ਨਾ ਹੀ ਉਹ ਸਿੱਖੀ ਸਰੂਪ ਵਿਚ ਹਨ।

# ਕਾਂਗਰਸ ਨੇ ਗਰਾਮ ਪੰਚਾਇਤ ਚੋਣਾਂ ਨੂੰ ਸਿਆਸੀ ਰੰਗ ਚੜ੍ਹਨ ਲਈ ਘੜੀ ਰਣਨੀਤੀ

**ਚੰਡੀਗੜ੍ਹ:** ਪੰਜਾਬ ਵਿਚ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਾਂਗਰਸ ਦੀ ਰਾਜਨੀਤੀ ਦਾ ਸ਼ਿਕਾਰ ਹੁੰਦੀਆਂ ਜਾ ਰਹੀਆਂ ਹਨ। ਰਾਖਵੇਂਕਰਨ ਦੇ ਰੱਫੜ ਨੂੰ ਖਤਮ ਕਰਨ ਦੇ ਯਤਨ ਕਰਦਿਆਂ ਸਰਕਾਰ ਨੇ ਹੁਣ ਪਿਛਲੇ ਦੋ ਦਹਾਕਿਆਂ ਤੋਂ ਚੱਲੀ ਆ ਰਹੀ 'ਰੋਸਟਰ' ਪ੍ਰਣਾਲੀ ਨੂੰ ਖਤਮ ਕਰ ਕੇ ਨਵੇਂ ਸਿਰੇ ਤੋਂ ਰੋਸਟਰ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਨਾਲ ਨਵੀਂ ਪ੍ਰਣਾਲੀ ਤਹਿਤ ਪਹਿਲਾਂ ਤੋਂ ਰਾਖਵੇਂਕਰਨ ਅਧੀਨ ਚੱਲੀਆਂ ਆ ਰਹੀਆਂ ਪੰਚਾਇਤਾਂ ਨੂੰ ਮੁੜ ਤੋਂ ਰਾਖਵਾਂ ਕੀਤਾ ਜਾ ਸਕੇਗਾ ਤੇ ਜਨਰਲ ਨੂੰ ਜਨਰਲ ਰੱਖਿਆ ਜਾ ਸਕੇਗਾ।

ਰਾਜਪਾਲ ਵੀ.ਪੀ. ਬਦਨੌਰ ਵੱਲੋਂ ਇਸ ਸਬੰਧੀ ਪੰਜਾਬ ਪੰਚਾਇਤੀ ਰਾਜ ਐਕਟ 1994 ਵਿਚ ਸੋਧ ਦਾ ਆਰਡੀਨੈਂਸ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਆਰਡੀਨੈਂਸ ਦੇ ਜਾਰੀ ਹੋਣ ਤੋਂ ਬਾਅਦ ਜ਼ਿਲ੍ਹਾ ਪੱਧਰ ਉਪਰ ਮੁੜ ਤੋਂ ਰਾਖਵੇਂਕਰਨ ਦਾ ਅਮਲ ਸ਼ੁਰੂ ਹੋਵੇਗਾ। ਆਰਡੀਨੈਂਸ ਜਾਰੀ ਹੋਣ ਤੋਂ ਬਾਅਦ ਪੰਚਾਇਤ ਵਿਭਾਗ ਵੱਲੋਂ ਨਿਯਮ ਬਣਾਏ ਜਾਣਗੇ ਅਤੇ ਨਿਯਮਾਂ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ ਡਿਪਟੀ ਕਮਿਸ਼ਨਰਾਂ ਵੱਲੋਂ ਰਾਖਵੇਂਕਰਨ ਦੀ ਪ੍ਰਕਿਰਿਆ ਨੂੰ ਅਮਲੀ ਰੂਪ ਦਿੱਤਾ ਜਾ ਸਕੇਗਾ। ਕਾਨੂੰਨ ਵਿਚ ਸੋਧ ਕਰਕੇ ਰਾਖਵੇਂਕਰਨ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਇਹ ਕਦਮ ਸਿਆਸੀ ਦਬਾਅ ਹੇਠ ਹੀ ਚੁੱਕਿਆ ਗਿਆ ਹੈ। ਪੰਚਾਇਤ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਨਵੀਂ ਪ੍ਰਕਿਰਿਆ ਸ਼ੁਰੂ ਹੋਣ ਕਰ ਕੇ ਹੁਣ ਗਰਾਮ ਪੰਚਾਇਤਾਂ ਦੀਆਂ ਚੋਣਾਂ 20 ਦਸੰਬਰ ਦੇ ਆਸ-ਪਾਸ ਹੋਣ ਦੀ ਉਮੀਦ ਹੈ। ਸੰਵਿਧਾਨਕ ਤੌਰ 'ਤੇ ਰਾਜ ਸਰਕਾਰ 16 ਜਨਵਰੀ ਤੋਂ ਪਹਿਲਾਂ ਚੋਣਾਂ ਕਰਾਉਣ ਲਈ ਪਾਬੰਦ ਹੈ।


ਪੰਜਾਬ ਦੀ ਹਾਕਮ ਪਾਰਟੀ ਦੇ ਕਈ ਵਿਧਾਇਕਾਂ ਨੇ ਰਾਖਵੇਂਕਰਨ ਦੇ ਮੁੱਦੇ ਉਤੇ ਸਰਕਾਰ ਦੇ ਖਿਲਾਫ ਨਾਰਾਜ਼ਗੀ ਜਤਾਈ ਜਾ ਰਹੀ ਹੈ। ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਧਾਇਕਾਂ ਵੱਲੋਂ ਅਜਿਹੇ ਪਿੰਡਾਂ ਨੂੰ ਰਾਖਵੇਂਕਰਨ ਅਧੀਨ ਲਿਆਉਣ ਲਈ ਦਬਾਅ ਪਾਇਆ ਜਾ ਰਿਹਾ ਸੀ ਜਿਹੜੇ ਪਿੰਡ ਪਿਛਲੇ ਕਈ ਸਾਲਾਂ ਤੋਂ ਰਾਖਵੇਂਕਰਨ ਅਧੀਨ ਹੀ ਚੱਲ ਰਹੇ ਹਨ, ਭਾਵ ਸਰਪੰਚੀ ਦਾ ਅਹੁਦਾ ਦਲਿਤ ਜਾਂ ਮਹਿਲਾ ਉਮੀਦਵਾਰਾਂ ਲਈ ਰਾਖਵਾਂ ਸੀ।

ਕੈਪਟਨ ਸਰਕਾਰ ਵੱਲੋਂ ਇਸ ਵਾਰੀ ਮਹਿਲਾਵਾਂ ਨੂੰ 50 ਫੀਸਦੀ ਰਾਖਵੇਂਕਰਨ ਦੇਣ ਦੀ ਵਿਵਸਥਾ ਕੀਤੀ ਹੋਈ ਹੈ। ਅਜਿਹੀ ਹਾਲਤ ਵਿਚ ਰਾਖਵੇਂਕਰਨ ਦੇ ਮੁੱਦੇ ਉਤੇ ਵਿਧਾਇਕਾਂ ਦੀ ਨਾਰਾਜ਼ਗੀ ਵਧ ਰਹੀ ਸੀ। ਵਿਧਾਇਕਾਂ ਦੇ ਦਬਾਅ ਨੂੰ ਦੇਖਦਿਆਂ ਸਰਕਾਰ ਨੇ ਪਿਛਲੇ ਤਕਰੀਬਨ ਤਿੰਨ ਟਰਮਾਂ ਤੋਂ ਚੱਲੀ ਆ ਰਹੀ ਰਾਖਵੇਂਕਰਨ ਦੀ ਪ੍ਰਣਾਲੀ ਦਾ ਭੋਗ ਹੀ ਪਾ ਦਿੱਤਾ ਹੈ ਤੇ ਰਾਖਵਾਂਕਰਨ ਨਵੇਂ ਸਿਰੇ ਤੋਂ ਕੀਤਾ ਜਾ ਸਕੇਗਾ। ਪੰਜਾਬ ਪੰਚਾਇਤੀ ਰਾਜ ਐਕਟ-1994 ਵਿਚ ਸੋਧ ਕਰਨ ਲੱਗਿਆ ਵਿਭਾਗ ਵੱਲੋਂ ਤਰਕ ਇਹੀ ਦਿੱਤਾ ਗਿਆ ਹੈ ਕਿ ਮਹਿਲਾਵਾਂ ਨੂੰ 50 ਫੀਸਦੀ ਰਾਖਵੇਂਕਰਨ ਦੇਣ ਕਰਕੇ ਰੋਸਟਰ ਨਵੇਂ ਸਿਰੇ ਤੋਂ ਬਣਾਉਣ ਦੀ ਜ਼ਰੂਰਤ ਹੈ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ 16 ਜੁਲਾਈ ਨੂੰ ਸਮੂਹ ਗਰਾਮ ਪੰਚਾਇਤਾਂ ਭੰਗ ਕਰ ਕੇ ਪ੍ਰਸ਼ਾਸਕ ਲਾ ਦਿੱਤੇ ਸਨ। ਇਸ ਤਰ੍ਹਾਂ ਨਾਲ ਪਿਛਲੇ ਸਾਢੇ ਚਾਰ ਮਹੀਨਿਆਂ ਤੋਂ ਪਿੰਡਾਂ ਵਿਚ ਵਿਕਾਸ ਦੇ ਕੰਮ ਤਾਂ ਰੁਕੇ ਹੀ ਪਏ ਹਨ ਤੇ ਜ਼ਰੂਰੀ ਕੰਮ ਅਫਸਰਾਂ ਵੱਲੋਂ ਹੀ ਚਲਾਇਆ ਜਾ ਰਿਹਾ ਹੈ।

ਕਾਂਗਰਸ ਸਰਕਾਰ ਵੱਲੋਂ ਵਿਧਾਇਕਾਂ ਨੂੰ ਖੁਸ਼ ਕਰਨ ਲਈ ਅਪਣਾਇਆ ਜਾ ਰਿਹਾ ਇਹ ਹਥਕੰਡਾ ਸਿਆਸੀ ਤੌਰ 'ਤੇ ਭਾਰੀ ਵੀ ਪੈ ਸਕਦਾ ਹੈ ਕਿਉਂਕਿ ਦਿਹਾਤੀ ਖੇਤਰ ਵਿਚ ਹਾਕਮ ਪਾਰਟੀ ਪ੍ਰਤੀ ਨਾਰਾਜ਼ਗੀ ਵਧ ਸਕਦੀ ਹੈ। ਜ਼ਿਕਰਯੋਗ ਹੈ ਕਿ ਸਾਲ 2007 ਵਿਚ ਅਕਾਲੀ-ਭਾਜਪਾ ਸਰਕਾਰ ਨੇ 'ਮਨਮਰਜ਼ੀ' ਦੇ ਸਰਪੰਚ ਚੁਣਨ ਲਈ ਸਰਪੰਚ ਦੀ ਚੋਣ ਪੰਚਾਂ ਵਿਚੋਂ ਕਰਨ ਦੀ ਵਿਵਸਥਾ ਕਰ ਦਿੱਤੀ ਸੀ। ਅਕਾਲੀਆਂ ਦਾ ਹੀ ਮੰਨਣਾ ਹੈ ਕਿ ਦਹਾਕਾ ਪਹਿਲਾਂ ਪੰਚਾਇਤਾਂ ਦੀ ਚੋਣ ਪ੍ਰਕਿਰਿਆ ਵਿਚ ਸਿਆਸੀ ਦਖ਼ਲ ਲਈ ਸਮੇਂ ਦੇ ਹਾਕਮਾਂ ਨੂੰ ਭਾਰੀ ਖਮਿਆਜ਼ਾ ਭੁਗਤਣਾ ਪਿਆ ਸੀ ਕਿਉਂਕਿ ਪਿੰਡਾਂ ਵਿਚ ਧੜੇਬੰਦੀ ਵਧ ਗਈ ਸੀ ਤੇ ਅਕਾਲੀਆਂ 'ਤੇ ਦੋਸ਼ ਲੱਗੇ ਸਨ ਕਿ ਸਰਪੰਚਾਂ ਦੀ ਚੋਣ ਵੋਟਾਂ ਨਾਲ ਨਹੀਂ ਬਲਕਿ ਪੁਲਿਸ ਦੇ ਡੰਡੇ ਨਾਲ ਹੀ ਹੋਈ ਹੈ। ਇਸੇ ਤਰ੍ਹਾਂ ਰਾਖਵੇਂਕਰਨ ਦੀ ਪ੍ਰਕਿਰਿਆ ਜੋ 15 ਸਾਲਾਂ ਤੋਂ ਚੱਲੀ ਆ ਰਹੀ ਹੈ ਦਾ ਭੋਗ ਪਾਉਣ ਦਾ ਹਾਕਮ ਪਾਰਟੀ ਨੂੰ ਸਿਆਸੀ ਤੌਰ 'ਤੇ ਨੁਕਸਾਨ ਹੋ ਸਕਦਾ ਹੈ।

# ਸਿਮਰਨਜੀਤ ਸਿੰਘ ਮਾਨ ਵੱਲੋਂ ਸੰਗਰੂਰ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ

**ਸੰਗਰੂਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਤੋਂ ਸੰਸਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਸ਼ਹਿਰ ਦੇ ਬੱਗੂਆਣਾ ਇਲਾਕੇ ਵਿਚ ਆਪਣੀ



ਰਿਹਾਇਸ਼ ਦਾ ਪ੍ਰਬੰਧ ਕਰਨ ਉਪਰੰਤ ਹਲਕੇ ਦੇ ਆਗੂਆਂ ਅਤੇ ਪਾਰਟੀ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਅਤੇ ਸੰਗਰੂਰ ਪਾਰਲੀਮੈਂਟ ਹਲਕੇ ਦੇ ਆਗੂਆਂ ਦਾ ਹੁਕਮ ਮੰਨਦਿਆਂ ਉਨ੍ਹਾਂ ਸੰਗਰੂਰ ਹਲਕੇ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਨੂੰ ਪੂਰੀ ਤਰ੍ਹਾਂ ਹਿੰਦੂਤਵ ਰੰਗ ਵਿਚ ਰੰਗ ਕੇ ਕੇਂਦਰੀ ਹਕੂਮਤ ਅਤੇ ਪੰਜਾਬ ਸਰਕਾਰ ਸੂਬੇ ਦੇ ਸਭਿਆਚਾਰ, ਸਿੱਖ ਧਾਰਮਿਕ ਪਰੰਪਰਾਵਾਂ ਬੋਲੀ ਲਿਪੀ ਅਤੇ ਸਿੱਖ ਇਤਿਹਾਸ ਨੂੰ ਮਲੀਆਮੇਟ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਮਾਨਸਰੋਵਰ ਲਈ ਚੀਨ ਤੋਂ ਰਸਤਾ ਲਿਆ ਜਾ ਸਕਦਾ ਹੈ ਤਾਂ ਕਰਤਾਰਪੁਰ ਲਈ ਤਿੰਨ ਕਿਲੋਮੀਟਰ ਦਾ ਟੋਟਾ ਕਿਉਂ ਨਹੀਂ ਲਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਥੋਂ ਪਤਾ ਚਲਦਾ ਹੈ ਕਿ ਦੇਸ਼ 'ਚ ਹਿੰਦੂਤਵ ਸੋਚ ਭਾਰੂ ਹੈ, ਪਰ ਅਕਾਲੀ ਦਲ ਅੰਮ੍ਰਿਤਸਰ ਅਜਿਹੀਆਂ ਨੀਤੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਨੇ ਸੰਗਰੂਰ ਹਲਕੇ ਦੇ ਹਿੰਦੂ, ਮੁਸਲਿਮ, ਸਿੱਖ, ਈਸਾਈ, ਕਲੱਬਾਂ, ਸਮਾਜ ਸੇਵੀ ਸੰਸਥਾਵਾਂ, ਸੰਤਾਂ ਮਹਾਂਪੁਰਸ਼ਾਂ ਅਤੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਭਲਾਈ ਲਈ ਸ੍ਰੀ ਮਾਨ ਦਾ ਸਮਰਥਨ ਕਰਨ।

# ਪੰਜਾਬੀਆਂ ਨੇ ਵਧਾਇਆ ਮਾਂ ਬੋਲੀ ਦਾ ਮਾਣ

**ਜਲੰਧਰ:** ਦੇਸ਼-ਵਿਦੇਸ਼ 'ਚ ਵਸਦੇ ਪੰਜਾਬੀਆਂ ਤੇ ਖਾਸ ਕਰ ਪੰਜਾਬੀ ਪ੍ਰੇਮੀਆਂ ਲਈ ਇਹ ਬਹੁਤ ਹੀ ਮਾਣ ਤੇ ਖੁਸ਼ੀ ਵਾਲੀ ਗੱਲ ਹੈ ਕਿ ਸਾਲ 2011 ਦੀ ਮਰਦਮਸ਼ੁਮਾਰੀ 'ਚ ਪੰਜਾਬ ਦੇ 99.86 ਫੀਸਦੀ ਲੋਕਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਈ ਹੈ, ਜਦਕਿ ਸਿਰਫ 0.14 ਫੀਸਦੀ ਲੋਕਾਂ ਵੱਲੋਂ ਹੀ ਆਪਣੀ ਮਾਤ ਭਾਸ਼ਾ ਹਿੰਦੀ, ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਦੱਸੀ ਗਈ ਹੈ।

ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਸੂਬੇ ਦੇ ਕੁੱਲ 2 ਕਰੋੜ 77 ਲੱਖ 43 ਹਜ਼ਾਰ 338 ਲੋਕਾਂ 'ਚੋਂ 2 ਕਰੋੜ 77 ਲੱਖ 3 ਹਜ਼ਾਰ 349 ਲੋਕਾਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਾਉਣਾ ਪੰਜਾਬੀ ਪ੍ਰੇਮੀਆਂ ਲਈ ਬੇਹੱਦ ਸੰਤੁਸ਼ਟੀਜਨਕ ਗੱਲ ਕਹੀ ਜਾ ਸਕਦੀ ਹੈ, ਕਿਉਂਕਿ ਸਿਰਫ 39 ਹਜ਼ਾਰ 989 ਲੋਕਾਂ ਵੱਲੋਂ ਹੀ ਆਪਣੀ ਮਾਤ ਭਾਸ਼ਾ ਕੋਈ ਹੋਰ ਜ਼ਬਾਨ ਲਿਖਾਈ ਗਈ ਹੈ। ਇਸੇ ਤਰ੍ਹਾਂ ਦੇਸ਼ ਭਰ 'ਚ ਪੰਜਾਬੀ ਜ਼ਬਾਨ ਬੋਲਣ ਵਾਲਿਆਂ ਦੀ ਗਿਣਤੀ ਦੇ ਹਿਸਾਬ ਨਾਲ ਵੀ ਪੰਜਾਬੀ ਭਾਸ਼ਾ ਨੇ ਦੇਸ਼ ਭਰ ਦੀਆਂ ਬੋਲੀਆਂ 'ਚ 11ਵਾਂ ਸਥਾਨ ਬਰਕਰਾਰ ਰੱਖਿਆ ਹੈ ਹਾਲਾਂਕਿ ਹਿੰਦੀ ਭਾਸ਼ਾ ਦੇਸ਼ ਦੀ ਕੁੱਲ ਆਬਾਦੀ ਦੇ 43.63 ਫੀਸਦੀ ਲੋਕਾਂ ਦੀ ਬੋਲੀ ਹੋਣ ਕਾਰਨ ਪਹਿਲੇ ਸਥਾਨ ਉਤੇ ਹੈ, ਜਦਕਿ ਦੂਸਰੇ ਨੰਬਰ 'ਤੇ ਬੰਗਾਲੀ ਤੇ ਤੀਸਰੇ ਉਤੇ ਮਰਾਠੀ ਭਾਸ਼ਾ ਆਉਂਦੀ ਹੈ, ਜਦਕਿ ਪੰਜਾਬੀ ਦਾ ਸਥਾਨ 11ਵਾਂ ਹੈ।

ਦੇਸ਼ ਭਰ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਵਧ ਕੇ 3 ਕਰੋੜ 31 ਲੱਖ 24 ਹਜ਼ਾਰ 726 ਪੁੱਜ ਗਈ ਹੈ, ਜੋ ਕੁੱਲ ਆਬਾਦੀ ਦਾ 2.74 ਫੀਸਦੀ ਬਣਦੀ ਹੈ। ਜੇਕਰ ਸਾਲ 1971 ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਦੇਸ਼ ਭਰ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 1,41,08,443 ਸੀ, ਜੋ ਕੁੱਲ ਆਬਾਦੀ ਦਾ 2.57 ਫੀਸਦੀ ਬਣਦੀ ਸੀ, ਜਦਕਿ 1981 'ਚ ਇਹ ਗਿਣਤੀ ਵਧ ਕੇ 1,96,11,199 ਹੋ ਗਈ, ਜੋ ਕੁੱਲ ਆਬਾਦੀ ਦਾ



2.95 ਫੀਸਦੀ ਸੀ। ਇਸੇ ਤਰ੍ਹਾਂ ਸਾਲ 1991 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਧ ਕੇ 2,33,78,744 ਹੋ ਗਈ, ਜੋ ਕੁੱਲ ਆਬਾਦੀ ਦਾ 2.79 ਫੀਸਦੀ ਰਹੀ। ਸਾਲ 2001 ਦੀ ਮਰਦਮਸ਼ੁਮਾਰੀ 'ਚ ਵੀ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 'ਚ ਕਾਫੀ ਇਜ਼ਾਫਾ ਹੋਇਆ ਤੇ ਇਹ ਗਿਣਤੀ 2,91, 02, 477 ਹੋ ਗਈ ਜੋ ਸਾਲ 2001 ਤੋਂ ਲੈ ਕੇ ਸਾਲ 2011 ਦੇ ਦਹਾਕੇ 'ਚ 3,31, 24, 726 ਪੁੱਜ ਗਈ। ਇਹ ਗਿਣਤੀ ਹੁਣ ਕੁੱਲ ਆਬਾਦੀ ਦਾ 2.74 ਫੀਸਦੀ ਹੈ।

ਦੱਸਣਯੋਗ ਹੈ ਕਿ ਸਾਲ 1981 ਦੀ ਮਰਦਮਸ਼ੁਮਾਰੀ 'ਚ ਦੇਸ਼ ਦੀ ਕੁੱਲ ਆਬਾਦੀ ਦੇ 2.95 ਫੀਸਦੀ ਲੋਕਾਂ ਵੱਲੋਂ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਉਣ ਕਾਰਨ ਪੰਜਾਬੀ ਭਾਸ਼ਾ ਦੇਸ਼ ਦੀਆਂ ਭਾਸ਼ਾਵਾਂ 'ਚੋਂ 10ਵੇਂ ਸਥਾਨ ਉਤੇ ਸੀ ਪਰ ਅਗਲੇ ਸਾਲਾਂ 'ਚ ਇਹ 11ਵੇਂ ਸਥਾਨ ਉਤੇ ਪਹੁੰਚ ਗਈ ਪਰ ਪਿਛਲੇ ਸਾਲਾਂ ਦੌਰਾਨ ਜਿਸ ਤਰ੍ਹਾਂ ਪੰਜਾਬੀ ਭਾਸ਼ਾ 'ਤੇ ਚਾਰ ਚੁਫੇਰਿਉਂ ਹਮਲੇ ਹੋ ਰਹੇ ਹਨ ਤਾਂ ਅਜਿਹੇ 'ਚ ਪੰਜਾਬੀ ਭਾਸ਼ਾ ਵੱਲੋਂ ਆਪਣਾ ਸਥਾਨ ਬਰਕਰਾਰ ਰੱਖਣਾ ਪੰਜਾਬੀ ਪ੍ਰੇਮੀਆਂ ਲਈ ਕਾਫੀ ਸੰਤੁਸ਼ਟੀਜਨਕ ਕਿਹਾ ਜਾ ਰਿਹਾ ਹੈ। ਉਧਰ ਹਾਲਾਂਕਿ ਸਾਲ 2011 ਦੇ ਅੰਕੜਿਆਂ ਮੁਤਾਬਕ ਦੇਸ਼ ਭਰ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 'ਚ ਵਾਧਾ ਜ਼ਰੂਰ ਹੋਇਆ ਹੈ ਪਰ ਜਿਸ ਰਫਤਾਰ ਨਾਲ ਇਹ ਵਾਧਾ ਹੋਣਾ ਚਾਹੀਦਾ ਸੀ, ਉਹ ਨਹੀਂ ਹੋ ਸਕਿਆ ਤੇ ਸਾਲ 1991 ਤੋਂ 2001 ਦੇ ਦਹਾਕੇ ਦੇ ਮੁਕਾਬਲੇ ਸਾਲ 2001 ਤੋਂ 2011 ਦੇ ਦਹਾਕੇ ਵਿਚਕਾਰ ਇਸ 'ਚ ਗਿਰਾਵਟ ਆਈ ਹੈ। ਲੰਘੇ 1991-2001 ਦੇ ਦਹਾਕੇ 'ਚ ਇਹ ਵਾਧਾ 24.48 ਫੀਸਦੀ ਸੀ, ਜਦਕਿ 2001-2011 ਦੇ ਦਹਾਕੇ ਦੌਰਾਨ ਇਹ ਵਾਧਾ ਘਟ ਕੇ 13.82 ਫੀਸਦੀ ਰਹਿ ਗਿਆ। ਇਥੇ ਇਹ ਵੀ ਦੱਸਣਯੋਗ ਹੈ ਕਿ 1971-1981 ਦੇ ਦਹਾਕੇ 'ਚ ਇਹ ਵਾਧਾ ਦਰ ਸਭ ਤੋਂ ਵੱਧ 39 ਫੀਸਦੀ ਸੀ। ਇਸ ਦੇ ਬਾਵਜੂਦ ਸੂਬੇ 'ਚ ਜਿਸ ਤਰ੍ਹਾਂ 99.86 ਫੀਸਦੀ ਲੋਕਾਂ ਨੇ ਆਪਣੀ ਮਾਂ ਬੋਲੀ ਪੰਜਾਬੀ ਲਿਖਵਾ ਕੇ ਇਸ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ, ਉਸ ਤੋਂ ਪੰਜਾਬੀ ਦਾ ਭਵਿੱਖ ਕਾਫੀ ਸੁਨਹਿਰਾ ਦਿਖਾਈ ਦੇ ਰਿਹਾ ਹੈ।

## ਸਥਾਨਕ ਸਰਕਾਰਾਂ ਵਿਭਾਗ 'ਚ ਪੰਜਾਬੀ ਵਿਚ ਹੋਵੇਗਾ ਕੰਮ

**ਜਲੰਧਰ:** ਸਥਾਨਕ ਸਰਕਾਰਾਂ ਵਿਭਾਗ ਦਾ ਸਾਰਾ ਕੰਮ ਹੁਣ ਪੰਜਾਬੀ ਵਿਚ ਕੀਤਾ ਜਾਵੇਗਾ। ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬੀ ਭਾਸ਼ਾ ਵਿਚ ਕੰਮ ਕਰਨ ਨੂੰ ਯਕੀਨੀ ਬਣਾਉਣ ਦੀ ਹਦਾਇਤ ਦੇਣ ਤੋਂ ਇਲਾਵਾ ਨਗਰ ਕੌਂਸਲਾਂ ਦੇ ਹੱਦਾਂ ਅੰਦਰ ਸਾਈਨ ਬੋਰਡ ਵੀ ਪੰਜਾਬੀ ਵਿਚ ਲਿਖਣਾ ਯਕੀਨੀ ਬਣਾਉਣ ਲਈ ਕਿਹਾ ਹੈ। ਸਮੂਹ ਕਰਮਚਾਰੀਆਂ ਨੂੰ ਜਾਰੀ ਕੀਤੇ ਪੱਤਰ ਮੁਤਾਬਕ ਇਹ ਕਿਹਾ ਹੈ ਕਿ ਕੰਮਕਾਜ ਪੰਜਾਬੀ ਵਿਚ ਕਰਨਾ ਯਕੀਨੀ ਬਣਾਇਆ ਜਾਵੇ ਨਹੀਂ ਤੇ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ।

## ਹਵਾਰਾ ਨੂੰ ਬਰੀ ਕਰਨ ਦੇ ਫੈਸਲੇ ਖਿਲਾਫ ਅਦਾਲਤ 'ਚ ਅਪੀਲ

**ਲੁਧਿਆਣਾ:** ਅਸਲਾ ਬਰਾਮਦਗੀ ਦੇ ਮਾਮਲੇ 'ਚ ਹੇਠਲੀ ਅਦਾਲਤ ਵੱਲੋਂ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰਨ ਦੇ ਫੈਸਲੇ ਖਿਲਾਫ ਪੁਲਿਸ ਨੇ ਉਚ ਅਦਾਲਤ 'ਚ ਅਪੀਲ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ ਪਹਿਲੀ ਦਸੰਬਰ ਨੂੰ ਹੋਵੇਗੀ



ਤੇ ਅਦਾਲਤ ਵੱਲੋਂ ਇਸ ਦਿਨ ਭਾਈ ਹਵਾਰਾ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਜਾਣਕਾਰੀ ਅਨੁਸਾਰ 30 ਦਸੰਬਰ 1995 ਨੂੰ ਘੰਟਾ ਘਰ ਨੇੜਿਉਂ ਪੁਲਿਸ ਨੇ ਏ.ਕੇ. 56 ਤੇ ਕੁਝ ਕਾਰਤੂਸ ਬਰਾਮਦ ਕੀਤੇ ਸਨ। ਪੁਲਿਸ ਵੱਲੋਂ ਇਸ ਮਾਮਲੇ 'ਚ ਧਾਰਾ 25/54/59 ਅਧੀਨ ਕੇਸ ਦਰਜ ਕੀਤਾ ਸੀ। ਬਾਅਦ 'ਚ ਪੁਲਿਸ ਵੱਲੋਂ ਇਸ ਮਾਮਲੇ 'ਚ ਹਵਾਰਾ ਨੂੰ ਨਾਮਜ਼ਦ ਕਰ ਕੇ ਉਨ੍ਹਾਂ ਖਿਲਾਫ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਸੀ। ਭਾਈ ਹਵਾਰਾ ਨੂੰ ਇਸ ਸਾਲ 14 ਮਈ ਨੂੰ ਸੀ.ਜੇ.ਐਮ. ਦੀ ਅਦਾਲਤ ਨੇ ਬਰੀ ਕਰ ਦਿੱਤਾ ਪਰ ਪੁਲਿਸ ਵੱਲੋਂ ਹੇਠਲੀ ਅਦਾਲਤ ਦੇ ਇਸ ਫੈਸਲੇ ਖਿਲਾਫ ਸੈਸ਼ਨ ਅਦਾਲਤ 'ਚ ਅਪੀਲ ਦਾਇਰ ਕੀਤੀ ਗਈ।

# ਸਿੱਖ ਕਤਲੇਆਮ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਮਸ਼ਾਲ ਮਾਰਚ

**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਦਲ ਖਾਲਸਾ ਸਿੱਖ ਜਥੇਬੰਦੀ ਵੱਲੋਂ ਮਸ਼ਾਲ ਮਾਰਚ ਕੱਢਿਆ ਗਿਆ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਕੰਪਲੈਕਸ ਵਿਚ 1984 ਮੋਮਬੱਤੀਆਂ ਜਗਾ ਕੇ ਸਿੱਖ ਕਤਲੇਆਮ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਕੀਤੀ ਗਈ।







ਦਲ ਖਾਲਸਾ ਵੱਲੋਂ ਸਿੱਖ ਕਤਲੇਆਮ ਦੀ 34ਵੀਂ ਵਰ੍ਹੇ ਗੰਢ ਮੌਕੇ ਕੱਢੇ ਗਏ ਮਸ਼ਾਲ ਮਾਰਚ ਨੂੰ 'ਹੱਕ, ਇਨਸਾਫ ਅਤੇ ਆਜ਼ਾਦੀ' ਮਾਰਚ ਦਾ ਨਾਂ ਦਿੱਤਾ ਗਿਆ ਸੀ। ਆਗੂਆਂ ਨੇ ਆਖਿਆ ਕਿ ਇਹ ਘਟਨਾਵਾਂ ਨੇ ਸਿੱਖ ਕੌਮ ਦੀ ਰੂਹ ਨੂੰ ਜ਼ਖ਼ਮੀ ਕੀਤਾ ਹੈ ਅਤੇ ਕਦੇ ਨਾ ਭਰਨ ਵਾਲੇ ਜ਼ਖ਼ਮ ਦਿੱਤੇ ਹਨ। ਭੰਡਾਰੀ ਪੁਲ ਤੋਂ ਸ੍ਰੀ ਹਰਿਮੰਦਰ ਸਾਹਿਬ ਤਕ ਕੱਢੇ ਗਏ ਮਾਰਚ ਵਿਚ ਔਰਤਾਂ ਵੀ ਸ਼ਾਮਲ ਸਨ। ਕਾਰਕੁਨਾਂ ਨੇ ਮਸ਼ਾਲਾਂ, ਮੋਮਬੱਤੀਆਂ ਅਤੇ ਸਿੱਖ ਕਤਲੇਆਮ ਨੂੰ ਦਰਸਾਉਂਦੀਆਂ ਤਸਵੀਰਾਂ ਅਤੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਇਨ੍ਹਾਂ ਵੱਲੋਂ ਖਾਲਿਸਤਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੱਖੀ ਨਾਅਰੇਬਾਜ਼ੀ ਵੀ ਕੀਤੀ ਗਈ। ਮਾਰਚ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਪੁੱਜਣ 'ਤੇ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਅਰਦਾਸ ਕੀਤੀ ਗਈ। ਇਹ ਅਰਦਾਸ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕੀਤੀ। ਉਪਰੰਤ ਇਥੇ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਦੇ ਬਾਹਰ ਕਾਰਕੁਨਾਂ ਨੇ 1984 ਮੋਮਬੱਤੀਆਂ ਜਗਾਈਆਂ।


ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਪਿਛਲੇ 34 ਸਾਲਾਂ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਸਰਕਾਰ ਵੱਲੋਂ ਇਸ ਮਾਮਲੇ ਵਿਚ ਸਿੱਖਾਂ ਨੂੰ ਨਿਆਂ ਨਹੀਂ ਦਿੱਤਾ ਜਾਵੇਗਾ, ਇਸ ਲਈ ਦਲ ਖਾਲਸਾ ਹੁਣ ਇਸ ਲੜਾਈ ਨੂੰ ਦਿੱਲੀ ਤੋਂ ਜਨੇਵਾ ਵਿਖੇ ਤਬਦੀਲ ਕਰੇਗਾ। ਉਨ੍ਹਾਂ ਆਖਿਆ ਕਿ ਜਲਦੀ ਹੀ ਸੰਯੁਕਤ ਰਾਸ਼ਟਰ ਦੇ ਦਿੱਲੀ ਸਥਿਤ ਦਫਤਰ ਵਿਖੇ ਇਸ ਸਬੰਧੀ ਇਕ ਪੱਤਰ ਅਤੇ ਮਸ਼ਾਲ ਮਾਰਚ ਦੀ ਰਿਪੋਰਟ ਸੌਂਪੀ ਜਾਵੇਗੀ। ਉਨ੍ਹਾਂ ਆਖਿਆ ਕਿ ਜਥੇਬੰਦੀ ਚਾਹੁੰਦੀ ਹੈ ਕਿ ਨਵੰਬਰ 1984 ਸਿੱਖ ਕਤਲੇਆਮ ਦੀ ਕੌਮਾਂਤਰੀ ਜਾਂਚ ਹੋਵੇ। ਇਹ ਮਾਮਲਾ ਉਨ੍ਹਾਂ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਜੋ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਨ, ਕੋਲ ਵੀ ਰੱਖਿਆ ਸੀ। ਪਾਰਟੀ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਵੀ ਚੁੱਪ ਹੈ ਪਰ ਸਿੱਖ ਜਥੇਬੰਦੀ ਸੰਯੁਕਤ ਰਾਸ਼ਟਰ ਨੂੰ ਮਜਬੂਰ ਕਰੇਗੀ ਕਿ ਉਹ ਪੱਖਪਾਤ ਤੇ ਭੇਦਭਾਵ ਵਾਲੀ ਨੀਤੀ ਛੱਡ ਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰੇ।

## ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ 'ਚ ਲਿਫਟਾਂ ਦੀ ਸ਼ੁਰੂਆਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਡਿਊੜੀ ਵਾਲੇ ਪ੍ਰਵੇਸ਼ ਦੁਆਰ ਤੋਂ ਸੰਗਤ ਨੂੰ ਕੇਂਦਰੀ ਸਿੱਖ ਅਜਾਇਬ ਘਰ ਤੱਕ ਲਿਜਾਣ ਤੇ ਲਿਆਉਣ ਅਤੇ ਬਜ਼ੁਰਗਾਂ ਤੇ ਸਰੀਰਕ ਤੌਰ ਉਤੇ ਅਪੰਗ ਸ਼ਰਧਾਲੂਆਂ ਨੂੰ ਪਹੀਆ ਕੁਰਸੀ ਸਮੇਤ ਪਰਿਕਰਮਾ 'ਚ ਪੁੱਜਣ ਦੀ ਸਹੂਲਤ ਪ੍ਰਦਾਨ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਲਾਈਆਂ ਗਈਆਂ ਦੋ ਲਿਫਟਾਂ ਦਾ ਉਦਘਾਟਨ ਕੀਤਾ ਗਿਆ ਹੈ। ਇਨ੍ਹਾਂ ਲਿਫਟਾਂ ਵਿਚ 10 ਵਿਅਕਤੀਆਂ ਦੇ ਇਕੋ ਸਮੇਂ ਖੜ੍ਹੇ ਹੋਣ ਦੀ ਸਮਰੱਥਾ ਹੈ ਤੇ ਇਨ੍ਹਾਂ ਦੀ ਕੀਮਤ 11-11 ਲੱਖ ਰੁਪਏ ਦੇ ਕਰੀਬ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲੱਖਾਂ ਸੰਗਤਾਂ ਪੁੱਜਦੀਆਂ ਹਨ ਤੇ ਬਜ਼ੁਰਗ ਤੇ ਅੰਗਹੀਣ ਸ਼ਰਧਾਲੂਆਂ ਦੀ ਸਹੂਲਤ ਲਈ ਇਨ੍ਹਾਂ ਲਿਫਟਾਂ ਦਾ ਪ੍ਰਬੰਧ ਕੀਤਾ ਗਿਆ ਹੈ।

# ਫਿਲਮ 'ਜ਼ੀਰੋ' ਦੇ ਪੋਸਟਰ ਤੋਂ ਭੜਕੇ ਸਿੱਖ

**ਨਵੀਂ ਦਿੱਲੀ:** ਸ਼ਾਹਰੁਖ ਖਾਨ ਦੀ ਆਉਣ ਵਾਲੀ ਫਿਲਮ 'ਜ਼ੀਰੋ' ਦੇ ਪੋਸਟਰ ਉਤੇ ਸਿੱਖ ਭਾਈਚਾਰੇ ਨੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਦਰਅਸਲ, ਫਿਲਮ ਦੇ ਪੋਸਟਰ ਵਿਚ ਸ਼ਾਹਰੁਖ ਖਾਨ ਨੇ ਕਿਰਪਾਨ ਪਹਿਨੀ ਹੋਈ ਹੈ। ਇਸੇ ਪੋਸਟਰ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਨੇ ਵਿਰੋਧ ਜਤਾਇਆ ਹੈ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਫਿਲਮ ਦੇ ਪੋਸਟਰ ਵਿਚ ਸ਼ਾਹਰੁਖ ਨੰਗੇ ਸਰੀਰ 'ਤੇ ਨੋਟਾਂ ਦਾ ਹਾਰ ਪਹਿਨੀ ਤੇ ਗਲ ਵਿਚ ਗਾਤਰਾ ਪਹਿਨੇ ਹੋਏ ਦਿਖਾਈ ਦੇ ਰਹੇ ਹਨ। ਗਾਤਰਾ ਜਾਂ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇਕ ਹੈ। ਇਸ ਨੂੰ ਮਜ਼ਾਕੀਆ ਤਰੀਕੇ ਵਿਚ ਦਿਖਾਏ ਜਾਣ 'ਤੇ ਸਿੱਖਾਂ ਨੂੰ ਇਤਰਾਜ਼ ਹੈ। ਡੀ.ਐਸ.ਜੀ.ਐਮ.ਸੀ. ਦੀ




ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਣਾ ਨੇ ਇਕ ਪੱਤਰ ਜਾਰੀ ਕਰਦਿਆਂ ਲਿਖਿਆ ਹੈ ਕਿ ਫਿਲਮਾਂ ਵਿਚ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕਰਨ ਦੀ ਭੇੜ ਚਾਲ ਹੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਫਿਲਮ ਮਨਮਰਜ਼ੀਆਂ ਵਿਚ ਵੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਗਿਆ ਸੀ। ਰਾਣਾ ਨੇ ਫਿਲਮ ਨਿਰਮਾਤਾਵਾਂ ਅਤੇ ਸ਼ਾਹਰੁਖ ਖ਼ਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਇਸ ਪੋਸਟਰ ਨੂੰ ਵਾਪਸ ਲਿਆ ਜਾਵੇ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਜਾਵੇਗੀ। ਕਮੇਟੀ ਵੀ ਫਿਲਮ ਨਿਰਮਾਤਾਵਾਂ ਨੂੰ ਨੋਟਿਸ ਜਾਰੀ ਕਰਨ ਦੀ ਤਿਆਰੀ ਵਿਚ ਹਨ।

ਮੀ ਟੂ

## ਜਬਰ ਜਨਾਹ ਅਤੇ ਸੱਤਾ ਦੀ ਤਾਕਤ-2

# ਔਰਤਾਂ ਨਾਲ ਵਧੀਕੀ ਅਤੇ ਰਸੂਖਵਾਨਾਂ ਦੀ ਸਿਆਸਤ

**ਉਘਾ ਟਿੱਪਣੀਕਾਰ ਪੀਟਰ ਫਰੈਡਰਿਕ ਦੱਖਣੀ ਏਸ਼ੀਆ ਦੇ ਮਾਮਲਿਆਂ ਬਾਰੇ ਲਗਾਤਾਰ ਲਿਖ ਰਿਹਾ ਹੈ। ਉਸ ਦੇ 46 ਸਫਿਆਂ ਦੇ ਪੈਂਫਲਿਟ 'ਗਾਂਧੀ: ਨਸਲਪ੍ਰਸਤ ਜਾਂ ਇਨਕਲਾਬੀ' ਨੇ ਸਭ ਦਾ ਧਿਆਨ ਖਿਚਿਆ ਸੀ। 'ਜਬਰ ਜਨਾਹ ਅਤੇ ਸੱਤਾ' ਨਾਂ ਦੇ ਇਸ ਲੇਖ ਵਿਚ ਉਸ ਨੇ ਜਿਨਸੀ ਸ਼ੋਸ਼ਣ ਬਾਰੇ ਚਰਚਾ ਕੀਤੀ ਹੈ ਅਤੇ ਇਹ ਵੀ ਦਰਸਾਇਆ ਹੈ ਕਿ ਜਿਨਸੀ ਸ਼ੋਸ਼ਣ ਕਰਨ ਵਾਲੇ ਕਿਸ ਤਰ੍ਹਾਂ ਆਪਣੀ ਤਾਕਤ ਦੀ ਦੁਰਵਰਤੋਂ ਆਪਣੇ ਖਿਲਾਫ ਉਠਣ ਵਾਲੀ ਹਰ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਵਿਚ ਕਰਦੇ ਹਨ ਅਤੇ ਬਹੁਤੀ ਵਾਰ ਆਪਣੇ ਇਨ੍ਹਾਂ ਮਨਸੂਬਿਆਂ ਵਿਚ ਕਾਮਯਾਬ ਵੀ ਰਹਿੰਦੇ ਹਨ। ਇਸ ਅਹਿਮ ਅਤੇ ਲੰਮੇ ਲੇਖ ਦਾ ਅਨੁਵਾਦ ਸਾਡੀ ਕਾਲਮਨਵੀਸ ਡਾ. ਗੁਰਨਾਮ ਕੌਰ (ਸਾਬਕਾ ਮੁਖੀ, ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਕੀਤਾ ਹੈ। ਇਸ ਵਾਰ ਲੇਖ ਦੀ ਦੂਜੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*



**ਪੀਟਰ ਫਰੈਡਰਿਕ**
**ਅਨੁਵਾਦ: ਡਾ. ਗੁਰਨਾਮ ਕੌਰ, ਕੈਨੇਡਾ**

ਜੂਨ 2018 ਵਿਚ ਥੌਮਸ ਰਾਇਟਰਜ਼ ਫਾਊਂਡੇਸ਼ਨ ਨੇ ਭਾਰਤ ਨੂੰ ਸੰਸਾਰ ਭਰ ਵਿਚ ਔਰਤਾਂ ਲਈ ਸਭ ਤੋਂ ਖਤਰਨਾਕ ਮੁਲਕ ਕਰਾਰ ਦਿੱਤਾ। ਫਰਵਰੀ ਵਿਚ ਭਾਰਤ ਸਰਕਾਰ ਨੇ ਨੈਸ਼ਨਲ ਫੈਮਿਲੀ ਸਰਵੇ ਨਸ਼ਰ ਕੀਤਾ, ਜਿਸ ਵਿਚ ਨਾ ਕੇਵਲ 31% ਵਿਆਹੁਤਾ ਔਰਤਾਂ ਨੇ ਪਤੀਆਂ ਹੱਥੋਂ ਦੁਰਵਿਹਾਰ ਦਾ ਸਾਹਮਣਾ ਕਰਨ ਬਾਰੇ ਖੁਲਾਸਾ ਕੀਤਾ, ਪਰ ਸਾਰੀਆਂ ਔਰਤਾਂ ਵਿਚੋਂ 52% ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟ ਕੀਤੀ ਕਿ ਜੀਵਨ-ਸਾਥੀ ਹੱਥੋਂ ਹਿੰਸਾ ਕਈ ਵਾਰ ਜਾਇਜ਼ ਹੁੰਦੀ ਹੈ। ਪਿਛਲੇ ਸਾਲ ਸੰਸਾਰ ਆਰਥਕ ਫੋਰਮ (ਵਰਲਡ ਇਕਨਾਮਿਕ ਫੋਰਮ) ਦੀ ਸੰਸਾਰ ਵਿਚ ਲਿੰਗਕ ਪਾੜੇ ਬਾਰੇ ਰਿਪੋਰਟ (ਗਲੋਬਲ ਜੈਂਡਰ ਗੈਪ ਰਿਪੋਰਟ), ਜਿਸ ਵਿਚ ਔਰਤਾਂ ਦੀ ਬਰਾਬਰੀ ਦੀ ਪੜਤਾਲ ਉਨ੍ਹਾਂ ਦੀ ਸਿਹਤ, ਆਰਥਕਤਾ ਅਤੇ ਰਾਜਨੀਤੀ ਤੱਕ ਪਹੁੰਚ ਦੀ ਛਾਣਬੀਣ ਰਾਹੀਂ ਕੀਤੀ ਗਈ ਹੈ, ਨੇ ਭਾਰਤ ਨੂੰ 144 ਮੁਲਕਾਂ ਵਿਚੋਂ 108ਵੇਂ ਥਾਂ 'ਤੇ ਰੱਖਿਆ ਹੈ। ਰਿਪੋਰਟ ਅਨੁਸਾਰ ਭਾਰਤ ਦਾ ਲਿੰਗਕ ਪਾੜਾ ਅਸਲ ਵਿਚ ਹੋਰ ਵਧ ਰਿਹਾ ਹੈ।

ਭਾਰਤੀ ਨਾਰੀਵਾਦੀ ਰੀਤਾ ਬੈਨਰਜੀ ਅਨੁਸਾਰ, "ਕਿਸੇ ਕੁੜੀ ਜਾਂ ਔਰਤ ਨੂੰ ਭਾਰਤੀ ਸਭਿਆਚਾਰਕ ਪ੍ਰਸੰਗ ਵਿਚ ਪਰਿਵਾਰ ਦੀ ਮਲਕੀਅਤ ਸਮਝਿਆ ਜਾਂਦਾ ਹੈ। ਉਸ ਕੋਲ ਆਪਣੇ ਸਰੀਰ ਦੀ ਮਾਲਕੀ ਵੀ ਨਹੀਂ ਹੈ।" ਬੈਨਰਜੀ ਲਿੰਗ ਅਤੇ ਸੱਤਾ ਵਿਚਕਾਰ ਰਿਸ਼ਤੇ ਬਾਰੇ ਆਪਣੀਆਂ ਲਿਖਤਾਂ ਵਿਚ "ਭਾਰਤੀ ਔਰਤਾਂ ਤੇ ਕੁੜੀਆਂ ਉਤੇ ਸਿਲਸਿਲੇਵਾਰ, ਲਗਾਤਾਰ ਅਤੇ ਵੱਡੇ ਪੱਧਰ 'ਤੇ ਹੁੰਦੀ ਹਿੰਸਾ" ਬਾਬਤ ਅੰਕੜੇ ਪੇਸ਼ ਕਰਦੀ ਹੈ। ਉਹ ਖਾਸ ਤੌਰ 'ਤੇ '50 ਮਿਲੀਅਨ ਮਿਸਿੰਗ' ਮੁਹਿੰਮ ਦੀ ਨੀਂਹ ਰੱਖਣ ਲਈ ਜਾਣੀ ਜਾਂਦੀ ਹੈ, ਜੋ ਲਿੰਗਕ ਫਰਕ ਕਾਰਨ ਕੀਤੇ ਚੋਣਵੇਂ ਗਰਭਪਾਤ ਅਤੇ ਮਾਦਾ ਭਰੂਣ ਹੱਤਿਆ ਦੇ ਨਤੀਜਿਆਂ ਸਬੰਧੀ ਚੇਤਨਾ ਜਗਾਉਣ ਦੀ ਮੁਹਿੰਮ ਹੈ। 'ਖਤਰਨਾਕ ਪਿਤਰਸੱਤਾ' ਦੀ ਵਿਆਖਿਆ ਕਰਦਿਆਂ ਉਹ ਕਹਿੰਦੀ ਹੈ ਕਿ ਭਾਰਤੀ ਸਮਾਜ, "ਲਾਜ਼ਮੀ ਤੌਰ 'ਤੇ ਔਰਤਾਂ ਨੂੰ ਸਰੀਰਕ ਭੋਗ ਦੀਆਂ ਚੀਜ਼ਾਂ ਸਮਝਦਾ ਹੈ, ਜਿਨ੍ਹਾਂ ਨੂੰ ਮਰਜ਼ੀ ਅਨੁਸਾਰ ਵਰਤਿਆ ਅਤੇ ਤਿਆਗਿਆ ਜਾ ਸਕਦਾ ਹੈ।" ਫਲਸਰੂਪ ਉਹ ਸਪਸ਼ਟ ਕਰਦੀ ਹੈ, "ਧੀਆਂ ਨੂੰ ਜਨਮ ਤੋਂ ਪਹਿਲਾਂ ਜਾਂ ਛੇਤੀ ਹੀ ਬਾਅਦ ਤਿਆਗ ਦਿੱਤਾ ਜਾਂਦਾ ਹੈ।"

ਜੋ ਕੁੜੀਆਂ ਜਨਮ ਤੋਂ ਬਾਅਦ ਬਚ ਜਾਂਦੀਆਂ ਹਨ, ਅਕਸਰ ਭੰਗੂੜੇ ਤੋਂ ਲੈ ਕੇ ਕਬਰ ਤੱਕ ਡੂੰਘੀ ਪ੍ਰੇਸ਼ਾਨੀ ਵਿਚੋਂ ਗੁਜਰਦੀਆਂ ਹਨ। ਭਾਰਤ ਅਜਿਹਾ ਮੁਲਕ ਹੋਣ ਦਾ ਦਾਅਵਾ ਕਰਦਾ ਹੈ, ਜਿਥੇ ਪ੍ਰਤੀ ਵਿਅਕਤੀ ਜਬਰ ਜਨਾਹ ਦੀ ਦਰ ਸਭ ਤੋਂ ਘੱਟ ਹੈ, ਫਿਰ ਵੀ ਰਾਸ਼ਟਰ ਦਾ ਆਪਣਾ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੰਨਦਾ ਹੈ ਕਿ 70% ਜਬਰ ਜਨਾਹ ਦੇ ਕੇਸ ਬਿਨਾ ਸੂਚਿਤ ਕੀਤਿਆਂ ਰਹਿ ਜਾਂਦੇ ਹਨ। ਜਬਰ ਜਨਾਹ ਲਈ ਸਹਿਣਸ਼ੀਲਤਾ ਰਾਜਨੀਤਕ ਪ੍ਰਬੰਧ ਵਿਚ ਡੂੰਘੀ ਧਸੀ ਹੋਈ ਹੈ ਜਿਵੇਂ ਕਿ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮ ਰਾਹੀਂ ਕੀਤੇ 2017 ਦੇ ਅਧਿਐਨ ਮੁਤਾਬਕ ਪ੍ਰਮੁੱਖ ਰਾਜਨੀਤਕ ਪਾਰਟੀਆਂ ਨੇ ਪਿਛਲੇ ਪੰਜ ਸਾਲਾਂ ਵਿਚ ਜਬਰ ਜਨਾਹ ਦੇ ਦੋਸ਼ਾਂ ਵਾਲੇ ਘੱਟੋ ਘੱਟ 26 ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ।

ਇਸੇ ਦੌਰਾਨ ਭਾਰਤੀ ਔਰਤਾਂ ਦੀ ਬਹੁਤ ਵੱਡੀ ਗਿਣਤੀ ਆਪਣੀਆਂ ਜਾਨਾਂ ਆਪ ਲੈ ਰਹੀ ਹੈ। ਸਤੰਬਰ ਵਿਚ ਇਕ ਲਾਂਸੈਟ ਅਧਿਐਨ ਨਸ਼ਰ ਕੀਤਾ ਗਿਆ, ਜਿਸ ਨੇ ਇੰਕਸਾਫ ਕੀਤਾ ਕਿ ਸੰਸਾਰ ਭਰ ਵਿਚ ਹੋਣ ਵਾਲੀਆਂ ਔਰਤਾਂ ਦੀਆਂ ਆਤਮ ਹੱਤਿਆਵਾਂ ਵਿਚੋਂ 40% ਇਕੱਲੇ ਭਾਰਤ ਵਿਚ ਹੁੰਦੀਆਂ ਹਨ। ਖੋਜੀਆਂ ਨੇ ਅੰਕੜਿਆਂ ਨੂੰ ਡੂੰਘੀ ਪਕੜ ਵਾਲੇ ਪੁਰਸ਼ ਪ੍ਰਧਾਨ ਸਭਿਅਚਾਰ ਅਤੇ ਔਰਤਾਂ ਖਿਲਾਫ ਪੁਰਸ਼ ਹਿੰਸਾ ਨਾਲ ਜੋੜਿਆ ਹੈ।

ਭਾਰਤ ਦੀਆਂ ਹਿੰਸਾ ਦਾ ਸ਼ਿਕਾਰ ਔਰਤਾਂ ਵਿਚੋਂ ਬਹੁਤੀਆਂ ਅਧਿਆਤਮਕ ਸੰਤਾਂ-ਬਾਬਿਆਂ ਦੇ ਝੁੰਡਾਂ ਵਿਚ ਮਿਲਦੀਆਂ ਹਨ ਅਤੇ ਚਰਚ ਦੇ ਹਾਲਾਂ, ਕਾਨਵੈਂਟਾਂ, ਆਸ਼ਰਮਾਂ ਅਤੇ ਮੰਦਿਰਾਂ ਵਿਚ ਮਿਲਦੀਆਂ ਹਨ। ਆਪਣੇ ਮੁਜ਼ਰਿਮਾਂ ਨੂੰ ਜਵਾਬਦੇਹ ਠਹਿਰਾਉਣ ਲਈ ਉਨ੍ਹਾਂ ਨੂੰ ਅਜੀਬ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੋਰ ਬਹੁਤ ਸਾਰੇ ਮੁਲਕਾਂ ਨਾਲੋਂ ਕਿਤੇ ਵੱਧ ਧਰਮ ਅਤੇ ਰਾਜਨੀਤੀ ਭਾਰਤ ਵਿਚ ਇਕ ਦੂਸਰੇ ਨਾਲ ਡੂੰਘੇ ਮਿਲੇ ਹੋਏ ਹਨ। ਇਹ ਸੋਚਦਿਆਂ ਕਿ ਆਪਣੇ ਨਾਲ ਵਾਪਰੇ ਦੁਰਵਿਹਾਰ ਨੂੰ ਨਸ਼ਰ ਕਰਨਾ ਹੈ ਜਾਂ ਨਹੀਂ, ਪੀੜਿਤ ਔਰਤਾਂ ਨੂੰ ਨਾ ਕੇਵਲ ਧਾਰਮਕ ਭਾਈਚਾਰੇ ਵਲੋਂ ਸਿੱਟਿਆਂ ਬਾਰੇ ਹੀ ਵਿਚਾਰ ਕਰਨਾ ਪੈਂਦਾ ਹੈ, ਬਲਕਿ ਇਹ ਸੰਭਾਵਨਾ ਵੀ ਹੁੰਦੀ ਹੈ ਕਿ ਰਾਜ ਤੰਤਰ ਵੱਲੋਂ ਮੁਜ਼ਰਿਮ ਦਾ ਪੱਖ ਪੂਰਿਆ ਜਾਵੇਗਾ। ਇਸ ਤੋਂ ਵੀ ਅੱਗੇ, ਧਾਰਮਕ ਮੁਖੀਆਂ ਨੂੰ ਅਕਸਰ "ਦੇਵਤਾ ਸਰੂਪ" ਕਰਕੇ ਪੂਜਿਆ ਜਾਂਦਾ ਹੈ ਅਤੇ ਮੁਜ਼ਰਿਮਾਂ 'ਤੇ ਦੋਸ਼ ਲੱਗਣੇ ਜਾਂ ਇਥੋਂ ਤੱਕ ਕਿ ਸਜ਼ਾ ਮਿਲਣੀ ਵੀ ਉਨ੍ਹਾਂ ਦੀ ਲੋਕਪ੍ਰਿਅਤਾ 'ਤੇ ਬਹੁਤ ਘੱਟ ਅਸਰ ਪਾਉਂਦੇ ਹਨ।

ਸੰਖੇਪ ਵਿਚ ਭਾਰਤ ਇਨਸਾਫ ਲੈਣ ਲਈ ਸੰਘਰਸ਼ ਦੀਆਂ ਲੜਾਈਆਂ ਦਾ ਉਨ੍ਹਾਂ ਔਰਤਾਂ ਲਈ ਸਭ ਤੋਂ ਉਪਰ ਦਾ ਸਥਾਨ ਹੈ ਜਿਨ੍ਹਾਂ ਨੂੰ ਤਾਕਤਵਰ ਬੰਦਿਆਂ ਵਲੋਂ ਸ਼ੋਸ਼ਤ ਕੀਤਾ ਜਾਂਦਾ ਹੈ। ਰਾਜਨੀਤਕ ਅਤੇ ਧਾਰਮਕ ਬਲਾਂ ਦੇ ਸੰਗਮ ਦੀ ਸਭ ਤੋਂ ਸੱਜਰੀ ਉਦਾਹਰਣ ਉਤਰ ਪ੍ਰਦੇਸ਼ (ਯੂ. ਪੀ.) ਦੇ ਉਨਾਉ ਸ਼ਹਿਰ ਵਿਖੇ 17 ਸਾਲਾ ਕੁੜੀ ਦਾ ਸਮੂਹਕ ਜਬਰ ਜਨਾਹ ਹੈ।

ਜੂਨ 2017 ਵਿਚ ਪੀੜਿਤ ਕੁੜੀ ਭਾਰਤੀ ਜਨਤਾ ਪਾਰਟੀ ਦੇ ਐਮ. ਐਲ. ਏ. ਕੁਲਦੀਪ ਸਿੰਘ ਸੇਂਗਰ ਦੇ ਘਰ ਰੁਜ਼ਗਾਰ ਦੀ ਭਾਲ ਵਿਚ ਗਈ ਸੀ। ਉਸ ਦਾ ਕਹਿਣਾ ਹੈ ਕਿ ਉਸ ਵੇਲੇ ਐਮ. ਐਲ. ਏ. ਅਤੇ ਉਸ ਦੇ ਕੁਝ ਸਹਾਇਕਾਂ ਨੇ ਉਸ ਨਾਲ ਜਬਰ ਜਨਾਹ ਕੀਤਾ। ਕੁਝ ਦਿਨ ਬਾਅਦ ਉਸੇ ਵਿਅਕਤੀ, ਜਿਸ ਨੇ ਉਸ ਦੀ ਜਾਣ-ਪਛਾਣ ਸੇਂਗਰ ਨਾਲ ਕਰਾਈ ਸੀ, ਨੇ ਇਕ ਦੂਸਰੇ ਸਮੂਹ ਨਾਲ ਜਾਣ-ਪਛਾਣ ਕਰਾਈ; ਜਿਸ ਨੇ ਉਸ ਨੂੰ ਵੇਚਣ ਤੋਂ ਪਹਿਲਾਂ ਉਸ ਨਾਲ ਸਮੂਹਕ ਜਬਰ ਜਨਾਹ ਕੀਤਾ। ਪੁਲਿਸ ਨੇ ਉਸ (ਪੀੜਿਤ) ਕੁੜੀ ਦਾ ਪਤਾ ਕੱਢ ਲਿਆ, ਉਸ ਨੂੰ ਆਜ਼ਾਦ ਕਰਾਇਆ ਤੇ ਉਸ ਦੇ ਬਿਆਨ ਲਏ, ਲੇਕਿਨ ਮੁੱਢ ਵਿਚ ਹੀ ਉਸ ਨੂੰ ਸੇਂਗਰ ਦਾ ਨਾਂ ਲੈਣ ਦੀ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ।

ਪਰਿਵਾਰ ਵਲੋਂ ਸੇਂਗਰ ਖਿਲਾਫ ਦੋਸ਼ ਦਰਜ ਕਰਾਉਣ ਦੀ ਕੋਸ਼ਿਸ਼ ਕਰਨ ਉਤੇ ਤਕਰੀਬਨ ਇਕ ਸਾਲ ਬਾਅਦ ਅਪਰੈਲ 2018 ਵਿਚ ਪੁਲਿਸ ਨੇ ਸਿਆਸਤਦਾਨ ਨੂੰ ਨਹੀਂ, ਬਲਕਿ ਪੀੜਿਤ ਕੁੜੀ ਦੇ ਬਾਪ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਜੇਲ੍ਹ ਵਿਚ ਕੁੱਟਿਆ ਗਿਆ। ਦਿਨਾਂ ਬਾਅਦ ਪੀੜਿਤ ਕੁੜੀ ਨੇ ਆਪਣੇ ਆਪ ਨੂੰ ਇਕ ਹਿੰਦੂ ਸਾਧ ਯੋਗੀ ਅਦਿਤਿਆਨਾਥ, ਜੋ ਹੁਣ ਸੂਬੇ ਦਾ ਮੁੱਖ ਮੰਤਰੀ ਹੈ, ਦੇ ਨਿਵਾਸ ਸਥਾਨ ਦੇ ਸਾਹਮਣੇ ਜ਼ਿੰਦਾ ਜਲਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਇਸ ਤੋਂ ਅਗਲੇ ਦਿਨ ਉਸ ਦੇ ਬਾਪ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ।

ਇਸ ਪੀੜਿਤ ਕੁੜੀ ਨੇ ਮੀਡੀਆ ਨੂੰ ਦੱਸਿਆ, "ਮੇਰੇ ਨਾਲ ਜਬਰ ਜਨਾਹ ਕੀਤਾ ਗਿਆ। ਮੈਂ ਪਿਛਲੇ ਇਕ ਸਾਲ ਤੋਂ ਇਕ ਥਾਂ ਤੋਂ ਦੂਜੀ ਥਾਂ ਧੱਕੇ ਖਾ ਰਹੀ ਹਾਂ ਪ੍ਰੰਤੂ ਕੋਈ ਵੀ ਮੇਰੀ ਗੱਲ ਨਹੀਂ ਸੁਣ ਰਿਹਾ। ਮੈਂ ਉਨ੍ਹਾਂ ਸਾਰਿਆਂ ਨੂੰ ਗ੍ਰਿਫਤਾਰ ਹੋਏ ਦੇਖਣਾ ਚਾਹੁੰਦੀ ਹਾਂ, ਨਹੀਂ ਤਾਂ ਮੈਂ ਖੁਦ ਨੂੰ ਖਤਮ ਕਰ ਲਵਾਂਗੀ।" ਉਸ ਦੇ ਆਤਮ ਹੱਤਿਆ ਦੀ ਕੋਸ਼ਿਸ਼ ਕਰਨ ਨਾਲ ਉਸ ਦੇ ਕੇਸ ਦੇ ਕੌਮਾਂਤਰੀ ਸੁਰਖੀਆਂ ਵਿਚ ਆਉਣ ਤੋਂ ਬਾਅਦ ਆਖਰਕਾਰ ਸੇਂਗਰ ਅਤੇ ਉਸ ਦੇ ਨਾਲਦਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਪ੍ਰੰਤੂ ਡਰਾਮਾ ਇਥੇ ਹੀ ਖਤਮ ਨਹੀਂ ਹੋਇਆ। ਗ੍ਰਿਫਤਾਰੀਆਂ ਤੋਂ ਬਾਅਦ ਪਰਿਵਾਰ ਪਿੰਡ ਦੇ ਹੀ ਸਾਥੀ ਲੋਕਾਂ ਦੇ ਬਦਲੇ ਦੇ ਭੈਅ ਵਿਚ ਰਹਿਣ ਲੱਗਿਆ। ਪੀੜਿਤ ਦੀ ਮਾਂ ਨੇ ਦੱਸਿਆ, "ਪਿੰਡ ਵਿਚੋਂ ਕੋਈ ਵੀ ਸਾਡੀ ਹਮਾਇਤ ਕਰਨ ਦੀ ਹਿੰਮਤ ਨਹੀਂ ਕਰੇਗਾ। ਕੋਈ ਵੀ ਐਮ. ਐਲ. ਏ. ਅਤੇ ਉਸ ਦੇ ਪਰਿਵਾਰ ਦੇ ਖਿਲਾਫ ਆਪਣੀ ਆਵਾਜ਼ ਨਹੀਂ ਉਠਾਏਗਾ। ਪਿੰਡ ਵਿਚ ਉਨ੍ਹਾਂ ਦਾ ਬਹੁਤ ਰਸੂਖ ਹੈ।"

ਇਸ ਦੌਰਾਨ ਉਨਾਉ ਦੇ ਸੈਂਕੜੇ ਵਸਨੀਕਾਂ ਅਤੇ ਆਲੇ-ਦੁਆਲੇ ਦੇ ਲੋਕਾਂ ਨੇ ਸੇਂਗਰ ਦੇ ਬਚਾਉ ਲਈ ਰੈਲੀ ਕੀਤੀ। ਨਗਰ ਪ੍ਰੀਸ਼ਦ ਦੇ ਮੁਖੀ ਅਨੂ ਕੁਮਾਰ ਦੀਕਸ਼ਿਤ ਨੇ ਰੈਲੀ ਦੀ ਅਗਵਾਈ ਕੀਤੀ ਅਤੇ ਕਿਹਾ, "ਐਮ. ਐਲ. ਏ. ਨੂੰ ਬਦਨਾਮ ਕਰਨ ਲਈ ਇਹ ਸਿਆਸੀ ਸਾਜ਼ਿਸ਼ ਹੈ। ਉਹ ਬੇਕਸੂਰ ਹੈ ਅਤੇ ਉਸ ਨੂੰ ਝੂਠੇ ਦੋਸ਼ਾਂ ਵਿਚ ਫਸਾਇਆ ਗਿਆ ਹੈ।" ਉਸ ਦੀ ਸਿਆਸੀ ਪਾਰਟੀ ਨੇ ਵੀ ਉਸ ਦੀ ਹਮਾਇਤ ਕੀਤੀ। ਇਕ ਬੁਲਾਰੇ ਨੇ ਬਿਆਨ ਦਿੱਤਾ, "ਸੇਂਗਰ ਨੇ ਬੀ. ਜੇ. ਪੀ. ਦੇ ਸੀਨੀਅਰ ਆਗੂਆਂ ਨੂੰ ਦੱਸਿਆ ਹੈ ਕਿ ਜਬਰ ਜਨਾਹ ਦੇ ਇਲਜ਼ਾਮ ਫਰਜ਼ੀ ਘੜੇ ਗਏ ਸਨ।"

ਅਦਿਤਿਆਨਾਥ, ਜੋ ਗੋਰਖਨਾਥ ਮੱਠ ਦਾ ਮੁੱਖ ਪੁਜਾਰੀ ਵੀ ਹੈ, ਇਸ ਕੇਸ ਵਿਚ ਧਾਰਮਕ ਦ੍ਰਿਸ਼ਟੀਕੋਣ ਦਾ ਪ੍ਰਤੀਨਿਧ ਹੈ। ਉਸ ਨੇ ਉਨਾਉ ਜਬਰ ਜਨਾਹ ਕੇਸ ਨੂੰ ਮਹੀਨਿਆਂ ਤੱਕ ਅਣਗੌਲਿਆਂ ਕਰੀ ਰੱਖਿਆ, ਆਖਰਕਾਰ ਪੀੜਿਤ ਕੁੜੀ ਵਲੋਂ ਆਤਮਦਾਹ ਦੀ ਕੋਸ਼ਿਸ਼ ਕਰਨ ਤੋਂ ਬਾਅਦ ਉਹ ਕੁਝ ਬੋਲਿਆ। ਉਸ ਨੇ ਵਾਅਦਾ ਕੀਤਾ, "ਅਸੀਂ ਅਪਰਾਧੀਆਂ ਨਾਲ ਸਖਤੀ ਨਾਲ ਨਜਿਠਾਂਗੇ, ਬੇਸ਼ੱਕ ਉਹ ਕਿੰਨੇ ਵੀ ਬਾਰਸੂਖ ਹੋਣ।" ਫਿਰ ਵੀ ਉਸ ਦੀਆਂ ਟਿੱਪਣੀਆਂ ਵਿਚਲੀ ਦੇਰੀ ਅਤੇ ਉਸ ਦੀ ਪਾਰਟੀ ਦੀ ਸਥਿਤੀ ਉਸ ਦੇ ਬਿਆਨ ਦੀ ਸੱਚਾਈ 'ਤੇ ਕੁਝ ਸ਼ੱਕ ਪ੍ਰਗਟ ਕਰਦੀ ਹੈ, ਜਦਕਿ ਔਰਤਾਂ ਦੇ ਹੱਕਾਂ ਉਤੇ ਉਸ ਦੀ ਜਨਤਕ ਸਥਿਤੀ ਇਨ੍ਹਾਂ ਸ਼ੰਕਿਆਂ ਨੂੰ ਪੂਰੀ ਤਰ੍ਹਾਂ ਸਹੀ ਸਾਬਤ ਕਰਦੀ ਹੈ।

ਅਦਿਤਿਆਨਾਥ ਦੇ ਚੁਣੇ ਜਾਣ ਤੋਂ ਬਾਅਦ ਐਮਨੈਸਟੀ ਇੰਟਰਨੈਸ਼ਨਲ ਨੇ ਅਸਾਧਾਰਨ ਕਦਮ ਚੁਕਿਆ ਅਤੇ ਲੋਕਤੰਤਰਿਕ ਢੰਗ ਨਾਲ ਚੁਣੇ ਹੋਏ ਨੇਤਾ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਬਿਆਨ ਜਾਰੀ ਕੀਤਾ। ਇਹ ਟਿੱਪਣੀ ਕਰਦਿਆਂ ਕਿ ਉਸ ਨੇ "ਨਫਰਤ ਭਰੀ ਬਿਆਨਬਾਜ਼ੀ ਕੀਤੀ ਹੈ।" ਐਮਨੈਸਟੀ ਨੇ ਧਿਆਨ ਦਿਵਾਇਆ ਕਿ "ਉਹ ਬਹੁਤ ਸਾਰੇ ਕੇਸਾਂ ਵਿਚ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿਚ ਕਤਲ ਕਰਨ ਦੀ ਕੋਸ਼ਿਸ਼, ਅਪਰਾਧਕ ਧਮਕੀ, ਦੰਗੇ ਅਤੇ ਵੱਖ ਵੱਖ ਸਮੂਹਾਂ ਵਿਚ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣੀ ਅਤੇ ਪੂਜਾ ਦੇ ਸਥਾਨ ਨੂੰ ਗੰਧਲਾ ਕਰਨਾ ਸ਼ਾਮਲ ਹੈ।" ਨਫਰਤ 'ਤੇ ਰੌਸ਼ਨੀ ਪਾਉਂਦਾ ਇਕ ਭਾਸ਼ਣ ਸੀ, ਜਿਸ ਵਿਚ ਸਾਧੂ ਨੇ ਐਲਾਨ ਕੀਤਾ ਕਿ ਜੇ ਮੁਸਲਮਾਨ "ਇਕ ਹਿੰਦੂ ਕੁੜੀ ਲੈ ਜਾਂਦੇ ਹਨ, ਅਸੀਂ ਸੌ ਮੁਸਲਮਾਨ ਕੁੜੀਆਂ ਲੈ ਜਾਵਾਂਗੇ।" ਇਕ ਹੋਰ ਸਮੇਂ ਉਹ ਆਪਣੇ ਇਕ ਹਮਾਇਤੀ ਨੂੰ ਲੋਕਾਂ ਨੂੰ ਇਹ ਕਹਿੰਦਿਆਂ ਸੁਣ ਰਿਹਾ ਸੀ ਕਿ ਮੁਸਲਮਾਨ ਔਰਤਾਂ ਦੀਆਂ ਕਬਰਾਂ ਪੁੱਟੋ ਅਤੇ ਉਨ੍ਹਾਂ ਦੇ ਮੁਰਦਾ ਸਰੀਰਾਂ ਨਾਲ ਜਬਰ ਜਨਾਹ ਕਰੋ।



*ਕਠੂਆ ਜਬਰ ਜਨਾਹ ਕੇਸ 'ਚ ਭਾਜਪਾ ਦੀ ਅਗਵਾਈ ਹੇਠ ਦੋਸ਼ੀਆਂ ਦੇ ਹੱਕ 'ਚ ਕੀਤੇ ਵਿਖਾਵੇ ਦੀ ਝਲਕ*

ਇਸ ਤੋਂ ਵੀ ਅੱਗੇ, ਆਪਣੀ ਨਿੱਜੀ ਵੈਬਸਾਈਟ 'ਤੇ ਪਾਏ ਲੇਖ ਵਿਚ ਉਸ ਨੇ ਔਰਤਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਦੱਸਦਿਆਂ ਜ਼ੋਰ ਦਿੱਤਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਅਧੀਨ ਰਹਿਣਾ ਅਤੇ ਜਨਮ ਤੋਂ ਲੈ ਕੇ ਮੌਤ ਤੱਕ ਉਨ੍ਹਾਂ ਦੇ ਅਧਿਕਾਰ ਵਿਚ ਬੰਨ੍ਹੀਆਂ ਹੋਣਾ ਚਾਹੀਦਾ ਹੈ। ਉਸ ਨੇ ਦਲੀਲ ਦਿੱਤੀ, "ਖੁੱਲ੍ਹੀ ਛੱਡੀ ਹੋਈ ਊਰਜਾ ਜਾਇਆ ਜਾ ਸਕਦੀ ਹੈ। ਔਰਤ ਨੂੰ ਆਜ਼ਾਦੀ ਦੀ ਜ਼ਰੂਰਤ ਨਹੀਂ ਹੈ, ਪ੍ਰੰਤੂ ਸੁਰੱਖਿਆ ਦੀ ਜ਼ਰੂਰਤ ਹੈ।" ਲਿੰਗ ਦੀ ਪ੍ਰਕਿਰਤੀ ਉਤੇ ਆਪਣੇ ਵਿਚਾਰਾਂ ਨੂੰ ਵਿਸਤਾਰ ਦਿੰਦਿਆਂ ਉਸ ਨੇ ਦਾਅਵਾ ਕੀਤਾ ਕਿ ਮਰਦ ਜਿਹੜੇ 'ਔਰਤਾਂ ਦੇ ਲੱਛਣ' ਅਰਜਿਤ ਕਰ ਲੈਂਦੇ ਹਨ, 'ਅਧਿਕ ਧਰਮੀ' ਹੋ ਜਾਂਦੇ ਹਨ ਪ੍ਰੰਤੂ "ਜੇ ਔਰਤਾਂ ਮਰਦਊਪਣਾ ਅਪਨਾ ਲੈਣ, ਉਹ ਦੈਂਤਾਂ ਵਿਚ ਤਬਦੀਲ ਹੋ ਜਾਂਦੀਆਂ ਹਨ।"

ਉਨਾਉ ਜਬਰ ਜਨਾਹ ਕੇਸ ਦੇ ਪ੍ਰਤੀਕਰਮ ਉਨ੍ਹਾਂ ਹੋਰ ਵੀ ਜ਼ਿਆਦਾ ਘਿਨਾਉਣੇ ਜੰਗਲੀ ਸਮੂਹਕ ਜਬਰ ਜਨਾਹ ਦੀਆਂ ਘਟਨਾਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ, ਜਿਨ੍ਹਾਂ ਵਿਚੋਂ ਇਕ ਉਤਰ-ਪੱਛਮੀ ਭਾਰਤ ਵਿਚ ਵਾਪਰਿਆ। ਇਸ ਕੇਸ ਵਿਚ ਜਬਰ ਜਨਾਹ ਨਾ ਕੇਵਲ ਇਕ ਅਧਿਆਤਮਕ ਬਾਬੇ ਵਲੋਂ ਕੀਤਾ ਗਿਆ ਬਲਕਿ ਇਕ ਧਾਰਮਕ ਸਥਾਨ 'ਤੇ ਕੀਤਾ ਗਿਆ।

ਜਨਵਰੀ 2018 ਵਿਚ ਇਕ ਟੱਪਰੀਵਾਸ ਮੁਸਲਿਮ ਭਾਈਚਾਰੇ ਦੀ ਅੱਠ ਸਾਲਾ ਕੁੜੀ ਜੰਮੂ ਕਸ਼ਮੀਰ ਵਿਚਲੇ ਕਠੂਆ ਵਿਖੇ ਆਪਣੇ ਪਰਿਵਾਰ ਦੇ ਘੋੜਿਆਂ ਨੂੰ ਚਰਾਂਦਾਂ ਵਿਚ ਲੈ ਕੇ ਗਈ। ਘੰਟਿਆਂ ਬਾਅਦ ਉਸ ਦੇ ਘੋੜੇ ਉਸ ਕੁੜੀ ਤੋਂ ਬਗੈਰ ਹੀ ਘਰ ਨੂੰ ਵਾਪਸ ਮੁੜ ਆਏ। ਇਕ ਹਫਤੇ ਬਾਅਦ ਉਸ ਦੀ ਲਾਸ਼ ਖੇਤ ਵਿਚੋਂ ਮਿਲੀ। ਅਸਲ ਵਿਚ ਉਸ ਨੂੰ ਪਹਿਲਾਂ ਨਸ਼ਾ ਪਿਲਾਇਆ ਗਿਆ, ਫਿਰ ਉਸ ਨਾਲ ਸਮੂਹਕ ਜਬਰ ਜਨਾਹ ਕੀਤਾ ਗਿਆ ਅਤੇ ਉਸ ਦੇ ਦੁਪੱਟੇ ਨਾਲ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ ਗਿਆ।

ਜਿਵੇਂ ਜਿਵੇਂ ਤਫਤੀਸ਼ ਦੀਆਂ ਤਹਿਆਂ ਖੁੱਲ੍ਹੀਆਂ, ਪੁਲਿਸ ਨੇ ਖੋਜ ਕੀਤੀ ਕਿ ਬੱਚੀ ਨੂੰ, 'ਆਮ ਲੋਕਾਂ ਲਈ ਬੰਦ ਕੀਤੇ ਹੋਏ' ਪਰਿਵਾਰ ਦੀ ਮਲਕੀਅਤ ਵਾਲੇ ਮੰਦਿਰ ਵਿਚ ਲਿਜਾਇਆ ਗਿਆ ਅਤੇ ਕਈ ਦਿਨਾਂ ਤੱਕ ਉਸ ਨਾਲ ਜਬਰ ਜਨਾਹ ਕੀਤਾ ਗਿਆ। ਮੰਦਿਰ ਦੇ ਪੁਜਾਰੀ ਅਤੇ ਮਾਲਕ ਸਾਂਝੀ ਰਾਮ ਉਤੇ ਟੱਪਰੀਵਾਸ ਭਾਈਚਾਰੇ ਨੂੰ ਡਰਾ ਕੇ ਭਜਾਉਣ ਦੀ ਚਾਲ ਚੱਲਣ ਦਾ ਦੋਸ਼ ਲੱਗਾ। ਸਾਂਝੀ ਰਾਮ ਦਾ ਪੁੱਤ, ਭਤੀਜਾ ਅਤੇ ਚਾਰ ਪੁਲਿਸ ਅਫਸਰਾਂ ਸਮੇਤ ਸਾਰਿਆਂ 'ਤੇ ਇਸ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ। ਦੋਸ਼ੀ ਪੁਲਿਸ ਅਫਸਰਾਂ ਵਿਚੋਂ ਇਕ ਦੀਪਕ ਖਜੂਰੀਆ ਨੇ ਕਤਲ ਦੀ ਨਿਗਰਾਨੀ ਕੀਤੀ। ਬੱਚੀ ਨੂੰ ਕਤਲ ਕਰਨ ਤੋਂ ਪਹਿਲਾਂ ਉਸ ਨੇ ਇਕ ਵਾਰ ਆਖਰੀ ਵਾਰੀ ਉਸ ਨਾਲ ਜਬਰ ਜਨਾਹ ਕਰਨ 'ਤੇ ਜ਼ੋਰ ਦਿੱਤਾ।

ਫਰਵਰੀ ਵਿਚ ਹਾਲਤ ਹੋਰ ਵੀ ਘਿਨਾਉਣੀ ਹੋ ਗਈ ਜਦੋਂ 'ਹਿੰਦੂ ਏਕਤਾ ਮੰਚ' ਨਾਮ ਦੇ ਗਰੁਪ ਨੇ ਮੁਜ਼ਰਿਮਾਂ ਦੇ ਬਚਾਉ ਲਈ ਰੈਲੀ ਕੀਤੀ। ਮੰਚ ਦਾ ਆਗੂ ਵਿਜੇ ਸ਼ਰਮਾ ਬੀ. ਜੇ. ਪੀ. ਦਾ ਸੂਬਾ ਸਕੱਤਰ ਵੀ ਹੈ। ਰੈਲੀ ਮੌਕੇ ਉਸ ਨੇ ਦਲੀਲ ਦਿੱਤੀ ਕਿ ਬਲਾਤਕਾਰੀਆਂ ਦੇ ਖਿਲਾਫ ਦੋਸ਼ "ਸਾਨੂੰ ਤਬਾਹ ਕਰਨ" ਦੇ ਇਰਾਦੇ ਨਾਲ ਲਾਏ ਗਏ ਹਨ। ਸਾਰੇ ਮਾਮਲੇ ਨੂੰ ਹਿੰਦੂਆਂ 'ਤੇ ਹਮਲਾ ਕਰਾਰ ਦਿੰਦਿਆਂ ਉਸ ਨੇ ਐਲਾਨ ਕੀਤਾ, "ਉਨ੍ਹਾਂ ਨੇ ਸਾਡੇ ਖਿਲਾਫ ਸਾਜ਼ਿਸ਼ ਰਚੀ ਹੈ।" ਪੁਲਿਸ ਅਫਸਰ ਖਜੂਰੀਆ ਦਾ ਹਵਾਲਾ ਦਿੰਦਿਆਂ ਸ਼ਰਮਾ ਨੇ ਦਾਅਵਾ ਕੀਤਾ, "ਉਸ ਨੂੰ ਝੂਠਾ ਫਸਾਇਆ ਗਿਆ ਹੈ।"

ਵਿਜੇ ਸ਼ਰਮਾ ਦੇ ਕਹਿਣ ਅਨੁਸਾਰ "5000 ਤੋਂ ਵੀ ਜ਼ਿਆਦਾ ਲੋਕਾਂ ਨੇ ਰੈਲੀ ਵਿਚ ਹਿੱਸਾ ਲਿਆ।" ਉਨ੍ਹਾਂ ਵਿਚ ਬੀ. ਜੇ. ਪੀ ਦੇ ਸੂਬਾਈ ਮੰਤਰੀ ਚੌਧਰੀ ਲਾਲ ਸਿੰਘ ਅਤੇ ਚੰਦਰ ਪ੍ਰਕਾਸ਼ ਗੰਗਾ ਸ਼ਾਮਲ ਸਨ। ਆਉਣ ਵਾਲੇ ਹਫਤਿਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਦੀ ਕੌਮਾਂਤਰੀ ਖਬਰ ਬਣ ਜਾਣ ਦੇ ਫਲਸਰੂਪ ਪੈਦਾ ਹੋਏ ਰੋਹ ਨੇ ਉਨ੍ਹਾਂ ਨੂੰ ਅਸਤੀਫੇ ਦੇਣ ਲਈ ਮਜਬੂਰ ਕਰ ਦਿੱਤਾ। ਜਿਵੇਂ ਹੀ ਉਸ ਨੇ ਅਸਤੀਫਾ ਦਿੱਤਾ, ਗੰਗਾ ਨੇ ਸਪੱਸ਼ਟ ਕੀਤਾ, "ਅਸੀਂ ਉਥੇ ਪਾਰਟੀ ਦੀ ਹਦਾਇਤ 'ਤੇ ਗਏ ਸੀ।"


ਬੱਚੀ ਲਈ ਨਿਆਂ ਦੀ ਮੰਗ ਕਰਨੀ ਵੀ ਖਤਰਨਾਕ ਉਪਰਾਲਾ ਸੀ। ਅਪਰੈਲ ਵਿਚ ਪੀੜਤ ਕੁੜੀ ਦੇ ਪਰਿਵਾਰ ਦੀ ਅਟਾਰਨੀ ਦੀਪਿਕਾ ਰਾਜਵਤ ਨੇ ਲਗਾਤਾਰ ਮਿਲ ਰਹੀਆਂ ਜਬਰ ਜਨਾਹ ਅਤੇ ਕਤਲ ਦੀਆਂ ਧਮਕੀਆਂ ਬਾਰੇ ਸੂਚਿਤ ਕੀਤਾ। ਉਸ ਨੇ ਦੱਸਿਆ, "ਮੈਂ ਕੁਝ ਨਹੀਂ ਜਾਣਦੀ ਕਿ ਮੈਂ ਕਦੋਂ ਤੱਕ ਜ਼ਿੰਦਾ ਰਹਾਂਗੀ। ਮੇਰੇ ਨਾਲ ਵੀ ਜਬਰ ਜਨਾਹ ਹੋ ਸਕਦਾ ਹੈ, ਮੇਰਾ ਕਤਲ ਵੀ ਹੋ ਸਕਦਾ ਹੈ।" ਉਸ ਨੇ ਦੱਸਿਆ ਕਿ ਉਸ ਦੇ ਸਾਥੀ ਵਕੀਲ ਇਸ ਕੇਸ ਨੂੰ ਛੱਡ ਦੇਣ ਲਈ ਉਸ 'ਤੇ ਦਬਾਅ ਪਾ ਰਹੇ ਹਨ। ਉਨ੍ਹਾਂ ਨੇ ਕੇਵਲ ਰਾਜਵਤ 'ਤੇ ਦਬਾਅ ਹੀ ਨਹੀਂ ਪਾਇਆ, ਬਲਕਿ ਜਦੋਂ ਉਹ ਪੁਲਿਸ ਮੈਜਿਸਟਰੇਟ ਦੇ ਦਫਤਰ ਵਿਚ ਮੁਜ਼ਰਿਮਾਂ ਦੇ ਖਿਲਾਫ ਦੋਸ਼ ਦਾਖਲ ਕਰਾਉਣ ਗਏ, ਤਾਂ ਵਕੀਲਾਂ ਦੀ ਭੀੜ ਨੇ ਉਨ੍ਹਾਂ ਦਾ ਦਾਖਲਾ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ।

ਸਮਾਂ ਦਸੇਗਾ ਕਿ ਕਠੂਆ ਵਿਚ ਪੁਜਾਰੀ ਨਾਲ, ਉਨਾਉ ਵਿਚ ਸਿਆਸਤਦਾਨਾਂ ਨਾਲ, ਜਾਂ ਕੇਰਲ ਵਿਚ ਬਿਸ਼ਪ ਨਾਲ ਕੀ ਵਾਪਰਦਾ ਹੈ। ਫਿਰ ਵੀ ਪਿਛਲੇ ਸਾਲ ਦੀਆਂ ਇਹ ਤਿੰਨ ਘਟਨਾਵਾਂ- ਦੱਖਣ, ਕੇਂਦਰ, ਤੇ ਭਾਰਤ ਦੇ ਉਤਰ ਵਿਚ, ਭਾਰਤ ਵਿਚ ਔਰਤਾਂ ਪ੍ਰਤੀ ਵਤੀਰੇ ਦੀਆਂ ਘੱਟੋ ਘੱਟ ਤਿੰਨ ਚੀਜ਼ਾਂ ਨੂੰ ਜਾਹਰ ਕਰਦੀਆਂ ਹਨ। ਪਹਿਲੀ, ਸਰੀਰਕ ਸ਼ੋਸ਼ਣ ਦੇ ਬਹੁਤੇ ਕੇਸਾਂ ਵਿਚ ਧਰਮ ਅਤੇ ਸਿਆਸਤ ਦੋਹਰੇ ਤੱਤ ਸ਼ਾਮਲ ਹਨ। ਦੂਸਰਾ, ਇਨਸਾਫ ਪ੍ਰਾਪਤ ਕਰਨਾ ਔਖਾ ਕੰਮ ਹੋ ਸਕਦਾ ਹੈ। ਤੀਸਰਾ, ਇਹ ਸਾਰੇ ਦੇਸ਼ ਦੀ ਸੱਚਾਈ ਹੈ।

(ਚਲਦਾ)

# ਅਕਾਲੀਆਂ ਨੂੰ ਸਿੱਖ ਮੁੱਦਿਆਂ ਅਤੇ ਭਾਜਪਾ ਨੂੰ ਹਿੰਦੂਤਵ ਦਾ ਹੇਜ!

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਹਿੰਦੂਤਵ ਦੇ ਪੱਕੇ ਰਾਜ ਦੀ ਸਥਾਪਤੀ ਦੇ ਸੁਫਨੇ ਨਾਲ ਬਣਾਏ ਗਏ ਰਾਸ਼ਟਰੀ ਸੋਇਮ ਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਮੋਹਣ ਭਾਗਵਤ ਨੇ ਵੀਰਵਾਰ ਨੂੰ ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਲ ਮੀਟਿੰਗ ਕੀਤੀ ਅਤੇ ਅਗਲੇ ਦਿਨ ਆਰ. ਐਸ. ਐਸ. ਦੇ ਬੁਲਾਰੇ ਭਈਆ ਜੀ ਜੋਸ਼ੀ ਨੇ ਵਿਚਲੀ ਗੱਲ ਸ਼ੱਰੇਆਮ ਕਹਿ ਦਿੱਤੀ। ਪੱਤਰਕਾਰਾਂ ਮੂਹਰੇ ਉਸ ਨੇ ਸਾਫ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਅਯੁੱਧਿਆ ਦੇ ਰਾਮ ਮੰਦਿਰ ਦੀ ਉਸਾਰੀ ਛੇਤੀ ਹੋਵੇ। ਫੈਸਲੇ ਵਿਚ ਹੁੰਦੀ ਦੇਰੀ ਨਾਲ ਹਿੰਦੂਆਂ ਦਾ ਅਪਮਾਨ ਹੁੰਦਾ ਹੈ। ਸਾਨੂੰ ਆਸ ਸੀ ਕਿ ਅਦਾਲਤ ਹਿੰਦੂ ਭਾਵਨਾਵਾਂ ਬਾਰੇ ਸੋਚ ਕੇ ਫੈਸਲਾ ਕਰੇਗੀ, ਪਰ ਇਸ ਨੂੰ ਸੱਤ ਸਾਲ ਲੰਘ ਚੁਕੇ ਹਨ, ਇਸ ਦੀ ਹੋਰ ਉਡੀਕ ਕਰਨਾ ਠੀਕ ਨਹੀਂ। ਲੋੜ ਪਈ ਤਾਂ 1992 ਵਰਗਾ ਰਾਮ ਮੰਦਿਰ ਅੰਦੋਲਨ ਕੀਤਾ ਜਾਏਗਾ।" ਅਸਲ ਵਿਚ ਇਹ ਬਿਆਨ ਘੱਟ ਅਤੇ ਧਮਕੀ ਵੱਧ ਹੈ। ਦੇਸ਼ ਦੀ ਹੁਕਮਰਾਨ ਪਾਰਟੀ ਦੀ ਕਾਰਜ ਸ਼ਕਤੀ ਮੰਨੇ ਜਾਂਦੇ ਸੰਗਠਨ ਦੀ ਇਹ ਧਮਕੀ ਬਹੁਤ ਵੱਡੇ ਸੰਕੇਤ ਦੇਣ ਵਾਲੀ ਹੈ।

ਦੂਜੇ ਪਾਸੇ ਪੰਜਾਬ ਵਿਚ ਅਕਾਲੀ ਦਲ ਦੇ ਨੌਜਵਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਮੁੱਦਿਆਂ ਨੂੰ ਉਛਾਲ ਕੇ ਰਾਜ ਸਰਕਾਰ ਦੇ ਖਿਲਾਫ ਇੱਕ ਮੋਰਚਾ ਲਾਉਣ ਦਾ ਢਕਵੰਜ ਜਿਹਾ ਕੀਤਾ ਹੈ। ਮਾਮਲੇ ਦੋ ਉਠਾਏ ਹਨ। ਪਹਿਲਾ, ਸਕੂਲਾਂ ਦੇ ਸਿਲੇਬਸ ਵਿਚ ਸਿੱਖ ਇਤਿਹਾਸ ਨਾਲ ਛੇੜ-ਛੇੜ ਹੋਈ ਹੋਣ ਦਾ ਹੈ, ਜਿਸ ਬਾਰੇ ਚੋਣਵੇਂ ਇਤਿਹਾਸਕਾਰ ਕਹਿੰਦੇ ਹਨ ਕਿ ਅਸਲ ਵਿਚ ਉਹ ਗੱਲ ਨਹੀਂ, ਜੋ ਅਕਾਲੀ ਆਗੂ ਕਹਿੰਦੇ ਹਨ। ਨਾਲ ਦੂਜੇ ਪਾਸੇ ਇਹ ਕਹਿਣ ਵਾਲੇ ਸੱਜਣ ਵੀ ਹਨ ਕਿ ਸਿੱਖ ਇਤਿਹਾਸ ਵਿਚ ਅੱਜ ਤੱਕ ਸਭ ਤੋਂ ਵੱਡੀ ਗਲਤੀ ਜੇ ਕਿਸੇ ਨੇ ਕੀਤੀ ਸੀ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਿੰਦੀ ਦੀ ਕਿਤਾਬ 'ਸਿੱਖ ਇਤਿਹਾਸ' ਵਿਚ ਗੰਦ-ਮੰਦ ਛਾਪ ਕੇ ਕੀਤੀ ਸੀ। ਵਿਵਾਦ ਛਿੜਨ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਖੁਦ ਹੀ ਕਿਤਾਬ ਵਾਪਸ ਲੈ ਕੇ ਇੱਕ ਜਾਂਚ ਕਮੇਟੀ ਬਣਾਈ ਸੀ, ਜਿਸ ਦੀ ਅਠਾਰਾਂ ਸਾਲਾਂ ਪਿੱਛੋਂ ਵੀ ਰਿਪੋਰਟ ਪੇਸ਼ ਨਹੀਂ ਹੋ ਸਕੀ।

ਦੂਜਾ ਮੁੱਦਾ ਅਕਾਲੀ ਦਲ ਨੇ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਸਿੱਖਾਂ ਦੇ ਕਤਲਾਂ ਦਾ ਚੁੱਕਿਆ ਤੇ ਇਨਸਾਫ ਦੀ ਮੰਗ ਲਈ ਮੋਰਚਾ ਲਾਉਣ ਦੀ ਗੱਲ ਕਹੀ ਹੈ। ਉਸ ਕਤਲੇਆਮ ਦਾ ਇਨਸਾਫ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ, ਪਰ ਉਹ ਇਨਸਾਫ ਨਾ ਪੰਜਾਬ ਸਰਕਾਰ ਨੇ ਕਰਨਾ ਹੈ, ਨਾ ਇਸ ਵੇਲੇ ਕਾਂਗਰਸ ਪਾਰਟੀ ਕੇਂਦਰ ਵਿਚ ਰਾਜ ਕਰਦੀ ਹੈ। ਕੇਂਦਰ ਦੀ ਸਰਕਾਰ ਭਾਜਪਾ ਦੀ ਅਗਵਾਈ ਹੇਠ ਚੱਲਦੀ ਹੈ ਤੇ ਅਕਾਲੀ ਦਲ ਦੀ ਇੱਕ ਬੀਬੀ ਵੀ ਉਸ ਸਰਕਾਰ ਵਿਚ ਮੰਤਰੀ ਹੈ। ਉਨ੍ਹਾਂ ਨੂੰ ਇਨਸਾਫ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹਿਣਾ ਚਾਹੀਦਾ ਹੈ। ਪਿਛਲੇ ਪੰਜ ਸਾਲਾਂ ਵਿਚ ਕਿੰਨੀ ਵਾਰੀ ਉਨ੍ਹਾਂ ਨੇ ਜ਼ੋਰ ਦਿੱਤਾ ਤੇ ਕਿੰਨਾ ਕੁ ਇਨਸਾਫ ਕਰਵਾਇਆ ਹੈ, ਇਹ ਵੀ ਸਿੱਖਾਂ ਅਤੇ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ। ਦਿੱਲੀ ਦੇ ਸਿੱਖ ਆਖਦੇ ਹਨ ਕਿ ਅਕਾਲੀਆਂ ਦੀ ਦਿਲਚਸਪੀ ਇਨਸਾਫ ਹੋਣ ਵਿਚ ਹੈ ਹੀ ਨਹੀਂ, ਉਹ ਇਹ ਮੁੱਦਾ ਵੋਟਾਂ ਖਾਤਰ ਜ਼ਿੰਦਾ ਰੱਖ ਕੇ ਹਰ ਵਾਰੀ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ।

ਭਾਜਪਾ ਨੂੰ ਹੁਣ ਰਾਮ ਜੀ ਯਾਦ ਆਉਣ ਲੱਗੇ ਹਨ, ਸਾਢੇ ਚਾਰ ਸਾਲ ਰਾਜ ਕਰਦੇ ਸਮੇਂ ਯਾਦ ਨਹੀਂ ਆਏ। ਇਸ ਰਾਜ ਦੀਆਂ ਜਦੋਂ ਤ੍ਰਿਕਾਲਾਂ ਪੈਣ ਲੱਗੀਆਂ ਹਨ ਤਾਂ ਰਾਮ ਮੰਦਿਰ ਬਣਾਉਣ ਦਾ ਮੁੱਦਾ ਇੰਜ ਉਛਾਲ ਲਿਆ ਹੈ, ਜਿਵੇਂ ਪੰਜਾਬੀ ਦਾ ਮੁਹਾਵਰਾ 'ਬੂਹੇ ਖੜੋਤੀ ਜੰਨ, ਵਿੰਨ੍ਹੋ ਕੁੜੀ ਦੇ ਕੰਨ' ਸੱਚਾ ਸਾਬਤ ਕਰਨ ਦਾ ਇਰਾਦਾ ਹੋਵੇ।



*ਬਾਬਰੀ ਮਸਜਿਦ 'ਤੇ ਚੜ੍ਹੇ ਹਿੰਦੂਤਵੀ ਅਨਸਰ*

ਉਹ ਅਦਾਲਤਾਂ ਨੂੰ ਲੋਕਾਂ ਦੀ ਸ਼ਰਧਾ ਮੁਤਾਬਕ ਫੈਸਲਾ ਕਰਨ ਦੀਆਂ ਨਸੀਹਤਾਂ ਦੇ ਕੇ ਇੱਕ ਤਰ੍ਹਾਂ ਅਦਾਲਤੀ ਕਾਰਵਾਈ ਵਿਚ ਅਸਿੱਧਾ ਦਖਲ ਦੇਣ ਦਾ ਯਤਨ ਵੀ ਕਰਦੇ ਦਿਖਾਈ ਦਿੰਦੇ ਹਨ। ਦੂਜੇ ਪਾਸੇ ਬਾਬਰੀ ਮਸਜਿਦ ਢਾਹੁਣ ਵੇਲੇ ਭੀੜਾਂ ਭੜਕਾ ਕੇ ਜੋ ਕੁਝ ਕੀਤਾ ਸੀ, ਉਸ ਤਰ੍ਹਾਂ ਦਾ ਅੰਦੋਲਨ ਛੇੜਨ ਅਤੇ ਉਧੜਧੁੰਮੀ ਮਚਾਉਣ ਦੀਆਂ ਧਮਕੀਆਂ ਵੀ ਦੇਈ ਜਾ ਰਹੇ ਹਨ।

ਇਹ ਸਭ ਕੁਝ ਉਨ੍ਹਾਂ ਨੂੰ ਅਤੇ ਪੰਜਾਬ ਵਿਚ ਅਕਾਲੀ ਦਲ ਨੂੰ ਇੱਕੋ ਵੇਲੇ ਇਸ ਲਈ ਯਾਦ ਆਇਆ ਹੈ ਕਿ ਦੋਹਾਂ ਲਈ ਲੋਕਾਂ ਵਿਚ ਜਾਣ ਵਾਲਾ ਹੋਰ ਕੋਈ ਰਾਹ ਨਹੀਂ ਰਹਿ ਗਿਆ ਜਾਪਦਾ।

ਅਕਾਲੀ ਦਲ ਆਪਣੇ ਰਾਜ ਸਮੇਂ ਹੋਏ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਮਾਰ ਹੇਠ ਹੈ। ਕਿਸੇ ਵੇਲੇ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਮਿਲਣ ਅਤੇ ਇਸ ਦੇ ਆਧਾਰ ਉਤੇ ਬਾਦਲ ਪਿਓ-ਪੁੱਤ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਹੋਣ ਦਾ ਝੋਰਾ ਲੱਗਾ ਹੋਇਆ ਹੈ। ਪਹਿਲਾਂ ਤਾਂ ਰਾਜ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨੇ ਉਨ੍ਹਾਂ ਦੇ ਸਿਰ ਭਾਂਡਾ ਭੰਨ ਦਿੱਤਾ ਸੀ ਤੇ ਫਿਰ ਜਦੋਂ ਤਿੰਨ ਆਈ. ਜੀ. ਇਸ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਏ ਤਾਂ ਇਹ ਚਰਚੇ ਵਧਣ ਲੱਗੇ ਹਨ ਕਿ ਹਰ ਕੋਈ ਖੁਦ ਪੱਲਾ ਛੁਡਾਉਣ ਵਾਸਤੇ ਸਾਰਾ ਦੋਸ਼ ਬਾਦਲਾਂ ਉਤੇ ਲਾਈ ਜਾ ਰਿਹਾ ਹੈ। ਉਨ੍ਹਾਂ ਕੋਲ ਹੋਰ ਕੋਈ ਰਾਹ ਨਹੀਂ ਰਿਹਾ ਤੇ ਪਾਰਟੀ ਅੰਦਰ ਵੀ ਢਾਈ ਦਹਾਕਿਆਂ ਬਾਅਦ ਬਾਦਲ ਪਰਿਵਾਰ ਦੀ ਸਰਦਾਰੀ ਨੂੰ ਸਿੱਧੀ ਚੁਣੌਤੀ ਮਿਲਣ ਲੱਗੀ ਹੋਣ ਕਾਰਨ ਉਨ੍ਹਾਂ ਨੇ ਆਖਰ ਨੂੰ ਲੁਕਮਾਨੀ ਹਕੀਮ ਵਾਲਾ ਨੁਸਖਾ ਵਰਤਣ ਦਾ ਯਤਨ ਕੀਤਾ ਹੈ ਕਿ ਸਿੱਖੀ ਮੁੱਦੇ ਉਤੇ ਕੋਈ ਮੋਰਚਾ ਲਾ ਦੇਈਏ।

ਰਹੀ ਗੱਲ ਭਾਜਪਾ ਵਾਲਿਆਂ ਦੀ, ਉਹ ਇੱਕ ਵਾਰ ਫਿਰ ਉਸੇ ਸਥਿਤੀ ਵਿਚ ਹਨ, ਜਿਸ ਵਿਚ ਵਾਜਪਾਈ ਸਰਕਾਰ ਦੇ ਅੰਤਲੇ ਦਿਨਾਂ ਵਿਚ ਭਾਜਪਾ ਲੀਡਰਸ਼ਿਪ ਜਾ ਉਲਝੀ ਸੀ। ਉਦੋਂ ਲੋਕ ਅੱਜ ਵਾਂਗ ਹੀ ਸਰਕਾਰ ਦੇ ਨਿਕੰਮੇਪਣ ਕਾਰਨ ਉਬਲਦੇ ਪਏ ਸਨ ਤੇ ਸਰਕਾਰ ਚਲਾਉਣ ਵਾਲਿਆਂ ਨੇ ਉਨ੍ਹਾਂ ਅੱਗੇ 'ਭਾਰਤ ਉਦੈ' ਅਤੇ 'ਫੀਲ ਗੁੱਡ' ਦੇ ਨਾਅਰੇ ਪਰੋਸਣ ਦਾ ਕੰਮ ਛੋਹਿਆ ਪਿਆ ਸੀ। ਵਾਜਪਾਈ ਸਰਕਾਰ ਦੇ ਅੰਕੜੇ ਨਰਿੰਦਰ ਮੋਦੀ ਦੀ ਸਰਕਾਰ ਤੋਂ ਵੱਧ ਜ਼ੋਰਦਾਰ ਪੇਸ਼ ਹੋ ਰਹੇ ਸਨ ਤੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਹੋਰ ਜੋ ਵੀ ਵਿਰੋਧ ਹੋਵੇ, ਵਾਜਪਾਈ ਬਾਰੇ ਕਦੀ ਕਿਸੇ ਆਗੂ ਨੇ ਏਦਾਂ ਦੇ ਸ਼ਬਦ ਨਹੀਂ ਸੀ ਕਹੇ ਕਿ ਇਹ ਲਿਫਾਫੇਬਾਜ਼ੀ ਕਰਦਾ ਜਾਂ ਝੂਠ ਦਾ ਗੁਤਾਵਾ ਗੁੰਨ੍ਹੀ ਜਾਂਦਾ ਹੈ। ਅੱਜ ਸਰਕਾਰ ਦਾ ਮੁਖੀ ਕੁਝ ਵੀ ਕਹੀ ਜਾਵੇ, ਲੋਕ ਹੱਸੀ ਜਾਂਦੇ ਹਨ, ਕਿਸੇ ਕਾਮੇਡੀ ਸ਼ੋਅ ਵਾਂਗ ਮਜ਼ੇ ਨਾਲ ਸੁਣਦੇ ਹਨ ਤੇ ਯਕੀਨ ਕਰਨ ਬਾਰੇ ਪੁਛਿਆ ਜਾਵੇ ਤਾਂ ਭਾਜਪਾ ਦੇ ਆਪਣੇ ਪੱਕੇ ਪਰਿਵਾਰ ਵੀ ਅੱਗੋਂ ਹੱਸ ਪੈਂਦੇ ਹਨ।

'ਡੀਜ਼ਲ ਤੇ ਪੈਟਰੋਲ ਦੇ ਭਾਅ ਘੱਟ ਹੋਏ ਕਿ ਨਹੀਂ' ਵਾਲੀ ਜਿਸ ਕਲਿੱਪ ਵਿਚ ਸਲਮਾਨ ਖਾਨ ਹੱਸਦਾ ਹੈ, ਉਹ ਭਾਰਤ ਵਿਚ ਘਰ-ਘਰ ਵਿਚ ਸੁਣੀ ਜਾ ਰਹੀ ਹੈ ਤੇ ਨਾਲ ਇਸ ਗੱਲ ਬਾਰੇ ਚਰਚਾ ਹੁੰਦੀ ਹੈ ਕਿ ਮਨਮੋਹਨ ਸਿੰਘ ਦੇ ਵਕਤ ਦਾ ਤੇ ਅੱਜ ਦਾ ਕੀ ਫਰਕ ਹੈ। ਰਾਫੇਲ ਜੰਗੀ ਜਹਾਜ਼ਾਂ ਦੇ ਇੱਕੋ ਸੌਦੇ ਨੇ ਭਾਰਤੀ ਫੌਜਾਂ ਲਈ ਖਰੀਦੇ ਗਏ ਸਾਮਾਨ ਵਿਚ ਘੁਟਾਲਿਆਂ ਵਿਚ ਅੱਜ ਤੱਕ ਹੋਏ ਸਾਰੇ ਘਪਲੇ ਬੌਣੇ ਸਾਬਤ ਕਰ ਦਿੱਤੇ ਜਾਪਦੇ ਹਨ। ਇਸ ਹਾਲਤ ਵਿਚ ਭਾਜਪਾ ਲੀਡਰਸ਼ਿਪ ਲਈ ਲੋਕਾਂ ਦਾ ਸਾਹਮਣਾ ਕਰਨਾ ਸੌਖਾ ਨਹੀਂ।

ਜਦੋਂ ਲੋਕਾਂ ਦਾ ਸਾਹਮਣਾ ਕਰਨ ਵਿਚ ਔਖ ਹੁੰਦੀ ਹੋਵੇ, ਨਿੱਤ ਦਿਨ ਆਉਂਦੇ ਸਰਵੇਖਣਾਂ ਵਿਚ ਪ੍ਰਧਾਨ ਮੰਤਰੀ ਦੀ ਹਰਮਨ ਪਿਆਰਤਾ ਨੂੰ ਖੋਰਾ ਲੱਗਦਾ ਮੰਨਿਆ ਜਾਣ ਲੱਗ ਪਿਆ ਹੋਵੇ, ਉਦੋਂ ਭਗਵਾਨ ਰਾਮ ਦਾ ਆਸਰਾ ਲੈਣ ਤੋਂ ਬਗੈਰ ਕੋਈ ਰਸਤਾ ਇਸ ਪਾਰਟੀ ਨੂੰ ਦਿਖਾਈ ਨਹੀਂ ਦੇ ਸਕਦਾ। ਇਹੋ ਕਾਰਨ ਹੈ ਕਿ ਪੰਜਾਬ ਦੇ ਅਕਾਲੀ ਲੀਡਰ ਤੇ ਦੇਸ਼ ਪੱਧਰ ਉਤੇ ਭਾਜਪਾਈ ਆਗੂ 'ਡੁੱਬਦੀ ਨੂੰ ਤਿਨਕੇ ਦਾ ਸਹਾਰਾ' ਵਾਲਾ ਫਾਰਮੂਲਾ ਪਰਖਣ ਦੇ ਰਾਹ ਪੈ ਗਏ ਹਨ।

# ਚੋਣਾਂ ਤੋਂ ਪਹਿਲਾਂ ਰਾਮ ਮੰਦਿਰ ਦਾ ਮਸਲਾ ਭਖਿਆ, ਆਰ. ਐਸ. ਐਸ. ਨੇ ਫੜੀ ਸਰਗਰਮੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਅਯੁੱਧਿਆ ਮਾਮਲੇ ਵਿਚ ਸੁਣਵਾਈ ਟਾਲਣ ਮਗਰੋਂ ਇਸ ਮੁੱਦੇ 'ਤੇ ਬਿਆਨਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇਕ ਪਾਸੇ ਸੰਤ ਸਮਾਜ ਦਿੱਲੀ 'ਚ 'ਧਰਮਾਦੇਸ਼' ਸਮਾਗਮ ਕਰ ਕੇ ਮੋਦੀ ਸਰਕਾਰ 'ਤੇ ਰਾਮ ਮੰਦਰ ਦੀ ਉਸਾਰੀ ਲਈ ਆਰਡੀਨੈਂਸ ਲਿਆਉਣ ਦਾ ਦਬਾਅ ਬਣਾ ਰਿਹਾ ਹੈ ਤੇ ਭਾਜਪਾ ਆਗੂ ਵੀ ਇਸ ਦੀ ਹਮਾਇਤ 'ਚ ਖੁੱਲ੍ਹ ਕੇ ਬੋਲ ਰਹੇ ਹਨ। ਦੂਜੇ ਪਾਸੇ ਆਲ ਇੰਡੀਆ ਮੁਸਲਿਮ




ਪਰਸਨਲ ਲਾਅ ਬੋਰਡ ਨੇ ਇਸ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਸ ਨੇ ਆਰ.ਐਸ.ਐਸ. ਦੇ 1992 ਜਿਹਾ ਅੰਦੋਲਨ ਸ਼ੁਰੂ ਕਰਨ ਦੇ ਇਰਾਦੇ ਨੂੰ ਦੇਸ਼ ਲਈ ਖਤਰਨਾਕ ਦੱਸਿਆ ਹੈ।

ਨਵੀਂ ਦਿੱਲੀ 'ਚ ਸੰਤਾਂ ਦੇ ਧਰਮਾਦੇਸ਼ ਸਮਾਗਮ 'ਚ ਪਹੁੰਚੇ ਧਾਰਮਿਕ ਆਗੂ ਸ੍ਰੀ ਸ੍ਰੀ ਰਵੀਸ਼ੰਕਰ ਨੇ ਕਿਹਾ ਦੇਸ਼ ਦੇ ਲੱਖਾਂ ਲੋਕ ਚਾਹੁੰਦੇ ਹਨ ਕਿ ਅਯੁੱਧਿਆ 'ਚ ਮੰਦਰ ਬਣੇ। ਦੋ ਰੋਜ਼ਾ ਧਰਮ ਸੰਸਦ ਦੇ ਆਖਰੀ ਦਿਨ ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਸ਼ਬਰੀਮਾਲਾ 'ਤੇ ਫ਼ੈਸਲਾ ਦਿੱਤਾ। ਉਸ ਨਾਲ ਲੋਕਾਂ ਨਾਲ ਦੁੱਖ ਹੋਇਆ ਅਤੇ ਅਯੁੱਧਿਆ ਬਾਰੇ ਫੈਸਲਾ ਨਹੀਂ ਦਿੱਤਾ ਤੇ ਇਸ ਨਾਲ ਵੀ ਲੋਕਾਂ ਨੂੰ ਦੁੱਖ ਹੋਇਆ। ਉਨ੍ਹਾਂ ਕਿਹਾ ਕਿ ਮੰਦਰ ਦੀ ਉਸਾਰੀ ਲਈ ਉਹ ਪ੍ਰਾਰਥਨਾ ਤੇ ਕੋਸ਼ਿਸ਼, ਦੋਵੇਂ ਰਾਹ ਅਪਣਾਉਣਗੇ। ਧਰਮ ਸੰਸਦ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਬਾਰੇ ਜਲਦੀ ਹੀ ਆਰਡੀਨੈਂਸ ਜਾਂ ਕਾਨੂੰਨ ਲਿਆਂਦਾ ਜਾਵੇ। ਲਾਅ ਬੋਰਡ ਨੇ ਕਿਹਾ ਕਿ ਮੰਦਰ ਉਸਾਰੀ ਲਈ ਤੇਜ਼ ਹੋਈਆਂ ਗਤੀਵਿਧੀਆਂ ਸਿਆਸਤ ਤੋਂ ਪ੍ਰੇਰਿਤ ਹਨ। ਬੋਰਡ ਦੇ ਜਨਰਲ ਸਕੱਤਰ ਮੌਲਾਨਾ ਵਲੀ ਰਹਿਮਾਨੀ ਨੇ ਕਿਹਾ ਕਿ ਇਹ ਸਾਰਾ ਕੁਝ 2019 ਦੀਆਂ ਲੋਕ ਸਭਾ ਦੇ ਮੱਦੇਨਜ਼ਰ ਦਬਾਅ ਬਣਾਉਣ ਲਈ ਕੀਤਾ ਜਾ ਰਿਹਾ ਹੈ।

ਮੰਦਰ ਦੇ ਨਿਰਮਾਣ ਲਈ 1992 ਵਰਗਾ ਅੰਦੋਲਨ ਸ਼ੁਰੂ ਕਰਨ ਦੇ ਸੰਘ ਦੇ ਇਰਾਦੇ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਸੰਘ ਅੰਦੋਲਨ ਸ਼ੁਰੂ ਕਰਦਾ ਹੈ ਤਾਂ ਇਹ ਬਹੁਤ ਖਤਰਨਾਕ ਹੋਵੇਗਾ ਤੇ ਇਸ ਨਾਲ ਦੇਸ਼ ਵਿਚ ਅਰਾਜਕਤਾ ਫੈਲੇਗੀ। ਉਨ੍ਹਾਂ ਕਿਹਾ, '1992 'ਚ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਨਫਰਤ ਇੰਨੀ ਜ਼ਿਆਦਾ ਨਹੀਂ ਸੀ, ਜਿੰਨੀ ਹੁਣ ਹੈ। ਕੁਝ ਕਾਨੂੰਨ ਮਾਹਿਰਾਂ ਅਨੁਸਾਰ ਇਸ ਮਸਲੇ 'ਤੇ ਹੁਣ ਕੋਈ ਆਰਡੀਨੈਂਸ ਜਾਂ ਸੰਸਦ ਦਾ ਕਾਨੂੰਨ ਨਹੀਂ ਆ ਸਕਦਾ। ਹੁਣ ਸਰਕਾਰ ਕੀ ਕਰੇਗੀ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।' ਇਸੇ ਦਰਮਿਆਨ ਜਮੀਅਤ ਉਲਮਾ-ਏ-ਹਿੰਦ ਦੀ ਉੱਤਰ ਪ੍ਰਦੇਸ਼ ਇਕਾਈ ਦੇ ਪ੍ਰਧਾਨ ਮੌਲਾਨਾ ਅਸ਼ਹਦ ਰਸ਼ੀਦੀ ਨੇ ਕਿਹਾ ਕਿ ਮਾਮਲਾ ਅਦਾਲਤ ਵਿੱਚ ਹੈ। ਸਾਰਿਆਂ ਨੂੰ ਫ਼ੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ। ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਜਦੋਂ ਵੀ ਸਮਾਂ ਆਵੇਗਾ ਅਯੁੱਧਿਆ 'ਚ ਵੱਡਾ ਰਾਮ ਮੰਦਰ ਵੀ ਬਣਾਇਆ ਜਾਵੇਗਾ ਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਰਾਮ ਲੱਲਾ ਦੀ ਜਨਮ ਭੂਮੀ 'ਤੇ ਬਾਬਰ ਦੇ ਨਾਂ ਦੀ ਇੱਕ ਇੱਟ ਵੀ ਨਹੀਂ ਲੱਗਣ ਦਿੱਤੀ ਜਾਵੇਗੀ।

ਕੇਂਦਰੀ ਮੰਤਰੀ ਉਮਾ ਭਾਰਤੀ ਨੇ ਕਿਹਾ ਕਿ ਹਿੰਦੂ ਦੁਨੀਆਂ ਦੇ ਸਭ ਤੋਂ ਵੱਧ ਸਹਿਣਸ਼ੀਲ ਲੋਕ ਹਨ, ਪਰ ਅਯੁੱਧਿਆ 'ਚ ਰਾਮ ਮੰਦਰ ਦੀ ਪੈਰੀਫੇਰੀ 'ਚ ਮਸਜਿਦ ਦੀ ਉਸਾਰੀ ਦੀ ਗੱਲ ਉਨ੍ਹਾਂ ਨੂੰ ਅਸਹਿਣਸ਼ੀਲ ਬਣਾ ਸਕਦੀ ਹੈ। ਉਮਾ ਭਾਰਤੀ ਨੇ ਕਾਂਗਰਸ ਮੁਖੀ ਰਾਹੁਲ ਗਾਂਧੀ ਨੂੰ ਵੀ ਸੱਦਾ ਦਿੱਤਾ ਕਿ ਉਹ ਵੀ ਉਨ੍ਹਾਂ ਨਾਲ ਆ ਕੇ ਰਾਮ ਮੰਦਰ ਦਾ ਨੀਂਹ ਪੱਥਰ ਰੱਖਣ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ ਕਿ ਦੁਨੀਆਂ ਦੀ ਕੋਈ ਵੀ ਤਾਕਤ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਨਹੀਂ ਰੋਕ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਤੇ ਅਦਾਲਤ ਨੂੰ ਅੱਗੇ ਆ ਕੇ ਇਸ ਮਸਲੇ ਨੂੰ ਸੁਲਝਾਉਣਾ ਚਾਹੀਦਾ ਹੈ। ਮੰਦਰ ਉਸਾਰੀ 'ਚ ਹੋ ਰਹੀ ਦੇਰੀ ਨਾਲ ਲੋਕਾਂ 'ਚ ਰੋਹ ਭਖ ਰਿਹਾ ਹੈ। ਅਯੁੱਧਿਆ ਦੇ ਤਪੱਸਵੀ ਚਾਵਨੀ ਮੰਦਰ ਦੇ ਮਹੰਤ ਸਵਾਮੀ ਪਰਮਹੰਸ ਦਾਸ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਮ ਮੰਦਰ ਦੀ ਉਸਾਰੀ ਬਾਰੇ ਅਧਿਕਾਰਤ ਐਲਾਨ ਨਾ ਕੀਤਾ ਗਿਆ ਤਾਂ ਉਹ ਛੇ ਦਸੰਬਰ ਨੂੰ ਆਤਮ ਦਾਹ ਕਰ ਲੈਣਗੇ। ਉਨ੍ਹਾਂ ਨੇ 6 ਅਕਤੂਬਰ ਤੋਂ ਅਣਮਿਥੇ ਸਮੇਂ ਲਈ ਵਰਤ ਰੱਖਿਆ ਹੋਇਆ ਹੈ।

## ਆਪਣੇ ਮਨ 'ਚ ਰਾਮ ਵਸਾਓ: ਸ਼ਸ਼ੀ ਥਰੂਰ

**ਨਵੀਂ ਦਿੱਲੀ:** ਅਯੁੱਧਿਆ 'ਚ ਰਾਮ ਮੰਦਰ ਤੇ ਬਾਬਰੀ ਮਸਜਿਦ ਦੀ ਉਸਾਰੀ ਬਾਰੇ ਚੱਲ ਰਹੇ ਵਿਵਾਦ ਦਰਮਿਆਨ ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਕਿਹਾ ਕਿ ਕੋਈ ਵੀ ਹਿੰਦੂ ਗ੍ਰੰਥ ਕੋਈ ਚੀਜ਼ ਹਾਸਲ ਕਰਨ ਲਈ ਹਿੰਸਾ ਦਾ ਰਾਹ ਅਖਤਿਆਰ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਤੇ ਸ਼ਾਸਤਰ ਕਹਿੰਦੇ ਹਨ ਕਿ ਰਾਮ ਨੂੰ ਆਪਣੇ ਮਨ 'ਚ ਵਸਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਸ਼ਾਸਤਰ ਕਹਿੰਦੇ ਹਨ ਕਿ ਰਾਮ ਨੂੰ ਆਪਣੇ ਮਨ 'ਚ ਵਸਾਓ ਤੇ ਜੇ ਲੋਕ ਰਾਮ ਨੂੰ ਆਪਣੇ ਮਨ 'ਚ ਵਸਾ ਲੈਣ ਤਾਂ ਇਹ ਮਹੱਤਵ ਨਹੀਂ ਰੱਖਦਾ ਕਿ ਉਹ ਕਿਥੇ ਹਨ ਜਾਂ ਕਿਥੇ ਨਹੀਂ ਹਨ ਕਿਉਂਕਿ ਉਹ ਸਭ ਜਗ੍ਹਾ ਹਨ।' ਉਹ ਪਿੱਛੇ ਜਿਹੇ ਕੀਤੀ ਗਈ ਟਿੱਪਣੀ ਕਿ ਕੋਈ ਵੀ ਚੰਗਾ ਹਿੰਦੂ ਵਿਵਾਦਤ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਾਲੀ ਥਾਂ 'ਤੇ ਰਾਮ ਮੰਦਰ ਨਹੀਂ ਚਾਹੇਗਾ, ਬਾਰੇ ਜਵਾਬ ਦੇ ਰਹੇ ਸਨ।

# ਦੁਸ਼ਯੰਤ ਤੇ ਦਿਗਵਿਜੈ ਚੌਟਾਲਾ ਇਨੈਲੋ ਤੋਂ ਬਾਹਰ

**ਚੰਡੀਗੜ੍ਹ:** ਹਰਿਆਣਾ ਦੇ ਸਭ ਤੋਂ ਪੁਰਾਣੇ ਤੇ ਵੱਡੇ ਸਿਆਸੀ ਘਰਾਣੇ ਚੌਟਾਲਾ ਪਰਿਵਾਰ ਵਿਚ ਚੱਲ ਰਹੀ ਖਿੱਚੋਤਾਣ ਦੌਰਾਨ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸੁਪਰੀਮੋ ਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਆਪਣੇ ਪੋਤਿਆਂ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਤੇ 'ਇਨਸੋ' ਦੇ ਕੌਮੀ ਪ੍ਰਧਾਨ ਦਿਗਵਿਜੈ ਸਿੰਘ ਚੌਟਾਲਾ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਦੋਵਾਂ ਨੂੰ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਓ.ਪੀ. ਚੌਟਾਲਾ ਨੇ ਇਹ ਕਦਮ ਆਪਣੇ ਵੱਡੇ ਪੁੱਤਰ ਤੇ ਸਾਬਕਾ ਸੰਸਦ ਮੈਂਬਰ ਡਾ. ਅਜੈ ਸਿੰਘ ਚੌਟਾਲਾ ਦੇ ਤਿਹਾੜ ਜੇਲ੍ਹ 'ਚੋਂ ਬਾਹਰ ਆਉਣ ਤੋਂ ਬਿਲਕੁਲ ਪਹਿਲਾਂ ਚੁੱਕਿਆ ਹੈ।



ਜ਼ਿਕਰਯੋਗ ਹੈ ਕਿ ਅਜੈ ਚੌਟਾਲਾ ਦਾ 14 ਦਿਨ ਦਾ ਪੈਰੋਲ ਮਨਜ਼ੂਰ ਹੋਇਆ ਹੈ। ਚੌਟਾਲਾ ਨੇ ਦੋਵਾਂ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰਨ ਦੇ ਨਾਲ-ਨਾਲ ਦੁਸ਼ਯੰਤ ਨੂੰ ਸੰਸਦ ਵਿਚ ਪਾਰਟੀ ਦੀ ਸੰਸਦੀ ਸਮਿਤੀ ਦੇ ਪ੍ਰਧਾਨ ਵਜੋਂ ਵੀ ਹਟਾ ਦਿੱਤਾ ਹੈ। ਚੌਟਾਲਾ ਪਰਿਵਾਰ ਵਿਚ ਚੱਲ ਰਿਹਾ ਸਿਆਸੀ ਘਮਸਾਣ 7 ਅਕਤੂਬਰ ਨੂੰ ਗੋਹਾਣਾ ਵਿਚ ਚੌਧਰੀ ਦੇਵੀ ਲਾਲ ਦੇ ਜਨਮ ਦਿਨ ਮੌਕੇ ਕੀਤੇ ਸਮਾਗਮ ਵਿਚ ਜਨਤਕ ਤੌਰ 'ਤੇ ਸਾਹਮਣੇ ਆਇਆ ਸੀ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਅਭੈ ਸਿੰਘ ਚੌਟਾਲਾ ਨੂੰ ਬੋਲਣ ਨਹੀਂ ਦਿੱਤਾ ਗਿਆ ਸੀ ਤੇ ਇਸ ਲਈ ਦੁਸ਼ਯੰਤ ਤੇ ਦਿਗਵਿਜੈ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਇਸ ਸਬੰਧੀ ਪਾਰਟੀ ਨੇ ਇਕ ਅਨੁਸ਼ਾਸਨੀ ਸਮਿਤੀ ਬਣਾਈ ਸੀ ਤੇ ਉਸੇ ਦੀ ਸਿਫਾਰਸ਼ 'ਤੇ ਦੋਵਾਂ ਖਿਲਾਫ਼ ਇਹ ਕਾਰਵਾਈ ਕੀਤੀ ਗਈ ਹੈ। ਦੁਸ਼ਯੰਤ ਫ਼ਿਲਹਾਲ ਨੇਮਾਂ ਮੁਤਾਬਕ ਹਿਸਾਰ ਤੋਂ ਸੰਸਦ ਮੈਂਬਰ ਬਣੇ ਰਹਿਣਗੇ।

## 'ਤਾਲਿਬਾਨ ਦੇ ਗੌਡਫਾਦਰ' ਸਮੀ-ਉੱਲ ਹੱਕ ਦੀ ਹੱਤਿਆ

**ਇਸਲਾਮਾਬਾਦ:** 'ਤਾਲਿਬਾਨ ਦੇ ਗੌਡਫਾਦਰ' ਵਜੋਂ ਜਾਣੇ ਜਾਂਦੇ ਮੌਲਾਨਾ ਸਮੀ-ਉੱਲ ਹੱਕ (82) ਦੀ ਰਾਵਲਪਿੰਡੀ ਦੇ ਫੌਜੀ ਖੇਤਰ ਵਿਚ ਉਨ੍ਹਾਂ ਦੀ ਰਿਹਾਇਸ਼ 'ਤੇ ਹੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਨਵੰਬਰ 2018*

## ਮੋਦੀ ਦਾ ਵਿਕਾਸ ਮੰਤਰ ਬਨਾਮ ਰਾਮ ਮੰਦਿਰ

ਅਯੁੱਧਿਆ ਦੇ ਐਨ ਲਾਗਵਾਂ ਕਸਬਾ ਫੈਜ਼ਾਬਾਦ ਮੁੜ ਖਬਰਾਂ ਵਿਚ ਹੈ। ਉਤਰ ਪ੍ਰਦੇਸ਼ ਦੀ ਯੋਗੀ ਅਦਿੱਤਿਆਨਾਥ ਸਰਕਾਰ ਨੇ ਫੈਜ਼ਾਬਾਦ ਜ਼ਿਲ੍ਹੇ ਦਾ ਨਾਂ ਬਦਲ ਕੇ ਅਯੁੱਧਿਆ ਰੱਖ ਦਿੱਤਾ ਹੈ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਦੀ ਰਾਜਧਾਨੀ ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਰੱਖ ਦਿੱਤਾ ਗਿਆ ਸੀ। ਇਹ ਲਾਮਬੰਦੀਆਂ ਅਸਲ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਲੋਂ ਅਗਲੇ ਸਾਲ ਆ ਰਹੀਆਂ ਲੋਕ ਸਭਾ ਚੋਣਾਂ ਦੀ ਵੱਡੀ ਤਿਆਰੀ ਦਾ ਹਿੱਸਾ ਹਨ। ਭਾਰਤੀ ਜਨਤਾ ਪਾਰਟੀ ਦੀ ਸਰਪ੍ਰਸਤ ਆਰ. ਐਸ. ਐਸ. ਦੀ ਗਿਣਤੀ-ਮਿਣਤੀ ਇਹ ਹੈ ਕਿ ਵਿਕਾਸ ਦੇ ਨਾਂ ਉਤੇ ਅਗਲੀਆਂ ਲੋਕ ਸਭਾ ਜਿੱਤਣਾ ਮੁਸ਼ਕਿਲ ਹੈ। ਅਸਲ ਵਿਚ ਨਰੇਂਦਰ ਮੋਦੀ ਕੋਲ ਆਪਣਾ ਵਿਕਾਸ ਏਜੰਡਾ ਦਿਖਾਉਣ ਲਈ ਕੋਈ ਵੀ ਮੁੱਦਾ ਨਹੀਂ ਹੈ। ਇਸ ਲਈ ਹੁਣ ਸਾਰਾ ਧਿਆਨ ਰਾਮ ਮੰਦਿਰ 'ਤੇ ਕੇਂਦਰਤ ਕੀਤਾ ਜਾ ਰਿਹਾ ਹੈ ਤਾਂ ਕਿ ਹਿੰਦੁਤਵ ਦਾ ਪ੍ਰਚਾਰ ਕਰਕੇ ਹਿੰਦੂ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਸਕੇ। ਇਸ ਵਿਉਂਤਬੰਦੀ ਤਹਿਤ ਹੀ ਸਭ ਤੋਂ ਪਹਿਲਾਂ ਦਸਹਿਰੇ ਮੌਕੇ ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਨੇ ਆਪਣੇ ਵਿਸ਼ੇਸ਼ ਭਾਸ਼ਣ ਦੌਰਾਨ ਅਯੁੱਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਰਾਮ ਮੰਦਿਰ ਦੇ ਮੁੱਦੇ 'ਤੇ ਆਰ. ਐਸ. ਐਸ., ਭਾਰਤੀ ਜਨਤਾ ਪਾਰਟੀ ਅਤੇ ਇਸ ਜੋਟੀ ਨਾਲ ਜੁੜੀਆਂ ਹੋਰ ਪਾਰਟੀਆਂ ਤੇ ਸੰਸਥਾਵਾਂ ਨੇ ਇਹ ਮੁੱਦਾ ਭਖਾ ਲਿਆ ਹੈ। ਅਖਿਲ ਭਾਰਤੀ ਸੰਤ ਸਮਿਤੀ ਨੇ ਉਚੇਚੀ ਮੀਟਿੰਗ ਕਰਕੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਰਾਮ ਮੰਦਿਰ ਦੀ ਉਸਾਰੀ ਲਈ ਰਾਹ ਪੱਧਰਾ ਕਰਨ ਦੇ ਲਈ ਆਰਡੀਨੈਂਸ ਲੈ ਕੇ ਆਵੇ। ਇਹ ਕੋੜਮਾ ਲਗਾਤਾਰ ਬਿਆਨ ਦਾਗ ਰਿਹਾ ਹੈ ਕਿ ਰਾਮ ਮੰਦਿਰ ਦੀ ਉਸਾਰੀ ਲਈ 1992 ਵਾਲਾ ਮਾਹੌਲ ਤਿਆਰ ਕੀਤਾ ਜਾ ਸਕਦਾ ਹੈ। ਯਾਦ ਰਹੇ, ਦਸੰਬਰ 1992 ਵਿਚ ਅਯੁੱਧਿਆ ਵਿਚ ਇਕੱਠੇ ਹੋਏ ਅਖੌਤੀ ਰਾਮ ਸੇਵਕਾਂ ਨੇ ਬਾਬਰੀ ਮਸਜਿਦ ਢਾਹ ਦਿੱਤੀ ਸੀ। ਇਸ ਤੋਂ ਪਹਿਲਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਮੁਲਕ ਦੇ ਕਈ ਹਿੱਸਿਆਂ ਵਿਚ ਰੱਥ ਯਾਤਰਾ ਕਰਕੇ ਲੋਕਾਂ ਨੂੰ ਰਾਮ ਮੰਦਿਰ ਦੀ ਉਸਾਰੀ ਲਈ ਉਕਸਾਇਆ ਸੀ।

ਯਾਦ ਰਹੇ, ਭਾਰਤੀ ਜਨਤਾ ਪਾਰਟੀ ਨੇ ਸਾਲ 2014 ਵਾਲੀਆਂ ਲੋਕ ਸਭਾ ਚੋਣਾਂ ਨਰੇਂਦਰ ਮੋਦੀ ਦੀ ਅਗਵਾਈ ਹੇਠ ਵਿਕਾਸ ਦੇ ਮੁੱਦੇ 'ਤੇ ਲੜੀਆਂ ਸਨ। ਉਸ ਵਕਤ ਦਸ ਸਾਲ ਦੇ ਰਾਜ ਤੋਂ ਬਾਅਦ ਕਾਂਗਰਸ ਦੀ ਅਗਵਾਈ ਹੇਠਲੇ ਯੂ. ਪੀ. ਏ. ਦਾ ਬਹੁਤ ਮਾੜਾ ਹਾਲ ਹੋਇਆ ਪਿਆ ਸੀ ਅਤੇ ਖੁਦ ਕਾਂਗਰਸ ਦੇ ਲੀਡਰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਉਸ ਵਕਤ ਸਭ ਦੀ ਗਿਣਤੀ-ਮਿਣਤੀ ਸੀ ਕਿ ਚੋਣਾਂ ਵਿਚ ਕਾਂਗਰਸ ਨੂੰ ਤਕੜਾ ਝਟਕਾ ਭਾਵੇਂ ਲੱਗੇਗਾ ਪਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨ. ਡੀ. ਏ. ਨੂੰ ਬਹੁਮਤ ਮਿਲਣੀ ਏਨੀ ਸੁਖਾਲੀ ਨਹੀਂ ਪਰ ਜਦੋਂ ਨਤੀਜੇ ਸਾਹਮਣੇ ਆਏ ਤਾਂ ਹੇਠਲੀ ਉਤਾਂਹ ਹੋ ਚੁਕੀ ਸੀ। ਐਨ. ਡੀ. ਏ. ਤਾਂ ਛੱਡੋ ਭਾਰਤੀ ਜਨਤਾ ਪਾਰਟੀ ਨੇ ਇਕੱਲਿਆਂ ਹੀ ਬਹੁਮਤ ਜੋਗੀਆਂ ਸੀਟਾਂ ਹਾਸਲ ਕਰ ਲਈਆਂ ਸਨ। ਇਸ ਤੋਂ ਬਾਅਦ ਪੂਰੇ ਸਾਢੇ ਚਾਰ ਸਾਲ ਮੋਦੀ ਨੇ ਵਿਕਾਸ ਦਾ ਰਾਗ ਅਲਾਪਿਆ ਪਰ ਹੁਣ ਜਦੋਂ ਚੋਣਾਂ ਨੇੜੇ ਆ ਗਈਆਂ ਹਨ ਤਾਂ ਇਸ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਨਜ਼ਰ ਆ ਰਹੀ ਹੈ। ਹੁਣੇ ਹੁਣੇ ਕਰਨਾਟਕ ਵਿਚ ਉਪ ਚੋਣਾਂ ਦੇ ਨਤੀਜਿਆਂ ਨੇ ਭਾਰਤੀ ਜਨਤਾ ਪਾਰਟੀ ਦੀ ਪਤਲੀ ਹਾਲਤ ਦੀ ਚੁਗਲੀ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਦੀਆਂ ਉਪ ਚੋਣਾਂ ਵਿਚ ਇਹ ਪਾਰਟੀ ਬੁਰੀ ਤਰ੍ਹਾਂ ਪਛਾੜ ਖਾ ਚੁੱਕੀ ਹੈ। ਹੁਣ ਤਿੰਨ ਅਹਿਮ ਸੂਬਿਆਂ-ਰਾਜਸਥਾਨ, ਮੱਧ ਪ੍ਰਦੇਸ਼ ਤੇ ਛਤੀਸਗੜ੍ਹ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਵਿਚੋਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਪਛੜ ਰਹੀ ਹੈ, ਭਾਵੇਂ ਛਤੀਸਗੜ੍ਹ ਵਿਚ ਇਸ ਦੀ ਹਾਲਤ ਕੁਝ ਚੰਗੀ ਹੈ ਕਿਉਂਕਿ ਅਜੀਤ ਜੋਗੀ ਅਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਕਾਰਨ ਉਥੇ ਤਿਕੋਨਾ ਮੁਕਾਬਲਾ ਸੰਭਾਵ ਹੈ ਜਿਸ ਦਾ ਸਿੱਧਾ ਲਾਹਾ ਭਾਰਤੀ ਜਨਤਾ ਪਾਰਟੀ ਨੂੰ ਮਿਲਣ ਦੇ ਆਸਾਰ ਹਨ।

ਜਾਹਰ ਹੈ ਕਿ ਲੋਕ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੂੰ ਪਛੜ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ। ਇਸੇ ਲਈ ਹੁਣ ਇਸ ਨੇ ਆਪਣੇ 'ਰਾਮ ਬਾਣ' ਸਮਝੇ ਜਾਂਦੇ ਰਾਮ ਮੰਦਿਰ ਦਾ ਮੁੱਦਾ ਲਿਆਉਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਸ ਮੁੱਦੇ ਬਾਰੇ ਵੱਟੀ ਚੁੱਪ ਸਾਫ ਦੱਸਦੀ ਹੈ ਕਿ ਉਹ ਵੀ ਹੁਣ ਆਪਣਾ ਵਿਕਾਸ ਵਾਲਾ ਰਾਗ ਤਿਆਗ ਕੇ ਇਸ ਮੁੱਦੇ ਨੂੰ ਉਭਾਰਨ ਵਿਚ ਸਹਾਈ ਹੋ ਰਹੇ ਹਨ। ਅਜਿਹੀ ਸੂਰਤ ਵਿਚ ਹੁਣ ਸਾਰਾ ਦਾਰੋਮਦਾਰ ਵਿਰੋਧੀ ਧਿਰ ਉਤੇ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੀ ਇਸ ਮੁਹਿੰਮ ਦੇ ਟਾਕਰੇ ਲਈ ਕੀ ਨੀਤੀ ਅਪਨਾਉਂਦੀ ਹੈ। ਉਂਜ, ਪਿਛਲੇ ਸਮੇਂ ਦੀਆਂ ਸਿਆਸੀ ਚਾਰਾਜੋਈਆਂ ਨੇ ਇਹ ਸਾਫ ਕਰ ਦਿੱਤਾ ਹੋਇਆ ਹੈ ਕਿ ਜੇ ਵਿਰੋਧੀ ਧਿਰ ਇਕਜੁੱਟ ਹੋ ਕੇ ਭਾਰਤੀ ਜਨਤਾ ਪਾਰਟੀ ਦਾ ਮੁਕਾਬਲਾ ਕਰਦੀ ਹੈ ਤਾਂ ਇਸ ਨੂੰ ਪਛਾੜਿਆ ਜਾ ਸਕਦਾ ਹੈ। ਵਿਰੋਧੀ ਧਿਰਾਂ ਵਿਚੋਂ ਕੁਝ ਪਾਰਟੀਆਂ, ਖਾਸ ਕਰਕੇ ਖੇਤਰੀ ਪਾਰਟੀ ਨੇ ਇਕਜੁੱਟਤਾ ਲਈ ਹੰਭਲੇ ਵੀ ਮਾਰੇ ਹਨ ਪਰ ਕਾਂਗਰਸ ਪਾਰਟੀ ਚਾਹੁੰਦੀ ਹੈ ਕਿ ਵਿਰੋਧੀ ਧਿਰ ਦਾ ਮਹਾਂ ਗੱਠਜੋੜ ਇਸ ਦੀ ਮਰਜ਼ੀ ਮੁਤਾਬਕ ਬਣੇ। ਖੇਤਰੀ ਪਾਰਟੀਆਂ ਚਾਹੁੰਦੀਆਂ ਹਨ ਕਿ ਸਿਆਸਤ ਦੇ ਇਸ ਮੋੜ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਆਉਣ ਵਾਲੇ ਸਮੇਂ ਵਿਚ ਭਾਰਤ ਦੀ ਸਿਆਸਤ ਕੀ ਰੁਖ ਅਖਤਿਆਰ ਕਰਦੀ ਹੈ, ਇਹ ਤਾਂ ਭਾਰਤੀ ਜਨਤਾ ਪਾਰਟੀ ਦੀ ਮੰਦਿਰ ਮੁਹਿੰਮ ਅਤੇ ਵਿਰੋਧੀ ਧਿਰ ਦੀ ਇਕਜੁੱਟਤਾ ਉਤੇ ਹੀ ਨਿਰਭਰ ਕਰੇਗਾ ਪਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਆਪਣੀ ਫਿਰਕੂ ਸਿਆਸਤ ਇਕ ਵਾਰ ਫਿਰ ਜਾਹਰ ਕਰ ਦਿੱਤੀ ਹੈ। ਸਿਤਮਜ਼ਰੀਫੀ ਇਹ ਹੈ ਕਿ ਪੰਜਾਬ 'ਚ ਇਸ ਪਾਰਟੀ ਦੀ ਭਾਈਵਾਲ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਇਸ ਬਾਰੇ ਚੂੰ ਤੱਕ ਨਹੀਂ ਕੀਤੀ ਹੈ। ਉਂਜ ਵੀ ਇਹ ਪਾਰਟੀ ਖੁਦ ਆਪਣੇ ਅੰਦਰੂਨੀ ਕਲੇਸ਼ ਨਾਲ ਜੂਝ ਰਹੀ ਹੈ ਕਿਉਂਕਿ ਪਾਰਟੀ ਦੇ ਕੁਝ ਸੀਨੀਅਰ ਲੀਡਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਬਗਾਵਤ ਦਾ ਝੰਡਾ ਚੁੱਕਿਆ ਹੋਇਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਲਾਹਨਤਾਂ ਪ੍ਰਧਾਨਾਂ ਨੂੰ!*

'ਚੁਣੇ ਹੋਏ' ਪ੍ਰਧਾਨ ਸਦਾਉਣ ਵਾਲੇ, ਤਾਨਾਸ਼ਾਹਾਂ ਦਾ ਰੂਪ ਫਿਰ ਧਾਰਦੇ ਨੇ।
ਭੇਡਾਂ ਵਾਂਗ ਸਿਰ ਸੁੱਟ ਕੇ ਤੁਰਨ ਜਿਹੜੇ, ਬਸ ਉਨ੍ਹਾਂ ਨੂੰ ਦਿਲੋਂ ਪਿਆਰਦੇ ਨੇ।
ਧੌਣ ਚੁੱਕ ਕੇ ਜਦੋਂ ਕੋਈ ਸੱਚ ਬੋਲੇ, ਡੰਡਾ ਚੁੱਕ 'ਡਿਸਿਪਲਿਨ ਦਾ ਮਾਰਦੇ ਨੇ।
'ਗੁੱਝੇ ਭੇਤ' ਨਾ ਲੋਕ ਹੁਣ ਰਹਿਣ ਦਿੰਦੇ, 'ਤਿਰਛੀ ਨਜ਼ਰ' ਦੇ ਨਾਲ ਨਿਹਾਰਦੇ ਨੇ।
ਉਂਗਲ ਕਰੇ ਜੋ ਕੋਰ ਕਮੇਟੀਆਂ 'ਤੇ, ਖਹਿਰੇ-ਸੇਖਵਾਂ ਬਾਹਰ ਖਲ੍ਹਾਰਦੇ ਨੇ।
ਪੱਕੇ ਢੀਠ ਤੇ ਕਈ ਮੱਕਾਰ ਬਹੁਤੇ, ਪਈਆਂ ਲਾਹਨਤਾਂ ਹੱਸ ਸਹਾਰਦੇ ਨੇ!

# ਭਾਰਤੀ ਜਨਤਾ ਪਾਰਟੀ ਅਤੇ ਫਿਰਕੂ ਸਿਆਸਤ ਦਾ ਦੌਰ

***ਅੱਜ ਕੱਲ੍ਹ ਹਰ ਖੇਤਰ ਵਿਚ ਪਛਾੜ ਖਾ ਰਹੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ 2019 ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ਦਾ ਭੈਅ ਸਤਾ ਰਿਹਾ ਹੈ। ਇਸ ਦੇ ਕੁਝ ਲੀਡਰਾਂ ਨੇ ਭਾਵੇਂ ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਦਾ ਮੁੱਦਾ ਉਭਾਰ ਕੇ ਹਿੰਦੂ ਵੋਟਾਂ ਦੇ ਧਰੁਵੀਕਰਨ ਦਾ ਜੁਗਾੜ ਕਰਨ ਬਾਰੇ ਸੋਚਿਆ ਹੈ ਪਰ ਸਿਆਸੀ ਮਾਹਿਰਾਂ ਦੀ ਰਾਏ ਹੈ ਕਿ 1992 ਅਤੇ 2019 ਵਾਲੇ ਸਿਆਸੀ ਮਾਹੌਲ ਵਿਚ ਬਹੁਤ ਫਰਕ ਹੈ। ਇਨ੍ਹਾਂ ਸਿਆਸੀ ਹਾਲਾਤ ਬਾਰੇ ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਟਿੱਪਣੀ ਕੀਤੀ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

ਮੈਂ ਇਕ ਵਾਰ ਪਹਿਲਾਂ ਲਿਖ ਚੁੱਕਾ ਹਾਂ ਕਿ ਸਿਆਸਤ ਦੇ ਲਿਹਾਜ਼ ਨਾਲ ਮੋਦੀ ਸਰਕਾਰ ਇਕ ਕਹਾਵਤ ਅਨੁਸਾਰ, ਆਪਣੇ ਸਾਰੇ ਆਂਡੇ ਸਿਰਫ ਇਕ ਹੀ ਟੋਕਰੀ ਵਿਚ ਨਹੀਂ ਰੱਖਦੀ। ਦਰਅਸਲ ਉਸ ਕੋਲ ਇਕ ਨਹੀਂ, ਸਗੋਂ ਤਿੰਨ ਤਿੰਨ ਟੋਕਰੀਆਂ ਹਨ। ਇਕ ਟੋਕਰੀ ਵਿਚ ਉਸ ਦੀ ਕਾਰਪੋਰੇਟ ਰਣਨੀਤੀ, ਦੂਜੀ ਵਿਚ ਸਮਾਜਿਕ ਰਣਨੀਤੀ ਅਤੇ ਤੀਜੀ ਵਿਚ ਫਿਰਕੂ ਰਣਨੀਤੀ ਹੈ। ਕਾਰਪੋਰੇਟ ਰਣਨੀਤੀ ਦਾ ਮਤਲਬ ਹੈ ਨਿੱਜੀ ਪੂੰਜੀ ਦੀ ਅਗਵਾਈ ਵਿਚ ਸਰਕਾਰੀ ਪੂੰਜੀ ਦੀ ਸਹਾਇਤਾ ਨਾਲ ਵਿਕਾਸ ਦਾ ਨਵਉਦਾਰਤਾਵਾਦੀ ਮਾਡਲ ਸ਼ੁਰੂ ਕਰਨਾ, ਨਿਵੇਸ਼ ਵਧਾਉਣਾ, ਉਤਪਾਦਨ ਵਧਾਉਣਾ, ਬਰਾਮਦ ਵਧਾਉਣਾ, ਰੁਜ਼ਗਾਰ ਦੇਣਾ ਅਤੇ ਵਿਕਾਸ ਦਰ ਵਧਾ ਕੇ ਆਰਥਿਕ ਉਨਤੀ ਦੇ ਫਾਇਦਿਆਂ

**ਅਭੈ ਕੁਮਾਰ ਦੂਬੇ**

ਨੂੰ ਉਪਰ ਤੋਂ ਹੇਠਾਂ ਵੱਲ ਲਿਜਾਣਾ। ਸਮਾਜਿਕ ਰਣਨੀਤੀ ਦਾ ਮਤਲਬ ਹੈ ਕਿ ਹਿੰਦੂ ਸਮਾਜ ਦੇ ਵੱਡੇ ਹਿੱਸੇ ਨੂੰ ਵੱਖ ਵੱਖ ਤਰ੍ਹਾਂ ਦੇ ਭਰੋਸੇ ਦੇ ਕੇ ਆਪਣੇ ਹਿੰਦੁਤਵਵਾਦੀ ਝੰਡੇ ਹੇਠ ਲਿਆਉਣਾ ਅਤੇ ਇਸ ਤਰ੍ਹਾਂ ਘੱਟ ਗਿਣਤੀਆਂ (ਖਾਸ ਕਰ ਮੁਸਲਮਾਨ) ਵੋਟਾਂ ਦੇ ਪ੍ਰਭਾਵ ਨੂੰ ਖਤਮ ਕਰਨਾ। ਸੰਘ ਦੇ ਦਾਇਰੇ ਵਿਚ ਇਸ ਨੂੰ ਸੋਸ਼ਲ ਇੰਜੀਨੀਅਰਿੰਗ ਵੀ ਕਿਹਾ ਜਾਂਦਾ ਹੈ। ਫਿਰਕੂ ਰਣਨੀਤੀ ਦਾ ਮਤਲਬ ਹੈ ਕਿ ਗਊ ਰੱਖਿਆ ਕਰਨ ਵਾਲੇ ਦਲਾਂ ਅਤੇ ਖੂਨ ਦੀ ਪਿਆਸੀ ਭੀੜ ਨੂੰ 'ਲਿੰਚਿੰਗ' ਲਈ ਖੁੱਲ੍ਹਾ ਛੱਡ ਦੇਣਾ, ਕਦੇ ਘਰ ਵਾਪਸੀ ਦੀ ਮੁਹਿੰਮ ਚਲਾਉਣਾ, ਕਦੇ ਲਵ-ਜਹਾਦ ਦਾ ਮਾਮਲਾ ਉਠਾਉਣਾ ਅਤੇ ਇਸ ਤਰ੍ਹਾਂ ਫਿਰਕੂ ਕੜਾਹੀ ਵਿਚ ਉਬਾਲ ਲਿਆਏ ਬਿਨਾਂ ਉਸ ਨੂੰ ਮਘਾਈ ਰੱਖਣ ਲਈ ਮਜਬੂਰ ਕਰ ਦੇਣਾ।

ਉਤਰ ਪ੍ਰਦੇਸ਼ ਦੀਆਂ ਚੋਣਾਂ ਤੱਕ ਲੱਗ ਰਿਹਾ ਸੀ ਕਿ ਮੋਦੀ ਨੂੰ ਆਪਣੀ ਸਮਾਜਿਕ ਰਣਨੀਤੀ 'ਤੇ ਬਹੁਤ ਭਰੋਸਾ ਹੈ। ਇਸੇ ਕਾਰਨ ਉਹ ਕਾਰਪੋਰੇਟ ਰਣਨੀਤੀ ਦੀ ਅਸਫਲਤਾ ਪ੍ਰਤੀ ਫਿਕਰਮੰਦ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਨੂੰ ਫਿਰਕੂ ਸਿਪਾਹ ਸਲਾਰਾਂ ਨੂੰ ਮੈਦਾਨ ਵਿਚ ਉਤਾਰਨ ਦੀ ਲੋੜ ਮਹਿਸੂਸ ਹੋ ਰਹੀ ਸੀ ਪਰ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਦੀ ਰੌਸ਼ਨੀ ਵਿਚ ਦੇਖਣ ਤੋਂ ਲਗਦਾ ਹੈ ਕਿ ਸ਼ਾਇਦ ਇਸ ਸਮੇਂ ਮੋਦੀ ਦੇ ਰਣਨੀਤੀਕਾਰ ਆਪਣੀ ਫਿਰਕੂ ਟੋਕਰੀ ਨੂੰ ਖੰਗਾਲਣ ਦੀ ਜੁਗਤ ਕਰ ਰਹੇ ਹਨ। ਜਿਹੜੀ ਫਿਰਕੂ ਕੜਾਹੀ ਉਨ੍ਹਾਂ ਨੇ ਜਾਣਬੁਝ ਕੇ ਮਘਾਈ ਰੱਖੀ ਸੀ, ਉਹ ਹੁਣ ਉਨ੍ਹਾਂ ਦੇ ਕੰਮ ਆਉਣ ਵਾਲੀ ਹੈ।

ਰਾਮ ਮੰਦਿਰ ਦੇ ਮੁਕੱਦਮੇ ਵਿਚ ਤਰੀਕ ਅੱਗੇ ਵਧਾਉਣ ਤੋਂ ਪਹਿਲਾਂ ਆਮ ਤੌਰ 'ਤੇ ਬਹਿਸ ਇਸ ਗੱਲ 'ਤੇ ਹੁੰਦੀ ਸੀ ਕਿ 2004 ਅਤੇ 2019 ਵਿਚਕਾਰ ਕੀ ਫਰਕ ਹੈ? ਭਾਵ ਅੰਦਾਜ਼ਾ ਇਹ ਲਗਾਇਆ ਜਾ ਰਿਹਾ ਸੀ: ਕੀ ਜਿਸ ਤਰ੍ਹਾਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਚੋਣ ਜਿੱਤਣ ਲਈ ਸਭ ਕੁਝ ਆਪਣੇ ਪੱਖ ਵਿਚ ਹੁੰਦੇ ਹੋਏ ਵੀ ਹਾਰ ਗਈ ਸੀ, ਕਿਤੇ ਨਰੇਂਦਰ ਮੋਦੀ ਦੀ ਸਰਕਾਰ ਵੀ ਸਾਰੇ ਹਾਲਾਤ ਦੇ ਆਪਣੇ ਪੱਖ ਹੁੰਦੇ ਹੋਏ ਵੀ 2019 ਵਿਚ ਪਿੱਛੇ ਤਾਂ ਨਹੀਂ ਰਹਿ ਜਾਵੇਗੀ? ਪਰ ਸੁਪਰੀਮ ਕੋਰਟ ਨੇ ਇਸ ਤੁਲਨਾ ਨੂੰ ਫਿਲਹਾਲ ਪਿਛੋਕੜ ਵਿਚ ਸੁੱਟ ਦਿੱਤਾ ਹੈ ਅਤੇ ਹੁਣ ਨਵੀਂ ਤੁਲਨਾ 1992 ਅਤੇ 2019 ਦੇ ਵਿਚਕਾਰ ਕੀਤੀ ਜਾਣ ਲੱਗੀ ਹੈ। ਮਾਹਿਰ ਅਤੇ ਵਿਸ਼ਲੇਸ਼ਕ ਦਿਮਾਗ ਇਸ ਗੱਲ 'ਤੇ ਲਗਾ ਰਹੇ ਹਨ: ਕੀ ਬਾਬਰੀ ਮਸਜਿਦ ਦੇ ਢਾਹੇ ਜਾਣ ਤੋਂ 27 ਸਾਲ ਬਾਅਦ ਹਿੰਦੂ ਸਮਾਜ ਇਕ ਵਾਰ ਫਿਰ ਉਸੇ ਤਰ੍ਹਾਂ ਦੀ ਧਾਰਮਿਕ ਰਾਜਨੀਤੀ ਦੇ ਘਟਨਾਕ੍ਰਮ ਲਈ ਤਿਆਰ ਹੈ? ਕੀ ਇਕ ਵਾਰ ਫਿਰ ਭਾਜਪਾ ਨੂੰ ਰਾਮ ਦੇ ਨਾਂ 'ਤੇ ਧਰੁਵੀਕਰਨ ਦਾ ਫਾਇਦਾ ਮਿਲ ਸਕਦਾ ਹੈ?

ਸਮਝਿਆ ਜਾ ਰਿਹਾ ਹੈ ਕਿ ਜੇਕਰ ਮੋਦੀ ਸਰਕਾਰ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਦਬਾਅ ਵਿਚ ਆ ਗਈ ਅਤੇ ਉਸ ਨੇ ਸੰਸਦ ਵਿਚ ਮੰਦਿਰ ਨਿਰਮਾਣ ਲਈ ਅਯੁੱਧਿਆ ਦੀ ਵਿਵਾਦ ਵਾਲੀ ਜ਼ਮੀਨ ਹਥਿਆਉਣ ਲਈ ਕਾਨੂੰਨ ਬਣਾਉਣ ਸਬੰਧੀ ਬਿਲ ਲਿਆਉਣ ਦਾ ਫੈਸਲਾ ਕਰ ਲਿਆ ਤਾਂ ਅਗਲੀਆਂ ਚੋਣਾਂ ਰਾਮ ਮੰਦਿਰ ਦੇ ਮੁੱਦੇ 'ਤੇ ਲੜੀਆਂ ਜਾ ਸਕਦੀਆਂ ਹਨ। ਇਹ ਬਿੱਲ ਲੋਕ ਸਭਾ ਵਿਚ ਤਾਂ ਪਾਸ ਹੋ ਜਾਵੇਗਾ ਪਰ ਰਾਜ ਸਭਾ ਵਿਚ ਇਹ ਫਸ ਸਕਦਾ ਹੈ ਅਤੇ ਉਸ ਹਾਲਤ ਵਿਚ ਭਾਜਪਾ ਵਿਰੋਧੀ ਧਿਰ ਨੂੰ 'ਰਾਮ ਧਰੋਹੀ' ਕਰਾਰ ਦੇ ਕੇ ਮੈਦਾਨ ਵਿਚ ਆ ਕੇ ਵੋਟਰਾਂ ਨੂੰ ਇਸ ਸਵਾਲ 'ਤੇ ਵੋਟ ਦੇਣ ਦੀ ਅਪੀਲ ਕਰ ਸਕਦੀ ਹੈ। ਜੇਕਰ ਬਿੱਲ ਨਹੀਂ ਫਸਿਆ ਅਤੇ ਵਿਰੋਧੀ ਧਿਰ ਨੇ ਵੀ ਇਸ ਨੂੰ ਪਾਸ ਕਰਾਉਣ ਵਿਚ ਸਹਿਯੋਗ ਦਿੱਤਾ ਤਾਂ ਭਾਜਪਾ ਇਹ ਕਹਿੰਦੇ ਹੋਏ ਚੋਣਾਂ ਵਿਚ ਉਤਰੇਗੀ ਕਿ ਉਸ ਨੇ ਆਪਣਾ ਵਾਅਦਾ ਨਿਭਾਅ ਦਿੱਤਾ ਹੈ। ਹਿੰਦੂਆਂ ਨੂੰ ਜੋ ਚਾਹੀਦਾ ਸੀ, ਉਹ ਉਨ੍ਹਾਂ ਨੂੰ ਮਿਲ ਗਿਆ ਹੈ। ਇਸ ਤੋਂ ਜ਼ਿਆਦਾ ਵੱਡੀ ਹਿੰਦੂ ਸਰਕਾਰ ਹੋਰ ਕਿਹੜੀ ਹੋ ਸਕਦੀ ਹੈ? ਦੂਸਰੀ ਹਾਲਤ ਵਿਚ ਭਾਜਪਾ ਉਮੀਦ ਕਰੇਗੀ ਕਿ ਵੋਟਰ ਉਸ ਦੀ ਸਰਕਾਰ ਦੀਆਂ ਆਰਥਿਕ ਮੋਰਚੇ 'ਤੇ ਹੋਈਆਂ ਅਸਫਲਤਾਵਾਂ ਨੂੰ ਮੁਆਫ ਕਰਨ ਲਈ ਤਿਆਰ ਹੋ ਜਾਣਗੇ, ਭਾਵ ਦੋਵੇਂ ਹੀ ਹਾਲਾਤ ਵਿਚ ਭਾਜਪਾ ਦੇ ਹੱਥ ਵਿਚ ਲੱਡੂ ਹੋਣਗੇ।



ਰਾਮ ਮੰਦਿਰ ਵਿਚ ਇਕ ਵਾਰ ਫਿਰ ਚੋਣਾਂ ਜਿਤਾਉਣ ਦੀਆਂ ਸੰਭਾਵਨਾਵਾਂ ਦੇਖਣ ਵਾਲਾ ਵਿਸ਼ਲੇਸ਼ਣ ਇਸ ਧਾਰਨਾ 'ਤੇ ਟਿਕਿਆ ਹੋਇਆ ਹੈ ਕਿ 2019 ਵਿਚ ਜਿਹੜੇ ਵੋਟਰ ਵੋਟ ਪਾਉਣ ਜਾਣਗੇ, ਉਨ੍ਹਾਂ ਦਾ ਸਿਆਸੀ-ਸਮਾਜਿਕ ਕਿਰਦਾਰ ਉਹੀ ਹੈ, ਜਿਸ ਦੇ ਆਧਾਰ 'ਤੇ 90 ਦੇ ਦਹਾਕੇ 'ਤੇ ਭਾਜਪਾ ਦੇ ਸੰਸਦੀ ਉਭਾਰ ਦੀ ਕਥਾ ਲਿਖੀ ਗਈ ਸੀ। ਮੇਰੇ ਵਿਚਾਰ ਨਾਲ ਇਹ ਧਾਰਨਾ ਬੁਨਿਆਦੀ ਤੌਰ 'ਤੇ ਗਲਤ ਹੈ। 90 ਦੇ ਦਹਾਕੇ ਵਿਚ ਸਾਡੀ ਚੁਣਾਵੀ ਸਿਆਸਤ ਪਹਿਲੀ ਵਾਰ ਹਿੰਦੂ ਬਹੁਗਿਣਤੀਵਾਦੀ ਰੁਝਾਨਾਂ ਦਾ ਸਵਾਦ ਲੈ ਰਹੀ ਸੀ। ਉਸ ਸਮੇਂ ਦੀਆਂ ਬਹਿਸਾਂ ਵਿਚ ਅਕਸਰ ਇਤਿਹਾਸਕਾਰ, ਖੋਜ ਅਧਿਕਾਰੀ ਹਿੱਸਾ ਲੈਂਦੇ ਸਨ। ਉਸ ਸਮੇਂ ਖੱਬੇ ਪੱਖੀ ਸਿਆਸਤ ਦੇ ਅਦਾਰੇ ਖਾਸੇ ਮਜ਼ਬੂਤ ਸਨ ਅਤੇ ਮੰਨਿਆ ਜਾਂਦਾ ਸੀ ਕਿ ਉਦਾਰਤਾਵਾਦੀ ਚਿੰਤਨ ਹੀ ਸਾਡੀ ਰਾਜਨੀਤੀ ਦਾ ਮੁੱਖ ਅਤੇ ਜਾਇਜ਼ ਪ੍ਰਗਟਾਵਾ ਹੈ। ਭਾਰਤ ਦੀ ਅਰਥ-ਵਿਵਸਥਾ ਦਾ ਬਾਜ਼ਾਰੀਕਰਨ ਸ਼ੁਰੂ ਹੀ ਹੋਇਆ ਸੀ ਅਤੇ ਦੇਸ਼ ਆਰਥਿਕ ਝਟਕੇ ਤੋਂ ਉਭਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੱਧ ਵਰਗ ਦਾ ਆਕਾਰ ਅੱਜ ਦੇ ਮੁਕਾਬਲੇ ਛੋਟਾ ਸੀ ਅਤੇ ਉਸ ਦੀਆਂ ਇੱਛਾਵਾਂ ਨੂੰ ਅਜਿਹੀ ਉਡਾਣ ਨਹੀਂ ਮਿਲੀ ਸੀ, ਜਿਸ ਤਰ੍ਹਾਂ ਦੀ ਉਡਾਣ 'ਤੇ ਉਹ ਅੱਜ ਕੱਲ੍ਹ ਸਵਾਰ ਰਹਿੰਦਾ ਹੈ। ਉਸ ਸਮੇਂ ਤੱਕ ਵੋਟਰਾਂ ਵਿਚਕਾਰ ਪਾਰਟੀ ਮਾਣ-ਸਨਮਾਨ ਦੇ ਪਹਿਲੂ ਅੱਜ ਦੇ ਮੁਕਾਬਲੇ ਕਾਫੀ ਮਜ਼ਬੂਤ ਸਨ। ਵੋਟਰ ਛੇਤੀ-ਛੇਤੀ ਸਰਕਾਰ ਬਦਲਣ ਦੇ ਰੁਝਾਨ ਵਿਚ ਨਹੀਂ ਰਹਿੰਦੇ ਸਨ।

ਅੱਜ ਦਾ ਵੋਟਰ ਮੰਡਲ ਵੱਖਰੀ ਕਿਸਮ ਦਾ ਹੈ, ਖਾਸ ਕਰ ਹਿੰਦੂ ਵੋਟਰ ਆਪਣੇ ਹਿੰਦੂ ਹੋਣ ਅਤੇ ਉਸ ਦੇ ਸਿਆਸੀ ਮਹੱਤਵ ਦੇ ਵਿਸ਼ਵਾਸ ਨਾਲ ਭਰਿਆ ਹੁੰਦਾ ਹੈ। ਬਹੁਗਿਣਤੀ ਹੁੰਦੇ ਹੋਏ ਵੀ ਘੱਟਗਿਣਤੀ ਸੋਚ ਨਾਲ ਗ੍ਰਸਤ ਲੋਕਾਂ ਦੀ ਗਿਣਤੀ ਹਿੰਦੂਆਂ ਵਿਚਕਾਰ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮੁਸਲਿਮ ਸਿਆਸਤ ਬੁਰੀ ਤਰ੍ਹਾਂ ਹਾਰ ਚੁੱਕੀ ਹੈ। ਮੁਸਲਮਾਨ ਵੋਟਰ ਖੁਦ ਵੀ ਸਮਝ ਗਏ ਹਨ। ਜੇਕਰ ਉਨ੍ਹਾਂ ਦੀ ਸਿਆਸਤ ਦਾ ਸੰਦੇਸ਼ ਹਮਲਾਵਰ ਰੂਪ ਵਿਚ ਜਾਵੇਗਾ ਤਾਂ ਪ੍ਰਤੀਕਰਮ ਵਿਚ ਹਿੰਦੂ ਧਰੁਵੀਕਰਨ ਹੋ ਜਾਵੇਗਾ, ਭਾਵ ਉਨ੍ਹਾਂ ਦੇ ਵੋਟਾਂ ਦਾ ਪ੍ਰਭਾਵ ਖਤਮ ਹੋ ਜਾਵੇਗਾ। ਜੇਕਰ ਉਨ੍ਹਾਂ ਨੇ ਆਪਣੀਆਂ ਵੋਟਾਂ ਨੂੰ ਪ੍ਰਭਾਵੀ ਬਣਾਈ ਰੱਖਣਾ ਹੈ ਤਾਂ ਥੋੜ੍ਹਾ ਚੁੱਪ ਹੋ ਕੇ ਸਿਆਸਤ ਕਰਨੀ ਹੋਵੇਗੀ। ਦੂਸਰਾ ਅੱਜ ਦਾ ਵੋਟਰ ਮੰਡਲ ਕਿਸੇ ਤਰ੍ਹਾਂ ਸਮਾਜਵਾਦੀ ਮੁਗਲਤੇ ਵਿਚ ਨਹੀਂ ਹੈ। ਉਹ ਅੰਦਰ ਤੋਂ ਬਾਹਰ ਤੱਕ ਬਾਜ਼ਾਰਵਾਦੀ ਹੈ ਅਤੇ ਉਸ ਨੂੰ ਆਰਥਿਕ ਉਨਤੀ ਦੇ ਮੌਕਿਆਂ ਦੀ ਤਲਾਸ਼ ਹੈ। ਅਜਿਹੀ ਗੱਲ ਨਹੀਂ ਕਿ ਉਸ ਨੂੰ ਧਾਰਮਿਕ ਸਿਆਸਤ ਵਿਚ ਰੁਚੀ ਨਹੀਂ ਹੈ, ਉਹ ਬਾਕਾਇਦਾ ਬਹੁਗਿਣਤੀਵਾਦੀ ਹੈ ਪਰ ਉਨ੍ਹਾਂ ਦੀ ਸੋਚ ਦਾ ਪਹਿਲੂ ਉਸ ਦੀਆਂ ਹੋਰ ਲੋੜਾਂ ਨੂੰ ਹਾਸ਼ੀਏ 'ਤੇ ਨਹੀਂ ਧੱਕ ਸਕਦਾ।

ਅਜਿਹੀ ਗੱਲ ਨਹੀਂ ਹੈ ਕਿ ਭਾਜਪਾ ਦੇ ਅੰਦਰ ਅਜਿਹੇ ਬਦਲਾਅ ਦਾ ਅਹਿਸਾਸ ਨਹੀਂ ਹੈ। ਉਸ ਦੇ ਬੁੱਧੀਜੀਵੀਆਂ ਨੇ ਖਾਮੋਸ਼ੀ ਨਾਲ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 2019 ਨੂੰ 1992 ਸਮਝਣਾ ਭੁੱਲ ਹੋਵੇਗੀ। ਕਿਤੇ ਅਜਿਹਾ ਨਾ ਹੋਵੇ ਕਿ ਹਿੰਦੂ ਧਰੁਵੀਕਰਨ ਦੀ ਇਹ ਰਾਸ਼ਟਰੀ ਕੋਸ਼ਿਸ਼ ਇੱਛਾ ਅਨੁਸਾਰ ਨਤੀਜੇ ਦੇਣ ਤੋਂ ਇਨਕਾਰ ਕਰ ਦੇਵੇ। ਜੇਕਰ ਅਜਿਹਾ ਹੋਇਆ ਤਾਂ ਇਸ ਨਾਲ ਬਹੁਗਿਣਤੀਵਾਦੀ ਸਿਆਸਤ ਦੇ ਮੁਹਾਵਰੇ ਦਾ ਅੰਤ ਹੋ ਜਾਵੇਗਾ ਅਤੇ ਨਤੀਜੇ ਦੇ ਤੌਰ 'ਤੇ ਸੰਘ ਦੇ ਹਥਿਆਰਾਂ ਵਿਚੋਂ ਮੁੱਖ ਹਥਿਆਰ ਇਕ ਵਾਰ ਤਾਂ ਖੁੰਢਾ ਸਾਬਤ ਹੋ ਜਾਵੇਗਾ।

***ਸਮਝਿਆ ਜਾ ਰਿਹਾ ਹੈ ਕਿ ਜੇਕਰ ਮੋਦੀ ਸਰਕਾਰ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਦਬਾਅ ਵਿਚ ਆ ਗਈ ਅਤੇ ਉਸ ਨੇ ਸੰਸਦ ਵਿਚ ਮੰਦਿਰ ਨਿਰਮਾਣ ਲਈ ਅਯੁੱਧਿਆ ਦੀ ਵਿਵਾਦ ਵਾਲੀ ਜ਼ਮੀਨ ਹਥਿਆਉਣ ਲਈ ਕਾਨੂੰਨ ਬਣਾਉਣ ਸਬੰਧੀ ਬਿੱਲ ਲਿਆਉਣ ਦਾ ਫੈਸਲਾ ਕਰ ਲਿਆ ਤਾਂ ਅਗਲੀਆਂ ਚੋਣਾਂ ਰਾਮ ਮੰਦਿਰ ਦੇ ਮੁੱਦੇ 'ਤੇ ਲੜੀਆਂ ਜਾ ਸਕਦੀਆਂ ਹਨ।***

# ਪੜ੍ਹੇ-ਲਿਖੇ ਨੌਜਵਾਨ ਕਸ਼ਮੀਰੀ ਕਿਉਂ ਬਣ ਰਹੇ ਹਨ ਖਾੜਕੂ?

*ਜ਼ਹੀਨ ਬੁੱਧੀਜੀਵੀ ਤੋਂ ਖਾੜਕੂ ਬਣੇ ਮਨਨ ਵਾਨੀ ਦੇ ਮੁਕਾਬਲੇ ਵਿਚ ਮਾਰੇ ਜਾਣ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਕਿ ਆਖਿਰ ਕਸ਼ਮੀਰ ਦੇ ਐਨੇ ਪੜ੍ਹੇ-ਲਿਖੇ ਨੌਜਵਾਨ ਇਸ ਰਾਹ ਉਪਰ ਚੱਲਣ ਦਾ ਜੋਖਮ ਜਾਣਦੇ ਹੋਏ ਵੀ ਭਵਿੱਖ ਨੂੰ ਲੱਤ ਮਾਰ ਕੇ ਬੰਦੂਕ ਕਿਉਂ ਚੁੱਕ ਰਹੇ ਹਨ? ਖਾੜਕੂ ਲਹਿਰ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਆਮਦ ਤੋਂ ਭੈਭੀਤ ਹੁਕਮਰਾਨਾਂ ਵਲੋਂ ਹਿੰਦੁਸਤਾਨ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਸਾਰੇ ਹੀ ਕਸ਼ਮੀਰੀ ਵਿਦਿਆਰਥੀਆਂ ਨੂੰ ਸੰਭਾਵੀ ਖਾੜਕੂ ਮੰਨ ਕੇ ਉਨ੍ਹਾਂ ਦੀਆਂ ਸੂਚੀਆਂ ਬਣਾਉਣ ਦੇ ਫਰਮਾਨ ਜਾਰੀ ਕੀਤੇ ਗਏ ਹਨ। ਪੰਜਾਬ ਵਿਚ ਵੀ ਐਸੀਆਂ ਸੂਚੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ। ਕਸ਼ਮੀਰ ਦੇ ਸੰਜੀਦਾ ਪੱਤਰਕਾਰ ਇਸ਼ਫਾਕ ਜਮਾਲ ਨੇ ਆਪਣੇ ਇਸ ਲੇਖ ਵਿਚ ਕਸ਼ਮੀਰੀ ਮਨ ਦੀਆਂ ਪਰਤਾਂ ਨੂੰ ਫਰੋਲਿਆ ਹੈ, ਜੋ ਗਰੇਟਰ ਕਸ਼ਮੀਰ, ਰਾਈਜ਼ਿੰਗ ਕਸ਼ਮੀਰ ਅਤੇ ਕਸ਼ਮੀਰ ਤੋਂ ਛਪਦੇ ਹੋਰ ਰੋਜ਼ਾਨਾ ਅਖਬਾਰਾਂ ਦੇ ਕਾਲਮਨਵੀਸ ਹਨ। ਇਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

**ਇਸ਼ਫਾਕ ਜਮਾਲ**
**ਅਨੁਵਾਦ: ਬੂਟਾ ਸਿੰਘ**

ਸਵੇਰੇ ਜਾਗ ਖੁੱਲ੍ਹਦਿਆਂ ਹੀ ਮਨਨ ਵਾਨੀ ਦੇ ਮੁਕਾਬਲੇ ਵਿਚ ਘਿਰੇ ਹੋਣ ਦੀ ਖਬਰ ਸੁਣ ਕੇ ਕਸ਼ਮੀਰ ਵਿਚ ਕਿਸੇ ਲਈ ਵੀ ਸਹਿਜ ਰਹਿਣਾ ਸੰਭਵ ਨਹੀਂ ਸੀ। ਇਸ ਤੋਂ ਬਾਅਦ ਬਹੁਤ ਉਥਲ-ਪੁਥਲ ਮਚੀ, ਖਾਸ ਕਰਕੇ ਸੋਸ਼ਲ ਮੀਡੀਆ ਉਪਰ। ਕੁਝ ਇਸ ਨੂੰ ਝੂਠੀ ਖਬਰ ਕਹਿ ਰਹੇ ਸਨ, ਬਾਕੀ ਦੇ ਇਹ ਜਾਣੇ ਬਗ਼ੈਰ ਉਸ ਦੇ ਘੇਰੇ ਵਿਚੋਂ ਬਚ ਨਿਕਲਣ ਦਾ ਜਸ਼ਨ ਮਨਾ ਰਹੇ ਸਨ ਕਿ ਇਹ ਤਾਂ ਦਰਅਸਲ ਸੁਰੱਖਿਆ ਏਜੰਸੀਆਂ ਦਾ ਲੋਕ ਰੋਹ ਦੇ ਇਕਦਮ ਫੁਟਾਰੇ ਨੂੰ ਰੋਕਣ ਦੀ ਨਵੀਂ ਜੁਗਤ ਹੈ, ਜਿਵੇਂ ਬੁਰਹਾਨ ਵਾਨੀ ਦੇ ਮਾਮਲੇ ਵਿਚ ਵਾਪਰਿਆ ਸੀ। ਸੁਰੱਖਿਆ ਏਜੰਸੀਆਂ ਨੇ ਮਨਨ ਦੇ ਜ਼ਿੰਦਾ ਹੋਣ ਜਾਂ ਮਾਰੇ ਜਾਣ ਬਾਰੇ ਜਾਣ-ਬੁੱਝ ਕੇ ਘਚੋਲਾ ਖੜ੍ਹਾ ਕੀਤਾ ਅਤੇ ਉਹ ਇਕਦਮ ਹੋਣ ਵਾਲੇ ਹਿੰਸਕ ਪ੍ਰਦਰਸ਼ਨਾਂ ਨੂੰ ਰੋਕਣ ਵਿਚ ਕਾਮਯਾਬ ਹੋ ਗਏ।

ਚੀਜ਼ਾਂ ਉਭਰ ਰਹੀਆਂ ਹਨ, ਸੁਰੱਖਿਆ ਏਜੰਸੀਆਂ ਨੇ ਰੋਸ ਮੁਜ਼ਾਹਰਿਆਂ ਅਤੇ ਮੁਕਾਬਲਿਆਂ ਤੋਂ ਪਹਿਲਾਂ ਅਤੇ ਪਿਛੋਂ ਦੇ ਮੰਜ਼ਰ ਨਾਲ ਨਜਿੱਠਣ ਦੀਆਂ ਨਵੀਆਂ ਜੁਗਤਾਂ ਸਿੱਖ ਲਈਆਂ ਹਨ। ਨਵੀਂ ਤਕਨਾਲੋਜੀ, ਨਵੀਆਂ ਰਣਨੀਤੀਆਂ, ਰੋਹ ਉਪਰ ਠੰਢਾ ਛਿੜਕਣ ਦੀਆਂ ਜੁਗਤਾਂ ਅਤੇ ਇੰਤਜ਼ਾਮੀਆ ਕਦਮਾਂ ਨਾਲ ਸੁਰੱਖਿਆ ਏਜੰਸੀਆਂ ਦਾ ਕੰਮ ਹੋਰ ਸੌਖਾ ਹੋ ਗਿਆ ਹੈ; ਲੇਕਿਨ ਇਕ ਚੀਜ਼ ਨਹੀਂ ਬਦਲੀ, ਆਮ ਕਸ਼ਮੀਰੀਆਂ ਦਾ ਸੰਤਾਪ।

ਅਸੀਂ 90ਵਿਆਂ 'ਚ ਵੀ ਭੇਡਾਂ ਵਾਂਗ ਮਰਦੇ ਰਹੇ ਅਤੇ ਅਸੀਂ ਅੱਜ ਵੀ ਉਸੇ ਤਰ੍ਹਾਂ ਮਰ ਰਹੇ ਹਾਂ। ਕੋਈ ਨੋਟਿਸ ਨਹੀਂ ਲਿਆ ਜਾਂਦਾ, ਕਿਤੇ ਸੁਣਵਾਈ ਨਹੀਂ ਅਤੇ ਜਾਨਾਂ ਦਾ ਕੋਈ ਮੁੱਲ ਨਹੀਂ।

ਮਨਨ ਦੀ ਮੌਤ ਨਾਲ ਪੂਰੇ ਕਸ਼ਮੀਰ ਵਿਚ ਵਿਆਪਕ ਬਹਿਸ ਛਿੜ ਗਈ। ਕੁਝ ਉਸ ਦੇ ਬੰਦੂਕ ਅਤੇ ਕਲਮ ਨੂੰ ਰਲਗੱਡ ਕਰਨ ਦੇ ਫੈਸਲੇ ਉਪਰ ਸਵਾਲ ਉਠਾ ਰਹੇ ਹਨ, ਅਤੇ ਕੁਝ ਉਸ ਨੂੰ ਟਾਕਰੇ ਦੇ ਚਿੰਨ੍ਹ ਵਜੋਂ ਪੂਜ ਰਹੇ ਹਨ, ਜਦਕਿ ਜ਼ਿਆਦਾਤਰ ਇਸ ਗੱਲ ਨਾਲ ਸਹਿਮਤ ਹਨ ਕਿ ਅਜੋਕੇ ਹਾਲਾਤ ਵਿਚ ਉਸ ਅੱਗੇ ਬੰਦੂਕ ਚੁੱਕਣ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਸੀ।

ਮੈਂ ਮਨਨ ਨੂੰ ਏ.ਐਮ.ਯੂ. (ਅਲੀਗੜ੍ਹ ਮੁਸਲਿਮ ਯੂਨੀਵਰਸਿਟੀ) ਦੇ ਵਿਦਿਆਰਥੀ ਦਿਨਾਂ ਤੋਂ ਜਾਣਦਾ ਸੀ। ਅਸੀਂ ਫੇਸਬੁੱਕ ਉਪਰ ਦੋਸਤ ਸੀ ਅਤੇ ਮੈਂ ਉਸ ਦੀ ਸਿਆਸੀ ਸੂਝ-ਬੂਝ ਨੂੰ ਦੇਖ ਅਤੇ ਮਹਿਸੂਸ ਕਰ ਸਕਦਾ ਸੀ। ਫੇਸਬੁੱਕ ਉਪਰ ਉਹ ਵੱਖੋ-ਵੱਖਰੇ ਮੁੱਦਿਆਂ ਉਪਰ ਚਰਚਾ ਕਰਦਾ, ਸਾਡਾ ਵਿਚਾਰਾਂ ਦਾ ਥੋੜ੍ਹਾ ਆਦਾਨ-ਪ੍ਰਦਾਨ ਵੀ ਹੋਇਆ, ਅਤੇ ਇਹ ਉਸ ਦੀ ਵਿਦਿਆਰਥੀ ਸਰਗਰਮੀ ਸੀ ਜੋ ਮੈਨੂੰ ਸਭ ਤੋਂ ਵੱਧ ਪਸੰਦ ਸੀ।

ਸਾਲ ਗੁਜ਼ਰਦੇ ਗਏ ਅਤੇ ਮੈਂ ਉਸ ਨੂੰ ਵਿਕਸਤ ਹੁੰਦਿਆਂ, ਬਲਾਗ ਲਿਖਦਿਆਂ ਅਤੇ ਕਾਨਫਰੰਸਾਂ ਵਿਖੇ ਇਨਾਮ ਜਿੱਤਦੇ ਨੂੰ ਦੇਖਦਾ ਰਿਹਾ। ਮੈਂ ਉਸ ਤਰ੍ਹਾਂ ਦੇ ਯਤਨਾਂ ਨੂੰ ਮਹਿਸੂਸ ਕਰ ਸਕਦਾ ਸੀ ਜੋ ਉਸ ਨੂੰ ਪੀਐਚ.ਡੀ. ਡਿਗਰੀ ਲਈ ਬਿਹਤਰੀਨ ਸੰਸਥਾ ਵਿਚ ਜਾਣ ਲਈ ਕਰਨੇ ਪਏ, ਕਿਉਂਕਿ ਮੈਂ ਉਸੇ ਜ਼ਿਲ੍ਹੇ ਤੋਂ ਹਾਂ ਜਿਸ ਨਾਲ ਉਹ ਸਬੰਧਤ ਸੀ ਅਤੇ ਸਾਡਾ ਦੋਨਾਂ ਦਾ ਬਚਪਨ ਲੜਾਈ ਦੇ ਮਾਹੌਲ ਵਿਚ ਗੁਜ਼ਰਿਆ ਸੀ।

ਕੁਪਵਾੜਾ ਕਸ਼ਮੀਰ ਦੇ ਸਭ ਤੋਂ ਵਧੇਰੇ ਫੌਜੀਕਰਨ ਵਾਲੇ ਜ਼ਿਲ੍ਹਿਆਂ ਵਿਚੋਂ ਇਕ ਹੈ। ਆਰਥਿਕ ਅਤੇ ਸਿੱਖਿਆ ਦੇ ਪੱਖ ਤੋਂ ਲਤਾੜੇ ਹੋਏ ਇਸ ਜ਼ਿਲ੍ਹੇ ਨੂੰ ਚੱਲ ਰਹੀ ਲੜਾਈ ਦੀ ਮਾਰ ਝੱਲਣੀ ਪੈ ਰਹੀ ਹੈ। ਲੜਾਈ ਦੇ ਕੁਝ ਸਭ ਤੋਂ ਘਿਨਾਉਣੇ ਖੌਫਨਾਕ ਕਾਂਡ ਇਸੇ ਜ਼ਿਲ੍ਹੇ ਨੇ ਤੱਕੇ ਹਨ। ਜੇ ਤੁਸੀਂ ਕੁਪਵਾੜਾ ਤੋਂ ਹੋ ਤਾਂ ਤੁਹਾਡੇ ਲਈ ਪੜ੍ਹਾਈ ਵਿਚ ਅੱਗੇ ਵਧ ਸਕਣਾ ਕਦੇ ਵੀ ਸੌਖਾ ਨਹੀਂ।

ਮਨਨ ਇਸ ਜ਼ਿਲ੍ਹੇ ਦੇ ਉਨ੍ਹਾਂ ਵਿਰਲੇ ਨੌਜਵਾਨਾਂ ਵਿਚੋਂ ਸੀ ਜੋ ਆਪਣੀ ਸਖਤ ਮਿਹਨਤ ਨਾਲ ਵਧੀਆ ਸੰਸਥਾਵਾਂ ਵਿਚ ਜਾ ਕੇ ਪੜ੍ਹਾਈ ਕਰਨ ਦੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਕਾਮਯਾਬ ਹੋਏ। ਉਹ ਉਸ ਇਲਾਕੇ ਤੋਂ ਸੀ ਜਿਸ ਨੇ ਮੁਸਲਿਮ ਜਗਤ ਦੇ 20ਵੀਂ ਸਦੀ ਦੇ ਮਸ਼ਹੂਰ ਧਰਮ ਗਿਆਤਾ ਅਲਾਮਾ ਅਨਵਰ ਸ਼ਾਹ ਕਸ਼ਮੀਰੀ ਪੈਦਾ ਕੀਤਾ, ਇਕ ਵਿਦਵਾਨ ਹਸਤੀ ਜੋ ਆਪਣੀਆਂ ਰਚਨਾਵਾਂ ਲਈ ਕੁਲ ਆਲਮ ਵਿਚ ਜਾਣੀ ਜਾਂਦੀ ਹੈ। ਤੇ ਪਹਿਲਾ ਕਸ਼ਮੀਰੀ ਆਈ.ਏ.ਐਸ. ਟਾਪਰ ਸ਼ਾਹ ਫੈਜ਼ਲ ਵੀ ਉਸ ਦੇ ਗੁਆਂਢੀ ਪਿੰਡ ਤੋਂ ਹੈ ਜੋ ਕਸ਼ਮੀਰ ਦੀ ਲਗਭਗ ਇਕ ਪੁਸ਼ਤ ਲਈ ਪ੍ਰੇਰਨਾ ਬਣਿਆ।

ਲਿਹਾਜ਼ਾ ਕੋਈ ਪੁੱਛ ਹੀ ਸਕਦਾ ਹੈ ਕਿ ਵਿਦਵਾਨ ਅਨਵਰ ਸ਼ਾਹ, ਪੁਰਅਮਨ ਇਨਕਲਾਬੀ ਅਸ਼ਰਫ ਸਹਿਰਾਏ ਜਾਂ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਸ਼ਾਹ ਫੈਜ਼ਲ ਦਾ ਰਾਹ ਚੁਣਨ ਲਈ ਮਨਨ ਕਿਉਂ ਪ੍ਰੇਰਤ ਨਹੀਂ ਹੋਇਆ। ਉਸ ਨੇ ਬੰਦੂਕ ਚੁੱਕਣ ਅਤੇ ਚੜ੍ਹਦੀ ਉਮਰੇ ਮਰਨ ਦਾ ਰਾਹ ਕਿਉਂ ਚੁਣਿਆ?

ਅਰਾਮਦਾਇਕ ਕਮਰਿਆਂ ਵਿਚ ਬੈਠੇ ਸਿਆਸੀ ਵਿਸ਼ਲੇਸ਼ਣਕਾਰ, ਥਿੰਕ ਟੈਂਕ ਜਾਂ ਅਰਾਮ ਕੁਰਸੀਆਂ ਵਾਲੇ ਪੱਤਰਕਾਰ ਵੱਖੋ-ਵੱਖਰੇ ਸਿਧਾਂਤ ਪੇਸ਼ ਕਰ ਸਕਦੇ ਹਨ ਜੋ ਉਸ ਦੇ ਬੰਦੂਕ ਚੁੱਕਣ ਲਈ ਜ਼ਿੰਮੇਵਾਰ ਹੋਣਗੇ। ਲੇਕਿਨ ਕਸ਼ਮੀਰ ਦੇ ਕਿਸੇ ਬਾਸ਼ਿੰਦੇ ਲਈ, ਖਾਸ ਕਰਕੇ ਮਨਨ ਵਰਗੀ ਨੱਬੇਵਿਆਂ ਦੀ ਪੀੜ੍ਹੀ ਲਈ, ਉਸ ਦਾ ਬੰਦੂਕ ਚੁੱਕਣ ਦਾ ਫੈਸਲਾ ਬਹੁਤਿਆਂ ਲਈ ਹੈਰਤਅੰਗੇਜ਼ ਨਹੀਂ ਹੋਵੇਗਾ।


ਬੀਤੇ ਵਿਚ ਵੀ, ਸਰਦੇ-ਪੁੱਜਦੇ ਘਰਾਂ ਦੇ ਕਈ ਉਚ ਤਾਲੀਮਯਾਫਤਾ ਨੌਜਵਾਨ ਹਥਿਆਰਬੰਦ ਖਾੜਕੂਵਾਦ ਵਿਚ ਸ਼ਾਮਲ ਹੁੰਦੇ ਰਹੇ ਹਨ ਅਤੇ ਬਹੁਤ ਸਾਰੇ ਅੱਜ ਵੀ ਹੋ ਰਹੇ ਹਨ। ਕਸ਼ਮੀਰ ਵਿਚ ਚਾਰ-ਚੁਫੇਰੇ ਹਨੇਰਾ ਹੈ। 1947 ਤੋਂ ਲੈ ਕੇ ਨਵੀਂ ਦਿੱਲੀ ਵਲੋਂ ਕਸ਼ਮੀਰ ਮਸਲੇ ਨਾਲ ਜਿਵੇਂ ਨਜਿਠਿਆ ਗਿਆ ਅਤੇ ਅੱਜ ਵੀ ਨਜਿਠਿਆ ਜਾ ਰਿਹਾ ਹੈ, ਉਹ ਕਿਸੇ ਲਈ ਵੀ ਇਸ ਪ੍ਰਬੰਧ ਤੋਂ ਉਕਤਾ ਜਾਣ ਲਈ ਕਾਫੀ ਹੈ।

ਕਸ਼ਮੀਰ ਵਿਚਲੇ ਦਿੱਲੀ ਦੇ ਚਹੇਤੇ ਮੁੱਖਧਾਰਾ ਆਗੂਆਂ ਤੋਂ ਲੈ ਕੇ, ਜਿਹਨਾਂ ਨੇ ਆਪਣੇ ਕਾਰਿਆਂ ਨਾਲ ਕਸ਼ਮੀਰ ਵਿਚ ਦਿੱਲੀ ਦਾ ਅਕਸ ਹੀ ਵਿਗਾੜਿਆ ਹੈ, ਇਸ ਦੀਆਂ ਘੋਰ 'ਤਾਕਤਵਰ' ਨੀਤੀਆਂ ਤਕ, ਕਸ਼ਮੀਰ ਦੇ ਆਵਾਮ ਨੂੰ ਕਿਵੇਂ ਨਾ ਕਿਵੇਂ ਇਹ ਗੱਲ ਜਚ ਗਈ ਹੈ ਕਿ ਹਿੰਦੁਸਤਾਨ ਦੀ ਹਕੂਮਤ ਉਨ੍ਹਾਂ ਦੀ ਗੱਲ ਨਹੀਂ ਸੁਣੇਗੀ। ਹੱਤਿਆਵਾਂ, ਕਰਫਿਊ ਤੇ ਹੜਤਾਲਾਂ, ਤੇ ਅਫਸਪਾ ਅਤੇ ਪੀ.ਐਸ.ਏ. (ਪਬਲਿਕ ਸਕਿਊਰਿਟੀ ਐਕਟ) ਵਰਗੇ ਅਸਾਧਾਰਨ ਕਾਨੂੰਨ ਉਹ ਮਾਹੌਲ ਹੈ ਜਿਸ ਵਿਚ ਇਕ ਕਸ਼ਮੀਰੀ ਦੀ ਜ਼ਿੰਦਗੀ ਗੁਜ਼ਰਦੀ ਹੈ ਅਤੇ ਉਸ ਦੇ ਚਾਰ-ਚੁਫੇਰੇ ਘੁੱਪ ਹਨੇਰਾ ਹੈ।

ਦੋ ਕੁ ਦਿਨ ਹੋਏ ਇਕ ਮਸ਼ਹੂਰ ਕਸ਼ਮੀਰੀ ਕਾਲਮਨਵੀਸ ਨੇ ਲਿਖਿਆ ਕਿ ਜੇ ਦਿੱਲੀ ਸ੍ਰੀਨਗਰ ਉਪਰ ਬੰਬਾਂ ਦੀ ਬਰਸਾਤ ਵੀ ਕਰ ਦਿੰਦੀ ਹੈ, ਕੋਈ ਅੱਖ ਵੀ ਨਹੀਂ ਝਪਕੇਗਾ, ਤੇ ਇਸ ਨੂੰ ਵੀ ਭਾਰੀ ਹਮਾਇਤ ਮਿਲੇਗੀ। ਕਸ਼ਮੀਰੀ ਮਹਿਸੂਸ ਕਰਦੇ ਹਨ ਕਿ ਨਵੀਂ ਦਿੱਲੀ ਵਿਚ, ਜਾਂ ਜਿੱਥੋਂ ਤਕ ਇਸ ਗੱਲ ਦਾ ਸਬੰਧ ਹੈ ਜ਼ਿਆਦਾਤਰ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਕਸ਼ਮੀਰੀਆਂ ਲਈ ਕੋਈ ਹਮਦਰਦੀ ਨਹੀਂ ਹੈ।

ਐਸੇ ਹਾਲਾਤ ਵਿਚ, ਪੜ੍ਹੇ-ਲਿਖੇ ਅਤੇ ਸਿਆਸੀ ਤੌਰ 'ਤੇ ਜਾਗਰੂਕ ਨੌਜਵਾਨ ਨਿਸ਼ਚੇ ਹੀ ਨਪੀੜੇ ਜਾ ਰਹੇ ਮਹਿਸੂਸ ਕਰਨਗੇ ਅਤੇ ਆਪੋ-ਆਪਣੀ ਮੰਜ਼ਲੇ-ਮਕਸੂਦ ਅਨੁਸਾਰ ਇਸ ਹਾਲਾਤ ਵਿਚੋਂ ਨਿਕਲਣ ਬਾਰੇ ਸੋਚਣਗੇ। ਇਸ ਦਾ ਨਤੀਜਾ ਮਨਨ ਵਾਨੀ ਵਰਗੇ ਹੋਣਹਾਰ ਵਿਦਵਾਨਾਂ ਦੇ ਬੰਦੂਕ ਚੁੱਕਣ ਵਿਚ ਨਿਕਲਦਾ ਹੈ।

ਰੈਡੀਕਲ ਰੰਗ ਚੜ੍ਹਨਾ, ਗੁੰਮਰਾਹ ਕਰਕੇ ਸੋਚ ਬਦਲਣਾ, ਬੇਰੋਜ਼ਗਾਰੀ ਵਗੈਰਾ ਵਰਗੇ ਇੰਤਹਾ ਸਿੱਧੜ ਸਿਧਾਂਤ ਤਰਕਸ਼ੀਲ ਦਿਮਾਗ ਨੂੰ ਕਾਇਲ




ਕਰਕੇ ਮਨਨ ਵਾਨੀ ਦੀ ਤਰ੍ਹਾਂ ਬੰਦੂਕ ਚੁੱਕਣ ਦੇ ਫੈਸਲੇ ਲੈਣ ਲਈ ਕਾਫੀ ਨਹੀਂ। ਇਹ ਅੰਧਕਾਰ ਅਤੇ ਕਸ਼ਮੀਰ ਵਿਚ ਇਕ ਪੁਰਅਮਨ ਤੇ ਸਨਮਾਨਜਨਕ ਜ਼ਿੰਦਗੀ ਦੀ ਨਾਉਮੀਦੀ ਹੀ ਹੈ ਜੋ ਨੌਜਵਾਨਾਂ ਨੂੰ ਬੰਦੂਕ ਵੱਲ ਧੱਕ ਰਹੀ ਹੈ।

ਕਸ਼ਮੀਰ ਵਿਚ ਜ਼ਿਆਦਾਤਰ ਆਮ ਦਿਨਾਂ ਵਿਚ ਸੜਕਾਂ ਉਪਰ ਖੂਨ-ਖਰਾਬੇ, ਕਤਲਾਂ, ਅਪਾਹਜ ਬਣਾ ਦੇਣ, ਪੱਥਰਬਾਜ਼ੀ, ਪੈਲੇਟ ਅਤੇ ਗੋਲੀਆਂ ਦੀਆਂ ਵਾਛੜ ਦਾ ਟਵੰਟੀ-ਟਵੰਟੀ ਮੈਚ ਹੁੰਦਾ ਹੈ। ਰਾਤ ਵੇਲੇ, ਇਸ ਹਿੰਸਾ ਦਾ ਸਤਾਇਆ ਮੇਰੇ ਵਰਗਾ ਬੰਦਾ ਹਿੰਦੁਸਤਾਨੀ ਵਿਦਵਾਨਾਂ ਦਾ ਮੂਡ ਜਾਨਣ ਲਈ ਟੀ.ਵੀ. ਚੈਨਲਾਂ ਵੱਲ ਪਰਤਦਾ ਹੈ। ਉਨ੍ਹਾਂ ਨੂੰ ਸੁਣ ਕੇ ਬੰਦਾ ਹੋਰ ਵੀ ਪ੍ਰੇਸ਼ਾਨ ਹੋ ਜਾਂਦਾ ਹੈ, ਜਿਸ ਤਰ੍ਹਾਂ ਦਾ ਜ਼ਹਿਰ ਉਨ੍ਹਾਂ ਵਿਚੋਂ ਕਈ ਕਸ਼ਮੀਰੀਆਂ ਦੇ ਖਿਲਾਫ ਉਗਲਦੇ ਹਨ, ਜਿਵੇਂ ਉਹ ਸਾਡਾ ਪੱਖ ਸੁਣੇ ਬਗ਼ੈਰ ਕਸ਼ਮੀਰ ਵਿਚ ਕਤਲਾਂ ਤੇ ਵਹਿਸ਼ਤ ਨੂੰ ਜਾਇਜ਼ ਠਹਿਰਾਉਂਦੇ ਹਨ।

ਮੈਂ ਇਕਦਮ ਟੀ.ਵੀ. ਬੰਦ ਕਰ ਦਿੰਦਾ ਹਾਂ। ਤਿੰਨ ਸਾਲ ਤੋਂ ਵਧੇਰੇ ਹੋ ਗਿਆ, ਜਦੋਂ ਮੈਂ ਅਤੇ ਮੇਰੇ ਵਰਗੇ ਬਹੁਤ ਸਾਰਿਆਂ ਨੇ ਸ਼ਾਇਦ ਹੀ ਕਦੇ ਕਿਸੇ ਹਿੰਦੁਸਤਾਨੀ ਟੀ.ਵੀ. ਚੈਨਲ ਉਪਰ ਕਸ਼ਮੀਰ ਨਾਲ ਸਬੰਧਤ ਬਹਿਸ ਦੇਖੀ ਹੋਵੇਗੀ। ਇਕ ਆਮ ਕਸ਼ਮੀਰ ਕੀ ਕਰੇਗਾ, ਜਦੋਂ ਉਹ ਮਹਿਸੂਸ ਕਰਦੇ ਹਨ ਕਿ ਆਲੇ-ਦੁਆਲੇ ਉਨ੍ਹਾਂ ਦਾ ਪੱਖ ਸੁਣਨ ਵਾਲਾ, ਉਨ੍ਹਾਂ ਨਾਲ ਹਮਦਰਦੀ ਕਰਨ ਵਾਲਾ ਕੋਈ ਨਹੀਂ, ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਤਾਂ ਗੱਲ ਹੀ ਛੱਡੋ?

ਜਦੋਂ ਕਸ਼ਮੀਰ ਦੀ ਗੱਲ ਆਉਂਦੀ ਹੈ, ਹਿੰਦੁਸਤਾਨ ਦੇ ਖੱਬੇ, ਸੱਜੇ ਅਤੇ ਮੱਧਮਾਰਗੀ ਸਾਰੇ ਇਕੋ ਥਾਂ ਖੜ੍ਹੇ ਜਾਪਦੇ ਹਨ। ਉਹ ਕਸ਼ਮੀਰ ਨੂੰ ਗੰਭੀਰ ਸਿਆਸੀ ਮਸਲੇ ਵਜੋਂ ਨਹੀਂ ਲੈਂਦੇ ਜਿਸ ਦਾ ਫੌਰੀ ਹੱਲ ਕਰਨਾ ਜ਼ਰੂਰੀ ਹੈ; ਸਗੋਂ ਹਰ ਕਿਸੇ ਕੋਲ ਦੇਣ ਲਈ ਸਲਾਹਾਂ ਹਨ ਕਿ ਕਸ਼ਮੀਰ ਨਾਲ ਕਿਵੇਂ ਨਜਿਠਿਆ ਜਾਵੇ, ਗੋਲੀਆਂ ਦੀ ਥਾਂ ਪੈਲੇਟ ਗੰਨਾਂ ਅਤੇ ਪੈਲੈਟ ਗੰਨਾਂ ਦੀ ਥਾਂ ਰਬੜ ਦੀਆਂ ਗੋਲੀਆਂ ਕਿਵੇਂ ਲਿਆਂਦੀਆਂ ਜਾਣ। ਲੇਕਿਨ ਕੋਈ ਵੀ ਝਗੜੇ ਨਾਲ ਸਬੰਧਤ ਤਮਾਮ ਧਿਰਾਂ ਨਾਲ ਗੱਲਬਾਤ ਦਾ ਅਮਲ ਚਲਾ ਕੇ ਕਸ਼ਮੀਰ ਵਿਚ ਅਮਨ ਲਿਆਉਣ ਦੀ ਵਕਾਲਤ ਨਹੀਂ ਕਰਦਾ। ਦਹਾਕਿਆਂ ਤੋਂ ਕਸ਼ਮੀਰ ਅਮਨ ਲਈ ਤਾਂਘ ਰਿਹਾ ਹੈ ਅਤੇ ਗੱਲਬਾਤ ਦੇ ਕਿਸੇ ਵੀ ਹਾਂਪੱਖੀ ਕਦਮ ਦਾ ਕਸ਼ਮੀਰੀ ਤਹਿ ਦਿਲੋਂ ਸਵਾਗਤ ਕਰਨਗੇ।

ਮਨਨ ਨਿੱਠ ਕੇ ਪੜ੍ਹਨ ਵਾਲਾ ਪਾਠਕ ਸੀ, ਲਿਓ ਤਾਲਸਤਾਏ ਅਤੇ ਅਰਨੈਸਟ ਹੈਮਿੰਗਵੇ ਵਰਗੇ ਬਹੁਤ ਸਾਰੇ ਪੱਛਮੀ ਲੇਖਕਾਂ ਨੂੰ ਪੜ੍ਹਨ ਦਾ ਸ਼ੁਕੀਨ। ਉਹ ਵਧੀਆ ਲੇਖਕ ਸੀ ਜਿਸ ਨੇ ਬਹੁਪੱਖੀ ਸਮਾਜੀ-ਸਿਆਸੀ ਮੁੱਦੇ ਉਠਾਉਂਦਿਆਂ ਸਿਆਸੀ ਵਿਅੰਗ ਲਿਖਣ ਸਮੇਤ ਬਹੁਤ ਸਾਰੇ ਬਲਾਗ ਲਿਖੇ। ਉਸ ਨੇ ਮੁੱਢਲੀ ਤਾਲੀਮ ਕੇਂਦਰ ਸਰਕਾਰ ਦੀ ਮਸ਼ਹੂਰ ਸਕੂਲੀ ਵਿਵਸਥਾ ਨਵੋਦਿਆ ਵਿਦਿਆਲਿਆ ਤੋਂ ਲਈ ਜਿਥੇ ਗਤੀਸ਼ੀਲ ਅਤੇ ਵੰਨ-ਸੁਵੰਨਤਾ ਵਾਲਾ ਸਮਾਜੀ ਮਾਹੌਲ ਹੈ। ਵਿਗਿਆਨਕ ਸੁਭਾਅ ਵਾਲੇ ਮਨਨ ਨੇ ਬਿਹਤਰੀਨ ਪ੍ਰਯੋਗਸ਼ਾਲਾਵਾਂ ਵਿਚ ਕੰਮ ਕੀਤਾ, ਆਪਣੇ ਵਿਦਿਆਰਥੀ ਜੀਵਨ ਦੀ ਸਰਗਰਮ ਜ਼ਿੰਦਗੀ ਦੌਰਾਨ ਉਸ ਦਾ ਕਈ ਜ਼ਹੀਨ ਦਿਮਾਗਾਂ ਨਾਲ ਆਦਾਨ-ਪ੍ਰਦਾਨ ਹੋਇਆ। ਫਿਰ ਵੀ ਉਸ ਨੇ ਬੰਦੂਕ ਚੁੱਕਣ ਦਾ ਰਾਹ ਅਖਤਿਆਰ ਕੀਤਾ।

ਉਸ ਦੇ ਮਨ ਵਿਚ ਦਰਅਸਲ ਕੀ ਗੁਜ਼ਰ ਰਹੀ ਸੀ, ਇਹ ਅਸੀਂ ਕਦੇ ਵੀ ਨਹੀਂ ਜਾਣ ਸਕਾਂਗੇ, ਲੇਕਿਨ ਅਸੀਂ ਕੁਝ ਕੜੀ-ਰਿਸ਼ਤੇ ਤਾਂ ਜੋੜ ਹੀ ਸਕਦੇ ਹਾਂ। 21ਵੀਂ ਸਦੀ ਵਿਚ, ਜਦੋਂ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਜ਼ਿੰਦਗੀ ਦੀਆਂ ਸਹੂਲਤਾਂ ਮਨੁੱਖ ਦੇ ਪੋਟਿਆਂ ਉਪਰ ਹਨ, ਜਦੋਂ ਉਸਦੇ ਹਮ-ਰੁਤਬਾ ਲੋਕ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਮਾਣ-ਸਨਮਾਨ ਵਾਲੀ ਜ਼ਿੰਦਗੀ ਗੁਜ਼ਾਰ ਰਹੇ ਹਨ, ਜਦੋਂ ਜਾਨਵਰਾਂ ਦੇ ਹੱਕਾਂ ਨੂੰ ਲੈ ਕੇ ਐਨੀ ਹਾਲ-ਪਾਹਰਿਆ ਮਚਾਈ ਜਾਂਦੀ ਹੈ, ਲੇਕਿਨ ਕਸ਼ਮੀਰੀਆਂ ਦੇ ਹੱਕ ਨਜ਼ਰਅੰਦਾਜ਼ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਕੋਈ ਪ੍ਰਵਾਹ ਹੀ ਨਹੀਂ ਕੀਤੀ ਜਾਂਦੀ।

ਮਨਨ ਵਰਗੇ ਕਿਸੇ ਕਸ਼ਮੀਰੀ ਨੂੰ ਘਰ ਪਹੁੰਚਣ ਲਈ ਵੀ ਦਰਜਨਾਂ ਸੁਰੱਖਿਆ ਨਾਕਿਆਂ ਵਿਚੋਂ ਦੀ ਗੁਜ਼ਰਨਾ ਪੈਂਦਾ ਹੈ। ਜਦੋਂ ਤੁਹਾਨੂੰ ਆਜ਼ਾਦੀ ਨਾਲ ਘੁੰਮਣ ਦੀ ਖੁੱਲ੍ਹ ਨਹੀਂ, ਜਦੋਂ ਤੁਹਾਡੇ ਵਾਲਾਂ ਦੇ ਸਟਾਈਲ ਅਤੇ ਪਹਿਰਾਵੇ ਨੂੰ ਲੈ ਕੇ ਸਵਾਲ ਕੀਤੇ ਜਾਂਦੇ ਹਨ ਅਤੇ ਤੁਹਾਡੀਆਂ ਕੋਈ ਵੀ ਪ੍ਰਾਪਤੀਆਂ ਅਤੇ ਵਿਦਿਅਕ ਯੋਗਤਾਵਾਂ ਸੁਰੱਖਿਆ ਦਸਤਿਆਂ ਦੇ ਗੁੱਸੇ ਤੋਂ ਤੁਹਾਡਾ ਬਚਾਉ ਕਰਨ ਦੇ ਕੰਮ ਨਹੀਂ ਆਉਂਦੀਆਂ, ਤਾਂ ਤੁਸੀਂ ਆਖਿਰ ਬੰਦੂਕ ਚੁੱਕ ਲੈਂਦੇ ਹੋ।

ਜਦੋਂ ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਕਿਸੇ ਸੰਭਵ ਗੱਲਬਾਤ ਦੀ ਕੋਈ ਉਮੀਦ ਨਹੀਂ ਜਾਪਦੀ। ਜਦੋਂ ਕਸ਼ਮੀਰ ਨੇ ਬਿਨਾਂ ਕਾਰਨ ਹੀ ਭਾਜਪਾ ਦੇ 2019 ਦੀਆਂ ਚੋਣਾਂ ਦੇ ਏਜੰਡਾ ਵਿਚ ਕੇਂਦਰੀ ਥਾਂ ਹਾਸਲ ਕਰ ਲਿਆ ਹੈ। ਜਦੋਂ ਧਾਰਾ 35-ਏ ਅਤੇ ਧਾਰਾ 270 ਨਾਲ ਲਗਾਤਾਰ ਛੇੜਛਾੜ ਕੀਤੀ ਜਾ ਰਹੀ ਹੈ। ਜਦੋਂ ਤੁਹਾਨੂੰ ਹਿੰਦੀ ਖੇਤਰ ਦੇ ਔਸਤ ਵੋਟਰ ਨੂੰ ਕਸ਼ਮੀਰ ਬਾਰੇ ਆਪਣੀ ਧੱਕੜ ਨੀਤੀ ਨਾਲ ਸੰਤੁਸ਼ਟ ਕਰਨਾ ਪੈ ਰਿਹਾ ਹੈ... ਤਾਂ ਆਮ ਕਸ਼ਮੀਰੀ ਦਹਿਸ਼ਤ ਨਾਲ ਸਹਿਮਿਆ ਮਹਿਸੂਸ ਕਰਦਾ ਹੈ ਅਤੇ ਉਹ ਜਿਥੋਂ ਤਕ ਦੇਖ ਸਕਦਾ ਹੈ, ਉਸ ਨੂੰ ਕੇਵਲ ਹਨੇਰਾ ਹੀ ਨਜ਼ਰ ਆਉਂਦਾ ਹੈ।

ਕਸ਼ਮੀਰ ਦੇ ਜੋ ਇਲਾਕੇ ਹੁਣ ਤਕ ਸ਼ਾਂਤ ਸਨ, ਉਥੇ ਫੌਜ ਦੇ ਨਵੇਂ ਕੈਂਪ ਬਣਾਏ ਜਾਣ ਨਾਲ ਅਤੇ ਜਦੋਂ ਹਾਲਾਤ 90ਵਿਆਂ ਦੀ ਯਾਦ ਦਿਵਾ ਰਹੇ ਹਨ, ਜਾਂ ਉਸ ਤੋਂ ਵੀ ਭੈੜੇ ਹਨ, ਤੋਂ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਹੋਰ ਵਧੇਰੇ ਨੌਜਵਾਨ ਖਾੜਕੂਆਂ ਦੀਆਂ ਸਫਾਂ ਵਿਚ ਸ਼ਾਮਲ ਹੋਣਗੇ। ਹੋਰ ਵਧੇਰੇ ਹਿੰਸਾ ਅਤੇ ਹੋਰ ਵਧੇਰੇ ਮੌਤਾਂ ਹੋਣਗੀਆਂ। ਜਿਵੇਂ ਸੁਰੱਖਿਆ ਮਾਹਰਾਂ ਨੇ ਪੇਸ਼ੀਨਗੋਈ ਕੀਤੀ ਹੈ, ਮਨਨ ਵਾਨੀ ਦੀ ਸੂਰਤ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਬਹੁਤ ਸਾਰੇ ਨੌਜਵਾਨਾਂ ਨੂੰ ਖਾੜਕੂ ਲਹਿਰ ਵਿਚ ਖਿੱਚ ਸਕਦੀ ਹੈ।

ਕਸ਼ਮੀਰੀ ਅਮਨ ਚਾਹੁੰਦੇ ਹਨ ਅਤੇ ਹਿੰਦੁਸਤਾਨ ਹਕੂਮਤ ਦਾ ਕੋਈ ਵੀ ਗੰਭੀਰ ਯਤਨ ਸੈਂਕੜੇ ਨੌਜਵਾਨਾਂ ਨੂੰ ਖਾੜਕੂ ਲਹਿਰ ਵਿਚ ਸ਼ਾਮਲ ਹੋਣ ਅਤੇ ਚੜ੍ਹਦੀ ਜਵਾਨੀ ਵਿਚ ਮਰਨ ਤੋਂ ਰੋਕ ਕੇ ਉਨ੍ਹਾਂ ਦੀਆਂ ਜਾਨਾਂ ਬਚਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਅਮਨ ਦੇ ਨਿੱਕੇ ਜਿਹੇ ਇਸ਼ਾਰੇ ਦਾ ਵੀ ਕਸ਼ਮੀਰ ਦੇ ਆਵਾਮ ਵੱਲੋਂ ਹਮੇਸ਼ਾ ਸਵਾਗਤ ਕੀਤਾ ਜਾਂਦਾ ਹੈ। ਜੇ ਨਵੀਂ ਦਿੱਲੀ ਕਸ਼ਮੀਰੀਆਂ ਨੂੰ ਸੱਚੀਓਂ ਹੀ ਆਪਣੇ ਨਾਗਰਿਕ ਸਮਝਦੀ ਹੈ, ਇਸ ਨੂੰ ਕਸ਼ਮੀਰ ਵਿਚ ਅਮਨ ਮੁੜ-ਬਹਾਲ ਕਰਨ ਲਈ ਫੌਰੀ ਤੌਰ 'ਤੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਮਾਯੂਸ ਅਤੇ ਅਲੱਗ-ਥਲੱਗ ਮਹਿਸੂਸ ਕਰ ਰਹੇ ਨੌਜਵਾਨਾਂ ਦਾ ਭਰੋਸਾ ਮੁੜ ਜਾਗ ਸਕੇ।

ਉਂਜ ਕਸ਼ਮੀਰ ਨਾਲ ਨਜਿੱਠਣ ਦੀ ਬਜਾਏ ਜੇ ਸਮੇਂ ਦੀਆਂ ਸਰਕਾਰਾਂ ਨੇ ਕੁਝ ਮਜ਼ਬੂਤ ਅਤੇ ਦਲੇਰ ਕਦਮ ਚੁੱਕੇ ਹੁੰਦੇ, ਜਿਵੇਂ ਰਿਆਸਤ ਦੇ ਖਾੜਕੂਵਾਦ ਤੋਂ ਮੁਕਤ ਇਲਾਕਿਆਂ ਵਿਚੋਂ ਅਫਸਪਾ ਕਾਨੂੰਨ ਵਾਪਸ ਲੈਣਾ, ਸਿਵਲ ਇਲਾਕਿਆਂ ਵਿਚੋਂ ਫੌਜ ਹਟਾਉਣਾ, ਜਾਂ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣਾ, ਤਾਂ ਜ਼ਮੀਨੀ ਹਾਲਾਤ ਪੂਰੀ ਤਰ੍ਹਾਂ ਵੱਖਰੇ ਹੋਣੇ ਸਨ। ਐਸੇ ਕਦਮਾਂ ਨੇ ਜਮਹੂਰੀਅਤ ਵਿਚ ਅਵਾਮ ਦਾ ਭਰੋਸਾ ਚੋਖੀ ਹੱਦ ਤਕ ਮੁੜ ਬਹਾਲ ਕਰ ਦੇਣਾ ਸੀ ਅਤੇ ਅੱਜ ਜੋ ਖੂਨ-ਖਰਾਬਾ ਅਸੀਂ ਕਸ਼ਮੀਰ ਦੀਆਂ ਸੜਕਾਂ ਉਪਰ ਦੇਖ ਰਹੇ ਹਾਂ, ਇਹ ਬਹੁਤ ਘਟ ਜਾਣਾ ਸੀ।



# ਸੰਤ ਭਿੰਡਰਾਂਵਾਲੇ ਦਾ ਪੋਸਟਮਾਰਟਮ ਕਰਨ ਲਈ ਕੋਈ ਡਾਕਟਰ ਨਹੀਂ ਸੀ ਰਾਜ਼ੀ

**ਜਲੰਧਰ:** ਅੱਖਾਂ ਦੇ ਮਾਹਿਰ ਡਾਕਟਰ ਜੇ.ਐਸ. ਵਧਵਾ ਨੇ ਆਪਣੀ ਜੀਵਨੀ ਵਿਚ ਦਾਅਵਾ ਕੀਤਾ ਹੈ ਕਿ ਸਾਕਾ ਨੀਲਾ ਤਾਰਾ ਦੌਰਾਨ ਪੋਸਟਮਾਰਟਮ ਕਰਨ ਲਈ ਜਿਹੜੀਆਂ ਲਾਸ਼ਾਂ ਟਰੈਕਟਰ-ਟਰਾਲੀਆਂ 'ਤੇ ਲੱਦ ਕੇ ਲਿਆਂਦੀਆਂ ਗਈਆਂ ਸਨ, ਉਨ੍ਹਾਂ ਵਿਚ ਜਨਰਲ ਸੁਬੇਗ ਸਿੰਘ



ਅਤੇ ਭਾਈ ਅਮਰੀਕ ਸਿੰਘ ਦੀਆਂ ਲਾਸ਼ਾਂ ਵੀ ਸ਼ਾਮਲ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਾਸ਼ ਸਪੈਸ਼ਲ ਫੌਜੀ ਟਰੱਕ ਵਿਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਲਿਆਂਦੀ ਗਈ ਸੀ।

ਡਾਕਟਰ ਵਧਵਾ, ਜੋ ਸਰਕਾਰੀ ਡਾਕਟਰ ਰਹੇ ਹਨ, ਨੇ ਆਪਣੀਆਂ ਯਾਦਾਂ ਤੇ ਡਾਕਟਰੀ ਤਜਰਬਿਆਂ ਬਾਰੇ ਲਿਖੀ ਕਿਤਾਬ 'ਆਟੋਬਾਇਓਗ੍ਰਾਫੀ ਆਫ ਅਨਨੋਨ ਡਾਕਟਰ' ਰਿਲੀਜ਼ ਕੀਤੀ। ਕਿਤਾਬ ਦੇ ਟਾਈਟਲ ਵਾਲੇ ਪੰਨੇ 'ਤੇ ਹੀ ਸਾਕਾ ਨੀਲਾ ਤਾਰਾ ਦੌਰਾਨ ਕੀਤੇ ਗਏ ਪੋਸਟਮਾਰਟਮਾਂ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਹੋਇਆ ਹੈ। ਡਾਕਟਰ ਵਧਵਾ ਨੇ ਦੱਸਿਆ ਕਿ ਸਾਕਾ ਨੀਲਾ ਤਾਰਾ ਦੌਰਾਨ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਡਾਕਟਰਾਂ ਨੂੰ ਪੋਸਟਮਾਰਟਮ ਕਰਨ ਲਈ ਅੰਮ੍ਰਿਤਸਰ ਸੱਦਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸੰਤ ਜਰਨੈਲ ਸਿੰਘ ਦੀ ਲਾਸ਼ ਨੂੰ ਉਨ੍ਹਾਂ ਨਹੀਂ ਦੇਖਿਆ ਸੀ। ਜਿਹੜੇ ਫੌਜੀ ਟਰੱਕ ਵਿਚ ਸੰਤ ਦੀ ਦੇਹ ਲਿਆਂਦੀ ਗਈ ਸੀ, ਉਸ ਦੀ ਸੁਰੱਖਿਆ ਬੜੀ ਸਖ਼ਤ ਸੀ ਜਿਸ ਨੂੰ ਦੇਖ ਕੇ ਪਤਾ ਲੱਗ ਜਾਂਦਾ ਸੀ ਕਿ ਟਰੱਕ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹੀ ਦੇਹ ਹੋਵੇਗੀ ਜਿਸ ਨੂੰ ਵੱਖਰੇ ਕਮਰੇ ਵਿਚ ਰੱਖਿਆ ਗਿਆ ਸੀ। ਅਗਲੀ ਸਵੇਰ ਜਦੋਂ ਭਿੰਡਰਾਂਵਾਲੇ ਦੀ ਲਾਸ਼ ਦਾ ਪੋਸਟਮਾਰਟਮ ਹੋਣਾ ਸੀ ਤਾਂ ਕੋਈ ਵੀ ਡਾਕਟਰ ਪੋਸਟਮਾਰਟਮ ਕਰਨ ਲਈ ਤਿਆਰ ਨਹੀਂ ਸੀ। ਹਰੇਕ ਦੇ ਮਨ ਅੰਦਰ ਡਰ ਸੀ। ਅੰਮ੍ਰਿਤਸਰ ਦੇ ਡਾਕਟਰਾਂ ਨੇ ਵੀ ਭਿੰਡਰਾਂਵਾਲੇ ਦੀ ਲਾਸ਼ ਦਾ ਪੋਸਟਮਾਰਟਮ ਕਰਨ ਤੋਂ ਨਾਂਹ ਕਰ ਦਿੱਤੀ ਸੀ। ਫਿਰ ਇਸ ਮਾਮਲੇ ਨੂੰ ਸਿਹਤ ਵਿਭਾਗ ਦੇ ਡਾਇਰੈਕਟਰ ਡਾਕਟਰ ਐਮ.ਐਸ. ਕੰਗ ਨੇ ਹੱਲ ਕੀਤਾ ਅਤੇ ਉਨ੍ਹਾਂ ਅੰਮ੍ਰਿਤਸਰ ਦੇ ਡਾਕਟਰਾਂ ਨੂੰ ਇਸ ਬਾਰੇ ਬਾਕਾਇਦਾ ਹੁਕਮ ਜਾਰੀ ਕੀਤੇ ਸਨ।

ਡਾਕਟਰ ਵਧਵਾ ਨੇ ਦੱਸਿਆ ਕਿ ਪੋਸਟਮਾਰਟਮ ਲਈ ਲਿਆਂਦੀਆਂ ਜਾ ਰਹੀਆਂ ਲਾਸ਼ਾਂ 'ਤੇ ਸਿਰਫ ਉਨ੍ਹਾਂ ਦੇ ਨੰਬਰ ਲਿਖੇ ਹੋਏ ਸਨ। ਉਨ੍ਹਾਂ ਕਿਹਾ ਇਕ ਡਾਕਟਰ ਰੋਜ਼ਾਨਾ 5 ਤੋਂ 6 ਲਾਸ਼ਾਂ ਦਾ ਪੋਸਟਮਾਰਟਮ ਕਰ ਦਿੰਦਾ ਸੀ ਅਤੇ ਇਸ ਤਰ੍ਹਾਂ ਕਰੀਬ 500 ਲਾਸ਼ਾਂ ਦਾ ਪੋਸਟਮਾਰਟਮ ਕੀਤਾ ਗਿਆ ਸੀ। ਉਨ੍ਹਾਂ ਨੂੰ ਵਿਸ਼ੇਸ਼ ਹਦਾਇਤ ਕੀਤੀ ਗਈ ਸੀ ਕਿ ਪੋਸਟਮਾਰਟਮ ਦੌਰਾਨ ਸਿਰਫ ਗੋਲੀ ਦਾ ਜ਼ਖ਼ਮ ਦੇਖਣਾ ਹੈ ਅਤੇ ਇਹ ਨੋਟ ਕੀਤਾ ਜਾਂਦਾ ਸੀ ਕਿ ਗੋਲੀ ਕਿਧਰ ਲੱਗੀ ਹੈ ਅਤੇ ਕਿਧਰੋਂ ਬਾਹਰ ਨਿਕਲੀ ਹੈ।

ਕਿਤਾਬ ਮੁਤਾਬਕ ਪੋਸਟਮਾਰਟਮ ਵਾਲਾ ਰਜਿਸਟਰ ਉਨ੍ਹਾਂ ਦੇ ਨੇੜੇ ਹੀ ਪਿਆ ਹੁੰਦਾ ਸੀ ਪਰ ਉਹ ਪਹਿਲਾਂ ਨੋਟ ਬੁੱਕ 'ਤੇ ਸਾਰੀਆਂ ਗੱਲਾਂ ਨੋਟ ਕਰਦੇ ਸਨ। ਨਾ ਤਾਂ ਲਾਸ਼ਾਂ ਦਾ ਵਿਸਰਾ ਲਿਆ ਜਾਂਦਾ ਸੀ ਤੇ ਨਾ ਹੀ ਛਾਤੀ ਖੋਲ੍ਹੀ ਜਾਂਦੀ ਸੀ, ਬੱਸ ਮੋਟਾ-ਮੋਟਾ ਹੀ ਪੋਸਟਮਾਰਟਮ ਕੀਤਾ ਜਾਂਦਾ ਸੀ। ਸ੍ਰੀ ਵਧਵਾ ਮੁਤਾਬਕ ਉਨ੍ਹਾਂ ਨੂੰ ਅੰਮ੍ਰਿਤਸਰ 'ਚ ਪੋਸਟਮਾਰਟਮ ਕਰਨ ਲਈ ਫੌਜ ਦੇ ਟਰੱਕ ਵਿਚ ਲਿਆਂਦਾ ਗਿਆ ਸੀ ਅਤੇ ਉਥੇ ਕਰਫਿਊ ਲੱਗਾ ਹੋਇਆ ਸੀ।

# ਬਰਤਾਨੀਆ 'ਚ ਸਿੱਖ ਫੌਜੀਆਂ ਦੀ ਯਾਦਗਾਰ ਤੋਂ ਪਰਦਾ ਹਟਾਇਆ

**ਲੰਡਨ:** ਇੰਗਲੈਂਡ ਦੇ ਪੱਛਮੀ ਮਿੱਡਲੈਂਡਜ਼ ਖੇਤਰ ਦੇ ਸਮੈਥਵਿੱਕ ਸ਼ਹਿਰ 'ਚ ਪਹਿਲੀ ਸੰਸਾਰ ਜੰਗ 'ਚ ਹਿੱਸਾ ਲੈਣ ਵਾਲੇ ਭਾਰਤੀ ਫੌਜੀਆਂ ਦੀ ਯਾਦ 'ਚ ਬਣਾਈ ਗਈ ਯਾਦਗਾਰ ਤੋਂ ਪਰਦਾ ਹਟਾਇਆ ਗਿਆ। ਗੁਰੂ ਨਾਨਕ ਗੁਰਦੁਆਰਾ ਸਮੈਥਵਿਕ ਨੇ ਇਸ ਯਾਦਗਾਰ ਨੂੰ 'ਵੱਡੀ ਜੰਗ ਦੇ ਸ਼ੇਰ' ਨਾਂ ਦਿੱਤਾ ਹੈ। ਪਹਿਲੀ ਸੰਸਾਰ ਜੰਗ ਸਮੇਂ ਬਰਤਾਨਵੀ ਭਾਰਤੀ ਫੌਜ ਦੇ ਜਵਾਨਾਂ ਨੇ ਬਰਤਾਨੀਆ ਵੱਲੋਂ ਜੰਗ 'ਚ ਹਿੱਸਾ ਲਿਆ ਸੀ।

ਗੁਰੂ ਨਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਕਿਹਾ, 'ਸਾਨੂੰ ਇਸ ਗੱਲ ਦਾ ਮਾਣ ਹੈ ਕਿ ਆਪਣੇ ਵਤਨ ਤੋਂ ਹਜ਼ਾਰਾਂ ਮੀਲ ਦੂਰ ਆ ਕੇ ਬੇਗਾਨੇ ਮੁਲਕ ਲਈ ਆਪਣੀਆਂ ਜਾਨਾਂ ਦੇਣ ਵਾਲੇ ਭਾਰਤੀ ਜਵਾਨਾਂ ਦੀ ਯਾਦ 'ਚ ਇਥੇ ਯਾਦਗਾਰ ਉਸਾਰੀ ਗਈ ਹੈ।' ਸਮੈਥਵਿੱਕ ਹਾਈ ਸਟ੍ਰੀਟ 'ਚ ਇਹ ਯਾਦਗਾਰ ਪਹਿਲੀ ਸੰਸਾਰ ਜੰਗ (ਨਵੰਬਰ 1918) ਦੀ 100ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਉਸਾਰੀ ਗਈ ਹੈ। ਇਹ ਬੁੱਤ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਥਾਨਕ ਸੈਂਡਵੈੱਲ ਕਾਊਂਸਲ ਦੇ ਸਹਿਯੋਗ ਨਾਲ ਹਾਈ ਸਟ੍ਰੀਟ ਤੇ ਟੌਲਹਾਊਸ ਵੇਅ ਵਿਚਾਲੇ ਸਥਾਪਤ ਕੀਤਾ ਗਿਆ ਹੈ। ਗੁਰਦੁਆਰਾ ਕਮੇਟੀ ਨੇ ਇਸ ਬੁੱਤ ਲਈ 20 ਹਜ਼ਾਰ ਪਾਊਂਡ ਦਾ ਯੋਗਦਾਨ ਦਿੱਤਾ ਤੇ ਕਾਊਂਸਲ ਨੇ ਇਥੇ ਲੋਕਾਂ ਦੇ ਬੈਠਣ ਤੇ ਰੌਸ਼ਨੀ ਦਾ ਪ੍ਰਬੰਧ ਕੀਤਾ ਹੈ। ਸੈਂਡਵੈੱਲ ਕਾਊਂਸਲ ਦੇ ਆਗੂ ਸਟੀਵ ਐਲਿੰਗ ਨੇ ਕਿਹਾ ਕਿ ਉਨ੍ਹਾਂ ਲੋਕਾਂ ਨੂੰ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਸਾਡੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਹਨ।

# ਮਰਹੂਮ ਗਾਇਕ ਪਿਆਰੇ ਲਾਲ ਵਡਾਲੀ ਤੇ ਕੌਂਸਲਰ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ

**ਅੰਮ੍ਰਿਤਸਰ:** ਮਸ਼ਹੂਰ ਸੂਫ਼ੀ ਗਾਇਕ ਪਿਆਰੇ ਲਾਲ ਵਡਾਲੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਅਤੇ ਬੀਤੇ ਜੂਨ ਮਹੀਨੇ ਵਿਚ ਕਤਲ ਕੀਤੇ ਗਏ ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ ਦੀ ਧੀ ਨੂੰ ਪੰਜਾਬ ਸਰਕਾਰ ਨੇ ਨੌਕਰੀ ਦੇ ਦਿੱਤੀ ਹੈ। ਨਿਯੁਕਤੀ ਪੱਤਰ ਦਿੰਦਿਆਂ ਕੈਬਨਿਟ ਮੰਤਰੀ ਓ.ਪੀ. ਸੋਨੀ ਨੇ ਕੌਂਸਲਰ ਦੇ ਪਰਿਵਾਰ ਅਤੇ ਨਵਜੋਤ ਸਿੰਘ ਸਿੱਧੂ ਨੇ ਰੇਲ ਹਾਦਸਾ ਪੀੜਤਾਂ ਦੀ ਮਾਲੀ ਮਦਦ ਦਾ ਐਲਾਨ ਵੀ ਕੀਤਾ।

ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ ਦਾ ਬੀਤੀ ਦੋ ਜੂਨ ਨੂੰ ਕਤਲ ਕਰ ਦਿੱਤਾ ਗਿਆ ਸੀ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਓ.ਪੀ. ਸੋਨੀ ਨੇ ਮ੍ਰਿਤਕ ਗੁਰਦੀਪ ਪਹਿਲਵਾਨ ਦੇ ਘਰ ਜਾ ਕੇ ਉਸ ਦੀ ਬੇਟੀ ਨੂੰ ਨਗਰ ਨਿਗਮ ਵਿਚ ਸਰਕਾਰੀ ਨੌਕਰੀ ਲਈ ਨਿਯੁਕਤੀ ਪੱਤਰ ਸੌਂਪਿਆ। ਮੰਤਰੀਆਂ ਨੇ ਐਲਾਨ ਕੀਤਾ ਕਿ ਜਦ ਪਹਿਲਵਾਨ ਦਾ ਪੁੱਤਰ ਬਾਲਗ ਹੋ ਜਾਵੇਗਾ ਤਾਂ ਉਸ ਨੂੰ ਵੀ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਇਸ ਮੌਕੇ ਸੋਨੀ ਨੇ ਇਹ ਐਲਾਨ ਵੀ ਕੀਤਾ ਕਿ ਉਹ ਆਪਣੀ ਨਿਜੀ ਆਮਦਨ ਵਿਚੋਂ ਕੌਂਸਲਰ ਦੇ ਪਰਿਵਾਰ ਨੂੰ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਲੀ ਮਦਦ ਦੇਣਗੇ। ਇਸੇ ਤਰ੍ਹਾਂ ਬੀਤੇ ਮਾਰਚ ਦੌਰਾਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਵਾਲੇ ਮਸ਼ਹੂਰ ਸੂਫ਼ੀ ਗਾਇਕ ਪਿਆਰੇ ਲਾਲ ਵਡਾਲੀ ਦੇ ਪੁੱਤਰ ਸੰਦੀਪ ਸਿੰਘ ਨੂੰ ਵੀ ਪੰਜਾਬ ਸਰਕਾਰ ਵੱਲੋਂ ਨਿਯੁਕਤੀ ਪੱਤਰ ਦਿੱਤਾ ਗਿਆ ਹੈ। ਦੋਵਾਂ ਨੂੰ ਛੇਤੀ ਹੀ ਸਬੰਧਤ ਵਿਭਾਗ ਵਿਚ ਜੁਆਇਨ ਵੀ ਕਰਵਾ ਲਿਆ ਜਾਵੇਗਾ।

# ਕੈਪਟਨ ਸਰਕਾਰ ਵੱਲੋਂ ਮੁਫਤ ਸਮਾਰਟ ਫੋਨ ਵੰਡਣ ਦੀ ਤਿਆਰੀ

**ਬਠਿੰਡਾ:** ਕੈਪਟਨ ਸਰਕਾਰ ਵੱਲੋਂ ਮੁਫਤ ਸਮਾਰਟ ਫੋਨਾਂ ਦੀ ਵੰਡ ਮਾਘੀ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਦਸ ਕੁ ਦਿਨ ਪਹਿਲਾਂ ਉਦਯੋਗ ਵਿਭਾਗ ਦੀ ਸਕੱਤਰ ਵਿੰਨੀ ਮਹਾਜਨ ਨੇ ਦੱਸਿਆ ਕਿ ਬਹੁਤ ਜਲਦੀ ਹੀ ਮੋਬਾਈਲ ਫੋਨਾਂ ਦੀ ਖਰੀਦ



ਲਈ ਟੈਂਡਰ ਹੋ ਰਹੇ ਹਨ ਅਤੇ ਜਨਵਰੀ ਮਹੀਨੇ ਵਿਚ ਸਮਾਰਟ ਫੋਨਾਂ ਦੀ ਵੰਡ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸੇ ਦੌਰਾਨ ਵਧੀਕ ਮੁੱਖ ਸਕੱਤਰ (ਯੁਵਕ ਸੇਵਾਵਾਂ) ਸੰਜੇ ਕੁਮਾਰ ਨੇ ਦੱਸਿਆ ਕਿ ਸਮਾਰਟ ਫੋਨ ਦੇਣ ਲਈ ਸਨਅਤੀ ਵਿਭਾਗ ਅਤੇ ਇਨਫੋਟੈਕ ਵੱਲੋਂ ਬੋਲੀ ਤਿਆਰ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ 70 ਕਰੋੜ ਰੁਪਏ ਦਾ ਪ੍ਰਬੰਧ ਕਰ ਰਹੀ ਹੈ।

ਸਾਲ 2018-19 ਦੇ ਬਜਟ ਵਿਚ ਇਸ ਮਕਸਦ ਲਈ 10 ਕਰੋੜ ਰੱਖੇ ਗਏ ਸਨ। ਯੁਵਕ ਸੇਵਾਵਾਂ ਵਿਭਾਗ ਨੇ ਹੁਣ ਵਿੱਤ ਵਿਭਾਗ ਨੂੰ ਪੱਤਰ ਲਿਖ ਕੇ ਮੁਫਤ ਸਮਾਰਟ ਫੋਨਾਂ ਲਈ 60 ਕਰੋੜ ਰੁਪਏ ਦਾ ਹੋਰ ਬਜਟ ਰੱਖਣ ਲਈ ਤਜਵੀਜ਼ ਭੇਜ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਪੜ੍ਹੇ ਲਿਖੇ 50 ਲੱਖ ਨੌਜਵਾਨਾਂ ਨੂੰ ਮੁਫਤ ਮੋਬਾਈਲ ਫੋਨ ਦੇਣ ਦਾ ਵਾਅਦਾ ਕੀਤਾ ਸੀ। 18 ਤੋਂ 35 ਸਾਲ ਦੇ ਨੌਜਵਾਨਾਂ ਨੂੰ ਹਕੂਮਤ ਬਣਨ ਤੋਂ ਸੌ ਦਿਨਾਂ ਦੇ ਅੰਦਰ ਅੰਦਰ ਇਹ ਮੋਬਾਈਲ ਫੋਨ ਦਿੱਤੇ ਜਾਣੇ ਸਨ।

ਪਤਾ ਲੱਗਾ ਹੈ ਕਿ ਪਹਿਲੇ ਪੜਾਅ 'ਚ ਕਰੀਬ ਤਿੰਨ ਲੱਖ ਨੌਜਵਾਨਾਂ ਨੂੰ ਮੋਬਾਈਲ ਦਿੱਤੇ ਜਾਣਗੇ। ਪੰਜਾਬ ਇਨਫੋਟੈਕ ਨੇ ਇਸ ਮਕਸਦ ਲਈ ਸਲਾਹਕਾਰੀ ਫਰਮ ਦੀ ਚੋਣ ਕਰ ਲਈ ਹੈ ਅਤੇ ਇਸ ਦੌਰਾਨ ਲੱਖਾਂ ਰੁਪਏ ਦਾ ਖਰਚਾ ਵੀ ਹੋ ਚੁੱਕਾ ਹੈ। ਇਨਫੋਟੈਕ ਦੀ ਕਾਰਜਕਾਰੀ ਡਾਇਰੈਕਟਰ ਆਸ਼ੂਨੀਤ ਦਾ ਕਹਿਣਾ ਕਿ ਮੋਬਾਈਲ ਫੋਨਾਂ ਦੀ ਖਰੀਦ ਲਈ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਸੂਤਰ ਦੱਸਦੇ ਹਨ ਕਿ ਪਹਿਲੇ ਪੜਾਅ 'ਚ ਬਾਰ੍ਹਵੀਂ ਤੋਂ ਬੀ.ਏ. ਤੱਕ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਮਾਰਟ ਫੋਨ ਦਿੱਤੇ ਜਾਣੇ ਹਨ। ਉਂਜ, ਕਾਂਗਰਸ ਪਾਰਟੀ ਕੋਲ ਮੋਬਾਈਲ ਫੋਨਾਂ ਲਈ 30 ਲੱਖ ਨੌਜਵਾਨਾਂ ਨੇ ਰਜਿਸਟ੍ਰੇਸ਼ਨ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਕਾਂਗਰਸ ਸਰਕਾਰ ਇਸ ਦੇ ਨਾਲ ਹੀ ਹੁਣ ਘਰ ਘਰ ਨੌਕਰੀ ਅਤੇ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਵੀ ਪੂਰਾ ਕਰੇ। ਲੋਕ ਸਭਾ ਚੋਣਾਂ ਤੋਂ ਪਹਿਲਾਂ ਵੋਟਾਂ ਬਟੋਰਨ ਵਾਲੇ ਕੰਮ ਸਰਕਾਰ ਕਰੇਗੀ ਪਰ ਕਿਸਾਨੀ ਕਰਜ਼ਾ ਪੂਰਾ ਮੁਆਫ਼ ਕਰਨ ਦੇ ਵਾਅਦੇ ਨੂੰ ਨਾ ਭੁੱਲੇ। ਗੰਨੇ ਦੇ ਬਕਾਏ ਵੀ ਕਿਸਾਨ ਉਡੀਕ ਰਹੇ ਹਨ।

# ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਦਾ ਵਿਰੋਧ

**ਅੰਮ੍ਰਿਤਸਰ:** ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਨੂੰ ਗਰਮਖਿਆਲੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਥੇ ਅਕਾਲ ਤਖਤ ਨੇੜੇ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਅਖੰਡ ਪਾਠ ਦੇ ਭੋਗ ਸਮੇਂ ਦੋ ਗਰਮਖਿਆਲੀ ਆਗੂਆਂ ਨੇ ਜਥੇਦਾਰ ਕੋਲੋਂ ਸਿਰੋਪੇ ਲੈਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਇਕ ਧਿਰ ਵੱਲੋਂ ਥਾਪੇ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ ਹਨ।

ਜਾਣਕਾਰੀ ਅਨੁਸਾਰ ਅਕਾਲ ਤਖਤ ਨੇੜੇ ਗੁਰਦੁਆਰਾ ਝੰਡਾ ਬੁੰਗਾ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਅਖੰਡ ਪਾਠ ਦਾ ਭੋਗ ਪਾਇਆ ਗਿਆ ਸੀ। ਸਮਾਗਮ ਵਿਚ ਅਕਾਲ ਤਖ਼ਤ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਪੁੱਜੇ ਹੋਏ ਸਨ। ਇਸ ਦੌਰਾਨ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਉਸ ਵੇਲੇ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਲੈਣ ਲਈ ਆਖਿਆ ਗਿਆ, ਪਰ ਪਰਿਵਾਰ ਵਿਚੋਂ ਕੋਈ ਵੀ ਹਾਜ਼ਰ ਨਹੀਂ ਸੀ। ਇਸ ਮੌਕੇ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਰਨੈਲ ਸਿੰਘ ਸਖੀਰਾ ਨੂੰ ਬੇਅੰਤ ਸਿੰਘ ਦੇ ਪਰਿਵਾਰ ਦੇ ਆਧਾਰ 'ਤੇ ਸਿਰੋਪੇ ਲੈਣ ਵਾਸਤੇ ਸੱਦਿਆ ਗਿਆ, ਪਰ ਦੋਵਾਂ ਆਗੂਆਂ ਨੇ ਇਹ ਕਹਿ ਕੇ ਸਿਰੋਪੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਇਕ ਧਿਰ ਵੱਲੋਂ ਥਾਪੇ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ। ਇਹ ਕਹਿ ਕੇ ਦੋਵੇਂ ਆਗੂ ਸਮਾਗਮ ਵਿਚੋਂ ਵਾਪਸ ਆ ਗਏ।

ਸ੍ਰੀ ਕੰਵਰਪਾਲ ਸਿੰਘ ਨੇ ਆਖਿਆ ਕਿ ਨਵੇਂ ਕਾਰਜਕਾਰੀ ਜਥੇਦਾਰ ਨੂੰ ਵੀ ਉਸੇ ਧਿਰ ਵੱਲੋਂ ਨਿਯੁਕਤ ਕੀਤਾ ਗਿਆ ਹੈ, ਜਿਸ ਨੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਅਤੇ ਉਨ੍ਹਾਂ 'ਤੇ ਦਬਾਅ ਪਾ ਕੇ ਮਨ ਚਾਹੁੰਦੇ ਹੁਕਮਨਾਮੇ ਜਾਰੀ ਕਰਵਾਏ। ਇਨ੍ਹਾਂ ਹੁਕਮਨਾਮਿਆਂ ਕਰ ਕੇ ਸਿੱਖ ਕੌਮ ਨੂੰ ਸ਼ਰਮਸਾਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਉਹ ਜਥੇਦਾਰ ਦੇ ਨਹੀਂ ਬਲਕਿ ਉਸ ਸਿਸਟਮ ਖਿਲਾਫ ਹਨ, ਜੋ ਆਪਣੇ ਮੁਫਾਦ ਲਈ ਅਕਾਲ ਤਖਤ ਦੀ ਦੁਰਵਰਤੋਂ ਕਰ ਰਿਹਾ ਹੈ।

## ਲਿਫਾਫਿਆਂ 'ਚੋਂ ਨਿਕਲਣ ਵਾਲੇ ਜਥੇਦਾਰ ਤੇ ਪ੍ਰਧਾਨ ਪ੍ਰਵਾਨ ਨਹੀਂ: ਟਿਵਾਣਾ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਤਰਜਮਾਨ, ਸਿਆਸੀ ਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਕਿਹਾ ਕਿ ਧਾਰਮਿਕ ਤੇ ਸਿਆਸੀ ਪ੍ਰਵਾਨਿਤ ਰਵਾਇਤਾਂ ਨੂੰ ਨਜ਼ਰਅੰਦਾਜ਼ ਕਰਕੇ ਲਿਫਾਫਿਆਂ ਵਿਚੋਂ ਕੱਢੇ ਜਾਣ ਵਾਲੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ ਨੂੰ ਕੌਮ ਹੁਣ ਪ੍ਰਵਾਨ ਨਹੀਂ ਕਰੇਗੀ। ਉਨ੍ਹਾਂ ਦਲੀਲ ਦਿੱਤੀ ਕਿ ਸਿੱਖ ਕੌਮ ਦਾ ਇਕ ਨਿੱਗਰ ਤੇ ਮਜ਼ਬੂਤ ਨਿਯਮ ਹੈ ਕਿ ਧਰਮ ਅਤੇ ਰਾਜਨੀਤੀ ਜਿਥੇ ਇਕ-ਦੂਸਰੇ ਦੇ ਪੂਰਕ ਹਨ, ਉਥੇ ਇਹ ਨਾਲੋ-ਨਾਲ ਹੀ ਚੱਲਦੇ ਹਨ, ਪਰ ਨਾਲ ਹੀ ਸਿੱਖਾਂ ਨੂੰ ਇਹ ਵੀ ਹਦਾਇਤ ਹੈ ਕਿ ਸਿੱਖ ਸਿਆਸਤ ਧਰਮੀ ਅਸੂਲਾਂ, ਨਿਯਮਾਂ ਤੇ ਸਿਧਾਂਤਾਂ ਦੀ ਅਗਵਾਈ ਲੈਂਦੇ ਹੋਏ ਹੀ ਕਰਨੀ ਹੈ।

# ਤਰਸ ਦੇ ਆਧਾਰ 'ਤੇ ਨੌਕਰੀ ਕੋਈ ਕਾਨੂੰਨੀ ਹੱਕ ਨਹੀਂ: ਕੈਟ

**ਨਵੀਂ ਦਿੱਲੀ:** ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ ਨੇ ਕਿਹਾ ਕਿ ਤਰਸ ਦੇ ਆਧਾਰ 'ਤੇ ਕੀਤੀਆਂ ਗਈਆਂ ਨਿਯੁਕਤੀਆਂ ਉਤੇ ਆਪਣਾ ਹੱਕ ਦੱਸ ਕੇ ਦਾਅਵਾ ਨਹੀਂ ਜਤਾਇਆ ਜਾ ਸਕਦਾ। ਟ੍ਰਿਬਿਊਨਲ ਨੇ ਕਿਹਾ ਕਿ ਇਹ ਨੌਕਰੀ 'ਤੇ ਰੱਖਣ ਵਾਲੇ ਦੀ ਇੱਛਾ 'ਤੇ ਨਿਰਭਰ ਕਰਦਾ ਹੈ ਕਿ ਉਹ ਉਮੀਦਵਾਰ ਦੇ ਪਰਿਵਾਰਕ ਹਾਲਾਤ ਨੂੰ ਵੇਖਦਿਆਂ ਇਸ ਦਾਅਵੇ ਨੂੰ ਮੰਨਦਾ ਹੈ ਜਾਂ ਨਹੀਂ। ਟ੍ਰਿਬਿਊਨਲ ਨੇ ਇਹ ਟਿੱਪਣੀਆਂ ਦਿੱਲੀ ਵਾਸੀ ਰੋਹਿਤ ਚੌਧਰੀ ਵੱਲੋਂ ਦਾਇਰ ਉਸ ਅਰਜ਼ੀ ਨੂੰ ਖਾਰਜ ਕਰਦਿਆਂ ਕੀਤੀਆਂ ਹਨ, ਜਿਸ ਵਿਚ ਉਸ ਨੇ ਦਿੱਲੀ ਵਿਕਾਸ ਅਥਾਰਿਟੀ 'ਚ ਤਰਸ ਦੇ ਆਧਾਰ 'ਤੇ ਹੋਈ ਨਿਯੁਕਤੀ ਉਤੇ ਆਪਣਾ ਅਧਿਕਾਰ ਜਤਾਇਆ ਸੀ।

ਪ੍ਰਸ਼ਾਸਕੀ ਮੈਂਬਰ ਪ੍ਰਵੀਨ ਮਹਾਜਨ ਦੇ ਬੈਂਚ ਨੇ ਕਿਹਾ, 'ਇਹ ਕਾਨੂੰਨ ਵਿਚ ਦਰਜ ਹੈ ਕਿ ਤਰਸ ਦੇ ਅਧਾਰ 'ਤੇ ਹੋਈ ਨਿਯੁਕਤੀ 'ਤੇ ਕਾਨੂੰਨੀ ਅਧਿਕਾਰ ਵਜੋਂ ਦਾਅਵਾ ਨਹੀਂ ਜਤਾਇਆ ਜਾ ਸਕਦਾ ਤੇ ਵਿੱਤੀ ਦਬਾਅ ਦਾ ਸਬੰਧਤ ਸ਼ਰਤਾਂ ਤਹਿਤ ਲੇਖਾ ਜੋਖਾ ਕੀਤਾ ਜਾਵੇਗਾ।' ਟ੍ਰਿਬਿਊਨਲ ਨੇ ਇਹ ਵੀ ਕਿਹਾ ਕਿ ਚੌਧਰੀ, ਜੋ ਕਿ ਚੰਗਾ ਪੜ੍ਹਿਆ ਲਿਖਿਆ ਹੈ ਤੇ ਜਿਸ ਕੋਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਹੈ, ਤਰਸ ਦੇ ਆਧਾਰ 'ਤੇ ਹੋਈ ਨਿਯੁਕਤੀ 'ਤੇ ਹੱਕੀ ਦਾਅਵਾ ਨਹੀਂ ਜਤਾ ਸਕਦਾ। ਚੌਧਰੀ ਦੇ ਪਿਤਾ ਦੀ 51 ਸਾਲ ਦੀ ਉਮਰ 'ਚ ਮੌਤ ਹੋ ਗਈ ਸੀ ਤੇ ਪਿੱਛੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ, ਦੋ ਬੇਟੇ ਤੇ ਇਕ ਬੇਟੀ ਸਨ।

# 14 ਬੰਦੇ ਖਾਣ ਵਾਲੀ ਆਦਮਖੋਰ ਸ਼ੇਰਨੀ ਦੀ ਮੌਤ 'ਤੇ ਲੋਕਾਂ ਮਨਾਇਆ ਜਸ਼ਨ

**ਮੁੰਬਈ:** 14 ਇਨਸਾਨਾਂ ਤੇ ਦਰਜਨਾਂ ਜਾਨਵਰਾਂ ਦੀ ਜਾਨ ਲੈ ਚੁੱਕੀ ਆਦਮਖੋਰ ਸ਼ੇਰਨੀ ਅਵਨੀ ਨੂੰ ਆਖਿਰਕਾਰ ਜੰਗਲਾਤ ਵਿਭਾਗ ਨੇ ਸਖਤ ਮਿਹਨਤ ਤੋਂ ਬਾਅਦ ਮਾਰ ਹੀ ਦਿੱਤਾ। ਜੰਗਲਾਤ ਵਿਭਾਗ ਦੇ ਕਰਮਚਾਰੀਆਂ ਨੇ ਪਹਿਲਾਂ ਸੀ। ਸ਼ੇਰਨੀ ਦੇ ਮਰਨ ਤੋਂ ਬਾਅਦ ਪਿੰਡ ਦੇ ਲੋਕਾਂ ਨੇ ਪਟਾਕੇ ਪਾ ਕੇ ਅਤੇ ਮਿਠਾਈਆਂ ਵੰਡ ਕੇ ਖੁਸ਼ੀ ਜ਼ਾਹਿਰ ਕੀਤੀ।

ਹੁਣ ਵਿਭਾਗ ਉਸ ਦੇ ਦੋ ਬੱਚਿਆਂ ਦੀ ਭਾਲ ਕਰ ਰਹੀ ਹੈ, ਕਿਉਂਕਿ ਮਾਂ ਤੋਂ ਬਿਨਾ ਬੱਚਿਆਂ ਦਾ



ਅਵਨੀ ਨੂੰ ਸੁਰੱਖਿਅਤ ਫੜਨ ਦੀ ਕੋਸ਼ਿਸ਼ ਕੀਤੀ ਪਰ ਕਾਬੂ ਪਾਉਣ 'ਚ ਨਾਕਾਮਯਾਬ ਹੋਣ ਤੋਂ ਬਾਅਦ ਉਸ ਨੂੰ ਗੋਲੀ ਮਾਰਨੀ ਪਈ।

ਵਿਭਾਗ ਅਤੇ ਸ਼ੂਟਰ ਨਵਾਬ ਦੇ ਬੇਟੇ ਅਸਗਰ ਨੇ ਉਸ ਨੂੰ ਗੋਲੀ ਮਾਰੀ, ਅਜਿਹਾ ਕਰਨ ਦਾ ਕਾਰਨ ਇਹ ਵੀ ਸੀ ਕਿ ਅਵਨੀ ਉਨ੍ਹਾਂ ਦੀ ਟੀਮ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੀ ਜੰਗਲ 'ਚ ਜ਼ਿਆਦਾ ਸਮੇਂ ਜ਼ਿੰਦਾ ਰਹਿਣਾ ਮੁਸ਼ਕਲ ਹੈ। ਸ਼ੇਰਨੀ ਦੇ ਖੌਫ ਕਾਰਨ ਪ੍ਰਸ਼ਾਸਨ ਨੇ ਪਿਛਲੇ ਦਿਨੀਂ ਅਵਨੀ ਨੂੰ ਗੋਲੀ ਮਾਰਨ ਦੇ ਆਦੇਸ਼ ਜਾਰੀ ਕਰ ਦਿੱਤੇ ਸੀ। 10 ਮਹੀਨੇ ਪਹਿਲਾਂ ਯਵਤਮਾਲ ਦੇ ਰੋਲੇਗਾਂਵ 'ਚ ਇਸ ਸ਼ੇਰਨੀ ਦੀ ਦਹਿਸ਼ਤ ਸ਼ੁਰੂ ਹੋ ਗਈ ਸੀ, ਜਿਸ ਪਿਛੋਂ ਪੂਰੇ ਇਲਾਕੇ 'ਚ ਕੈਮਰੇ ਲਾ ਕੇ 200 ਟੀਮਾਂ ਇਸ ਨੂੰ ਲੱਭ ਰਹੀਆਂ ਸਨ।

## ਮਲਾਲਾ ਯੂਸਫਜ਼ਈ ਨੂੰ ਹੁਣ ਹਾਰਵਰਡ ਯੂਨੀਵਰਸਿਟੀ ਕਰੇਗੀ ਸਨਮਾਨਿਤ

**ਕੈਂਬਰਿਜ:** ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫ਼ਜ਼ਈ ਨੂੰ ਲੜਕੀਆਂ ਲਈ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਹਾਰਵਰਡ ਯੂਨੀਵਰਸਿਟੀ ਸਨਮਾਨਿਤ ਕਰੇਗੀ। ਹਾਰਵਰਡ ਦੇ ਕੈਨੇਡੀ ਸਕੂਲ ਨੇ ਦੱਸਿਆ ਕਿ 6 ਦਸੰਬਰ ਨੂੰ



ਕਰਵਾਏ ਜਾਣ ਵਾਲੇ ਇਕ ਸਮਾਗਮ 'ਚ ਮਲਾਲਾ ਨੂੰ 2018 ਦਾ ਗਲੇਟਸਮੈਨ ਪੁਰਸਕਾਰ ਦਿੱਤਾ ਜਾਵੇਗਾ। ਯੂਸਫ਼ਜ਼ਈ ਨੂੰ 2014 'ਚ ਸਭ ਤੋਂ ਘੱਟ ਉਮਰ ਵਿਚ ਨੋਬਲ ਸ਼ਾਂਤੀ ਪੁਰਸਕਾਰ ਮਿਲਣ ਦਾ ਮਾਣ ਹਾਸਲ ਹੋਇਆ। ਇਸ ਤੋਂ ਪਹਿਲਾਂ ਲੜਕੀਆਂ ਦੀ ਸਿੱਖਿਆ ਦੀ ਵਕਾਲਤ ਕਰਨ ਦੇ ਕਾਰਨ ਪਾਕਿਸਤਾਨ 'ਚ ਤਾਲਿਬਾਨ ਨੇ ਉਸ 'ਤੇ ਹਮਲਾ ਕੀਤਾ ਸੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਈ ਸੀ। ਹਮਲੇ ਤੋਂ ਬਾਅਦ ਤੋਂ ਹੀ ਉਹ ਅਤੇ ਉਸ ਦਾ ਪਰਿਵਾਰ ਇੰਗਲੈਂਡ ਰਹਿ ਰਿਹਾ ਹੈ।

# ਦੁਨੀਆਂ ਦੇ ਸਭ ਤੋਂ ਉਚੇ ਬੁੱਤ 'ਸਟੈਚੂ ਆਫ ਯੂਨਿਟੀ' ਦਾ ਉਦਘਾਟਨ

**ਕੇਵੜੀਆ (ਗੁਜਰਾਤ):** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਦਾਰ ਵੱਲਭ ਭਾਈ ਪਟੇਲ ਦੇ 182 ਮੀਟਰ ਉਚੇ ਬੁੱਤ 'ਸਟੈਚੂ ਆਫ ਯੂਨਿਟੀ' ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਆਦਮ ਕੱਦ ਬੁੱਤ ਦਾ ਉਦਘਾਟਨ ਕਰਨ ਤੋਂ ਬਾਅਦ ਕਿਹਾ ਕਿ ਇਹ ਬੁੱਤ 'ਭਾਰਤ ਦੇ ਲੋਹ ਪੁਰਸ਼' 'ਚ ਸਰਦਾਰ ਸਰੋਵਰ ਡੈਮ ਨੇੜੇ ਸਾਧੂ ਬੇਟ 'ਚ ਇਕ ਛੋਟੇ ਜਿਹੇ ਟਾਪੂ 'ਤੇ ਬਣਾਇਆ ਗਿਆ ਹੈ।

ਇਸ ਯਾਦਗਾਰ ਨੂੰ ਬਣਾਉਣ ਦਾ ਸੰਕਲਪ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਹੋਣ ਮੌਕੇ ਲਿਆ ਸੀ ਤੇ ਉਨ੍ਹਾਂ 2013 'ਚ ਇਸ ਦਾ ਉਦਘਾਟਨ ਕੀਤਾ ਸੀ।



ਸਰਦਾਰ ਪਟੇਲ ਦੇ ਉਸ ਹਾਸਲੇ ਦੀ ਯਾਦ ਦਿਵਾਏਗਾ, ਜਿਸ ਨੇ ਭਾਰਤ ਨੂੰ ਟੁਕੜਿਆਂ 'ਚ ਵੰਡਣ ਦੀ ਸਾਜਿਸ਼ ਨੂੰ ਨਾਕਾਮ ਕੀਤਾ। 'ਸਟੈਚੂ ਆਫ ਯੂਨਿਟੀ' ਨੂੰ ਗੁਜਰਾਤ ਦੇ ਨਰਮਦਾ ਜ਼ਿਲ੍ਹੇ ਆਜ਼ਾਦੀ ਤੋਂ ਬਾਅਦ ਸੰਘੀ ਭਾਰਤ 'ਚ 550 ਰਿਆਸਤਾਂ ਨੂੰ ਮਿਲਾਉਣ ਦਾ ਸਿਹਰਾ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਨਵਾਬ ਸ਼ਾਸਿਤ ਰਿਆਸਤ ਜੂਨਾਗੜ੍ਹ ਤੇ ਨਿਜ਼ਾਮ ਸ਼ਾਸਿਤ ਰਿਆਸਤ ਹੈਦਰਾਬਾਦ ਨੂੰ ਸੰਘੀ ਭਾਰਤ 'ਚ ਮਿਲਾਉਣ ਲਈ ਬਲ ਦਾ ਪ੍ਰਯੋਗ ਵੀ ਕਰਨਾ ਪਿਆ। ਦੋਵਾਂ ਰਿਆਸਤਾਂ ਦੇ ਸ਼ਾਸਕ ਆਪਣੀਆਂ ਰਿਆਸਤਾਂ ਨੂੰ ਭਾਰਤ 'ਚ ਮਿਲਾਉਣ ਦੇ ਹੱਕ ਵਿਚ ਨਹੀਂ ਸਨ। ਇਹ ਬੁੱਤ (182 ਮੀਟਰ) ਦੁਨੀਆਂ ਦਾ ਸਭ ਤੋਂ ਉੱਚਾ ਬੁੱਤ ਹੈ, ਇਹ ਚੀਨ ਦੇ 'ਸਪਰਿੰਗ ਟੈਂਪਲ' ਬੁੱਧ ਦੇ ਬੁੱਤ (153 ਮੀਟਰ) ਤੋਂ ਲਗਭਗ 29 ਮੀਟਰ ਤੇ ਅਮਰੀਕਾ ਸਥਿਤ 'ਸਟੈਚੂ ਆਫ ਲਿਬਰਟੀ' (93 ਮੀਟਰ) ਤੋਂ ਲਗਭਗ ਦੁੱਗਣਾ ਹੈ।

# ਪਰਵਾਸੀਆਂ ਦੀ ਪੱਥਰਬਾਜ਼ੀ ਦਾ ਜਵਾਬ ਗੋਲੀਆਂ ਨਾਲ ਦੇਵੇਗੀ ਟਰੰਪ ਦੀ ਫੌਜ

**ਵਾਸ਼ਿੰਗਟਨ:** ਰੁਜ਼ਗਾਰ ਤੇ ਚੰਗੇ ਜੀਵਨ ਦੀ ਤਲਾਸ਼ ਵਿਚ ਲੈਟਿਨ ਅਮਰੀਕੀ ਦੇਸ਼ਾਂ ਹੋਂਡੁਰਾਸ, ਗਵਾਟੇਮਾਲਾ ਤੇ ਸਲਵਾਡੋਰ ਤੋਂ ਕਰੀਬ 10 ਹਜ਼ਾਰ ਲੋਕਾਂ ਦਾ ਕਾਫਲਾ ਅਮਰੀਕਾ ਵੱਲ



ਵਧ ਰਿਹਾ ਹੈ। ਇਨ੍ਹਾਂ ਨੂੰ ਰੋਕਣ ਲਈ ਅਮਰੀਕਾ-ਮੈਕਸਿਕੋ ਬਾਰਡਰ 'ਤੇ 15 ਹਜ਼ਾਰ ਜਵਾਨ ਤਾਇਨਾਤ ਕੀਤੇ ਜਾਣਗੇ। ਇਸੇ ਵਿਚਾਲੇ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਹੁਕਮ ਦਿੱਤਾ ਹੈ ਕਿ ਜੇ ਭੀੜ ਨੇ ਫੌਜ 'ਤੇ ਪਥਰਾਅ ਕੀਤਾ ਤਾਂ ਫੌਜ ਨੂੰ ਉਨ੍ਹਾਂ ਉਤੇ ਗੋਲੀ ਚਲਾਉਣੋਂ ਹਿਚਕਚਾਉਣ ਦੀ ਲੋੜ ਨਹੀਂ।

ਟਰੰਪ ਨੇ ਕਿਹਾ ਹੈ ਕਿ ਅਮਰੀਕੀ ਫੌਜ ਨਾਜਾਇਜ਼ ਤਰੀਕੇ ਆ ਰਹੇ ਪਰਵਾਸੀਆਂ 'ਤੇ ਗੋਲੀ ਨਹੀਂ ਚਲਾਏਗੀ ਪਰ ਜੇ ਲੋਕਾਂ ਨੇ ਫੌਜ ਦੇ ਜਵਾਨਾਂ 'ਤੇ ਪੱਥਰ ਵਰ੍ਹਾਏ, ਜਿਵੇਂ ਉਨ੍ਹਾਂ ਮੈਕਸੀਕੋ ਵਿਚ ਕੀਤਾ ਸੀ, ਤਾਂ ਇਸ ਦਾ ਜਵਾਬ ਗੋਲੀਆਂ ਨਾਲ ਦਿੱਤਾ ਜਾਏਗਾ। ਪੱਥਰ ਤੇ ਗੋਲੀਆਂ ਚਲਾਉਣ ਵਿਚ ਜ਼ਿਆਦਾ ਫਰਕ ਨਹੀਂ। ਟਰੰਪ ਨੇ ਕਿਹਾ ਕਿ ਪਰਵਾਸੀ ਹਿੰਸਕ ਤਰੀਕੇ ਨਾਲ ਫੌਜ 'ਤੇ ਪਥਰਾਅ ਕਰਦੇ ਹਨ।

ਇਸ ਦੇ ਨਾਲ ਹੀ ਟਰੰਪ ਨੇ ਇਹ ਸਵਾਲ ਵੀ ਉਠਾਇਆ ਕਿ ਆਖਰ ਕੋਈ ਦੇਸ਼ (ਮੈਕਸੀਕੋ) ਇਨ੍ਹਾਂ ਨੂੰ ਰੋਕ ਕਿਉਂ ਨਹੀਂ ਪਾ ਰਿਹਾ? ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਵਾਨਾ ਹੋਣ ਤੋਂ ਪਹਿਲਾਂ ਹੀ ਰੋਕ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਅਮਰੀਕਾ ਵਿਚ 10 ਹਜ਼ਾਰ ਲੋਕਾਂ ਨੂੰ ਦਾਖਲ ਹੋਣ ਤੋਂ ਰੋਕਣ ਲਈ ਸਰਹੱਦ 'ਤੇ 15 ਹਜ਼ਾਰ ਜਵਾਨ ਤਾਇਨਾਤ ਰਹਿਣਗੇ। ਮੌਜੂਦਾ ਮੈਕਸੀਕੋ ਸਰਹੱਦ 'ਤੇ ਨੈਸ਼ਨਲ ਗਾਰਡ ਦੇ 2,100 ਜਵਾਨਾਂ ਸਣੇ ਕਰੀਬ 5,800 ਜਵਾਨ ਤਾਇਨਾਤ ਹਨ। ਇਸ ਮਿਸ਼ਨ ਨੂੰ 'ਆਪਰੇਸ਼ਨ ਭਰੋਸੇਮੰਦ ਦੇਸ਼ ਭਗਤ' ਦਾ ਨਾਂ ਦਿੱਤਾ ਗਿਆ ਹੈ। ਮੈਕਸੀਕੋ ਤੋਂ ਸ਼ਰਨ ਲੈਣ ਲਈ ਅਮਰੀਕਾ ਨੂੰ ਕਰੀਬ 300 ਅਰਜ਼ੀਆਂ ਰੋਜ਼ ਆ ਰਹੀਆਂ ਹਨ।

# ਰੋਜ਼ਾਨਾ 12 ਜਾਨਾਂ ਲੈ ਲੈਂਦਿਆਂ ਨੇ ਪੰਜਾਬ ਦੀਆਂ ਖੂਨੀ ਸੜਕਾਂ

**ਚੰਡੀਗੜ੍ਹ:** ਪੰਜਾਬ ਵਿਚ ਨਵੇਂ ਮੋਟਰ ਵਾਹਨਾਂ ਦਾ 9-10 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਹੈ ਅਤੇ ਪਿਛਲੇ ਸਾਲ ਔਸਤ ਰੋਜ਼ਾਨਾ, 300 ਨਵੀਆਂ ਕਾਰਾਂ ਅਤੇ 1700 ਦੋਪਹੀਆ ਵਾਹਨਾਂ ਦੀ ਰਜਿਸਟ੍ਰੇਸ਼ਨ ਪੰਜਾਬ ਵਿਚ ਕੀਤੀ ਗਈ। ਮਾਰਚ 2017 ਤੱਕ ਪੰਜਾਬ ਵਿਚ ਰਜਿਸਟਰ ਕੀਤੇ ਨਵੇਂ ਵਾਹਨਾਂ ਦੀ ਗਿਣਤੀ 98,59,742 ਸੀ।

ਸੜਕਾਂ 'ਤੇ ਵਾਹਨਾਂ ਦੀ ਵਧੀ ਗਿਣਤੀ ਵੀ ਹਾਦਸਿਆਂ ਦਾ ਕਾਰਨ ਬਣਦਾ ਹੈ। ਪੰਜਾਬ 'ਚ ਰੋਜ਼ਾਨਾ 12 ਲੋਕਾਂ ਦੀ ਸੜਕੀ ਹਾਦਸਿਆਂ 'ਚ ਮੌਤ ਹੁੰਦੀ ਹੈ। ਪੰਜਾਬ ਵਿਚ ਜ਼ਿਆਦਾਤਰ ਮੌਤਾਂ ਦਾ ਕਾਰਨ ਵਾਹਨਾਂ ਦੀ ਤੇਜ਼ ਰਫਤਾਰੀ ਬਣ ਰਹੀ ਹੈ। ਇਹ ਖੁਲਾਸਾ 'ਰਿਪੋਰਟ ਆਨ ਪੰਜਾਬ ਰੋਡ ਐਕਸੀਡੈਂਟ ਅਤੇ ਟ੍ਰੈਫਿਕ 2017' ਨਾਂ ਦੀ ਕਿਤਾਬ ਵਿਚ ਕੀਤਾ ਗਿਆ ਹੈ। ਇਸ ਕਿਤਾਬ ਨੂੰ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਜਾਰੀ ਕੀਤਾ।

ਸੜਕੀ ਹਾਦਸਿਆਂ ਵਿਚ ਹੋਈਆਂ ਕੁੱਲ ਮੌਤਾਂ ਵਿਚੋਂ 15 ਫੀਸਦੀ ਲੁਧਿਆਣਾ, ਪਟਿਆਲਾ, ਸ੍ਰੀ ਅੰਮ੍ਰਿਤਸਰ ਸਾਹਿਬ, ਬਠਿੰਡਾ, ਮੋਹਾਲੀ ਤੇ ਜਲੰਧਰ ਵਰਗੇ ਸ਼ਹਿਰਾਂ 'ਚ ਹੁੰਦੀਆਂ ਹਨ। ਰੂਪਨਗਰ, ਮੋਹਾਲੀ ਤੇ ਫਤਹਿਗੜ੍ਹ ਸਾਹਿਬ ਕ੍ਰਮਵਾਰ 1, 2, 3 ਥਾਂ ਆਉਂਦੇ ਹਨ ਜਿਥੇ ਸੜਕ ਹਾਦਸਿਆਂ ਵਿਚ ਮੌਤਾਂ ਦੀ ਦਰ ਸਮੁੱਚੇ ਸੂਬੇ 'ਚ ਹੋਣ ਵਾਲੀਆਂ ਮੌਤਾਂ ਦੀ ਔਸਤ ਤੋਂ ਲਗਭਗ ਦੁੱਗਣੀ ਹੈ।

# 96 ਸਾਲਾ ਅੰਮਾ ਆਈ ਪ੍ਰੀਖਿਆ 'ਚੋਂ ਅੱਵਲ

**ਤਿਰੁਵਨੰਤਪੁਰਮ:** ਸਿਆਣਿਆਂ ਸੱਚ ਕਿਹਾ ਹੈ ਕਿ ਪੜ੍ਹਨ ਤੇ ਸਿੱਖਣ ਲਈ ਉਮਰ ਤੇ ਸਮਾਂ ਨਹੀਂ ਵੇਖਿਆ ਜਾਂਦਾ, ਇਸ ਨੂੰ ਕੇਰਲ ਦੀ ਕਾਰਥਆਯਨੀ ਅੰਮਾ (96) ਨੇ ਸਾਬਤ ਕਰ ਵਿਖਾਇਆ ਹੈ। ਇਸ 96 ਸਾਲਾ ਬਜ਼ੁਰਗ ਅੰਮਾ ਨੇ ਜ਼ਿੰਦਗੀ 'ਚ ਸਿਰਫ ਇਕ ਵਾਰ ਪ੍ਰੀਖਿਆ ਦਿੱਤੀ ਹੈ ਅਤੇ ਉਸ 'ਚ 98/100 ਨੰਬਰ ਪ੍ਰਾਪਤ ਕਰ ਕੇ ਉਹ ਇਮਤਿਹਾਨ 'ਚ ਅੱਵਲ ਆਈ ਹੈ।

ਕੇਰਲ ਸਾਖਰਤਾ ਮਿਸ਼ਨ ਦੇ 'ਅਕਸ਼ਰਲਕਸ਼ਮ' ਪ੍ਰੋਜੈਕਟ ਤਹਿਤ ਅਗਸਤ 'ਚ ਇਹ ਪ੍ਰੀਖਿਆ ਕਰਵਾਈ ਗਈ ਸੀ, ਜਿਸ 'ਚ 43,340 ਲੋਕਾਂ ਨੇ ਇਮਤਿਹਾਨ ਦਿੱਤਾ ਸੀ। ਕਾਰਥਆਯਨੀ ਅੰਮਾ ਨੇ ਗਣਿਤ ਤੇ ਪੜ੍ਹਨ 'ਚ ਪੂਰੇ 30-30 ਅਤੇ ਲਿਖਣ 'ਚ 40 'ਚੋਂ 38 ਅੰਕ ਪ੍ਰਾਪਤ ਕੀਤੇ ਹਨ। ਇਸ ਬਜ਼ੁਰਗ ਮਾਤਾ ਦੇ ਪਤੀ ਦਾ 57 ਸਾਲ ਪਹਿਲਾਂ ਦਿਹਾਂਤ ਹੋ ਚੁੱਕਾ ਹੈ ਅਤੇ ਉਸ ਦੇ 6 ਬੱਚਿਆਂ 'ਚੋਂ 4 ਦੀ ਮੌਤ ਹੋ ਚੁੱਕੀ ਹੈ। ਉਸ ਦੇ 6 ਪੋਤੇ/ਦੋਹਤੇ ਅਤੇ 7 ਪੜਪੋਤੇ/ਪੋਤੀਆਂ-ਪੜ ਦੋਹਤੇ/ਦੋਹਤੀਆਂ ਹਨ। ਇਸ ਬਜ਼ੁਰਗ ਔਰਤ ਨੂੰ ਇਕ ਸਮਾਗਮ 'ਚ ਕੇਰਲਾ ਦੇ ਮੁੱਖ ਮੰਤਰੀ ਪਿਨਾਰਈ ਵਿਜੇਯਨ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ।

## ਪੰਜਾਬ ਜੇਲ੍ਹ ਵਿਭਾਗ ਦੇ 88 ਫੀਸਦੀ ਮੁਲਾਜ਼ਮ ਨਸ਼ਾਮੁਕਤ

**ਚੰਡੀਗੜ੍ਹ:** ਪੰਜਾਬ ਦੇ ਜੇਲ੍ਹ ਵਿਭਾਗ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਕੁੱਲ ਮੁਲਾਜ਼ਮਾਂ ਵਿਚੋਂ 88 ਫੀਸਦੀ ਮੁਲਾਜ਼ਮ ਨਸ਼ੇ ਤੋਂ ਰਹਿਤ ਹਨ। ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਨੇ ਸਾਬਕਾ ਰਾਜ ਸਭਾ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ ਵੱਲੋਂ ਪੰਜਾਬ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਾਇਰ ਇਕ ਪਟੀਸ਼ਨ ਦੇ ਜਵਾਬ ਵਿਚ ਕਿਹਾ ਹੈ ਕਿ ਉਨ੍ਹਾਂ ਅਧੀਨ 615 ਮੁਲਾਜ਼ਮ ਹਨ, ਜਿਨ੍ਹਾਂ ਦਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਡੋਪ ਟੈਸਟ ਕਰਵਾਇਆ ਗਿਆ। ਇਨ੍ਹਾਂ ਵਿਚੋਂ ਸਿਰਫ 63 ਮੁਲਾਜ਼ਮ ਹੀ ਨਸ਼ੇ ਦੀ ਆਦਤ ਦੇ ਸ਼ਿਕਾਰ ਹਨ, ਜਦੋਂਕਿ 552 ਮੁਲਾਜ਼ਮ ਨਸ਼ੇ ਤੋਂ ਮੁਕਤ ਹਨ। ਉਨ੍ਹਾਂ ਕਿਹਾ ਕਿ ਨਸ਼ੇ ਦੀ ਆਦਤ ਵਾਲੇ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਰਕਾਰੀ ਹਸਪਤਾਲਾਂ ਵਿਚੋਂ ਇਲਾਜ ਕਰਵਾ ਕੇ ਨਸ਼ੇ ਤੋਂ ਨਿਜ਼ਾਤ ਪਾਉਣ।


COVERED CALIFORNIA

Certified Insurance Agent

Global Green INSURANCE AGENCY ®

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ



Gurdawar Singh Mann

ਫੋਨ:510-487-1000

MANN@GGIABA.COM



Gurcharan Singh Mann

Mann Insurance Brokers Inc.

4123 Dyer St., #230, Union City, CA 94587

# ਗੋਲਡਨ ਪੰਜਾਬ ਦੇ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਨੂੰ ਭਰਵਾਂ ਹੁੰਗਾਰਾ

**ਫਰੀਮਾਂਟ (ਬਿਊਰੋ):** ਗੋਲਡਨ ਪੰਜਾਬ ਕਲੱਬ, ਯੂ. ਐਸ. ਏ. ਵਲੋਂ ਲੰਘੀ 21 ਅਕਤੂਬਰ ਨੂੰ ਕਰਵਾਏ ਗਏ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਕਲੱਬ ਵਲੋਂ ਇਹ ਪ੍ਰੋਗਰਾਮ ਓਅਸਿਸ ਪੈਲੇਸ, ਨਿਊਆਰਕ ਵਿਖੇ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ।

ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਸਵਰਗੀ ਚੇਅਰਮੈਨ ਸ. ਸੰਤੋਖ ਸਿੰਘ ਤੱਖਰ ਤੇ ਸਵਰਗੀ ਜਨਰਲ ਸਕੱਤਰ ਲਾਜ ਸੈਣੀ ਦੀ ਯਾਦ ਵਿਚ ਮੌਨ ਧਾਰਨ ਦੀ ਰਸਮ ਅਦਾ ਕਰਵਾਈ। ਬਲਜਿੰਦਰ ਸਿੰਘ ਨੇ ਸਵਰਗੀ ਚੇਅਰਮੈਨ ਸ. ਤੱਖਰ ਤੇ ਸਵਰਗੀ ਸ੍ਰੀ ਸੈਣੀ ਨੂੰ ਸ਼ਰਧਾਂਜਲੀ ਦਿੱਤੀ।

ਕਲੱਬ ਦੇ ਯੂਥ ਵਿੰਗ ਦੀ ਕਨਵੀਨਰ ਟਰੀਸਾ ਅਰੋੜਾ ਨੇ ਮੰਚ ਸੰਚਾਲਨ ਦੀ ਕਮਾਨ ਸੰਭਾਲੀ ਅਤੇ ਪ੍ਰੋਗਰਾਮ ਦਾ ਆਗਾਜ਼ ਨੌਜਵਾਨ ਚਰਨਦੀਪ ਸਿੰਘ ਗਿੱਲ ਤੇ ਗਗਨ ਢੋਲੀ ਦੇ ਢੋਲ ਦੀ ਧਮਕ 'ਤੇ ਸ਼ੁਰੂ ਕਰਵਾਇਆ। ਅਜੈ ਭੰਗੜਾ ਅਕੈਡਮੀ ਅਤੇ ਡਿੰਪਲ ਬੈਂਸ ਦੀਆਂ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਨੇ ਸਟੇਜ 'ਤੇ ਧਮਾਲਾਂ ਪਾ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਰੌਇਲ ਭੰਗੜਾ ਟੀਮ ਨੇ ਭੰਗੜੇ ਦੇ ਪਿੜ ਨੂੰ ਪੂਰਾ ਭਖਾ ਦਿੱਤਾ। ਸੁਖਮਨੀ ਕੌਰ ਨਾਂ ਦੀ ਛੋਟੀ ਜਿਹੀ ਲੜਕੀ ਨੇ ਸੁਹਾਗ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਟਰੇਸੀ ਗਿੱਧਾ ਟੀਮ ਨੇ ਵੀ ਖੂਬ ਗਿੱਧੇ ਦੀਆਂ ਧਮਾਲਾਂ ਪਾਈਆਂ।

ਕਲੱਬ ਦੇ ਸਮੂਹ ਮੈਂਬਰਾਂ ਨੇ ਨੀਲਮ ਸੈਣੀ ਦਾ ਸਨਮਾਨ ਕੀਤਾ ਅਤੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਨੀਲਮ ਸੈਣੀ ਦੇ ਕਲੱਬ ਪ੍ਰਤੀ ਯੋਗਦਾਨ ਅਤੇ ਸਾਹਿਤ ਦੇ ਖੇਤਰ 'ਚ ਮਾਰੀਆਂ ਮੱਲਾਂ ਦੀ ਸ਼ਲਾਘਾ ਕਰਦਿਆਂ ਲੋਕਾਂ ਨੂੰ ਜਾਣੂ ਕਰਵਾਇਆ। ਭੰਗੜਾ ਕੋਚ ਜਸਪਾਲ ਸਿੰਘ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਗਾਇਕ ਜੋਤ ਰਣਜੋਤ ਨੇ ਆਪਣੇ ਗੀਤਾਂ ਰਾਹੀਂ ਹੇਕਾਂ ਲਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਸੁਰੀਲੇ ਕਲਾਕਾਰ ਸੁਖਦੇਵ ਸਾਹਿਲ ਨੇ 'ਜੱਗਾ' ਗਾ ਕੇ ਗਾਇਕੀ ਦੇ ਦੌਰ ਨੂੰ ਸਿਖਰ 'ਤੇ ਲਿਆਂਦਾ। ਸਰੋਤਿਆਂ ਦੀ ਫਰਮਾਇਸ਼ 'ਤੇ ਸਾਹਿਲ ਨੇ 'ਅੱਜ ਕੱਲ ਤਾਂ ਪੰਚਾਇਤੀ ਵੀ ਤੇਰੇ ਬਾਪੂ ਨੂੰ ਪੁੱਛ ਕੇ ਗੱਲ ਕਰਦੇ ਨੇ' ਗਾ ਕੇ ਵਾਹ ਵਾਹ ਖੱਟੀ। ਦਰਸ਼ਨ ਔਜਲਾ ਨੇ ਵੀ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।













ਅਖੀਰ 'ਚ ਯੂਥ ਵਿੰਗ ਨੂੰ ਪੇਸ਼ ਕਰਦੇ ਕਲਾਕਾਰ ਰਾਜਾ ਕੰਦੋਲਾ ਨੇ ਆਪਣੇ ਗੀਤਾਂ ਦੀ ਝੜੀ ਲਾ ਕੇ ਸਾਰੇ ਨੌਜਵਾਨਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਥੋਂ ਤੱਕ ਕੇ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਵੀ ਨੱਚਣੋ ਨਾ ਰਹਿ ਸਕੇ। ਸੱਚ ਜਾਣੋ ਤਾਂ ਇਹ ਨੌਜਵਾਨ ਕਲਾਕਾਰ ਮੇਲੇ ਨੂੰ ਲੁੱਟ ਕੇ ਲੈ ਗਿਆ।



ਕਲੱਬ ਨੇ ਪ੍ਰੋਗਰਾਮ ਵਿਚ ਸ਼ਾਮਲ ਹੋਈਆਂ ਸਾਰੀਆਂ ਗਿੱਧਾ-ਭੰਗੜਾ ਟੀਮਾਂ ਨੂੰ ਟਰਾਫੀਆਂ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਨੀਲਮ ਸੈਣੀ, ਸੁਖਪ੍ਰੀਤ ਗਿੱਲ ਅਤੇ ਹਰਦੀਪ ਕੌਰ ਗਿੱਲ ਦੇ ਸਹਿਯੋਗ ਨਾਲ ਤਿਆਰ ਕੀਤਾ ਸਲਾਈਡ ਸ਼ੋਅ ਸਾਰੇ ਸਪਾਂਸਰਾਂ ਅਤੇ ਸਮੂਹ ਕਲੱਬ ਮੈਂਬਰਾਂ ਦੀ ਪ੍ਰਤੀਨਿਧਤਾ ਕਰਦਾ ਨਿਰੰਤਰ ਦਿਖਾਈ ਦਿੰਦਾ ਰਿਹਾ।

ਡਾਇਮੰਡ ਸਪਾਂਸਰ ਇੰਸ਼ੋਰੈਂਸ ਬਰੋਕਰ ਸਤਵੰਤ ਸਿੰਘ, ਗੋਲਡਨ ਸਪਾਂਸਰ ਕਾਇਰੋਪ੍ਰੈਕਟਰ ਡਾ. ਰੀਆ ਸਿੰਘ, ਗਰੈਂਡ ਸਪਾਂਸਰ ਡਾ. ਭੁਪਿੰਦਰ ਭੰਡਾਰੀ ਤੇ ਭਜਨ ਸਿੰਘ ਭੱਜੀ; ਸਿਲਵਰ ਸਪਾਂਸਰ ਵਿਕਰਮਜੀਤ ਪਾਸਲਾ, ਕਮਲ ਸਿੰਘ ਖੰਗੂੜਾ, ਸੁਰਿੰਦਰ ਧਨੋਆ ਅਤੇ ਪਾਲੀ ਧਨੋਆ ਦਾ ਸ਼ੀਲਡਾਂ ਦੇ ਕੇ ਸਨਮਾਨ ਕੀਤਾ ਗਿਆ।

ਜਸਮੀਨ ਤੱਖਰ, ਅਭੀਨੀਤ ਤੱਖਰ ਅਤੇ ਈਸ਼ਾ ਚੀਮਾ ਨੇ ਗੇਟ 'ਤੇ ਟਿਕਟਾਂ ਵੇਚਣ ਅਤੇ ਟੀਮਾਂ ਨੂੰ ਟਰਾਫੀਆਂ ਦੇਣ ਦੀ ਸੇਵਾ ਬੜੀ ਸ਼ਿੱਦਰ ਨਾਲ ਨਿਭਾਈ। ਯੂਥ ਵਿੰਗ ਦੇ ਸੁਖਪ੍ਰੀਤ ਗਿੱਲ ਅਤੇ ਹਰਦੀਪ ਕੌਰ ਗਿੱਲ ਨੇ ਪ੍ਰੋਗਰਾਮ ਦਾ ਪੋਸਟਰ ਬੜੀ ਮਿਹਨਤ ਨਾਲ ਤਿਆਰ ਕੀਤਾ।

ਪ੍ਰੋਗਰਾਮ ਦੇ ਅਖੀਰ 'ਚ ਡੀ. ਜੇ. ਅਤੇ ਢੋਲੀਆਂ ਦੇ ਢੋਲ ਦੀ ਧਮਕ 'ਤੇ ਦਰਸ਼ਕਾਂ/ਸਰੋਤਿਆਂ ਨੇ ਨੱਚ ਕੇ ਖੂਬ ਅਨੰਦ ਮਾਣਿਆ। ਸਿਤਾਰੇ ਟੀ. ਵੀ. ਨੇ ਇਸ ਪ੍ਰੋਗਰਾਮ ਦੀ ਕਵਰੇਜ ਕੀਤੀ ਅਤੇ ਜਸਵੀਰ ਭੰਬਰਾ ਨੇ ਕੈਮਰਾਬੱਧ ਕੀਤਾ। ਦਰਸ਼ਕਾਂ ਨੇ ਰਾਤ ਦੇ ਖਾਣੇ ਦੀ ਖਾਸ ਤੌਰ 'ਤੇ ਤਾਰੀਫ ਕੀਤੀ। ਵਿਦਾਇਗੀ ਸਮੇਂ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਦੂਰੋਂ-ਨੇੜਿਓਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਕਲੱਬ ਦੇ ਪ੍ਰਧਾਨ ਸ. ਗਿੱਲ, ਸ੍ਰੀਮਤੀ ਪਰਮਜੀਤ ਕੌਰ ਗਿੱਲ, ਨੀਲਮ ਸੈਣੀ, ਚੇਅਰਮੈਨ ਜਸਵਿੰਦਰ ਸਿੰਘ ਤੱਖਰ, ਫਾਊਂਡਰ ਮੈਂਬਰ ਬਲਜਿੰਦਰ ਸਿੰਘ, ਡਾਇਰੈਕਟਰ ਸਤਵੰਤ ਸਿੰਘ (ਇੰਸ਼ੋਰੈਂਸ ਬਰੋਕਰ), ਜਸਵੰਤ ਸਰਾਂ, ਦਰਸ਼ਨ ਔਜਲਾ ਅਤੇ ਬਾਕੀ ਮੈਂਬਰਾਂ ਦੀ ਸਖਤ ਮਿਹਨਤ ਸਦਕਾ ਸਫਲ ਹੋ ਨਿਬੜਿਆ।

*(ਹੋਰ ਤਸਵੀਰਾਂ ਅਗਲੇ ਸਫੇ 'ਤੇ)*















# ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਨੂੰ ਭਰਵਾਂ ਹੁੰਗਾਰਾ













## ਆਈ.ਜੀ. ਰਾਏ ਨੂੰ ਇਕ ਲੱਖ ਦਾ ਜੁਰਮਾਨਾ

**ਚੰਡੀਗੜ੍ਹ:** ਠੱਗੀ ਅਤੇ ਧੋਖਾਧੜੀ ਦੇ ਇਕ ਮਾਮਲੇ ਵਿਚ ਮੁੜ ਪੜਤਾਲ ਦੇ ਹੁਕਮ ਦੇਣ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਰੇਂਜ ਦੇ ਆਈ.ਜੀ. ਅਮਰਦੀਪ ਸਿੰਘ ਰਾਏ ਨੂੰ ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ। ਇਹ ਰਾਸ਼ੀ ਸ੍ਰੀ ਰਾਏ ਦੀ ਤਨਖਾਹ ਵਿਚੋਂ ਕੱਟੀ ਜਾਵੇਗੀ ਅਤੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ



ਕਰਵਾਈ ਜਾਵੇਗੀ।

ਅਦਾਲਤ ਨੇ ਇਸ ਮਾਮਲੇ ਵਿਚ ਪੰਜਾਬ ਪੁਲਿਸ ਮੁਖੀ ਨੂੰ ਅਮਰਦੀਪ ਸਿੰਘ ਰਾਏ ਅਤੇ ਹੋਰ 'ਕੁਤਾਹੀ ਕਰਨ ਵਾਲੇ ਅਧਿਕਾਰੀਆਂ' ਵਿਰੁੱਧ ਵੀ ਵਿਭਾਗੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ। ਇਨ੍ਹਾਂ ਅਧਿਕਾਰੀਆਂ ਨੇ ਪੰਜਾਬ ਪੁਲਿਸ ਮੁਖੀ ਦੇ 24 ਮਈ 2009 ਨੂੰ ਜਾਰੀ ਹੁਕਮ ਦੀ ਉਲੰਘਣਾ ਕੀਤੀ ਹੈ। ਹਾਈ ਕੋਰਟ ਦੇ ਜਸਟਿਸ ਰਮਿੰਦਰਾ ਜੈਨ ਦੀ ਅਦਾਲਤ ਨੇ ਪੰਜਾਬ ਪੁਲਿਸ ਮੁਖੀ ਤੇ ਐਡਵੋਕੇਟ ਜਨਰਲ ਨੂੰ ਵੀ ਅਦਾਲਤ ਵਿਚ ਤਲਬ ਕਰ ਲਿਆ ਹੈ ਕਿ ਉਹ ਦੱਸਣ ਕਿ ਪੁਲਿਸ ਅਧਿਕਾਰੀ ਹੁਕਮਾਂ ਦੀ ਉਲੰਘਣਾ ਕਿਉਂ ਕਰਦੇ ਹਨ।

**Punjab Times**
*Punjabtimes1@gmail.com*




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

# ਹੱਥਾਂ ਦੀ ਜੁੰਬਿਸ਼ ਦਾ ਜਲੌਅ

## ਕਿਰਤ ਦੀ ਮੋਹ-ਮੁਹੱਬਤ ਲਈ ਜੁੜੇ ਜਿਉੜਿਆਂ ਦੀ ਤਹਿਰੀਰੀ ਪਰਵਾਜ਼

**ਕਲਾ ਪਰਿਕਰਮਾ**

ਪੰਜਾਬੀ ਵਿਚ ਪ੍ਰਚਲਿਤ 'ਕਿਰਤ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਕ੍ਰਿਤ' ਜਾਂ 'ਕ੍ਰਿਤੀ' ਤੋਂ ਮੌਲਿਆ ਹੈ। ਇਸ ਦਾ ਭਾਵ ਕੋਈ ਸਿਰਜਣਾ, ਘਾੜਤ, ਰਚਨਾ, ਜੰਮਣਾ ਆਦਿ ਹੈ। ਗੁਰੂ ਨਾਨਕ ਨੇ ਮਨੁੱਖੀ ਜੀਵਨ ਲਈ ਜੋ ਤਿੰਨ ਉਪਦੇਸ਼ ਦਿੱਤੇ, ਉਨ੍ਹਾਂ ਵਿਚ ਸਭ ਤੋਂ ਪਹਿਲਾ 'ਕਿਰਤ ਕਰੋ' (ਕਿਰਤ ਕਰੋ, ਨਾਮ ਜਪੋ, ਵੰਡ ਛਕੋ) ਸੀ।

1876 ਵਿਚ ਫ੍ਰੈਡਰਿਕ ਐਂਗਲਜ਼ ਨੇ ਆਪਣੇ ਲੰਮੇ ਲੇਖ 'ਦਿ ਪਾਰਟ ਪਲੇਅਡ ਬਾਈ ਲੇਬਰ ਇਨ ਦਿ ਟ੍ਰਾਂਜ਼ੀਸ਼ਨ ਫਰਾਮ ਏਪ ਟੂ ਮੈਨ' 'ਚ ਲਿਖਿਆ, "ਕਰ (ਹੱਥ) ਕਿਰਤ ਲਈ ਮਹਿਜ ਸਬੱਬ ਨਹੀਂ ਬਣਦੇ, ਸਗੋਂ ਕਿਰਤ ਦਾ ਫਲ ਹਨ।" ਇਉਂ ਜਰਮਨੀ ਦੇ ਇਸ ਸੰਸਾਰ ਪ੍ਰਸਿੱਧ ਵਿਦਵਾਨ ਨੇ ਬੰਦੇ ਦੇ ਦਿਮਾਗ ਦੇ ਵਿਗਸਣ 'ਚ ਕਰਾਂ (ਹੱਥਾਂ) ਤੇ ਕਿਰਤ ਦੀ ਅਹਿਮੀਅਤ ਦੀ ਨਿਸ਼ਾਨਦੇਹੀ

ਸੰਜਮ ਪ੍ਰੀਤ ਸਿੰਘ
ਫੋਨ: +91-98720-21979

ਕੀਤੀ। ਇਸ ਪਿਛੋਂ ਹੀ ਫਿਰ ਅਗਲੇ ਸਬੱਬ ਬਣੇ ਅਤੇ ਹੋਰ ਵਸੀਲੇ ਵਿਕਸਿਤ ਹੁੰਦੇ ਗਏ। ਸਦੀਆਂ ਦੇ ਸਫਰ ਦੌਰਾਨ, "ਕਿਰਤ ਨੇ ਹੀ ਮਨੁੱਖੀ ਹੱਥਾਂ ਨੂੰ ਉਹ ਕਾਰੀਗਰੀ ਬਖਸ਼ੀ ਜਿਸ ਨਾਲ



ਖਿਡਾਉਣੇ ਬਣਾ ਰਹੀ ਕੁਲਵਿੰਦਰ ਕੌਰ।

(ਇਤਾਲਵੀ ਚਿੱਤਰਕਾਰ ਤੇ ਆਰਕੀਟੈਕਟ) ਰਾਫੇਲ ਦੇ ਚਿੱਤਰਾਂ, ਥੋਰਵਾਲਡਸਨ ਦੇ ਬੁੱਤਾਂ, ਪਗਨੀਨੀ ਦੀ ਮੌਸਿਕੀ ਦੀ ਸਿਰਜਣਾ ਸੰਭਵ ਹੋਈ।" ਕਰਾਂ ਅਤੇ ਕਿਰਤ ਦੀ ਇਹ ਮਹਿਮਾ ਵੀ ਫ੍ਰੈਡਰਿਕ ਐਂਗਲਜ਼ ਦੀ ਹੀ ਕੀਤੀ ਹੋਈ ਹੈ।

ਭਾਰਤ ਵਿਚ ਕਿਰਤ ਨੂੰ 'ਸੁੱਚਮਤਾ' ਅਤੇ 'ਮਲੀਨਤਾ' ਦੀ ਅੱਖ ਵਿਚੋਂ ਦੇਖਿਆ ਗਿਆ ਹੈ। ਸਿੱਖੀ 'ਚ ਭਾਵੇਂ ਕਿਰਤ ਨੂੰ ਬਹੁਤ ਵਡਿਆਇਆ ਗਿਆ ਹੈ ਪਰ ਅੱਜ ਕੱਲ੍ਹ ਸਿੱਖੀ ਦੀ ਕਰਮ ਭੋਂ ਵਿਚ ਹੱਥੀਂ ਕੰਮ ਕਰਨ ਨੂੰ ਛੁਟਿਆ ਕੇ ਦੇਖਿਆ ਜਾਣ ਲੱਗਾ ਹੈ। ਸ਼ਾਇਦ ਵਕਤ ਵਕਤ ਦੀਆਂ ਬਾਤਾਂ ਹਨ। ਇਉਂ ਕਿਰਤ ਅਣਗੌਲੀ ਹੋ ਰਹੀ ਹੈ।

ਇਨ੍ਹਾਂ ਪ੍ਰਸੰਗਾਂ ਦੇ ਰੂ-ਬ-ਰੂ ਹੁਣ ਰਤਾ ਲੱਕੜ-ਨੱਕਾਸ਼ੀ ਕਰਨ ਵਾਲੇ ਰਾਕੇਸ਼ ਦੀ ਗੱਲ ਕਰੀਏ। ਉਹ ਹੁਸ਼ਿਆਰਪੁਰ ਤੋਂ ਹੈ। ਲੱਕੜ 'ਤੇ ਨੱਕਾਸ਼ੀ ਕਰਦਿਆਂ ਉਹ ਇਸ ਅੰਦਰ ਜਾਨ ਪਾ ਦਿੰਦਾ ਹੈ। ਉਹ ਉਨ੍ਹਾਂ ਦੋ ਕਾਰੀਗਰਾਂ ਵਿਚੋਂ ਇਕ ਹੈ, ਜੋ ਇਸ ਹੁਨਰ ਨੂੰ ਫਿਲਹਾਲ ਸੰਭਾਲੀ ਬੈਠੇ ਹਨ। ਇਸ ਪਿਛੋਂ ਇਸ ਕਲਾ ਦਾ ਭੋਗ ਪੈ ਜਾਣਾ ਹੈ, ਇਹ ਸੋਚਦਿਆਂ ਦਿਲ ਨੂੰ ਡੋਬੂ ਜਿਹਾ ਪੈਂਦਾ ਹੈ। ਫਿਰ ਇਸ ਅਣਹੋਣੀ ਦੇ ਸੱਚ ਤੋਂ ਪਰਦਾ ਉਠਦਾ ਹੈ: ਇਸ ਮਹੀਨ ਕਿਰਤ ਲਈ ਉਸ ਦੀ ਦਿਹਾੜੀ ਦੀ ਖੱਟੀ ਸਿਰਫ 3-4 ਸੌ ਰੁਪਏ ਹੈ। ਇਹ ਗੱਲ ਵੱਖਰੀ ਹੈ ਕਿ ਹੱਥੀਂ ਤਿਆਰ ਕੀਤੀ ਇਸ ਕਿਰਤ ਦਾ ਮੁੱਲ ਲੱਖਾਂ ਵਿਚ ਪੈਂਦਾ ਹੈ।

ਹਰ ਗਰਾਂ, ਕਸਬੇ ਤੇ ਸ਼ਹਿਰ ਕੋਲ ਅਜਿਹੀਆਂ ਬਥੇਰੀਆਂ ਵਿਥਿਆਵਾਂ ਹੋਣਗੀਆਂ, ਜਿਨ੍ਹਾਂ ਵਿਚ ਕਿਰਤੀਆਂ, ਉਨ੍ਹਾਂ ਦੀ ਕਿਰਤ ਅਤੇ ਹੁਨਰ ਦਾ ਇਤਿਹਾਸ ਸਮੋਇਆ ਹੋਇਆ ਹੈ। ਇਹ ਅਣਗੌਲੇ ਰਹਿ ਗਏ ਕਿਰਤੀ ਹਨ। ਇਨ੍ਹਾਂ ਦੀ ਹੋਣੀ ਬਾਰੇ ਜਾਣਨ ਲਈ ਆਪਣੀ ਲਘੂ ਹੋਂਦ ਤੋਂ ਰਤਾ ਛੁੱਟੀ ਲਓ ਤੇ ਇਨ੍ਹਾਂ ਦੀ ਹਕੀਕਤ ਜਾਣੋ।

'ਕਿਰਤ' ਦਰਅਸਲ ਇਸ ਹਕੀਕਤ ਨੂੰ ਸਮਝਣ-ਸਮਝਾਉਣ ਦਾ ਹੀ ਉਪਰਾਲਾ ਹੈ। ਇਹ ਸ਼ਬਦਾਂ ਦੀਆਂ ਲੜੀਆਂ ਅਤੇ ਤਸਵੀਰੀ ਕਾਇਆ ਰਾਹੀਂ ਕਿਰਤੀਆਂ ਤੇ ਕਿਰਤ ਦੀ ਦਸਤਾਵੇਜ਼ੀ ਵਿਥਿਆ ਹੈ। 'ਕਿਰਤ' ਆਨਲਾਈਨ ਮੰਚ ਹੈ, ਜੋ ਲਿਖਾਰੀ ਤੇ ਤਸਵੀਰਸਾਜ਼ ਗੁਰਦੀਪ ਧਾਲੀਵਾਲ ਤੇ ਡਿਜ਼ਾਈਨਰ ਨਵਜੀਤ ਕੌਰ ਨੇ ਇਸੇ ਵਰ੍ਹੇ ਮਈ ਵਿਚ ਸ਼ੁਰੂ ਕੀਤਾ ਸੀ। ਤਰਜਮਾਕਾਰ ਤੇ ਸੰਪਾਦਕ ਜਸਦੀਪ ਸਿੰਘ ਅਤੇ ਪੰਜਾਬੀ ਵਿਚ ਐਮ.ਫਿਲ ਕਰ ਰਿਹਾ ਸੱਤਦੀਪ ਗਿੱਲ ਮਗਰੋਂ ਇਸ ਨਿਆਰੇ ਤੇ ਨਿਵੇਕਲੇ ਫੁਰਨੇ ਨਾਲ ਆਣ ਜੁੜੇ।

ਇਸ ਫੁਰਨੇ ਨੂੰ ਅਗਲੀ ਉਡਾਣ ਦੋ ਵੱਖ-ਵੱਖ ਖਿਆਲਾਂ ਨੇ ਬਖਸ਼ੀ, ਜਿਨ੍ਹਾਂ ਦੇ ਸੁਮੇਲ ਤੋਂ ਇਸ ਨੇ ਅਗਲਾ ਰੂਪ ਧਾਰਿਆ। ਗੁਰਦੀਪ ਅਜਿਹੇ ਨੌਜਵਾਨਾਂ ਦੀ ਤਹਿਰੀਰ ਬਣਾ ਰਿਹਾ ਸੀ ਜੋ ਪਰਦੇਸ ਜਾ ਕੇ ਵਸੇਬਾ ਚਾਹੁੰਦੇ ਸਨ। ਉਹ ਦੱਸਦਾ ਹੈ, "ਮੇਰੀ ਦਿਲਚਸਪੀ ਪਰਦੇਸਾਂ ਦੇ ਗੇੜ ਵਿਚ ਪਏ ਇਨ੍ਹਾਂ ਨੌਜਵਾਨਾਂ ਦੇ ਮਨਾਂ 'ਚ ਝਾਕਣ ਦੀ ਸੀ। ਉਸੇ ਵੇਲੇ ਮੇਰਾ ਧਿਆਨ ਉਸ ਪੁਰਾਣੀ ਪੁਸ਼ਤ ਵੱਲ ਚਲਾ ਗਿਆ, ਜੋ ਪਰਦੇਸ ਨਹੀਂ ਸੀ ਜਾ ਸਕੀ। ਇਸ ਪੁਸ਼ਤ ਦੇ ਇਉਂ ਪਿੱਛੇ ਪੰਜਾਬ ਵਿਚ ਹੀ ਰਹਿ ਜਾਣ ਬਾਰੇ ਜਾਣਨ ਦੀ ਲਲ੍ਹਕ ਮੇਰੇ ਅੰਦਰੋਂ ਵਰੋਲਾ ਬਣ ਬਣ ਉਠਣ ਲੱਗੀ। ਫਿਰ ਜਦੋਂ ਜਨਵਰੀ ਵਿਚ ਪੰਜਾਬੀ ਸ਼ਾਇਰ ਅਮਰਜੀਤ ਚੰਦਨ ਭਾਰਤ ਆਇਆ ਤਾਂ ਉਹਨੇ ਕਿਰਤ ਅਤੇ ਕਿਰਤੀਆਂ ਨੂੰ ਅਣਡਿੱਠ ਕਰਨ ਬਾਰੇ ਗੱਲਾਂ ਕੀਤੀਆਂ। ਛੇਤੀ ਹੀ ਇਸ ਫਿਕਰ ਨੂੰ ਮੇਰੇ ਜ਼ਿਹਨ 'ਚ ਖੌਰੂ ਪਾਉਂਦੇ ਖਿਆਲ ਨੇ ਜਜ਼ਬ ਕਰ ਲਿਆ। ਨਤੀਜੇ ਵਜੋਂ ਇਸ ਪ੍ਰਾਜੈਕਟ ਦੀ ਵਿਉਂਤ ਬਣਨੀ ਸ਼ੁਰੂ ਹੋ ਗਈ।"

ਇਉਂ ਪਹਿਲੀ ਬਾਤ ਬਰਨਾਲਾ ਜ਼ਿਲ੍ਹੇ ਦੇ ਪਿੰਡ ਨਿੰਮ ਵਾਲਾ ਮੋੜ ਤੋਂ ਕੁਲਵੰਤ ਕੌਰ ਦੀ ਪਈ। ਉਹ ਜਵਾਕਾਂ ਲਈ ਖਿਡਾਉਣੇ ਅਤੇ ਕੁੜੀਆਂ ਲਈ ਸਜਾਵਟੀ ਵਸਤਾਂ ਬਣਾਉਂਦੀ ਹੈ। ਇਕ ਕਮਰੇ ਦੇ ਨਿੱਕੇ ਜਿਹੇ ਘਰ ਵਿਚ ਰਹਿੰਦੀ ਹੈ। ਇਹ ਹੁਨਰ ਸਿੱਖਣ ਲਈ ਕਈ ਕੁੜੀਆਂ ਆਉਂਦੀਆਂ ਹਨ।

ਕੁਲਵੰਤ ਕੌਰ ਵਾਂਗ ਬੰਗਿਆਂ ਦੇ ਤਰਖਾਣ ਹਰਭਜਨ ਸਿੰਘ ਅਜੀਮਲ, ਰਾਹੋਂ ਦੇ ਮੋਚੀ ਲਖਵਿੰਦਰ ਸਿੰਘ, ਮਨੀਮਾਜਰਾ ਦੇ ਘੁਮਿਆਰ ਅਬਦੁਲ ਮਜੀਦ, ਅੰਮ੍ਰਿਤਸਰ ਦੇ ਪਾਲਕੀ ਬਣਾਉਣ ਵਾਲੇ ਗਗਨਦੀਪ ਸਿੰਘ ਅਤੇ ਹੋਰਾਂ ਦੀਆਂ ਬਾਤਾਂ ਵੀ ਇੰਨੀਆਂ ਹੀ ਦਿਲ-ਖਿਚਵੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਚੜ੍ਹਦੇ ਪੰਜਾਬ ਤੋਂ ਹਨ; ਕੁਝ ਜਿਉੜੇ ਲਹਿੰਦੇ ਪੰਜਾਬ ਦੇ ਵੀ ਇਸ ਸਫਰ ਦੇ ਸਾਥੀ ਬਣੇ ਹਨ। ਜਾਪਾਨ ਦੀ ਅਧਿਆਪਕ ਓਨੋ ਕਾਓਰੀ, ਜੋ ਹੁਣ ਪਾਕਿਸਤਾਨ 'ਚ ਹੈ, ਵੀ 'ਕਿਰਤ' ਦੀ ਹਮਸਫਰ ਹੈ।

ਜਸਦੀਪ ਸਿੰਘ ਆਖਦਾ ਹੈ, "ਅਸੀਂ ਕਿਰਤੀਆਂ ਬਾਰੇ ਉਸ ਤਰ੍ਹਾਂ ਦੀ ਛਾਣਬੀਣ ਨਹੀਂ ਕਰਦੇ। ਬੱਸ, ਉਨ੍ਹਾਂ ਦੀ ਜ਼ਿੰਦਗੀ ਅਤੇ ਤਜਰਬਿਆਂ ਬਾਰੇ ਗੱਲਾਂ ਕਰਦੇ ਹਾਂ; ਅਸੀਂ ਸਗੋਂ ਉਨ੍ਹਾਂ ਦੀਆਂ ਗੱਲਾਂ ਸੁਣਦੇ ਹਾਂ। ਉਹ ਜੋ ਕੁਝ ਦੱਸਦੇ ਹਨ, ਕਦੀ ਉਸ ਦੀ ਵਿਆਖਿਆ ਵਿਚ ਨਹੀਂ ਪੈਂਦੇ; ਜਿਉਂ ਦੀ ਤਿਉਂ ਉਨ੍ਹਾਂ ਨੂੰ ਸਮਝਣ-ਬੁੱਝਣ ਦੀ ਕੋਸ਼ਿਸ਼ ਕਰਦੇ ਹਾਂ।"

ਅੱਜ ਅਤੇ ਬੀਤ ਗਏ ਕੱਲ੍ਹ ਵਿਚਾਲੇ ਪੁਲ ਬਣਨ ਦੇ ਨਾਲ 'ਕਿਰਤ' ਵਕਤ ਦੇ ਉਸ ਖਲਾਅ ਨਾਲ ਵੀ ਦਸਤਪੰਜਾ ਲੈਂਦੀ ਦਿਸਦੀ ਹੈ, ਜਿਸ ਤਹਿਤ ਲੋਕਾਂ ਦੇ ਜ਼ਿਹਨ ਅੰਦਰ ਸਿਰਫ ਤੇ ਸਿਰਫ ਲਾਹੇ ਵਾਲੀਆਂ ਗੱਲਾਂ ਬਹੁਤ ਡੂੰਘੀਆਂ ਉਤਰ ਚੁਕੀਆਂ ਹਨ। ਗੁਰਦੀਪ ਦਾ ਆਖਣਾ ਹੈ, "ਲੋਕ ਅੱਜ ਕੱਲ੍ਹ ਕਿਸੇ ਲਾਹੇ ਜਾਂ ਕਿਸੇ ਚੀਜ਼ ਦੇ ਕੰਮ ਆਉਣ, ਨਾ ਆਉਣ ਦੇ ਪੱਖ ਤੋਂ ਹੀ ਸੋਚਦੇ ਹਨ। ਸੋ ਸਾਡਾ ਯਤਨ ਹੈ ਕਿ ਅਸੀਂ ਲੋਕਾਂ ਨੂੰ ਇਸ ਵਿਹਾਰ ਅਤੇ ਵਤੀਰੇ ਤੋਂ ਜ਼ਰਾ ਪਾਰ ਲੈ ਕੇ ਜਾਈਏ, ਲਾਹੇ ਵਾਲੇ ਨੁਕਤੇ ਨੂੰ ਰਤਾ ਪਿਛਾਂਹ ਧੱਕੀਏ। ਕਲਾ ਨੇ ਤੁਹਾਡੀਆਂ ਕੋਠੀਆਂ ਨਹੀਂ ਖੜ੍ਹੀਆਂ ਕਰਨੀਆਂ ਹੁੰਦੀਆਂ, ਇਹ ਤਾਂ ਅਨੁਭਵ ਦੀ ਉਡਾਰੀ ਹੈ। ਲਾਹੇ ਵਾਲੀ ਗੱਲ ਸੁਣ ਲਓ: ਅਸੀਂ ਕਿਰਤੀਆਂ ਅਤੇ ਉਨ੍ਹਾਂ ਦੇ ਸੰਦ-ਸੰਦੇੜਿਆਂ ਦੇ ਪੋਸਟਕਾਰਡ ਛਪਵਾਏ। ਕੋਈ ਇਨ੍ਹਾਂ ਨੂੰ ਖਰੀਦੇਗਾ ਨਹੀਂ; ਹਾਂ, ਉਹ ਇਨ੍ਹਾਂ ਪੋਸਟਕਾਰਡਾਂ ਉਤੇ ਕੀਤੀ ਕਲਾਕਾਰੀ, ਕਾਰੀਗਰੀ ਦੀ ਤਾਰੀਫ ਜ਼ਰੂਰ ਕਰਨਗੇ।"

'ਚੌਥੀ ਕੂਟ', 'ਕਿੱਸਾ ਪੰਜਾਬ' ਅਤੇ 'ਸੋਨੀ' ਵਰਗੀਆਂ ਫਿਲਮਾਂ ਲਈ ਕਾਸਟਿਊਮ ਡਿਜ਼ਾਈਨ ਕਰਨ ਵਾਲੀ ਨਵਜੀਤ ਦਾ ਆਖਣਾ ਹੈ, "ਮੈਂ ਕਲਾ, ਕਾਰੀਗਰੀ, ਉਸਤਾਦੀ ਇਸ ਸਭ ਦੇ ਸਫਰ, ਸਬਰ ਤੇ ਸਿਦਕ ਦੀ ਥਾਹ ਪਾਉਣਾ ਚਾਹੁੰਨੀ ਆਂ ਕਿ ਇਹ ਅੱਜ ਸਾਡੇ ਤੱਕ ਕਿਸ ਬਿਧ ਧਾਏ ਹਨ। ਮੇਰੇ ਲਈ ਇਹ ਵੱਡੀ ਗੱਲ ਹੈ ਕਿ ਇਸ ਹੁਨਰ ਅਤੇ ਹੁਨਰਮੰਦਾਂ ਨੇ ਵਕਤ ਅਤੇ ਤਕਨਾਲੋਜੀ ਨਾਲ ਵਰ ਕਿਸ ਬਿਧ ਮੇਲਿਆ। ਹੁਣ ਜਦੋਂ ਸੰਸਾਰ ਵਿਚ ਅਜਿਹੀਆਂ ਤਿਆਰ-ਬਰ-ਤਿਆਰ 'ਕਿਰਤਾਂ' ਦਾ ਹੜ੍ਹ ਆਇਆ ਪਿਆ ਹੈ ਤਾਂ ਮੈਂ 'ਕਿਰਤ' ਰਾਹੀਂ ਇਨ੍ਹਾਂ ਸਿਰਜਣਹਾਰਿਆਂ ਦੀ ਬਾਤ ਪਾ ਕੇ ਖੁਦ ਨੂੰ ਤਸੱਲੀ ਦੇਣ ਦੇ ਰਾਹ ਤੁਰ ਸਕੀ ਹਾਂ।"

ਕਿਰਤ ਲਈ ਇਸ ਮੋਹ-ਮੁਹੱਬਤ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਚਾਰ ਨੌਜਵਾਨਾਂ ਨੂੰ ਇਕ ਥਾਂ ਲਿਆ ਖੜ੍ਹਾਇਆ ਹੈ। ਉਨ੍ਹਾਂ ਜਰਖੇਜ਼ ਜ਼ਮੀਨ ਦੀ ਕੁੱਖ ਵਿਚ ਕੋਈ ਬੀਜ ਬੀਜਿਆ ਤੇ ਫੁੱਟਦੀਆਂ ਕਰੂੰਬਲਾਂ ਨੂੰ ਆਪਣੇ ਹੱਥਾਂ ਦੀ ਓਟ ਕਰ ਰਹੇ ਹਨ। ਉਨ੍ਹਾਂ ਦਾ ਅਗਲਾ ਖਿਆਲ ਇਹ ਹੈ ਕਿ ਇਸ ਨੂੰ ਪੋਥੀ ਪ੍ਰਕਾਸ਼ਨ ਅਤੇ ਆਰਟ ਗੈਲਰੀ ਤੱਕ ਲੈ ਕੇ ਜਾਇਆ ਜਾਵੇ।




ਸੱਜਿਓਂ: ਸੱਤਦੀਪ ਗਿੱਲ, ਜਸਦੀਪ ਸਿੰਘ, ਨਵਜੀਤ ਕੌਰ ਤੇ ਗੁਰਦੀਪ ਧਾਲੀਵਾਲ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਨਵੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-351



*ਇਹ ਕੈਸੀ ਰੁੱਤ ਆਈ ਵੇ ਲੋਕਾ, ਇਹ ਕੈਸੀ ਰੁੱਤ ਆਈ।*
*ਤੂੰ ਦੇਣਾ ਸੀ ਅੰਨ ਦਾ ਹੋਕਾ, ਗਲ ਬੰਦੂਕ ਹੈ ਪਾਈ।*
*ਕੌਣ ਬਰੂਦਾਂ ਦੇ ਵਿਓਪਾਰੀ, ਦਰ ਤੇਰੇ 'ਤੇ ਆਏ ਵੇ,*
*ਦਹਿਸ਼ਤ ਨੇ ਹਰ ਪਾਸੇ ਆ ਕੇ, ਕੀਕਣ ਅਲਖ ਜਗਾਈ।*

## ਕੈਪਸ਼ਨ ਮੁਕਾਬਲਾ-349



ਬੜੀ ਹੀ ਭੈੜੀ ਜੂਨ ਅਸਾਡੀ
ਮਜਬੂਰੀ ਢੰਗ ਸਿਖਾਉਂਦੀ ਹੈ।
ਪਹਿਲਾਂ ਠੰਢ ਨੇ ਮਾਰ ਲਏ ਸੀ
ਹੁਣ ਗਰਮੀ ਰੰਗ ਦਿਖਾਉਂਦੀ ਹੈ।
ਗੇੜੀ ਚੱਲ ਤੂੰ ਨਲਕਾ ਭੈਣੇ
ਬੜੀ ਹੀ ਲੱਜਤ ਆਉਂਦੀ ਹੈ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਨਲਕੇ ਬੀਤੇ ਦੀ ਗੱਲ ਹੋਏ
ਹੇਠਲਾ ਮੁੱਕ ਗਿਆ ਪਾਣੀ।
ਧਰਤੀ ਬਣਦੀ ਜਾਵੇ ਬੰਜਰ
ਸੀ ਪੰਜ ਦਰਿਆ ਦੀ ਰਾਣੀ।
ਹਰੀ ਕ੍ਰਾਂਤੀ ਭਾਗ ਜਗਾਏ
ਦੇਹ ਝੋਨਾ ਬੀਜਣ ਦਾ ਹੋਕਾ।
ਕੱਢ ਗੁਆਇਆ ਹੋਛਿਆਂ
ਪਾਣੀ ਬਿਨ ਪੈ ਗਿਆ ਸੋਕਾ।
**-ਸੇਵਾ ਸਿੰਘ ਨੂਰਪੁਰੀ**

**ਸੈਨ ਹੋਜ਼ੇ, ਕੈਲੀਫੋਰਨੀਆ।**

---

ਵੀਰ ਦੇ ਮੱਥੇ ਵੇਖ ਕੇ ਮੁੜਕਾ
ਭੈਣ ਦਾ ਮਨ ਘਬਰਾਇਆ।
ਕੰਮ ਧੰਦੇ ਸਭ ਵਿਚੇ ਛੱਡ ਕੇ
ਨਲਕੇ ਹੇਠ ਬਿਠਾਇਆ।
ਉਠਣ ਨੂੰ ਹੁਣ ਜੀਅ ਨਹੀਂ ਕਰਦਾ
ਕਹਿੰਦਾ ਬੜਾ ਨਜ਼ਾਰਾ ਆਇਆ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਮੁੜ੍ਹਕਾ ਵੀਰ ਦਾ
ਭੈਣ ਨਾ ਸਹਾਰਦੀ।
ਗੇੜੇ ਨਲਕਾ ਜ਼ੋਰ ਲਾ ਕੇ
ਤਪਸ਼ ਉਸ ਦੀ ਠਾਰਦੀ।
ਅੱਖਾਂ ਮੀਚ ਨ੍ਹਾਈ ਜਾਵੇ
ਗੱਲ ਸਾਂਝ ਤੇ ਪਿਆਰ ਦੀ।
**-ਦਵਿੰਦਰ ਕੌਰ**

---

ਦਿਲ ਦਿਲਗੀਰ ਸਮੁੰਦਰੋਂ ਡੂੰਘੇ
ਇਹ ਕਦੇ ਨਾ ਹੋਵਣ ਖਾਲੀ।
ਨਫਰਤ ਖੰਭ ਲਾ ਕੇ ਉਡ ਜਾਵੇ
ਜਗ੍ਹਾ ਨਹੀਂ ਇਸ 'ਚ ਕੋਈ।
ਹੋਵੇ ਭੈਣ ਭਰਾ ਜਾਂ ਦੋਸਤ
ਪਿਆਰ ਦਿੰਦਾ ਸੱਦਾ ਸਭ ਨੂੰ
ਆਓ ਰਲ-ਮਿਲ ਖੁਸ਼ੀਆਂ ਮਨਾਈਏ
ਲੱਗ ਜਾਵੇ ਤਾਣ ਭਾਵੇਂ ਸਾਰਾ।
ਗੇੜ ਗੇੜ ਨਲਕਾ
ਨਹਾਵੇ ਮਲ ਮਲ ਜੁਆਕ ਨੂੰ।
ਰੀਤ ਚਲੰਤ ਰਹੂ ਹੋ ਗਈ ਸ਼ੁਰੂ ਜੋ
ਮਨੁੱਖ ਹੋਂਦ 'ਚ ਆਇਆ ਜਦੋਂ ਤੋਂ।
**-ਦਰਸ਼ਨਪਾਲ ਦੋਸਾਂਝ**

# ਫਿਲਮ 'ਹੈਦਰ' ਨੇ ਕੌਮਾਂਤਰੀ ਫਿਲਮ ਮੇਲੇ 'ਚ ਖੱਟੀ ਬੱਲੇ ਬੱਲੇ

ਸ਼ਿਕਾਗੋ ਦੇ 54ਵੇਂ ਕੌਮਾਂਤਰੀ ਫਿਲਮ ਮੇਲੇ ਵਿਚ ਇਕੋ ਇਕ ਭਾਰਤੀ ਹਿੰਦੀ ਫਿਲਮ 'ਹੈਦਰ' ਦਿਖਾਈ ਗਈ, ਜਿਸ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਡਾਊਨ ਟਾਊਨ ਸ਼ਿਕਾਗੋ ਦੇ ਏ. ਐਮ. ਸੀ. ਸਿਨੇਮਾ ਹਾਲ ਵਿਚ ਫਿਲਮ ਨੂੰ ਦੇਖਣ ਲਈ ਭਾਰਤੀ ਦਰਸ਼ਕਾਂ ਨਾਲੋਂ ਅਮਰੀਕੀ ਤੇ ਹੋਰ ਦੇਸ਼ਾਂ ਦੇ ਦਰਸ਼ਕ ਵੱਧ ਸਨ।

ਫਿਲਮ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਮਸ਼ਹੂਰ ਨਾਟਕਕਾਰ ਸ਼ੇਕਸਪੀਅਰ ਤੋਂ ਬਹੁਤ ਪ੍ਰਭਾਵਿਤ ਹਨ। ਉਹ ਪਹਿਲਾਂ ਵੀ ਸ਼ੇਕਸਪੀਅਰ ਦੇ ਨਾਟਕ 'ਉਥੈਲੋ' (Othello) 'ਤੇ ਮੂਵੀ 'ਓਮਕਾਰਾ' (Omkara) ਅਤੇ 'ਮੈਕਬੈਥ' (Macbeth) ਦੇ ਆਧਾਰ 'ਤੇ ਫਿਲਮ 'ਮਕਬੂਲ' ਬਣਾ ਚੁਕੇ ਹਨ। ਫਿਲਮ 'ਹੈਦਰ' ਵੀ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ 'ਹੈਲਮੇਟ' ਦੇ ਪਾਤਰਾਂ ਨੂੰ ਕਸ਼ਮੀਰ ਵਿਚ ਚਲ ਰਹੇ ਅਜੋਕੇ ਅਸ਼ਾਂਤੀ ਦੇ ਮਾਹੌਲ ਦੀ ਪਿੱਠਭੂਮੀ ਬਣਾ ਕੇ ਹੀ ਇਸ ਦਾ ਤਾਣਾ-ਬਾਣਾ ਬੁਣਿਆ ਗਿਆ ਹੈ।

ਫਿਲਮ ਵਿਚ ਸ਼ਾਹਿਦ ਕਪੂਰ (ਹੈਦਰ ਮੀਰ) ਤੇ ਤਬੂ (ਗਜ਼ਾਲਾ ਮੀਰ), ਸ਼ਰਧਾ ਕਪੂਰ (ਅਰਸ਼ੀਆ), ਕੇ. ਕੇ. ਮੈਨਨ (ਖੁਰਮ ਮੀਰ), ਨਰਿੰਦਰ ਝਾਅ (ਡਾ. ਹਲਾਲ ਮੀਰ) ਅਤੇ ਇਰਫਾਨ ਖਾਨ (ਰੂਹਦਾਰ) ਆਦਿ ਕਲਾਕਾਰਾਂ ਨੇ ਪ੍ਰਮੁਖ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਵਿਚ ਤਬੂ ਨੇ ਮਾਂ ਦੀ ਭੂਮਿਕਾ ਨਿਭਾਈ ਹੈ ਤੇ ਸ਼ਾਹਿਦ ਕਪੂਰ ਉਸ ਦੇ ਬੇਟੇ ਦੇ ਰੋਲ ਵਿਚ ਹੈ।

ਵਿਸ਼ਾਲ ਭਾਰਦਵਾਜ ਨੇ ਖੁਦ ਵੀ ਥਿਏਟਰ ਵਿਚ ਬੈਠ ਕੇ ਦਰਸ਼ਕਾਂ ਦੇ ਨਾਲ ਹੀ ਫਿਲਮ ਦੇਖੀ। ਫਿਲਮ ਖਤਮ ਹੋਣ 'ਤੇ ਦਰਸ਼ਕਾਂ ਨੇ ਸਵਾਲ-ਜਵਾਬ ਦੌਰਾਨ ਜਦੋਂ ਪੁਛਿਆ ਕਿ ਉਸ ਨੂੰ ਫਿਲਮ 'ਹੈਦਰ' ਕਸ਼ਮੀਰ ਦੇ ਮਸਲੇ ਨਾਲ ਜੋੜ ਕੇ ਬਣਾਉਣ ਦਾ ਖਿਆਲ ਕਿਵੇਂ ਆਇਆ? ਉਨ੍ਹਾਂ ਕਿਹਾ ਕਿ ਉਹ ਹੈਲਮੇਟ ਨਾਟਕ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਇਸ ਆਧਾਰ 'ਤੇ ਫਿਲਮ ਬਣਾਉਣੀ ਚਾਹੁੰਦੇ ਸਨ। ਜਦੋਂ ਉਸ ਦੇ ਇਕ ਪੱਤਰਕਾਰ ਦੋਸਤ ਬਸ਼ਰਤ ਪੀਰ, ਜੋ ਕਸ਼ਮੀਰ ਨਾਲ ਸਬੰਧਤ ਸੀ, ਉਥੇ ਪੜ੍ਹਿਆ-ਲਿਖਿਆ ਤੇ ਵੱਡਾ ਹੋਇਆ ਸੀ, ਉਸ ਨੇ ਆਪਣੀਆਂ ਯਾਦਾਂ ਬਾਰੇ ਇਕ ਕਿਤਾਬ ਵੀ ਲਿਖੀ ਹੈ, ਨੇ ਕਸ਼ਮੀਰ ਦਾ ਮਾਹੌਲ ਮੇਰੇ ਨਾਲ ਸਾਂਝਾ ਕੀਤਾ ਤਾਂ ਇਹ ਫਿਲਮ ਬਣਾਉਣ ਦਾ ਖਿਆਲ ਆਇਆ। ਇਸ ਦੇ ਨਾਲ ਮੈਂ ਵੀ ਕਸ਼ਮੀਰ ਸਬੰਧੀ ਹੋਰ ਜਾਣਕਾਰੀ ਹਾਸਿਲ ਕੀਤੀ। ਇਸ ਤਰ੍ਹਾਂ ਹੈਲਮੇਟ ਨਾਟਕ ਦੇ ਕਿਰਦਾਰਾਂ ਨੂੰ ਇਸ ਫਿਲਮ ਦੇ ਕਿਰਦਾਰਾਂ ਨਾਲ ਜੋੜ ਕੇ ਇਸ ਫਿਲਮ ਲਈ ਸਕ੍ਰਿਪਟ ਲਿਖਣ ਦਾ ਕੰਮ ਸ਼ੁਰੂ ਕੀਤਾ ਤੇ ਇਹ ਫਿਲਮ ਬਣੀ।



*54ਵੇਂ ਕੌਮਾਂਤਰੀ ਫਿਲਮ ਮੇਲੇ 'ਚ ਵਿਸ਼ਾਲ ਭਾਰਦਵਾਜ ਨਾਲ ਸੁਰਿੰਦਰ ਸਿੰਘ ਭਾਟੀਆ*

ਨਾਟਕ ਵਿਚ ਹੈਲਮੇਟ ਆਪਣੇ ਪਿਤਾ ਦੀ ਮੌਤ ਦਾ ਬਦਲਾ ਦੁਸ਼ਮਣ ਅੰਕਲ ਤੋਂ ਲੈ ਲੈਂਦਾ ਹੈ, ਪਰ ਫਿਲਮ ਦੇ ਅੰਤ ਵਿਚ ਫਿਲਮ ਦਾ ਹੀਰੋ ਹੈਦਰ ਆਪਣੇ ਵੈਰੀ ਚਾਚੇ ਨੂੰ ਮਾਰਨ ਦਾ ਮੌਕਾ ਹੋਣ 'ਤੇ ਵੀ ਉਸ ਨੂੰ ਛੱਡ ਦਿੰਦਾ ਹੈ। ਕੀ ਅਜਿਹਾ ਜਾਣ ਬੁਝ ਕੇ ਕੀਤਾ ਗਿਆ?

ਜਵਾਬ ਵਿਚ ਵਿਸ਼ਾਲ ਭਾਰਦਵਾਜ ਨੇ ਕਿਹਾ ਕਿ ਫਿਲਮ ਬਣਾਉਂਦਿਆਂ ਇਸ ਗੱਲ ਬਾਰੇ ਮੇਰੀ ਆਪਣੇ ਸਾਥੀਆਂ ਤੇ ਦੋਸਤਾਂ ਨਾਲ ਬਹੁਤ ਵਿਚਾਰਾਂ ਹੋਈਆਂ ਕਿਉਂਕਿ ਮੈਂ ਸਕ੍ਰਿਪਟ ਆਪਣੇ ਦੋਸਤਾਂ ਨੂੰ ਵੀ ਪੜ੍ਹਨ ਨੂੰ ਦਿੱਤੀ ਸੀ ਪਰ ਅਖੀਰ ਫੈਸਲਾ ਹੋਇਆ ਕਿ ਹੈਦਰ ਆਪਣੇ ਅੰਕਲ ਨੂੰ ਉਸੇ ਹਾਲਤ ਵਿਚ ਛੱਡ ਦੇਵੇ। ਅਸਲ ਵਿਚ ਅਸੀਂ ਦੱਸਣਾ ਚਾਹੁੰਦੇ ਸਾਂ ਕਿ ਬਦਲਾ ਹੀ ਕਿਸੇ ਸਮੱਸਿਆ ਦਾ ਇਕੋ ਇਕ ਹੱਲ ਨਹੀਂ ਹੈ। ਇਸ ਖਿਤੇ ਵਿਚ ਹੋਪ, ਇਕ ਆਸ ਸ਼ਾਂਤੀ ਦੀ ਵੀ ਹੈ। ਬਦਲੇ ਦੀ ਭਾਵਨਾ ਤੋਂ ਪਰੇ ਵੀ ਇਕ ਉਸਾਰੂ ਮਾਹੌਲ ਦੀ ਉਮੀਦ ਹੈ। ਇਸੇ ਸਦਰੰਭ ਵਿਚ ਇਹ ਸ਼ਾਂਤੀ-ਸਕੂਨ ਦੀ ਆਸ ਦਾ ਪ੍ਰਗਟਾਵਾ ਸੀ।

ਸ਼ੇਕਸਪੀਅਰ ਦੇ ਨਾਟਕ ਹੈਲਮੇਟ ਵਿਚ ਇਕ ਭੂਤ ਦਾ ਕਿਰਦਾਰ ਹੈ, ਜੋ ਰਾਜ ਦਰਬਾਰ ਵਿਚ ਰਚੀ ਗਈ ਸਾਜਿਸ਼ ਬੇਨਕਾਬ ਕਰਦਾ ਹੈ, ਪਰ ਇਸ ਫਿਲਮ ਵਿਚ ਉਸ ਪਾਤਰ ਨੂੰ ਨਵੇਂ ਰੰਗ ਵਿਚ ਦਿਖਾਇਆ ਗਿਆ ਹੈ। ਕਿਉਂ?

ਵਿਸ਼ਾਲ ਭਾਰਦਵਾਜ ਨੇ ਕਿਹਾ, ਹਾਂ, ਇਸ ਫਿਲਮ ਵਿਚ ਇਹ ਕਿਰਦਾਰ ਇਰਫਾਨ ਪਠਾਨ ਵਾਲਾ ਹੈ, ਜੋ ਹੈਦਰ ਨੂੰ ਅਸਲੀਅਤ ਤੋਂ ਜਾਣੂ ਕਰਵਾਉਂਦਾ ਹੈ, ਜਿਸ ਦਾ ਫਿਲਮੀ ਨਾਂ ਰੂਹਦਾਰ ਹੈ, ਜੋ ਫਿਲਮ ਮੁਤਾਬਕ ਕੁਝ ਤਬਦੀਲੀ ਕਰਕੇ ਸਿਰਜਿਆ ਗਿਆ ਹੈ।

ਇਹ ਪੁੱਛੇ ਜਾਣ 'ਤੇ ਕਿ ਤੁਸੀਂ ਆਪਣੀ ਫਿਲਮਾਂ ਲਈ ਕਿਸੇ ਨਾ ਕਿਸੇ ਗੰਭੀਰ ਵਿਸ਼ੇ ਨੂੰ ਚੁਣਦੇ ਹੋ, ਕਿਸੇ ਨਾ ਕਿਸੇ ਸਮਾਜਕ ਚਲੰਤ ਮਾਮਲਿਆਂ ਨੂੰ ਆਪਣੀਆਂ ਫਿਲਮਾਂ ਦਾ ਵਿਸ਼ਾ ਬਣਾਉਂਦੇ ਹੋ। ਕੀ ਇਹ ਬਿਜਨਿਸ ਪੱਖੋਂ ਰਿਸਕੀ ਨਹੀਂ ਹੁੰਦਾ? ਉਨ੍ਹਾਂ ਕਿਹਾ ਕਿ ਫਿਲਮਾਂ ਸਮਾਜ ਦਾ ਆਇਨਾ ਹੁੰਦੀਆਂ ਹਨ, ਸੋ ਜੋ ਸਮਾਜ ਵਿਚ ਵਾਪਰਦਾ ਹੈ, ਫਿਲਮ ਨਿਰਮਾਤਾ ਦਾ ਫਰਜ਼ ਹੈ ਕਿ ਉਸ ਵਿਸ਼ੇ ਨੂੰ ਚੁਣੇ ਤੇ ਫਿਲਮ ਬਣਾਏ।

ਇਹ ਪੁੱਛੇ ਜਾਣ 'ਤੇ ਕਿ ਅੱਜ ਕਲ ਕੌਮਾਂਤਰੀ ਫਿਲਮ ਮੇਲੇ ਵਿਚ ਭਾਰਤੀ ਫਿਲਮਾਂ ਦਾਖਲ ਤਾਂ ਹੁੰਦੀਆਂ ਹਨ ਪਰ ਬਹੁਤ ਘੱਟ ਗਿਣਤੀ ਵਿਚ। ਭਾਰਤੀ ਫਿਲਮਾਂ ਦੁਨੀਆਂ ਵਿਚ ਪ੍ਰਸਿੱਧ ਹਾਲੀਵੁਡ ਦੇ ਆਸਕਰ ਅਵਾਰਡ ਵਿਚ ਵੀ ਅਜੇ ਤੱਕ ਕੋਈ ਇਨਾਮ ਹਾਸਿਲ ਨਹੀਂ ਕਰ ਸਕੀਆਂ। ਤੁਹਾਡੀ ਨਜ਼ਰ 'ਚ ਕੀ ਕਾਰਨ ਹੋ ਸਕਦਾ ਹੈ?

ਵਿਸ਼ਾਲ ਦਾ ਜਵਾਬ ਸੀ ਕਿ ਅਸੀਂ ਉਸ ਤਰ੍ਹਾਂ ਦੀਆਂ ਫਿਲਮਾਂ ਬਹੁਤ ਘਟ ਬਣਾਉਂਦੇ ਹਾਂ। ਸਾਡੀਆਂ ਫਿਲਮਾਂ ਜ਼ਿਆਦਾਤਰ ਭਾਰਤੀ ਦਰਸ਼ਕਾਂ ਦੀ ਰੁਚੀ ਨੂੰ ਸਨਮੁਖ ਰੱਖ ਕੇ ਬਣਾਈਆਂ ਜਾਂਦੀਆਂ ਹਨ। ਬਹੁਤੇ ਫਿਲਮ ਨਿਰਮਾਤਾ ਕਮਰਸ਼ੀਅਲ ਪੱਖ ਨੂੰ ਮੁਖ ਰੱਖ ਕੇ ਫਿਲਮਾਂ ਬਣਾਉਂਦੇ ਹਨ। ਹਾਂ ਸਤਿਆਜੀਤ ਰੇਅ ਅਲੱਗ ਤਰ੍ਹਾਂ ਦੀਆਂ ਫਿਲਮਾਂ ਬਣਾਉਂਦੇ ਸਨ।

ਤੁਹਾਡੀਆਂ ਫਿਲਮਾਂ ਵਿਚ ਗੀਤ-ਸੰਗੀਤ ਬਹੁਤ ਉਭਰ ਕੇ ਆਉਂਦੇ ਹਨ। ਫਿਲਮ 'ਹੈਦਰ' ਵਿਚ ਵੀ ਗੀਤ-ਸੰਗੀਤ ਬਹੁਤ ਮਜਬੂਤ ਪੱਖ ਹੈ।

ਜਵਾਬ ਵਿਚ ਉਨ੍ਹਾਂ ਕਿਹਾ ਕਿ ਮੈਂ ਇਕ ਸੰਗੀਤਕਾਰ ਵੀ ਹਾਂ ਤੇ ਗੀਤਕਾਰ ਵੀ ਅਤੇ ਫਿਲਮਸਾਜ਼-ਗੀਤਕਾਰ ਗੁਲਜ਼ਾਰ ਜੀ ਮੇਰੇ ਮੈਂਟਰ ਹਨ। ਮੈਂ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹਾਂ, ਉਨ੍ਹਾਂ ਦੀ ਫਿਲਮ 'ਮਾਚਿਸ' ਦਾ ਸੰਗੀਤ ਮੈਂ ਤਿਆਰ ਕੀਤਾ ਸੀ, ਜਿਸ ਦਾ ਗੀਤ 'ਚੱਪਾ ਚੱਪਾ ਚਰਖਾ ਚਲੇ' ਬਹੁਤ ਮਕਬੂਲ ਹੋਇਆ ਸੀ।

ਇਕ ਅਮਰੀਕੀ ਦਰਸ਼ਕ ਨੇ ਜਦੋਂ ਇਹ ਸਵਾਲ ਉਠਾਇਆ ਕਿ ਫਿਲਮ ਵਿਚ ਇੰਗਲਿਸ਼ ਵਿਚ ਚਲਦੇ ਸਬ-ਟਾਈਟਲ ਵਿਚ ਕੁਝ ਗਲਤੀਆਂ ਹਨ ਤਾਂ ਵਿਸ਼ਾਲ ਭਾਰਦਵਾਜ ਨੇ ਹੱਸਦਿਆ ਆਖਿਆ ਕਿ ਮੇਰੀ ਇੰਗਲਿਸ਼ ਕੁਝ ਕਮਜੋਰ ਹੈ। ਹਾਲਾਂਕਿ ਉਨ੍ਹਾਂ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ ਦੀ ਡਿਗਰੀ ਹਾਸਿਲ ਕੀਤੀ ਹੈ।

ਫਿਲਮ 'ਹੈਦਰ' 54ਵੇਂ ਕੌਮਾਂਤਰੀ ਫਿਲਮ ਮੇਲੇ ਦੇ 'ਮਾਸਟਰ ਪੀਸ ਫਿਲਮ' ਕੈਟੇਗਿਰੀ ਮੁਕਾਬਲੇ ਵਿਚ ਸੀ। ਇਨਾਮ ਜਿੱਤਣ ਵਾਲੀਆਂ ਫਿਲਮਾਂ ਦੇ ਨਤੀਜੇ ਆ ਗਏ ਹਨ, ਪਰ ਫਿਲਮ 'ਹੈਦਰ' ਕੋਈ ਇਨਾਮ ਨਹੀਂ ਜਿੱਤ ਸਕੀ। ਇਨਾਮ ਨਿਰਦੇਸ਼ਕ ਆਲਈਸ ਦੀ ਫਿਲਮ 'ਲੈਜਾਰੋ' ਨੇ ਜਿਤਿਆ ਹੈ।

ਪ੍ਰਤਿਭਾਸ਼ਾਲੀ ਵਿਸ਼ਾਲ ਭਾਰਦਵਾਜ ਸੰਗੀਤਕਾਰ, ਨਿਰਮਾਤਾ, ਨਿਰਦੇਸ਼ਕ, ਸਕਰੀਨ ਰਾਈਟਰ, ਪਲੇ ਬੈਕ ਸਿੰਗਰ, ਗੀਤਕਾਰ ਵੀ ਹਨ ਅਤੇ ਕਰੀਬ ਇਨ੍ਹਾਂ ਸਭਨਾਂ ਖੇਤਰਾਂ ਵਿਚ ਉਹ ਕੋਈ 2 ਦਰਜਨ ਕੌਮਾਂਤਰੀ ਤੇ ਕੌਮੀ ਅਵਾਰਡ ਹਾਸਿਲ ਕਰ ਚੁਕੇ ਹਨ। ਅੱਜ ਕਲ ਉਹ 'ਰਾਣੀ' ਨਾਂ ਦੀ ਫਿਲਮ ਬਣਾ ਰਹੇ ਹਨ।

**-ਸੁਰਿੰਦਰ ਸਿੰਘ ਭਾਟੀਆ**

## ਗੁਲਾਮ ਬਣਾਉਣ ਦੇ ਦੋਸ਼ ਹੇਠ ਭਾਰਤੀ ਜੋੜਾ ਗ੍ਰਿਫਤਾਰ

**ਲੰਡਨ:** ਦੱਖਣੀ ਇੰਗਲੈਂਡ ਵਿਚ ਰਹਿੰਦੇ ਭਾਰਤੀ ਮੂਲ ਦੇ ਜੋੜੇ ਨੂੰ ਬਰਤਾਨਵੀ ਪੁਲਿਸ ਨੇ ਆਪਣੇ ਬਾਗ ਦੇ ਸ਼ੈੱਡ 'ਚ ਇਕ ਪੋਲਿਸ਼ ਬਿਲਡਰ ਨੂੰ ਚਾਰ ਸਾਲ ਗੁਲਾਮ ਬਣਾ ਕੇ ਰੱਖਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਪੁਲਿਸ ਅਨੁਸਾਰ ਸਾਊਥੈਂਪਟਨ ਨੇੜੇ ਚਿਲਵਰਥ 'ਚ ਰਹਿੰਦੇ ਪਲਵਿੰਦਰ ਤੇ ਪ੍ਰਿਤਪਾਲ ਬਿਨਿੰਗ ਨੂੰ ਪਿਛਲੇ ਹਫਤੇ ਗ੍ਰਿਫਤਾਰ ਕੀਤਾ ਹੈ। ਬਰਤਾਨੀਆ ਦੇ ਜੀ. ਐਲ. ਏ. ਏ. (ਗੈਂਗਮਾਸਟਰ ਐਂਡ ਲੇਬਰ ਅਬਿਊਜ਼ ਅਥਾਰਿਟੀ) ਨੇ ਉਨ੍ਹਾਂ ਦੇ ਘਰ ਛਾਪਾ ਮਾਰ ਕੇ ਇਹ ਕਾਰਵਾਈ ਕੀਤੀ ਹੈ। ਅਧਿਕਾਰੀਆਂ ਅਨੁਸਾਰ ਇਕ ਪੋਲਿਸ਼ ਬੰਦੇ ਵੱਲੋਂ ਸਾਊਥੈਂਪਟਨ ਦੇ ਸਿਹਤ ਕੇਂਦਰ ਦੇ ਅਮਲੇ ਨੂੰ ਇਸ ਬਾਰੇ ਦੱਸਣ ਪਿਛੋਂ ਇਹ ਛਾਪਾ ਮਾਰਿਆ ਗਿਆ। ਪੀੜਤ ਨੇ ਦੱਸਿਆ ਕਿ ਉਸ ਨੂੰ ਸਿਰਫ ਖਾਣੇ ਬਦਲੇ ਗੁਲਾਮ ਬਣਾ ਕੇ ਜਬਰੀ ਕੰਮ ਕਰਵਾਇਆ ਜਾ ਰਿਹਾ ਸੀ।


ਗੁਰਦੁਆਰਾ ਪੈਲਾਟਾਈਨ ਸ਼ਿਕਾਗੋ

1280 Winnetka St, Palatine, IL 60067

ਪੰਥ ਦੀ ਚੜ੍ਹਦੀ ਕਲਾ, ਪੰਥਕ ਏਕੇ ਅਤੇ ਵਿਲੱਖਣ ਵਿਰਸੇ ਨੂੰ ਬਰਕਰਾਰ ਰੱਖਣ ਹਿੱਤ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ

ਸਿੱਖ ਜਗਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 14 ਅਪਰੈਲ 2019 (ਪਹਿਲੀ ਵਿਸਾਖ) ਨੂੰ ਮਨਾਉਣ ਦੀਆਂ ਤਿਆਰੀਆਂ ਅਰੰਭ ਕੀਤੀਆਂ ਜਾ ਰਹੀਆਂ ਹਨ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਵਲੋਂ ਸੰਸਾਰ ਭਰ ਦੀਆਂ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਹੈ ਕਿ ਸਾਰੇ ਇਤਿਹਾਸਕ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਵਾਸਤੇ ਪੁਰਜ਼ੋਰ ਉਪਰਾਲੇ ਕਰਨ।

2017 ਦੀ ਮੂਲ ਨਾਨਕਸ਼ਾਹੀ ਕੈਲੰਡਰ ਕਾਨਫਰੰਸ ਵਿਖੇ ਸੰਗਤਾਂ ਨੇ ਇਹ ਦਿਹਾੜੇ ਹੇਠਾਂ ਦਿੱਤੇ ਅਨੁਸਾਰ ਮਨਾਉਣ ਦੇ ਮਤੇ ਪ੍ਰਵਾਨ ਕੀਤੇ ਸਨ:

ਬੰਦੀਛੋੜ ਦਿਵਸ: ਪਹਿਲੀ ਫੱਗਣ (ਸੰਮਤ 550) 12 ਫਰਵਰੀ 2019

ਹੋਲਾ ਮਹੱਲਾ ਤੇ ਸਿੱਖ ਨਵਾਂ ਸਾਲ: ਪਹਿਲੀ ਚੇਤਰ (ਸੰਮਤ 551) 14 ਮਾਰਚ 2019

ਗੁਰੂ ਨਾਨਕ ਪ੍ਰਕਾਸ਼ ਪੁਰਬ ਤੇ ਵਿਸਾਖੀ: ਪਹਿਲੀ ਵਿਸਾਖ (ਸੰਮਤ 551) 14 ਅਪਰੈਲ 2019

ਆਉਣ ਵਾਲੀ ਪਨੀਰੀ ਨੂੰ ਪੱਕੀਆਂ ਇਤਿਹਾਸਕ ਤਰੀਕਾਂ ਦੱਸਣ ਲਈ ਸਾਡਾ ਸਭ ਦਾ ਫਰਜ਼ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਤਿਹਾਸਕ ਦਿਹਾੜੇ ਮਨਾਈਏ।

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 847-358-1117

# ਮੋਦੀ ਨੇ ਕਾਰੋਬਾਰੀਆਂ ਲਈ ਲਾਈ ਰਿਆਇਤਾਂ ਦੀ ਝੜੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਪੋਰਟਲ ਰਾਹੀਂ 59 ਮਿੰਟਾਂ ਵਿਚ ਇਕ ਕਰੋੜ ਰੁਪਏ ਤੱਕ ਦਾ ਕਰਜ਼ਾ ਦੇਣ ਸਮੇਤ ਕਈ ਕਦਮ ਚੁੱਕੇ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ.



ਰਜਿਸਟਰਡ ਛੋਟੇ ਤੇ ਦਰਮਿਆਨੇ ਉਦਯੋਗ ਹੁਣ ਸਿਰਫ 59 ਮਿੰਟਾਂ ਵਿਚ ਇਕ ਕਰੋੜ ਰੁਪਏ ਤੱਕ ਦਾ ਕਰਜ਼ਾ ਲੈ ਸਕਣਗੇ। ਇਸ ਦੇ ਨਾਲ ਹੀ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਇਕ ਕਰੋੜ ਰੁਪਏ ਤੱਕ ਦੇ ਇੰਕਰੀਮੈਂਟਲ ਕਰਜ਼ੇ 'ਤੇ ਵਿਆਜ 'ਚ ਦੋ ਫੀਸਦ ਤੱਕ ਦੀ ਛੋਟ ਵੀ ਮਿਲੇਗੀ।

ਸ੍ਰੀ ਮੋਦੀ ਨੇ ਕਿਹਾ ਕਿ ਇਸ ਖੇਤਰ ਦੇ ਬਰਾਮਦਕਾਰਾਂ ਲਈ ਬਰਾਮਦ ਤੋਂ ਪਹਿਲਾਂ ਤੇ ਬਾਅਦ ਦੀ ਜ਼ਰੂਰਤ ਲਈ ਮਿਲਣ ਵਾਲੇ ਕਰਜ਼ੇ ਉਤੇ ਵਿਆਜ ਸਹਾਇਤਾ ਨੂੰ ਤਿੰਨ ਫੀਸਦੀ ਤੋਂ ਵਧਾ ਕੇ ਪੰਜ ਫੀਸਦੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਲਏ ਗਏ 12 ਫੈਸਲੇ ਇਤਿਹਾਸਕ ਹਨ।

ਵਿਸ਼ਵ ਬੈਂਕ ਦੀ 'ਕਾਰੋਬਾਰ ਕਰਨ ਲਈ ਸਾਜ਼ਗਾਰ ਮਾਹੌਲ' ਦੀ ਰੈਂਕਿੰਗ ਵਿਚ 23 ਸਥਾਨਾਂ ਦੀ ਮਾਰੀ ਗਈ ਛਾਲ ਬਾਰੇ ਸ੍ਰੀ ਮੋਦੀ ਨੇ ਕਿਹਾ ਚਾਰ ਸਾਲਾਂ ਵਿਚ ਉਨ੍ਹਾਂ ਦੀ ਸਰਕਾਰ ਨੇ ਜੋ ਹਾਸਲ ਕੀਤਾ ਹੈ ਉਸ ਦੀ ਵਧੇਰੇ ਲੋਕਾਂ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਇਸ ਦੌਰਾਨ ਭਾਰਤ ਨੇ ਜੋ ਹਾਸਲ ਕੀਤਾ ਹੈ ਉਹ ਦੁਨੀਆਂ ਦੇ ਕਿਸੇ ਹੋਰ ਦੇਸ਼ ਨੇ ਹਾਸਲ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਰੋਬਾਰ ਲਈ ਸਾਜ਼ਗਾਰ ਮਾਹੌਲ ਦੀ ਰੈਂਕਿੰਗ ਵਿਚ ਭਾਰਤ 142ਵੇਂ ਸਥਾਨ ਤੋਂ ਉੱਠ ਕੇ 77ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਹੁਣ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਸਿਖਰਲੇ 50 ਦੇਸ਼ਾਂ ਵਿਚ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਨਿਯਮਾਂ ਤੇ ਪ੍ਰਕਿਰਿਆਵਾਂ 'ਚ ਸੁਧਾਰ ਨਾਲ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਅੱਗੇ ਵਧਣ ਵਿਚ ਮਦਦ ਮਿਲੇਗੀ।

# ਜੱਜਾਂ ਦੀ ਨਿਯੁਕਤੀ ਬਾਰੇ ਸਰਕਾਰੀ ਫੁਰਤੀ ਤੋਂ ਚੀਫ ਜਸਟਿਸ ਹੈਰਾਨ

**ਨਵੀਂ ਦਿੱਲੀ:** ਹਾਈ ਕੋਰਟਾਂ ਦੇ ਚਾਰ ਜੱਜਾਂ ਦੇ ਨਾਂਵਾਂ ਨੂੰ ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਨਿਯੁਕਤ ਕਰਨ ਸਬੰਧੀ ਦਿੱਤੀ ਪ੍ਰਵਾਨਗੀ ਤੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਹੈਰਾਨ ਹਨ। ਸੁਪਰੀਮ ਕੋਰਟ ਕੌਲਿਜ਼ੀਅਮ ਨੇ 30 ਅਕਤੂਬਰ ਨੂੰ ਚਾਰ ਜੱਜਾਂ ਦੇ ਨਾਂਵਾਂ ਦੀ ਤਰੱਕੀ ਲਈ ਕੇਂਦਰ ਸਰਕਾਰ ਨੂੰ ਸਿਫਾਰਸ਼ ਕੀਤੀ ਸੀ ਅਤੇ ਉਨ੍ਹਾਂ ਨੇ ਦੋ ਨਵੰਬਰ ਨੂੰ ਸਹੁੰ ਵੀ ਚੁੱਕ ਲਈ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਕੌਲਿਜ਼ੀਅਮ ਵੱਲੋਂ ਭੇਜੇ ਨਾਂਵਾਂ ਨੂੰ ਠੰਢੇ ਬਸਤੇ ਵਿਚ ਪਾ ਰੱਖਿਆ ਹੈ।

ਇਸ ਸਬੰਧੀ ਦਾਇਰ ਇਕ ਪਟੀਸ਼ਨ ਉਤੇ ਸੁਪਰੀਮ ਕੋਰਟ ਨੇ ਅੱਠ ਹਫਤਿਆਂ ਬਾਅਦ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਸੁਪਰੀਮ ਕੋਰਟ ਵਿਚ ਕਵਰੇਜ ਕਰਦੇ ਪੱਤਰਕਾਰਾਂ ਵੱਲੋਂ ਕੀਤੇ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਗੋਗੋਈ ਨੇ ਕਿਹਾ ਕਿ ਉਨ੍ਹਾਂ ਨੇ 11 ਵਜੇ ਕੇਂਦਰ ਨੂੰ ਸਿਫਾਰਸ਼ਾਂ ਭੇਜੀਆਂ ਸਨ ਅਤੇ ਸ਼ਾਮ ਨੂੰ ਹੀ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਚਾਰਾਂ ਜੱਜਾਂ ਦਾ ਮੈਡੀਕਲ ਹੋ ਗਿਆ ਹੈ ਤਾਂ ਉਹ ਹੈਰਾਨ ਰਹਿ ਗਏ। ਉਨ੍ਹਾਂ ਕਿਹਾ, 'ਮੈਂ ਇਸ ਉਤੇ ਯਕੀਨ ਨਹੀਂ ਕਰ ਸਕਦਾ ਸੀ।' ਉਨ੍ਹਾਂ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ



ਦਿੰਦਿਆਂ ਕਿਹਾ ਕਿ ਇਸ ਮੁੱਦੇ ਉੱਤੇ ਸਵਾਲਾਂ ਦੇ ਜਵਾਬ ਤਾਂ ਕਾਨੂੰਨ ਮੰਤਰੀ ਹੀ ਦੇ ਸਕਦੇ ਹਨ।

ਇਸ ਦੌਰਾਨ ਹੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਉਸ ਅਪੀਲ ਉਤੇ ਸੁਣਵਾਈ ਅੱਠ ਹਫਤੇ ਬਾਅਦ ਕਰੇਗਾ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਕੇਂਦਰ ਸੁਪਰੀਮ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਸਬੰਧੀ ਕੌਲਿਜ਼ੀਅਮ ਦੀਆਂ ਸਿਫਾਰਸ਼ਾਂ ਨੂੰ ਲੰਬੇ ਸਮੇਂ ਤੋਂ ਦੱਬ ਕੇ ਬੈਠਾ ਹੈ। ਗੈਰ ਸਰਕਾਰੀ ਸੰਗਠਨ 'ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ' ਦੀ ਤਰਫੋਂ ਦਾਇਰ ਕੀਤੀ ਪਟੀਸ਼ਨ ਦੀ ਪੈਰਵੀ ਕਰਦਿਆਂ ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ ਅਤੇ ਪ੍ਰਸ਼ਾਂਤ ਭੂਸ਼ਨ ਨੇ ਅਦਾਲਤ ਨੂੰ ਦੱਸਿਆ ਕਿ ਕੇਂਦਰ ਕੌਲਿਜ਼ੀਅਮ ਦੀਆਂ ਸਿਫਾਰਸ਼ਾਂ ਨੂੰ ਦੱਬ ਕੇ ਬੈਠਾ ਹੈ। ਚੀਫ ਜਸਟਿਸ ਨੇ ਇਹ ਵੀ ਐਲਾਨ ਕੀਤਾ ਹੈ ਕਿ ਸੁਪਰੀਮ ਕੋਰਟ ਫੈਸਲਿਆਂ ਦੀਆਂ ਕਾਪੀਆਂ ਕੇਸ ਵਿਚ ਸ਼ਾਮਲ ਧਿਰਾਂ, ਜੇ ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਹੋਵੇਗੀ ਤਾਂ ਉਨ੍ਹਾਂ ਦੀ ਮਾਤ ਭਾਸ਼ਾ ਵਿਚ ਵੀ ਮੁਹੱਈਆ ਕਰਵਾਏਗਾ।

# ਹਾਸ਼ਿਮਪੁਰਾ ਕਤਲੇਆਮ: 16 ਸਾਬਕਾ ਪੁਲਿਸ ਕਰਮੀਆਂ ਨੂੰ ਉਮਰ ਕੈਦ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਮੇਰਠ ਦੀ ਹਾਸ਼ਿਮਪੁਰਾ ਬਸਤੀ 'ਚ 1987 ਵਿਚ ਘੱਟ ਗਿਣਤੀਆਂ ਨਾਲ ਸਬੰਧਤ 42 ਵਿਅਕਤੀਆਂ ਦੇ ਕਤਲੇਆਮ ਲਈ 16 ਸਾਬਕਾ ਪੁਲਿਸ ਕਰਮੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜਸਟਿਸ ਐਸ ਮੁਰਲੀਧਰ ਅਤੇ ਵਿਨੋਦ ਗੋਇਲ ਦੇ ਬੈਂਚ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟ ਦਿੱਤਾ ਜਿਸ ਨੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਹਾਈ ਕੋਰਟ ਨੇ ਪੁਲਿਸ ਦੇ ਕਾਰੇ ਨੂੰ ਨਿਹੱਥੇ ਲੋਕਾਂ ਦਾ 'ਮਿੱਥ ਕੇ ਕਤਲ' ਕਰਾਰ ਦਿੱਤਾ।

ਬੈਂਚ ਨੇ ਪ੍ਰੋਵਿੰਸ਼ੀਅਲ ਆਰਮਡ ਕੌਂਸਟੇਬੁਲਰੀ (ਪੀ.ਏ.ਸੀ.) ਦੇ 16 ਸਾਬਕਾ ਜਵਾਨਾਂ ਨੂੰ ਕਤਲ, ਅਗਵਾ, ਅਪਰਾਧਿਕ ਸਾਜ਼ਿਸ਼ ਅਤੇ ਸਬੂਤਾਂ ਨੂੰ ਨਸ਼ਟ ਕਰਨ ਦਾ ਦੋਸ਼ੀ ਠਹਿਰਾਇਆ। ਅਦਾਲਤ ਨੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ ਲਈ 31 ਵਰ੍ਹੇ ਉਡੀਕ ਕਰਨੀ ਪਈ ਅਤੇ ਮਾਲੀ ਰਾਹਤ ਨਾਲ ਉਨ੍ਹਾਂ ਦੇ ਘਾਟੇ ਨੂੰ ਪੂਰਿਆ ਨਹੀਂ ਜਾ ਸਕਦਾ ਹੈ। ਹਾਈ ਕੋਰਟ ਨੇ ਦੋਸ਼ੀਆਂ ਨੂੰ 22 ਨਵੰਬਰ ਤੋਂ ਪਹਿਲਾਂ ਪਹਿਲਾਂ ਆਤਮ ਸਮਰਪਣ ਕਰਨ ਦੇ ਨਿਰਦੇਸ਼ ਦਿੱਤੇ ਹਨ। ਬੈਂਚ ਨੇ ਆਪਣੇ ਫੈਸਲੇ 'ਚ ਕਿਹਾ ਕਿ ਪੀ.ਏ.ਸੀ. ਮੁਲਾਜ਼ਮਾਂ ਖਿਲਾਫ਼ ਕਾਫੀ ਸਬੂਤ ਹਨ ਅਤੇ ਉਨ੍ਹਾਂ ਖਿਲਾਫ਼ ਲਾਏ ਗਏ ਦੋਸ਼ਾਂ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਹੈ। ਉਤਰ ਪ੍ਰਦੇਸ਼, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਕਤਲੇਆਮ 'ਚ ਬਚ ਗਏ ਜ਼ੁਲਫਿਕਾਰ ਨਾਸਿਰ ਸਮੇਤ ਕੁਝ ਹੋਰ ਧਿਰਾਂ ਨੇ ਵੀ ਹਾਈ ਕੋਰਟ 'ਚ ਪਟੀਸ਼ਨ ਪਾਈ ਸੀ ਜਿਸ 'ਤੇ ਹਾਈ ਕੋਰਟ ਨੇ 6 ਸਤੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

ਬੈਂਚ ਨੇ ਭਾਜਪਾ ਆਗੂ ਸੁਬਰਾਮਣੀਅਨ ਸਵਾਮੀ ਵੱਲੋਂ ਕਤਲੇਆਮ 'ਚ ਤਤਕਾਲੀ ਗ੍ਰਹਿ ਮੰਤਰੀ ਪੀ ਚਿਦੰਬਰਮ ਦੀ ਭੂਮਿਕਾ ਸਬੰਧੀ ਅੱਗੇ ਜਾਂਚ ਬਾਰੇ ਪਟੀਸ਼ਨ ਨੂੰ ਰੱਦ ਕਰ ਦਿੱਤਾ। ਉਂਜ ਉਨ੍ਹਾਂ ਸੀਬੀ-ਸੀਆਈਡੀ ਦੀ ਰਿਪੋਰਟ ਨੂੰ ਜਨਤਕ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ 21 ਮਾਰਚ 2015 ਨੂੰ ਹੇਠਲੀ ਅਦਾਲਤ ਨੇ ਸ਼ੱਕ ਦਾ ਲਾਭ ਦਿੰਦਿਆਂ ਪੀ.ਏ.ਸੀ. ਦੇ 16 ਸਾਬਕਾ ਜਵਾਨਾਂ ਨੂੰ ਬਰੀ ਕਰ ਦਿੱਤਾ ਸੀ।

## ਛੇ ਦਿਨ ਦਰਖਤ ਨਾਲ ਲਟਕੀ ਔਰਤ ਨੂੰ ਜਿੰਦਾ ਬਚਾਇਆ

**ਮੁੰਬਈ:** ਅਮਰੀਕਾ ਦੇ ਐਰੀਜੋਨਾ ਸਥਿਤ ਵਿਕੇਨਬਰਗ 'ਚ ਹਾਦਸੇ ਤੋਂ ਬਾਅਦ 50 ਫੁਟ ਡੂੰਘੀ ਖਾਈ 'ਚ 6 ਦਿਨ ਤੱਕ ਇਕ ਦਰਖਤ ਨਾਲ ਲਟਕੀ ਔਰਤ ਨੂੰ ਸੁਰੱਖਿਅਤ ਬਚਾ ਲਿਆ ਗਿਆ। ਡੀ.ਪੀ.ਐਸ. ਦੀ ਰਿਪੋਰਟ ਮੁਤਾਬਕ 12 ਅਕਤੂਬਰ ਨੂੰ 53 ਸਾਲ ਦੀ ਔਰਤ ਦੀ ਕਾਰ ਤਿਲਕਦੀ ਹੋਈ ਰੁੱਖ ਨਾਲ ਟਕਰਾ ਗਈ। ਇਸ ਤੋਂ ਬਾਅਦ ਕਾਰ 'ਚ ਬੈਠੀ ਔਰਤ ਕਈ ਦਿਨਾਂ ਤਕ ਰੁੱਖ ਨਾਲ ਲਟਕੀ ਰਹੀ।

ਔਰਤ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਕਈ ਦਿਨਾਂ ਤੋਂ ਕਾਰ 'ਚ ਸੀ। ਜਦੋਂ ਉਸ ਨੂੰ ਲੱਗਿਆ ਕਿ ਕੋਈ ਉਸ ਨੂੰ ਬਚਾਉਣ ਨਹੀਂ ਆਉਣ ਵਾਲਾ ਤਾਂ ਉਸ ਨੇ ਆਪ ਹੀ ਕਾਰ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਉਹ ਕਾਰ ਵਿਚੋਂ ਨਿਕਲੀ ਤੇ ਪੈਦਲ ਤੁਰਦੀ ਰਹੀ। ਕੁਝ ਦੇਰ ਤੁਰਨ ਤੋਂ ਬਾਅਦ ਉਸ ਨੂੰ ਰੇਲ ਦੀ ਪਟੜੀਆਂ ਨਜ਼ਰ ਆਈਆਂ। ਔਰਤ ਨੇ ਅੱਗੇ ਕਿਹਾ ਕਿ ਉਸ ਨੂੰ ਉਮੀਦ ਸੀ ਕਿ ਕੋਈ ਉਸ ਨੂੰ ਦੇਖ ਲਵੇਗਾ। ਉਹ ਜ਼ਿਆਦਾ ਨਹੀਂ ਤੁਰ ਪਾ ਰਹੀ ਸੀ ਕਿਉਂਕਿ ਉਸ ਦੇ ਪੈਰ 'ਤੇ ਸੱਟ ਲੱਗੀ ਸੀ। ਫੇਰ ਨੇੜੇ ਖੇਤਾਂ 'ਚ ਕੰਮ ਕਰ ਰਹੇ ਵਿਅਕਤੀ ਨੇ ਉਸ ਨੂੰ ਦੇਖਿਆ ਤੇ ਉਸ ਨੇ ਅਧਿਕਾਰੀਆਂ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ।

# ਨਵੀਂ ਪਿਰਤ: ਵਿਆਹ 'ਤੇ ਡੀਜੇ ਦੀ ਥਾਂ ਕਵੀ ਸੰਮੇਲਨ, ਖਾਣੇ ਦੀ ਥਾਂ ਲੱਗੇ ਬੁੱਕ ਸਟਾਲ

**ਹੁਸ਼ਿਆਰਪੁਰ:** ਇੰਜੀਨੀਅਰ ਲਾੜੇ ਸੰਦੀਪ ਸਿੰਘ ਸਹੋਤਾ ਤੇ ਪੰਜਾਬੀ ਦੀ ਅਸਿਸਟੈਂਟ ਪ੍ਰੋਫੈਸਰ ਲਾੜੀ ਕੌਰ ਪਾਲ ਨੇ ਆਪਣੇ ਵਿਆਹ ਦੀ ਵੱਖਰੀ ਮਿਸਾਲ ਪੇਸ਼ ਕੀਤੀ। ਇਨ੍ਹਾਂ ਨੇ ਨਵੇਂ ਅੰਦਾਜ਼ ਵਿਚ ਵਿਆਹ ਕਰਾਇਆ। ਪਿੰਡ ਭਾਰਟਾ-ਗਣੇਸ਼ਪੁਰ ਵਿਚ ਵਿਆਹ ਦੀਆਂ ਤਿਆਰੀਆਂ ਬਾਹਰੋਂ ਤਾਂ ਆਮ ਵਿਆਹ ਵਰਗੀਆਂ ਲੱਗਦੀਆਂ ਸਨ, ਪਰ ਅੰਦਰ ਦਾ ਨਜ਼ਾਰਾ ਕੁਝ ਹੋਰ ਹੀ ਸੀ। ਇਸ ਵਿਆਹ ਵਿਚ ਡੀਜੇ ਦੀ ਜਗ੍ਹਾ ਸਾਹਿਤਕਾਰਾਂ ਨੂੰ ਬੁਲਾ ਕੇ ਕਵੀ ਸੰਮੇਲਨ ਕਰਾਇਆ ਗਿਆ। ਕਵੀਆਂ ਨੇ ਸ਼ੇਅਰੋ-ਸ਼ਾਇਰੀ ਨਾਲ ਬਰਾਤੀਆਂ ਦਾ ਮਨੋਰੰਜਨ ਕੀਤਾ। ਵਿਆਹ ਵਿਚ ਪੰਜਾਬ ਦੇ ਮਸ਼ਹੂਰ 112 ਸ਼ਾਇਰਾਂ ਨੂੰ ਬੁਲਾਇਆ ਗਿਆ ਸੀ। ਇਸ ਤੋਂ ਇਲਾਵਾ ਖਾਣ-ਪੀਣ ਦੇ ਸਟਾਲਾਂ ਦੀ ਥਾਂ 'ਤੇ ਕਿਤਾਬਾਂ ਦੇ ਸਟਾਲ ਲਾਏ ਗਏ।

ਇਸ ਵਿਆਹ ਵਿਚ ਬਰਾਤੀਆਂ ਨੇ ਕਵੀਆਂ ਦੀਆਂ ਰਚਨਾਵਾਂ ਤੇ ਗ਼ਜ਼ਲਾਂ 'ਤੇ ਭੰਗੜੇ ਪਾਏ। ਦੋ ਪੰਜਾਬੀ ਸਾਹਿਤ ਤੇ ਹੋਰ ਕਿਤਾਬਾਂ ਦੇ ਸਟਾਲ ਲਾਏ ਗਏ। ਬਰਾਤੀਆਂ ਤੇ ਆਮ ਲੋਕਾਂ ਨੇ ਪੰਜਾਬੀ ਸਾਹਿਤ ਨਾਲ ਭਰਪੂਰ ਇਸ ਵਿਆਹ ਦੀ ਕਾਫੀ ਤਾਰੀਫ ਕੀਤੀ। ਦੱਸਿਆ ਜਾਂਦਾ ਹੈ ਕਿ ਵਿਆਹ ਸਮਾਗਮ ਵਿਚ ਪੁੱਜੇ 455 ਮਹਿਮਾਨਾਂ ਨੇ ਕਰੀਬ 9 ਹਜ਼ਾਰ ਰੁਪਏ ਦੀਆਂ ਕਿਤਾਬਾਂ ਖਰੀਦੀਆਂ। ਲਾੜੀ ਦੇ ਪਿਤਾ ਪ੍ਰੀਤਨੀਤ ਪੁਰੀ ਪੰਜਾਬੀ ਕਹਾਣੀਕਾਰ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਹੈ। ਇੰਟਰਨੈਟ ਦੇ ਯੁਗ ਵਿਚ ਲੋਕਾਂ 'ਚ ਕਿਤਾਬਾਂ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ। ਲੋਕ ਕਾਹਲੀ ਵਿਚ ਰਹਿੰਦੇ ਹਨ, ਇਸ ਲਈ ਸਾਹਿਤ ਪੜ੍ਹਨ ਦਾ ਕਿਸੇ ਕੋਲ ਸਮਾਂ ਵੀ ਨਹੀਂ ਹੈ। ਇਸ ਲਈ ਵਿਆਹ ਦੇ ਪ੍ਰੋਗਰਾਮ ਵਿਚ ਉਨ੍ਹਾਂ ਖਾਣ-ਪੀਣ ਦੇ 25 ਸਟਾਲਾਂ ਨਾਲ 2 ਕਿਤਾਬਾਂ ਦੇ ਸਟਾਲ ਵੀ ਲਾਏ।'

## ਅਮਰੀਕਾ ਨੇ ਭਾਰਤ ਦੀਆਂ 50 ਵਸਤੂਆਂ ਨੂੰ ਕੀਤਾ ਕਰ ਮੁਕਤ ਸੂਚੀ 'ਚੋਂ ਬਾਹਰ

**ਵਾਸ਼ਿੰਗਟਨ:** ਅਮਰੀਕਾ ਨੇ ਵਿਦੇਸ਼ਾਂ ਤੋਂ ਆਯਾਤ ਹੋਣ ਵਾਲੀਆਂ 90 ਵਸਤੂਆਂ ਦੀ ਕਰ ਮੁਕਤ (ਡਿਊਟੀ ਫ੍ਰੀ) ਹੋਣ ਦੀ ਛੋਟ ਵਾਪਸ ਲੈ ਲਈ ਹੈ। ਹੁਣ ਇਨ੍ਹਾਂ ਵਸਤੂਆਂ ਦੇ ਆਯਾਤ 'ਤੇ ਕਰ ਵਸੂਲਿਆ ਜਾਵੇਗਾ। ਬੁਰੀ ਖਬਰ ਇਹ ਹੈ ਕਿ ਇਨ੍ਹਾਂ 'ਚ ਭਾਰਤ ਦੀਆਂ 50 ਵਸਤੂਆਂ ਵੀ ਸ਼ਾਮਲ ਹਨ, ਜਿਨ੍ਹਾਂ ਭਾਰਤੀ ਉਤਪਾਦਾਂ ਉਤੇ ਹੁਣ ਅਮਰੀਕਾ 'ਚ ਕਰ ਵਸੂਲਿਆ ਜਾਵੇਗਾ। ਇਨ੍ਹਾਂ 'ਚ ਜ਼ਿਆਦਾਤਰ ਹਾਡਲੂਮ ਅਤੇ ਖੇਤੀ ਖੇਤਰਾਂ ਦੇ ਉਤਪਾਦ ਹਨ। ਟਰੰਪ ਪ੍ਰਸ਼ਾਸਨ ਦਾ ਇਹ ਫੈਸਲਾ ਭਾਰਤ ਦੇ ਨਾਲ ਵਪਾਰਕ ਰਿਸ਼ਤਿਆਂ 'ਚ ਉਸ ਦੇ ਸਖਤ ਰੁਖ਼ ਦਾ ਸੰਕੇਤ ਹੈ। ਫੈਡਰਲ ਰਜਿਸਟਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਕਿਹਾ ਕਿ ਹੁਣ ਤੱਕ 'ਜਨਰਲਾਈਜ਼ਡ ਸਿਸਟਮ ਆਫ ਪ੍ਰੈਫਰੈਂਸ (ਜੀ.ਐਸ.ਪੀ.) ਦੇ ਕਰ ਮੁਕਤ ਨਿਯਮਾਂ ਦੇ ਅੰਦਰ ਆਉਣ ਵਾਲੇ 90 ਉਤਪਾਦਾਂ ਨੂੰ ਸੂਚੀ ਤੋਂ ਬਾਹਰ ਕੀਤਾ ਜਾ ਰਿਹਾ ਹੈ।

# ਚੀਨ ਨੇ ਵਿੱਤੀ ਤੰਗੀ ਨਾਲ ਜੂਝਦੇ ਪਾਕਿਸਤਾਨ ਦਾ ਫੜ੍ਹਿਆ ਹੱਥ

**ਪੇਈਚਿੰਗ:** ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਵੱਲੋਂ ਮਿਲਦੀ ਵਿੱਤੀ ਸਹਾਇਤਾ 'ਤੇ ਪਾਕਿਸਤਾਨ ਦੀ ਟੇਕ ਘਟਾਉਣ ਲਈ ਚੀਨ ਨੇ ਆਪਣੇ ਇਸ ਗੂੜ੍ਹੇ ਮਿੱਤਰ ਨੂੰ 6 ਅਰਬ ਅਮਰੀਕੀ ਡਾਲਰ ਦੀ ਇਮਦਾਦ ਮੁਹੱਈਆ ਕਰਵਾਉਣ ਲਈ ਸਹਿਮਤੀ ਦੇ ਦਿੱਤੀ ਹੈ। ਚੀਨ ਵੱਲੋਂ ਪਾਕਿ ਨੂੰ ਇੰਨੀ ਵੱਡੀ ਵਿੱਤੀ ਸਹਾਇਤਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਲੇਠੀ ਚੀਨ ਫੇਰੀ ਮਗਰੋਂ ਸੰਭਵ ਹੋਈ ਹੈ। ਇਸ ਦੌਰਾਨ ਚੀਨੀ ਵਿਦੇਸ਼ ਮੰਤਰੀ ਲੂ ਕਾਂਗ ਨੇ ਕਿਹਾ ਕਿ ਖ਼ਾਨ ਦੀ ਫੇਰੀ 'ਨਵੇਂ ਸੂਰਤੇ ਹਾਲ' ਵਿਚ ਦੋਵਾਂ ਮੁਲਕਾਂ ਨੂੰ ਦੁਵੱਲੇ ਸਬੰਧਾਂ ਦੀ ਦਿਸ਼ਾ 'ਚ 'ਨਵਾਂ ਅਧਿਆਏ' ਖੋਲ੍ਹਣ ਦਾ ਮੌਕਾ ਦੇਵੇਗੀ।

ਚਾਰ ਰੋਜ਼ਾ ਫੇਰੀ ਤਹਿਤ ਚੀਨ ਪੁੱਜੇ ਇਮਰਾਨ ਖ਼ਾਨ ਨੇ ਗ੍ਰੇਟ ਹਾਲ ਆਫ ਪੀਪਲ ਵਿਚ ਚੀਨੀ ਸਦਰ ਸ਼ੀ ਜਿਨਪਿੰਗ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਵਫਦ ਪੱਧਰ ਦੀ ਗੱਲਬਾਤ ਤੋਂ ਪਹਿਲਾਂ ਆਪਸੀ ਮੀਟਿੰਗ ਵੀ ਕੀਤੀ। ਪਾਕਿਸਤਾਨ ਜੀਓ ਟੀਵੀ ਦੀ ਰਿਪੋਰਟ ਮੁਤਾਬਕ ਵਜ਼ੀਰੇ ਆਜ਼ਮ ਦੀ ਇਸ ਫੇਰੀ ਦੌਰਾਨ ਪਾਕਿਸਤਾਨ ਨੂੰ ਚੀਨ ਤੋਂ ਆਰਥਿਕ ਪੈਕੇਜ ਵਜੋਂ 6 ਅਰਬ ਅਮਰੀਕੀ ਡਾਲਰ ਮਿਲਣ ਦੇ ਆਸਾਰ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਚੀਨ-ਪਾਕਿ ਆਰਥਿਕ ਗਲਿਆਰੇ (ਸੀਪੈੱਕ) ਲਈ ਮਿਲ ਰਹੇ 3 ਅਰਬ ਅਮਰੀਕੀ ਡਾਲਰ ਦੇ ਵਾਧੂ ਪੈਕੇਜ ਦੇ ਨਾਲ ਪਾਕਿ ਨੂੰ ਡੇਢ ਅਰਬ ਡਾਲਰ ਦੇ ਕਰਜ਼ੇ ਦੀ ਪੇਸ਼ਕਸ਼ ਵੀ ਕੀਤੀ ਜਾਵੇਗੀ। ਕਰਜ਼ਾ ਤੇ ਨਿਵੇਸ਼, ਛੇ ਅਰਬ ਡਾਲਰ ਦੇ ਪੈਕੇਜ ਦਾ ਹਿੱਸਾ ਹੈ। ਪੇਈਚਿੰਗ ਨੇ ਹਾਲਾਂਕਿ ਅਜੇ ਤੱਕ ਇਸ ਰਿਪੋਰਟ ਬਾਰੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ। ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਲਈ ਪਿਛਲੇ ਕੁਝ ਹਫਤਿਆਂ 'ਚ ਇਹ ਦੂਜਾ ਮੌਕਾ ਹੈ ਜਦੋਂ ਖ਼ਾਨ ਦੀ ਅਗਵਾਈ ਵਾਲੀ ਸਰਕਾਰ 6 ਅਰਬ ਡਾਲਰ ਦਾ ਪੈਕੇਜ ਲੈਣ ਵਿਚ ਸਫਲ ਰਹੀ ਹੈ।



# ਦਿੱਲੀ ਮੈਟਰੋ ਦਾ ਰਿਕਾਰਡ, ਲੰਡਨ ਤੇ ਨਿਊ ਯਾਰਕ ਦੀ ਬਰਾਬਰੀ

**ਨਵੀਂ ਦਿੱਲੀ:** ਦਿੱਲੀ ਮੈਟਰੋ ਹੁਣ ਦੁਨੀਆਂ ਦੇ ਸਭ ਤੋਂ ਵੱਡੇ ਮੈਟਰੋ ਨੈੱਟਵਰਕ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ। ਇਸ ਸੂਚੀ ਵਿਚ ਲੰਡਨ, ਸ਼ਿੰਘਾਈ, ਨਿਊ ਯਾਰਕ, ਬੀਜਿੰਗ ਵੀ ਸ਼ਾਮਲ ਹਨ। ਦਿੱਲੀ ਮੈਟਰੋ ਨੇ ਹੁਣ ਨਵੀਂ 'ਪਿੰਕ ਲਾਈਨ' ਮੈਟਰੋ ਦੇ ਉਦਘਾਟਨ ਤੋਂ ਬਾਅਦ ਇਹ ਰਿਕਾਰਡ ਕਾਇਮ ਕੀਤਾ।

ਨਵੀਂ ਪਿੰਕ ਲਾਈਨ 17.86 ਕਿਲੋਮੀਟਰ ਲੰਮੀ ਹੈ, ਜਿਸ 'ਤੇ ਕੁੱਲ 15 ਸਟੇਸ਼ਨ ਹਨ। ਇਸ ਲਾਈਨ ਦੀ ਸ਼ੁਰੂਆਤ ਤੋਂ ਬਾਅਦ ਦਿੱਲੀ ਮੈਟਰੋ ਦੀ ਕੁੱਲ ਲੰਬਾਈ 314 ਕਿਲੋਮੀਟਰ ਹੋ ਗਈ ਹੈ, ਜਿਸ ਉਤੇ ਕੁੱਲ 229 ਸਟੇਸ਼ਨ ਬਣੇ ਹੋਏ ਹਨ। ਇਸ ਪਿੰਕ ਲਾਈਨ ਨਾਲ ਤ੍ਰਿਲੋਕਪੁਰੀ, ਸੰਜੇ ਲੇਕ, ਈਸਟ ਵਿਨੋਦ ਨਗਰ, ਆਨੰਦ ਵਿਹਾਰ, ਕੜਕੜਡੂਮਾ ਕੋਰਟ ਤੇ ਵੈਲਕਮ ਸਟੇਸ਼ਨ ਆਦਿ ਪ੍ਰਮੁੱਖ ਹਨ। ਇਹ ਲਾਈਨ ਸ਼ੁਰੂ ਹੋਣ ਨਾਲ ਯਮੁਨਾਪਾਰ ਦੇ ਮੌਜਪੁਰ, ਬਾਬਰਪੁਰ, ਗੋਲਕਪੁਰੀ, ਜ਼ਾਫਰਬਾਦ, ਵੈਲਕਮ ਜਿਹੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਸਿੱਧਾ ਫਾਇਦਾ ਹੋਵੇਗਾ।

ਦਿੱਲੀ ਮੈਟਰੋ ਨੇ ਪਿੰਕ ਲਾਈਨ ਮੈਟਰੋ ਨੈੱਟਵਰਕ ਲਈ ਆਪਣੀਆਂ 21 ਨਵੀਆਂ ਟਰੇਨਾਂ ਨੂੰ ਆਪਣੇ ਬੇੜੇ ਵਿਚ ਸ਼ਾਮਲ ਕੀਤਾ ਹੈ। ਇਹ ਨਵੀਆਂ ਗੱਡੀਆਂ 812 ਵਾਧੂ ਗੇੜੇ ਲਾਉਣਗੀਆਂ। ਇਸ ਤਰ੍ਹਾਂ ਦਿੱਲੀ ਮੈਟਰੋ ਰੇਲਾਂ ਹੁਣ ਰੋਜ਼ਾਨਾ 4,749 ਗੇੜੇ (ਟਰਿੱਪ) ਲਾਉਣਗੀਆਂ। ਇੰਜੀਨੀਅਰਿੰਗ ਦਾ ਸੁੰਦਰ ਨਮੂਨਾ ਦਿੱਲੀ ਮੈਟਰੋ ਦੇ ਨਾਂ ਕਈ ਹੋਰ ਰਿਕਾਰਡ ਵੀ ਦਰਜ ਹੋ ਗਏ ਹਨ। ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੇ ਹੁਣ ਪਹਿਲੀ ਵਾਰ ਦੋ ਮੰਜ਼ਲਾ ਮੈਟਰੋ ਡੀਪੂ ਬਣਾਇਆ ਹੈ। ਨਵੇਂ ਪਿੰਕ ਲਾਈਨ ਰੂਟ 'ਤੇ ਮਾਇਆਪੁਰੀ ਤੇ ਸਾਊਥ ਕੈਂਪਸ ਵਿਚਾਲੇ ਲਾਈਨ 23.6 ਮੀਟਰ ਭਾਵ 7 ਮੰਜ਼ਿਲਾ ਇਮਾਰਤ ਜਿੰਨੀ ਉਚੀ ਹੈ।

## ਯੂ.ਕੇ. 'ਚ ਮਹਾਰਾਜਾ ਹਰੀ ਸਿੰਘ ਦੀ ਸਪੋਰਟਸ ਕਾਰ ਦੀ ਹੋਵੇਗੀ ਨਿਲਾਮੀ

**ਲੰਡਨ:** ਕਸ਼ਮੀਰ ਦੇ ਆਖਰੀ ਮਹਾਰਾਜਾ ਹਰੀ ਸਿੰਘ ਦੀ ਵਿੰਟੇਜ ਸਪੋਰਟਸ ਕਾਰ ਦੀ ਨਿਲਾਮੀ ਲੰਡਨ 'ਚ ਦਸੰਬਰ ਨੂੰ ਹੋਵੇਗੀ। 2 ਦਸੰਬਰ ਨੂੰ ਬੋਨਾਹਮਸ ਬਾਂਡ ਸਟਰੀਟ ਉਤੇ ਹੋਣ ਵਾਲੀ ਨਿਲਾਮੀ 'ਚ ਵਿੰਟੇਜ ਯੁੱਗ ਦੀਆਂ ਬ੍ਰਿਟੇਸ਼ ਸਪੋਰਟ ਕਾਰਾਂ 'ਚੋਂ ਸਭ ਤੋਂ ਵਧੀਆ ਮੰਨੀ ਜਾਂਦੀ 1924 ਦੀ ਵੋਕਸਹਾਲ 30-98 ਓ.ਈ. ਵੇਲੋਕ ਟੋਰਰ ਕਾਰ ਦੇ 3 ਲੱਖ 30 ਹਜ਼ਾਰ ਤੋਂ 3 ਲੱਖ 90 ਹਜ਼ਾਰ ਪੌਂਡ ਤੱਕ ਵਿਕਣ ਦੀ ਉਮੀਦ ਹੈ।

# ਧਰਤੀ ਪੁੱਤਰ ਜਗਜੀਤ ਹਾਰਾ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਜਗਜੀਤ ਸਿੰਘ ਹਾਰਾ ਨੂੰ ਖੇਤੀ ਯੂਨੀਵਰਸਿਟੀ, ਲੁਧਿਆਣਾ ਦੀ ਨੌਕਰੀ ਦੇ ਸਮੇਂ ਤੋਂ ਜਾਣਦਾ ਹਾਂ; ਕੋਈ ਚਾਲੀ ਸਾਲ ਤੋਂ। ਉਦੋਂ ਤੱਕ ਉਹ ਅਰਥ ਸ਼ਾਸਤਰ ਦੀ ਐਮ. ਏ. ਕਰਕੇ ਇੰਟਰਨੈਸ਼ਨਲ ਫਾਰਮ ਯੂਥ ਐਕਸਚੇਂਜ ਪ੍ਰੋਗਰਾਮ ਥੱਲੇ ਅਮਰੀਕਾ ਦੀ ਖੁੱਲ੍ਹੀ-ਡੁੱਲ੍ਹੀ ਤੇ ਆਕਸੀ ਜੱਫੀਆਂ ਪਾਉਂਦੀ ਸਟੇਟ ਮੋਨਟਾਨਾ ਵਿਚ ਕਣਕਾਂ ਦੀ ਖੇਤੀ ਵੇਖ ਚੁਕਾ ਸੀ। ਉਥੇ ਕਣਕ ਸਤੰਬਰ ਮਹੀਨੇ ਬੀਜੀ ਜਾਂਦੀ ਹੈ ਤੇ ਦਸ-ਗਿਆਰਾਂ ਮਹੀਨਿਆਂ ਪਿਛੋਂ ਜੁਲਾਈ-ਅਗਸਤ ਵਿਚ ਵੱਢੀ ਜਾਂਦੀ ਹੈ। ਉਹ ਸ਼ੇਰਸਾਹ ਸੂਰੀ ਮਾਰਗ ਉਤੇ ਪੈਂਦੇ ਆਪਣੇ ਪਿੰਡ ਜੋਗੀਆਣਾ ਕੰਗਣਵਾਲ ਵਿਚ ਵਿਗਿਆਨਕ ਢੰਗ ਨਾਲ ਖੇਤੀ ਕਰਨ ਵਾਲਿਆਂ ਦਾ ਵੀ ਮੋਹਰੀ ਬਣ ਚੁਕਾ ਸੀ। ਉਸ ਦੀ ਖੇਤੀ ਤੇ ਬੀਜ ਉਤਪਾਦਨ ਵਿਧੀਆ ਦੇਖਣ ਵਾਲੇ ਐਮ. ਐਸ. ਰੰਧਾਵਾ, ਅਮਰੀਕ ਸਿੰਘ ਚੀਮਾ ਤੇ ਡਾ. ਐਮ. ਐਸ. ਸਵਾਮੀਨਾਥਨ ਹੀ ਨਹੀਂ, ਮੁਧਰੀਆਂ ਫਸਲਾਂ ਈਜਾਦ ਕਰਕੇ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਡਾ. ਨਾਰਮਨ ਬੋਰਲਾਗ ਵੀ ਸਨ। ਮੈਂ ਵੀ ਉਨ੍ਹਾਂ ਸੁਭਾਗੇ ਪੁਰਸ਼ਾਂ ਵਿਚੋਂ ਹਾਂ, ਜਿਸ ਨੂੰ ਉਸ ਦੀ ਮਿੱਤਰਤਾ ਤੇ ਉਸ ਦੀ ਪਤਨੀ ਸੁਰਜੀਤ ਕੌਰ ਦੀ ਮਹਿਮਾਨ ਨਿਵਾਜ਼ੀ ਮਾਣਨ ਦਾ ਮੌਕਾ ਮਿਲਿਆ। ਇੱਕ ਵਾਰ ਨਹੀਂ, ਅਨੇਕ ਵਾਰ।

ਮੇਰੇ ਦਿੱਲੀ ਪਰਤਣ ਪਿਛੋਂ ਉਸ ਨੂੰ ਮਿਲਣ ਵਾਲੇ ਇਨਾਮਾਂ-ਸਨਮਾਨਾਂ ਦੀ ਝੜੀ ਲੱਗ ਗਈ। ਸਾਲ ਵਿਚ ਇੱਕ ਹੀ ਨਹੀਂ, ਦੋ-ਤਿੰਨ ਵੀ। ਧਾਨ ਪੰਡਿਤ ਸਨਮਾਨ, ਜੈਮ ਆਫ ਇੰਡੀਆ ਐਵਾਰਡ, ਪੰਜਾਬ ਰਤਨ ਸਨਮਾਨ, ਬੰਦਾ ਬਹਾਦਰ ਪੁਰਸਕਾਰ ਤੇ ਪਦਮਸ੍ਰੀ ਹੀ ਨਹੀਂ, ਢਾਈ ਦਰਜਨ ਸੰਸਥਾਵਾਂ ਦੀ ਮੈਂਬਰੀ, ਦਰਜਨ ਦੇ ਕਰੀਬ ਬੋਰਡਾਂ, ਕਾਰਪੋਰੇਸ਼ਨਾਂ ਤੇ ਬੈਂਕਾਂ ਦੀ ਡਾਇਰੈਕਟਰੀ; ਦੇਸ਼ ਤੋਂ ਬਾਹਰ ਰੂਸ, ਚੀਨ ਤੇ ਜਪਾਨ ਦੇ ਖੇਤੀ ਵਿਸ਼ਵ ਵਿਦਿਆਲਿਆ ਦੀ ਵਿਜ਼ਟਿੰਗ ਪ੍ਰੋਫੈਸਰਸ਼ਿਪ ਤੇ ਹੋਰ ਕਈ ਕੁਝ। ਦੇਸ-ਵਿਦੇਸ਼ ਵਿਚ ਖੇਤੀ ਨਾਲ ਸਬੰਧਤ ਵਰਕਸ਼ਾਪਾਂ ਤੇ ਕਾਨਫਰੰਸਾਂ ਵਿਚ ਸ਼ਿਰਕਤ ਦਾ ਤਾਂ ਅੰਤ ਹੀ ਨਹੀਂ।




ਉਸ ਨੂੰ ਇਲੀਨਾਏ ਸਟੇਟ ਵਿਚ ਇੱਕ ਅਜਿਹੀ ਕੰਬਾਈਨ ਮਸ਼ੀਨ ਚਲਾਉਣ ਦਾ ਮੌਕਾ ਮਿਲਿਆ, ਜਿਸ ਦੀ ਕੈਬਿਨ ਏਅਰ ਕੰਡੀਸ਼ਨਡ ਸੀ ਅਤੇ ਉਸ ਵਿਚ ਰੇਡੀਓ ਤੇ ਟੀ. ਵੀ. ਸੈਟ ਵੀ ਲੱਗਾ ਹੋਇਆ ਸੀ। ਮੋਨਟਾਨਾ ਰਹਿੰਦਿਆਂ ਉਸ ਦਾ ਮੇਜ਼ਬਾਨ ਉਸ ਨੂੰ ਸੱਠ ਮੀਲ ਦੀ ਦੂਰੀ ਵਾਲੇ ਇਕ ਕਿਸਾਨ ਕੋਲ ਲੈ ਕੇ ਗਿਆ ਤਾਂ ਜਗਜੀਤ ਨਾਲ ਉਸ ਦੀ ਜਾਣ-ਪਛਾਣ 'ਮੇਰੇ ਪੜੋਸੀ ਕਿਸਾਨ ਨੂੰ ਮਿਲੋ' ਕਹਿ ਕੇ ਕਰਵਾਈ ਗਈ।

ਮੈਂ ਜਗਜੀਤ ਹਾਰਾ ਦੀ ਤਸਵੀਰ ਏਨੀ ਵਾਰ ਸਥਾਨਕ ਤੇ ਖੇਤਰੀ ਅਖ਼ਬਾਰਾਂ ਵਿਚ ਵੇਖ ਚੁਕਾ ਹਾਂ, ਜਿੰਨੀ ਕਹਿੰਦੇ-ਕਹਾਉਂਦੇ ਰਾਜਨੀਤਕ ਆਗੂਆਂ ਦੀ ਵੀ ਨਹੀਂ ਵੇਖੀ। ਉਸ ਦੀ ਨਵ ਪ੍ਰਕਾਸ਼ਿਤ ਆਤਮ ਕਥਾ 'ਧਰਤੀ ਪੁੱਤਰ ਜਗਜੀਤ ਸਿੰਘ ਹਾਰਾ' (ਅਸਥੈਟਿਕ ਪਬਲੀਕੇਸ਼ਨਜ਼, ਪੰਨੇ 168, ਤਸਵੀਰਾਂ ਦੋ ਦਰਜਨ, ਮੁਲ 500 ਰੁਪਏ) ਇਹੋ ਜਿਹੀਆਂ ਅਨੇਕਾਂ ਘੁੰਡੀਆਂ ਤੇ ਪ੍ਰਾਪਤੀਆਂ ਤੋਂ ਪਰਦਾ ਚੁੱਕਦੀ ਹੈ। ਇਸ ਦਾ ਪਾਠ ਕਰਨ ਤੋਂ ਪਹਿਲਾਂ ਮੈਨੂੰ ਨਹੀਂ ਸੀ ਪਤਾ ਕਿ ਮੇਰੇ ਨਾਲੋਂ ਦੋ ਸਾਲ ਛੋਟਾ ਮੇਰਾ ਮਿੱਤਰ ਕਿੰਨੀਆਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੱਲਾਂ ਮਾਰ ਚੁਕਾ ਹੈ।

**ਉਲੂ ਦੀ ਬਾਦਸ਼ਾਹੀ:** ਅੱਜ ਕੱਲ ਬਠਿੰਡਾ ਦੇ ਚਿੜੀਆ ਘਰ ਤੋਂ ਦੋ ਉਲੂਆਂ ਦਾ ਚੋਰੀ ਹੋਣਾ ਚਰਚਾ ਵਿਚ ਹੈ। ਦੁਰਲਭ ਜਾਤੀ ਦੇ ਇਹ ਉਲੂ ਪਿਛਲੇ ਸਾਲ ਪਿੰਡ ਬਹਿਮਣ ਦੀਵਾਨਾ ਦੇ ਸਕੂਲ ਵਿਚੋਂ ਲੱਭੇ ਸਨ। ਉਦੋਂ ਇਨ੍ਹਾਂ ਦੀ ਗਿਣਤੀ ਚਾਰ ਸੀ। ਫਾਰੈਸਟ ਅਫਸਰ ਗੁਰਪਾਲ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਚਾਰੇ ਉਲੂ ਚਿੜੀਆ ਘਰ ਪਹੁੰਚਾ ਦਿੱਤੇ। ਉਨ੍ਹਾਂ ਵਿਚੋਂ ਦੋ ਤਾਂ ਰੱਬ ਨੂੰ ਪਿਆਰੇ ਹੋ ਗਏ ਤੇ ਦੋ ਹੁਣ ਚੋਰੀ ਹੋ ਗਏ ਦੱਸੇ ਜਾਂਦੇ ਹਨ। ਚੋਰੀ ਦਾ ਪਤਾ ਲਗਦੇ ਸਾਰ ਚਿੜੀਆ ਘਰ ਦੇ ਪੱਕੇ ਚਪੜਾਸੀ ਵਿਜੇ ਕੁਮਾਰ ਤੇ ਦੋ ਦਿਹਾੜੀਦਾਰਾਂ-ਸਤਿਨਾਮ ਸਿੰਘ ਤੇ ਰਾਜਿੰਦਰ ਸਿੰਘ ਦੀ ਛੁੱਟੀ ਕਰ ਦਿੱਤੀ ਗਈ ਹੈ। ਅਫਸਰਾਂ ਨੇ ਚੋਰੀ ਹੋਏ ਉਲੂਆਂ ਬਾਰੇ ਇਤਲਾਹ ਦੇਣ ਵਾਲੇ ਨੂੰ ਪੰਜ ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕਰਕੇ ਚੋਰੀ ਦੀ ਖਬਰ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੂੰ ਪਹੁੰਚਾ ਦਿੱਤੀ ਹੈ। ਕਹਿੰਦੇ ਹਨ, ਦੀਵਾਲੀ ਦੇ ਦਿਨਾਂ ਵਿਚ ਤਾਂਤਰਿਕ ਲੋਕ ਉਲੂਆਂ ਦੀ ਪੂਜਾ ਕਰਕੇ ਇਨ੍ਹਾਂ ਦਾ ਬਲੀਦਾਨ ਦਿੰਦੇ ਹਨ।

ਉਲੂ ਦੀ ਪੁੱਛ-ਗਿੱਛ ਪਰਬਤੀ ਖੇਤਰਾਂ ਵਿਚ ਵੀ ਘੱਟ ਨਹੀਂ। ਉਸ ਦਾ ਕਾਰਨ ਹੋਰ ਹੈ। ਇਹ ਖਬਰ ਪੜ੍ਹ ਕੇ ਮੈਨੂੰ ਪੰਜਾਹ ਸਾਲ ਪਹਿਲਾਂ ਦੀ ਹਿਮਾਚਲ ਯਾਤਰਾ ਚੇਤੇ ਆ ਗਈ। ਉਦੋਂ ਮੇਰੀ ਇੱਕ ਚਿੜੀਆਂ ਫੜਨ ਵਾਲੇ ਨਾਲ ਭੇਟ ਹੋ ਗਈ ਸੀ। ਉਹਦੇ ਕੋਲ ਦੋ ਤਕਲਿਆਂ ਵਾਲਾ ਇੱਕ ਬਾਂਸ ਦਾ ਢਾਂਚਾ ਸੀ ਤੇ ਇਕ ਛੋਟਾ ਜਿਹਾ ਡੰਡਾ। ਟੁੱਟੀ ਹੋਈ ਜੁੱਤੀ ਤੇ ਬਿਆਈਆਂ ਨਾਲ ਪਾਟੇ ਪੈਰਾਂ ਵਾਲੇ ਇਸ ਬੰਦੇ ਕੋਲ ਇੱਕ ਹਰੇ ਪੱਤਿਆਂ ਵਾਲਾ ਛੱਜਾ ਸੀ ਤੇ ਇੱਕ ਉਲੂ ਵੀ ਸੀ। ਇਹ ਯੰਤਰ ਚਿੜੀਆਂ ਫੜਨ ਦੇ ਕੰਮ ਆਉਂਦੇ ਸਨ। ਉਹ ਆਪਣੇ ਆਪ ਨੂੰ ਪੱਤਿਆਂ ਵਾਲੇ ਛੱਜੇ ਦੇ ਪਿੱਛੇ ਛੁਪਾ ਕੇ ਢਾਂਗੂ ਨਾਲ ਬੱਧੇ ਉਲੂ ਵਾਲਾ ਤਕਲਾ ਚਿੜੀ ਦੇ ਨੇੜੇ ਲੈ ਜਾਂਦਾ ਸੀ ਤੇ ਜਦੋਂ ਚਿੜੀ ਉਲੂ ਨਾਲ ਖੇਡਣ ਲਗਦੀ, ਤਾਂ ਚਿੜੀ ਨੂੰ ਤਕੱਲਿਆਂ ਵਿਚ ਫਾਹ ਲੈਂਦਾ ਸੀ। ਉਹ ਉਲੂਆਂ ਨੂੰ ਲੇਸਦਾਰ ਪਦਾਰਥ ਲਾ ਕੇ ਰੰਗ ਰੰਗ ਦੀਆਂ ਚਿੜੀਆਂ ਫੜਦਾ ਤੇ ਉਨ੍ਹਾਂ ਨੂੰ ਦਿੱਲੀ ਵਾਲੀ ਜਾਮਾ ਮਸਜਿਦ ਦੇ ਵਪਾਰੀ ਕੋਲ ਵੇਚ ਆਉਂਦਾ। ਜਾਨਵਰ ਪਾਲਣ ਦੇ ਸ਼ੌਕੀਨ ਰੰਗ ਰੰਗ ਦੀਆਂ ਚਿੜੀਆਂ ਉਹਦੇ ਕੋਲੋਂ ਖਰੀਦ ਲੈਂਦੇ।



ਚਿੜੀ ਫਰੋਸ਼ ਦੇ ਦੱਸਣ ਅਨੁਸਾਰ ਕੋਈ ਕੋਈ ਚਿੜੀ 25 ਰੁਪਏ ਦੇ ਜਾਂਦੀ ਸੀ। ਅੱਜ ਤੋਂ ਅੱਧੀ ਸਦੀ ਪਹਿਲਾਂ ਚਿੜੀਆ ਘਰ ਤੋਂ ਚੋਰੀ ਹੋਏ ਉਲੂਆਂ ਦੇ ਪੈਸੇ ਤਾਰਨ ਦੀ ਹਿੰਮਤ ਕਿਸੇ ਚਿੜੀਆਂ ਫੜਨ ਵਾਲੇ ਦੀ ਤਾਂ ਨਹੀਂ, ਤਾਂਤਰਿਕ ਦੀ ਹੋ ਸਕਦੀ ਹੈ। ਇਕ ਵੇਚਦਾ ਹੈ ਤੇ ਇੱਕ ਮਾਰਦਾ ਹੈ। ਰੱਬ ਖ਼ੈਰ ਕਰੇ!

**ਅੰਤਿਕਾ: ਗੁਰਚਰਨ ਰਾਮਪੁਰੀ**

ਮੋਰ ਰੋਂਦਾ ਵੀ ਪੈਲ ਪਾਉਂਦਾ ਹੈ
ਹੰਸ ਮਰਦਾ ਵੀ ਮੁਸਕਰਾਉਂਦਾ ਹੈ।

# ਗੀਤਕਾਰੀ ਵਿਚ ਹਿੰਸਾ ਅਤੇ ਹਵਸ

ਗੀਤ-ਸੰਗੀਤ

ਅਵਤਾਰ ਐਸ. ਸੰਘਾ, ਸਿਡਨੀ
ਫੋਨ: 61-437641033
sangha_avtar@hotmail.com

ਵਿਸ਼ਾ ਨਿਰਸੰਦੇਹ ਸੰਵੇਦਨਸ਼ੀਲ ਹੈ। ਜਵਾਨ ਤਬਕਾ ਇਸ ਪ੍ਰਤੀ ਗੰਭੀਰ ਨਹੀਂ ਜਾਪਦਾ। ਪਰੌਢ ਵਿਅਕਤੀ ਇਸ ਵਿਸ਼ੇ ਪ੍ਰਤੀ ਗੰਭੀਰ ਹੀ ਨਹੀਂ ਬਲਕਿ ਚਿੰਤਤ ਵੀ ਹਨ। ਇਸ ਬਾਰੇ ਸੋਚਦਿਆਂ ਮੈਨੂੰ ਇਕ ਉਰਦੂ ਸ਼ੇਅਰ ਯਾਦ ਆ ਗਿਆ:

ਮੁਬਾਰਕ ਹੋ ਜ਼ਈਫੀ (ਬੁਢਾਪਾ) ਕੋ
ਖਿਰਦ (ਅਕਲ) ਕੀ ਫਲਸਫਦਾਨੀ,
ਜਵਾਨੀ ਬੇਨਿਆਜ਼ੇ ਇਬਰਤੇ ਅੰਜਾਮ ਹੈ ਸਾਕੀ।

ਅਕਸਰ ਦੇਖਿਆ ਹੈ ਕਿ ਬਹੁਤੇ ਗੰਭੀਰ ਗੀਤਕਾਰਾਂ ਅਤੇ ਗਾਇਕਾਂ ਨੇ ਵੀ ਕੁੱਝ ਕੁ ਗੀਤ ਐਸੇ ਲਿਖ ਤੇ ਗਾ ਦਿੱਤੇ ਹਨ, ਜਿਨ੍ਹਾਂ ਵਿਚ ਹਿੰਸਾ ਤੇ ਹਵਸ ਦਾ ਖੁੱਲ੍ਹਾ ਪ੍ਰਗਟਾਵਾ ਹੈ। ਕਈਆਂ ਨੇ ਉਦੋਂ ਧਾਰਮਕ ਜਾਂ ਗੰਭੀਰ ਗੀਤਾਂ ਦੀਆਂ ਰੀਲਾਂ ਤੇ ਡੀ. ਵੀ. ਡੀ. ਕੱਢੀਆਂ ਜਦੋਂ ਉਨ੍ਹਾਂ ਨੂੰ ਸਮਾਜ ਦੇ ਕਿਸੇ ਵਰਗ ਤੋਂ ਧਮਕੀਆਂ ਆਉਣ ਲੱਗੀਆਂ। ਕਈ ਇਸ ਹਨੇਰੀ ਵਿਚ ਮਾਰੇ ਵੀ ਗਏ। ਇਸ ਵਿਸ਼ੇ ਬਾਰੇ ਮੈਂ ਟੀ. ਵੀ. ਚੈਨਲਾਂ 'ਤੇ ਵੀ ਅਤੇ ਕਈ ਲੇਖਾਂ ਵਿਚ ਵੀ ਕਈ ਕੁਝ ਦੇਖ ਅਤੇ ਪੜ੍ਹ ਚੁਕਾ ਹਾਂ। ਜ਼ਿਆਦਾ ਇਹੀ ਕਿਹਾ ਗਿਆ ਹੈ ਕਿ ਗੀਤਾਂ ਵਿਚ ਹਿੰਸਾ, ਹਥਿਆਰਾਂ ਅਤੇ ਹਵਸ ਦਾ ਪ੍ਰਗਟਾਵਾ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ।

ਇਸ ਧਾਰਨਾ ਨੂੰ ਸਰਅੰਜਾਮ ਦਿੰਦੇ ਸਮੇਂ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ, ਭਾਵ ਸਾਹਿਤ ਵਿਚ ਉਹ ਕੁਝ ਦਰਸਾਉਣਾ ਸਾਹਿਤਕਾਰ ਦਾ ਫਰਜ਼ ਬਣਦਾ ਹੈ, ਜੋ ਕੁਝ ਸਮਾਜ ਵਿਚ ਵਾਪਰਦਾ ਹੈ।

ਸਮਾਜ ਵਿਚ ਹਿੰਸਕ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਮਤਲਬ ਇਹ ਹੈ ਕਿ ਉਹ ਸਾਹਿਤ ਵਿਚ ਵੀ ਦਿਖਾਉਣੀਆਂ ਬਣਦੀਆਂ ਹਨ। ਸਮਾਜ ਵਿਚ ਹੋਰ ਵੀ ਕਈ ਕੁਝ ਘਟੀਆ ਵਾਪਰਦਾ ਹੀ ਰਹਿੰਦਾ ਏ। ਉਹ ਵੀ ਸਾਹਿਤ ਵਿਚ ਦਿਖਾਉਣਾ ਬਣਦਾ ਹੀ ਹੈ। ਇਹ ਸਭ ਕੁਝ ਦਰਸਾਉਣ ਲਈ ਸਾਹਿਤਕਾਰ, ਕਲਾਕਾਰ ਜਾਂ ਗੀਤਕਾਰ ਨੂੰ ਕੁਝ ਸਾਹਿਤਕ ਵਿਧਾਂ ਦੀ ਵਰਤੋਂ ਕਰਨੀ ਚਾਹੀਦੀ ਏ।

ਜਦ ਅਸੀਂ ਕੋਈ ਵੀ ਕੰਮ ਸਾਹਿਤਕ ਵਿਧਾਂ ਦੀ ਵਰਤੋਂ ਕਰਕੇ ਪੇਸ਼ ਕਰਦੇ ਹਾਂ ਤਾਂ ਉਹ ਲੋਕਾਂ ਨੂੰ ਘਟੀਆ ਮਹਿਸੂਸ ਨਹੀਂ ਹੁੰਦਾ। ਮਿਸਾਲ ਵਜੋਂ ਇਕ ਸਾਹਿਤਕ ਵਿਧ ਹੈ, ਕਾਵਿਕ ਨਿਆਂ (ਫੋ-ਏਟਚਿ ਝੁਸਟਚਿਏ)। ਇਸ ਦਾ ਅਰਥ ਹੈ ਕਿ ਕਿਸੇ ਵੀ ਸਾਹਿਤਕ ਕ੍ਰਿਤ ਦੇ ਅੰਤ ਵਿਚ ਚੰਗਿਆਈ ਜਿੱਤ ਜਾਵੇ ਤੇ ਬੁਰਾਈ ਹਾਰ ਜਾਵੇ।

ਬੁਰਾਈ ਹਾਰਦੀ ਹੋਈ ਦਿਖਾਉਣ ਲਈ ਵੀ ਸਾਨੂੰ ਕੁਝ ਨਾ ਕੁਝ ਬੁਰਾਈ ਤਾਂ ਕ੍ਰਿਤ ਵਿਚ ਦਿਖਾਉਣੀ ਪਊ। ਇਸ ਦਾ ਮਤਲਬ ਹੈ ਕਿ ਸਾਨੂੰ ਕੁਝ ਨਾ ਕੁਝ ਹਿੰਸਾ ਜਾਂ ਹਵਸ ਤਾਂ ਦਿਖਾਉਣੀ ਹੀ ਪਊ। ਜੇ ਅਸੀਂ ਇੰਜ ਕਰਾਂਗੇ ਤਾਂ ਹੀ ਅਸੀਂ ਬੁਰਾਈ ਉਤੇ ਚੰਗਿਆਈ ਦੀ ਜਿੱਤ ਦਿਖਾਉਣ ਦੇ ਯੋਗ ਹੋ ਸਕਦੇ ਹਾਂ। ਗੀਤਕਾਰ ਜਾਂ ਗਾਇਕ ਕਲਾਕਾਰ ਨੂੰ ਚਾਹੀਦਾ ਹੈ ਕਿ ਉਹ ਵਧੀਆ ਤਰੀਕੇ ਨਾਲ ਉਸ ਬੁਰਾਈ ਉਤੇ ਚੰਗਿਆਈ ਦੀ ਜਿੱਤ ਨੂੰ ਦਰਸਾਵੇ। ਕ੍ਰਿਤਾਂ ਉਤੇ ਬਹੁਤਾ ਰੋਸ ਉਦੋਂ ਪੈਂਦਾ ਹੋਣਾ ਸ਼ੁਰੂ ਹੁੰਦਾ ਏ, ਜਦ ਗੀਤਕਾਰ ਜਾਂ ਗਾਇਕ ਬੁਰੀ ਪ੍ਰਵਿਰਤੀ ਨੂੰ ਮਜ਼ੇ ਲੈ ਕੇ ਪੇਸ਼ ਕਰਨ ਲੱਗ ਪੈਂਦੇ ਹਨ ਤੇ ਉਸ ਉਤੇ ਚੰਗਿਆਈ ਦੀ ਜਿੱਤ ਨੂੰ ਵੱਧ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਨਹੀਂ ਕਰਦੇ। ਫਿਲਮਾਂ ਵਿਚ ਵੀ ਬੁਰਾਈ ਨੂੰ ਦਿਖਾਇਆ ਜਾਂਦਾ ਹੈ। ਅਖੀਰ ਵਿਚ ਬਦਮਾਸ਼ਾਂ ਨੂੰ ਸਜ਼ਾ ਦੇ ਦਿੱਤੀ ਜਾਂਦੀ ਹੈ ਅਤੇ ਨਾਇਕ ਤੇ ਨਾਇਕਾ ਜਿੱਤੇ ਹੋਏ ਦਿਖਾ ਦਿੱਤੇ ਜਾਂਦੇ ਹਨ।



ਸੁਰਜੀਤ ਬਿੰਦਰਖੀਆ

ਸਾਹਿਤ ਵਿਚ ਪ੍ਰਤੱਖ ਅਤੇ ਸਿੱਧਾ ਉਪਦੇਸ਼ ਉਦੋਂ ਦਿੱਤਾ ਜਾਂਦਾ ਏ, ਜਦ ਸਾਹਿਤਕਾਰ ਕੋਈ ਲੇਖ ਲਿਖ ਰਿਹਾ ਹੋਵੇ। ਇਥੋਂ ਤੱਕ ਕਿ ਲੇਖ ਜਾਂ ਨਿਬੰਧ ਵਿਚ ਵੀ ਉਪਦੇਸ਼ ਨੂੰ ਪਰਪੱਕ ਬਣਾਉਣ ਲਈ ਕੋਈ ਨਾ ਕੋਈ ਮਿਸਾਲ ਦੇਣੀ ਹੁੰਦੀ ਏ।

ਜਦ ਅਸੀਂ ਹਿੰਸਾ ਜਾਂ ਹਵਸ ਦਾ ਬਿਰਤਾਂਤ ਦਿਖਾਵਾਂਗੇ ਤਾਂ ਉਸ ਨੂੰ ਪਰਪੱਕ ਬਣਾਉਣ ਲਈ ਸਾਨੂੰ ਕੁਝ ਹਥਿਆਰ ਤੇ ਮੌਕਾ ਮੇਲ ਤਾਂ ਦਿਖਾਉਣਾ ਹੀ ਪਊ। ਕਈ ਮਾੜੇ ਗੀਤਕਾਰ ਜਾਂ ਸਾਹਿਤਕਾਰ ਇਹ ਹਥਿਆਰ ਤੇ ਮੌਕਾ ਮੇਲ ਘਟੀਆ ਤਰੀਕੇ ਨਾਲ ਦਿਖਾ ਦਿੰਦੇ ਹਨ ਅਤੇ ਕਈ ਇਸ ਨੂੰ ਸਾਹਿਤਕ ਵਿਧਾਂ ਦੀ ਵਰਤੋਂ ਕਰਕੇ ਵਧੀਆ ਤਰੀਕੇ ਨਾਲ ਦਿਖਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਚੀਜ਼ ਉਹੀ ਹੁੰਦੀ ਏ, ਸਿਰਫ ਉਸ ਦੀ ਪੇਸ਼ਕਾਰੀ ਕਈ ਪ੍ਰਕਾਰ ਦਾ ਫਰਕ ਪਾ ਦਿੰਦੀ ਏ। ਕੱਪੜਾ ਉਹੀ ਹੁੰਦਾ ਏ, ਇੱਕ ਦਰਜੀ ਦਾ ਸੀਤਾ ਉਹ ਫਬਣ ਲਗਦਾ ਹੈ ਤੇ ਦੂਜੇ ਦਰਜੀ ਦਾ ਸੀਤਾ ਉਹ ਦੇਖਣ ਵਾਲੇ ਨੂੰ ਘਟੀਆ ਲਗਣ ਲਗ ਪੈਂਦਾ ਏ। ਕਈ ਚੰਗੇ ਸਾਹਿਤਕਾਰ ਆਪਣੇ ਬਿਰਤਾਂਤ ਨੂੰ ਵਧੀਆ ਬਣਾਉਣ ਲਈ ਕਈ ਵਾਰ ਬਿੰਬਾਂ ਦੀ ਵਰਤੋਂ ਕਰਦੇ ਹਨ।

ਇਕ ਵਾਰ ਮੈਂ ਇਕ ਟੀ. ਵੀ. ਚੈਨਲ 'ਤੇ ਇਕ ਹੰਢੇ ਹੋਏ ਪੱਤਰਕਾਰ ਨੂੰ ਬਿੰਬ ਦਾ ਗਲਤ ਮਤਲਬ ਕੱਢਦਿਆਂ ਦੇਖਿਆ। ਸੁਰਜੀਤ ਬਿੰਦਰਖੀਆ ਦਾ ਮਸ਼ਹੂਰ ਗੀਤ ਹੈ, 'ਜਿਹਦੇ ਹੇਠ ਘੋੜਾ ਮੋਢੇ 'ਤੇ ਦੋਨਾਲੀ ਨੀਂ, ਪੱਗ ਬੰਨ੍ਹਦਾ ਜਿਓਣੇ ਮੌੜ ਵਾਲੀ ਨੀਂ।' ਇਸ ਗੀਤ ਵਿਚ ਇਕ ਸਤਰ ਆਉਂਦੀ ਏ, 'ਕਹਿੰਦੇ ਡੀ. ਸੀ. ਵੀ ਸਲੂਟ ਉਹਨੂੰ ਮਾਰਦਾ, ਪੈਰਾਂ 'ਚ ਥਾਣੇਦਾਰ ਰੋਲ'ਤਾ।' ਇਹ ਪੱਤਰਕਾਰ ਇਸ ਸਤਰ ਦੀ ਵਿਆਖਿਆ ਕਰਦਾ ਕਹਿ ਰਿਹਾ ਸੀ ਕਿ ਡੀ. ਸੀ. ਕਦੀ ਕਿਸੇ ਜਣੇ-ਖਣੇ ਨੂੰ ਸਲੂਟ ਨਹੀਂ ਮਾਰ ਸਕਦਾ।

ਅਸਲ ਵਿਚ ਉਹ ਪੱਤਰਕਾਰ ਇਸ ਸਤਰ ਵਿਚ ਮੌਜੂਦ ਬਿੰਬਾਵਲੀ ਨੂੰ ਸਮਝਣ ਵਿਚ ਅਸਮਰਥ ਜਾਪਦਾ ਸੀ। ਇਥੇ 'ਸਲੂਟ' ਦਾ ਅਰਥ ਹੈ, 'ਈਨ ਮੰਨਣਾ' ਜਾਂ 'ਹੇਠੀ ਮਹਿਸੂਸ ਕਰਨਾ', ਨਾ ਕਿ ਸੱਚਮੁੱਚ ਸਲੂਟ ਮਾਰਨਾ। ਇਸੇ ਤਰ੍ਹਾਂ ਕਵਿਤਾ ਜਾਂ ਗੀਤ ਵਿਚ ਅਕਸਰ ਹੋਰ ਵੀ ਬਿੰਬ ਵਰਤੇ ਜਾਂਦੇ ਰਹੇ ਹਨ ਜਿਵੇਂ ਇਕ 'ਫੁੱਲ' ਦਾ ਅਰਥ 'ਨੰਨ੍ਹੇ ਮੁੰਨੇ ਬੱਚੇ' ਵੀ ਹੋ ਸਕਦਾ ਹੈ, 'ਖੂਬਸੂਰਤ ਇਸਤਰੀ' ਜਾਂ 'ਸਵੱਛ' ਵੀ ਹੋ ਸਕਦਾ ਹੈ। 'ਪਾਣੀ' ਦਾ ਅਰਥ 'ਖੁਸ਼ਹਾਲੀ' ਹੁੰਦਾ ਹੈ ਤੇ 'ਰੇਤ' ਦਾ ਅਰਥ 'ਮੰਦਹਾਲੀ'। 'ਅੱਗ' ਦਾ ਅਰਥ 'ਪਿਆਰ' ਜਾਂ 'ਹਵਸ' ਵੀ ਹੋ ਸਕਦਾ ਏ।

ਸਾਹਿਤ ਦੇ ਦੋ ਕੰਮ ਹੁੰਦੇ ਹਨ-ਸਿੱਖਿਆ ਜਾਂ ਉਪਦੇਸ਼ ਦੇਣਾ ਤੇ ਮਨਪ੍ਰਚਾਵਾ ਕਰਨਾ। ਇਹ ਦੋਵੇਂ ਕੰਮ ਵੀ ਕਿਸੇ ਕਹਾਣੀ ਜਾਂ ਘਟਨਾ ਰਾਹੀਂ ਦਰਸਾਏ ਹੀ ਠੀਕ ਪ੍ਰਭਾਵ ਛੱਡਦੇ ਹਨ। 'ਬਾਬਾ ਵੇ ਕਲਾ ਮਰੋੜ' ਜਾਂ 'ਗੱਡੇ 'ਤੇ ਨਾ ਚੜ੍ਹਦੀ, ਗਡੀਰੇ 'ਤੇ ਨਾ ਚੜ੍ਹਦੀ'-ਦੋਵੇਂ ਘਟੀਆ ਤਰੀਕੇ ਦੀਆਂ ਪੇਸ਼ਕਾਰੀਆਂ ਰਾਹੀਂ ਕੀਤਾ ਗਿਆ ਮਨਪ੍ਰਚਾਵਾ ਹੈ। ਇਸ ਤੋਂ ਵੀ ਘਟੀਆ ਮਨਪ੍ਰਚਾਵੇ ਅਤੇ ਸਸਤੇ ਤਮਾਸ਼ੇ ਵਾਲੇ ਹੋਰ ਅਨੇਕਾਂ ਗੀਤ ਹਨ, ਜਿਨ੍ਹਾਂ ਬਾਰੇ ਪਾਠਕ ਖੁਦ ਜਾਣਦੇ ਹਨ। ਮੈਂ ਉਨ੍ਹਾਂ ਗੀਤਾਂ ਦੀ ਭਾਸ਼ਾ ਦਾ ਇਥੇ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ। ਦੂਜੇ ਪਾਸੇ 'ਨੀਂ ਲੈਣਾ ਤੈਨੂੰ ਫੈਮਿਲੀ ਦੀ ਮੈਂਬਰ ਬਣਾ', 'ਤੇਰੀ ਵੇ ਡਰਾਇਵਰਾ ਅਮਰੀਕਾ ਵਾਲਿਆ ਕਿੱਥੇ ਜਾਂਦੀ ਤਨਖਾਹ?' ਤੇ 'ਬੇਬੇ ਬਾਪੂ ਕੈਨੇਡਾ ਵਿਚ- ਬੇਬੇ ਇੱਥੇ ਚੌਵੀ ਘੰਟੇ ਮੰਜੇ ਉਤੇ ਰਹਿੰਦੀ ਸੀ' ਉਪਦੇਸ਼ ਵੀ ਚੰਗਾ ਦਿੰਦੇ ਹਨ ਤੇ ਮਨ ਪ੍ਰਚਾਵਾ ਵੀ ਕਰਦੇ ਹਨ।



ਬੱਬੂ ਮਾਨ

ਅੱਜ ਕੱਲ੍ਹ ਕੁਝ ਆਲੋਚਕ ਕਹਿੰਦੇ ਹਨ ਕਿ ਗੀਤਾਂ ਵਿਚ ਹਿੰਸਾ ਅਤੇ ਹਥਿਆਰ ਦਾ ਜ਼ਿਕਰ ਵਧ ਗਿਆ ਏ। ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਏ ਕਿ ਇਹ ਹਿੰਸਾ ਅਤੇ ਹਥਿਆਰ ਗੀਤਾਂ ਵਿਚ ਪਹਿਲਾਂ ਵੀ ਹੋਇਆ ਕਰਦੇ ਸਨ। ਬੱਬੂ ਮਾਨ ਨੇ ਬਹੁਤ ਪਹਿਲਾਂ ਗੀਤ ਗਾਇਆ ਸੀ, 'ਰਾਤੀਂ ਮਿਲਣ ਨਾ ਆਈਂ ਵੇ ਪਿੰਡ ਪਹਿਰਾ ਲੱਗਦਾ।' ਹਿੰਦੀ ਫਿਲਮਾਂ ਵਿਚ ਸ਼ੁਰੂ ਤੋਂ ਹੀ ਅੰਤਾਂ ਦੀ ਬਦਮਾਸ਼ੀ ਦਿਖਾਈ ਜਾਂਦੀ ਰਹੀ ਏ ਪਰੰਤੂ ਆਖਰ ਵਿਚ ਇਨ੍ਹਾਂ ਬਦਮਾਸ਼ਾਂ ਦੇ ਜਾਂ ਤਾਂ ਜੁੱਤੀਆਂ ਪੈਂਦੀਆਂ ਦਿਖਾਈਆਂ ਜਾਂਦੀਆਂ ਹਨ ਤੇ ਜਾਂ ਇਹ ਜੇਲ੍ਹ ਵਿਚ ਡੱਕ ਦਿੱਤੇ ਜਾਂਦੇ ਹਨ। ਇਸ ਸਾਰੇ ਘਟਨਾਕ੍ਰਮ ਨਾਲ ਦਰਸ਼ਕ ਦੀ ਉਤਸੁਕਤਾ ਵੀ ਬਰਕਰਾਰ ਰਹਿੰਦੀ ਏ ਤੇ ਉਸ ਦਾ ਮਨਪ੍ਰਚਾਵਾ ਵੀ ਹੁੰਦਾ ਰਹਿੰਦਾ ਏ। ਮਾੜੇ ਕੰਮਾਂ ਤੋਂ ਦੂਰ ਰਹਿਣ ਦਾ ਉਪਦੇਸ਼ ਵੀ ਉਸ ਨੂੰ ਮਿਲਦਾ ਹੈ।

ਬਾਕੀ ਰਹੀ ਗੱਲ ਅਸ਼ਲੀਲਤਾ ਦੀ, ਅਸ਼ਲੀਲਤਾ ਨੂੰ ਬਹੁਤਾ ਦਿਖਾਏ ਬਿਨਾ ਵੀ ਭੰਡਿਆ ਜਾ ਸਕਦਾ ਹੈ। ਵਧੀਆ ਪੇਸ਼ਕਾਰੀ ਨਾਲ ਅਸ਼ਲੀਲਤਾ ਨੂੰ ਕੁਝ ਛੁਪਾਇਆ ਵੀ ਜਾ ਸਕਦਾ ਹੈ। ਮੁੱਕਦੀ ਗੱਲ, ਇੱਕ ਗੀਤਕਾਰ ਜਾਂ ਗਾਇਕ ਨੂੰ ਇਨ੍ਹਾਂ ਵਿਧਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ: ਪੇਸ਼ਕਾਰੀ, ਬਿੰਬਾਵਲੀ, ਕਾਵਿਕ ਨਿਆਂ, ਉਤਸੁਕਤਾ ਜਾਂ ਸਸਪੈਂਸ। ਇਨ੍ਹਾਂ ਵਿਧਾਂ ਦੀ ਵਰਤੋਂ ਨਾਲ ਮਾੜੀਆਂ ਪ੍ਰਵਿਰਤੀਆਂ ਨੂੰ ਵੀ ਵਧੀਆ ਤਰੀਕੇ ਨਾਲ ਦਿਖਾਇਆ ਜਾ ਸਕਦਾ ਹੈ।

## ਲਤੀਫਾ

ਇਕ ਕਵੀ ਦਰਬਾਰ ਵਿਚ ਇਕ ਔਰਤ ਆਪਣੇ ਤਿੰਨ ਕੁ ਸਾਲ ਦੇ ਮੁੰਡੇ ਨੂੰ ਨਾਲ ਲੈ ਗਈ। ਇਕ ਕਵੀ ਮਾਈਕ 'ਤੇ ਆਇਆ ਤਾਂ ਉਹ ਮੁੰਡਾ ਰੌਲਾ ਪਾਈ ਜਾਵੇ ਅਤੇ ਆਪਣੀ ਮਾਂ ਦੇ ਕੰਨ ਵਿਚ ਕੁਝ ਆਖੇ।

ਮੁੰਡੇ ਦਾ ਰੌਲਾ ਸੁਣ ਕੇ ਕਵੀ ਨੇ ਉਸ ਔਰਤ ਨੂੰ ਕਿਹਾ, ''ਭੈਣ ਜੀ, ਜ਼ਰਾ ਬੱਚੇ ਨੂੰ ਚੁੱਪ ਕਰਾ ਲਉ।'' ਔਰਤ ਬੋਲੀ, ''ਭਾਈ ਸਾਹਿਬ, ਮੁੰਡਾ ਕਹਿੰਦਾ ਹੈ ਮਾਈਕ ਵਾਲੇ ਭਾਈ ਨੂੰ ਚੁੱਪ ਕਰਾਓ।''

-ਵਾਸਦੇਵ ਸਿੰਘ ਪਰਹਾਰ

# 'ਮਾਸਟਰ, ਪ੍ਰੋਫੈਸਰ, ਅਧਿਆਪਕ' ਅਤੇ ਕੱਚ-ਘਰੜ ਟਿੱਪਣੀਆਂ

**ਮਾਣਯੋਗ ਸੰਪਾਦਕ ਜੀਓ,**

ਜਦੋਂ ਕਦੇ ਕਿਸੇ ਲਿਖਤ ਦੀ ਗੁਣਵੱਤਾ ਬਾਰੇ ਸ਼ੱਕ ਸੁਬ੍ਹਾ ਹੋਵੇ ਤਾਂ ਆਪ ਜੀ ਇਕ ਨੋਟ ਲਿਖ ਕੇ ਚਿਤਾਵਨੀ ਕਰ ਦਿੰਦੇ ਹੋ ਕਿ ਇਸ ਵਿਚ ਪ੍ਰਗਟ ਵਿਚਾਰ ਲੇਖਕ ਦੇ ਆਪਣੇ ਹਨ ਤੇ ਅਖਬਾਰ ਦਾ ਇਨ੍ਹਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਰ 'ਪ੍ਰੋਫੈਸਰ' ਅਵਤਾਰ ਸਿੰਘ ਦੇ ਲੇਖ 'ਮਾਸਟਰ, ਪ੍ਰੋਫੈਸਰ, ਅਧਿਆਪਕ' ਬਾਰੇ ਆਪ ਜੀ ਨੇ ਕੋਈ ਅਜਿਹੀ ਟਿੱਪਣੀ ਨਹੀਂ ਕੀਤੀ। ਤਾਂ ਸਮਝ ਲਈਏ ਕਿ ਪੰਜਾਬ ਟਾਈਮਜ਼ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੈ? ਪਰ ਪਾਠਕ ਇੱਦਾਂ ਨਹੀਂ ਕਰਨਗੇ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਲਿਖਤ ਆਪ ਦੀ ਪਾਰਖੂ ਨਜ਼ਰ ਵਿਚ ਨਹੀਂ ਚੜ੍ਹੀ ਹੋਣੀ, ਨਹੀਂ ਤਾਂ ਤੁਸੀਂ ਆਪਣਾ ਮਿਆਰੀ ਮਾਪਦੰਡ ਜਰੂਰ ਕਸਦੇ।

ਅਵਤਾਰ ਸਿੰਘ ਦੀ ਇਹ ਲਿਖਤ ਹਰ ਪਹਿਲੂ ਤੋਂ ਕੱਚ-ਘਰੜ ਜਾਪਦੀ ਹੈ। ਉਹ ਇਸ ਨੂੰ ਸ਼ੁਰੂ ਹੀ ਗਲਤ ਧਾਰਨਾ ਨਾਲ ਕਰਦੇ ਹਨ ਤੇ ਫਿਰ ਬੇਸਿਰ-ਪੈਰ ਗੱਲਾਂ ਭਰੀ ਜਾਂਦੇ ਹਨ। ਉਹ ਅਧਿਆਪਕਾਂ ਦੀਆਂ ਦੋ ਪੁਰਾਣੀਆਂ ਕਿਸਮਾਂ ਦਿਮਾਗ ਵਿਚ ਲਈ ਫਿਰ ਰਹੇ ਹਨ, ਜੋ ਉਨ੍ਹਾਂ ਨੇ ਸਮਾਂ ਬਦਲਣ 'ਤੇ ਵੀ ਨਹੀਂ ਨਵਿਆਈਆਂ। ਇਕ ਪੁਰਾਣੀ ਰਵਾਇਤ ਅਨੁਸਾਰ ਸਕੂਲ ਵਿਚ ਪੜ੍ਹਾਉਣ ਵਾਲਿਆਂ ਨੂੰ ਮਾਸਟਰ ਕਹਿੰਦੇ ਸਨ, ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਮਾਸਤਰੋ' ਭਾਵ ਉਸਤਾਦ ਦਾ ਦੇਸੀ ਰੂਪ ਸੀ, ਪਰ ਅੱਜ ਕੱਲ ਇਸ ਸ਼ਬਦ ਦਾ ਲਗਭਗ ਭੋਗ ਪੈ ਚੁਕਾ ਹੈ ਤੇ ਸਕੂਲਾਂ ਵਿਚ ਪੜ੍ਹਾਉਣ ਵਾਲਿਆਂ ਨੂੰ ਸਕੂਲ ਅਧਿਆਪਕ ਕਿਹਾ ਜਾਂਦਾ ਹੈ।

ਦੂਜੇ ਪਾਸੇ ਇਕ ਹੋਰ ਰਵਾਇਤ ਅਨੁਸਾਰ ਕਾਲਜ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਲਿਹਾਜਨ 'ਪ੍ਰੋਫੈਸਰ' ਕਹਿ ਦਿੱਤਾ ਜਾਂਦਾ ਹੈ, ਜਦੋਂ ਕਿ ਉਨ੍ਹਾਂ ਦਾ ਅਸਲ ਰੁਤਬਾ ਲੈਕਚਰਾਰ ਹੁੰਦਾ ਹੈ। ਪ੍ਰੋਫੈਸਰ ਦੇ ਸਰਬਉਚ ਅਹੁਦੇ ਤੀਕ ਪਹੁੰਚਣ ਲਈ ਲੈਕਚਰਾਰ ਨੂੰ ਲਗਾਤਾਰ ਅਧਿਆਪਨ ਤੇ ਖੋਜ ਕਾਰਜ ਕਰਨਾ ਪੈਂਦਾ ਹੈ ਤੇ ਉਸ ਦੇ ਪ੍ਰਕਾਸ਼ਨ ਰਾਹੀਂ ਆਪਣੀ ਅਧਿਆਪਨ ਤੇ ਖੋਜ ਪਰਪੱਕਤਾ ਦਾ ਸਬੂਤ ਦੇਣਾ ਪੈਂਦਾ ਹੈ। ਇਸ ਲੀਹ 'ਤੇ ਚਲਦਿਆਂ ਪਹਿਲਾਂ ਉਹ ਰੀਡਰ ਬਣਦੇ ਹਨ ਤੇ ਫਿਰ ਸਫਲ ਖੋਜ ਨਿਰਦੇਸ਼ਨ ਦੀ ਲੰਮੀ ਪ੍ਰਕ੍ਰਿਆ ਵਿਚੋਂ ਲੰਘ ਕੇ ਪ੍ਰੋਫੈਸਰ ਦਾ ਰੁਤਬਾ ਹਾਸਲ ਕਰਦੇ ਹਨ। ਇਨ੍ਹਾਂ ਕਾਡਰਾਂ ਦੀ ਭਰਤੀ ਲਈ ਬਾਕਾਇਦਾ ਸਰਬਜਨਕ ਇੰਟਰਵਿਊ ਰੱਖੇ ਜਾਂਦੇ ਹਨ, ਜਿਨ੍ਹਾਂ ਵਿਚ ਕੋਈ ਵੀ ਉਮੀਦਵਾਰ ਆਪਣੀ ਯੋਗਤਾ ਅਜ਼ਮਾ ਸਕਦਾ ਹੈ। ਪਰ ਕਾਲਜਾਂ ਵਿਚ ਨਾ ਖੋਜ ਕਾਰਜ ਹੁੰਦਾ ਹੈ ਤੇ ਨਾ ਰੀਡਰ-ਪ੍ਰੋਫੈਸਰ ਦੇ ਰੁਤਬੇ ਹੁੰਦੇ ਹਨ। ਇਹ ਕੇਵਲ ਯੂਨੀਵਰਸਿਟੀਆਂ ਤੀਕ ਹੀ ਸੀਮਤ ਹੁੰਦੇ ਹਨ। ਹਾਂ, ਹੁਣ ਕਾਲਜ ਅਧਿਆਪਕਾਂ ਨੇ ਆਪਣੇ ਜੋਰ ਨਾਲ ਕਾਲਜਾਂ ਵਿਚ ਰੀਡਰ ਤੇ ਪ੍ਰੋਫੈਸਰ ਗਰੇਡ ਜਰੂਰ ਲਾਗੂ ਕਰਵਾ ਲਏ ਹਨ, ਪਰ ਹਨ ਉਹ ਸਭ ਲੈਕਚਰਾਰ ਹੀ। ਇਨ੍ਹਾਂ ਗੱਲਾਂ ਤੋਂ ਪ੍ਰੋਫੈਸਰ ਹਰਪਾਲ ਸਿੰਘ ਪੰਨੂੰ ਨੇ ਇਨ੍ਹਾਂ ਹੀ ਕਾਲਮਾਂ ਵਿਚ ਚਿਰੋਕਣੀ ਮਿੱਟੀ ਝਾੜੀ ਹੋਈ ਹੈ ਪਰ ਅਵਤਾਰ ਸਿੰਘ ਇਨ੍ਹਾਂ 'ਤੇ ਮੁੜ ਕੇ ਧੂੜ ਭੁੱਕਣ ਵਾਲਾ ਕੰਮ ਕਰੀ ਜਾਂਦੇ ਹਨ।

ਅੱਜ ਕੱਲ ਇਹ ਮਨੌਤ ਜ਼ੋਰ ਪਕੜ ਗਈ ਹੈ ਕਿ ਸਭ ਅਧਿਆਪਕ ਅਧਿਆਪਕ ਹੀ ਹਨ, ਭਾਵੇਂ ਉਹ ਕੋਈ ਵੀ ਜਮਾਤ ਜਾਂ ਵਿਸ਼ਾ ਪੜ੍ਹਾਉਂਦੇ ਹੋਣ ਜਾਂ ਕਿਸੇ ਵੀ ਅਦਾਰੇ ਵਿਚ ਪੜ੍ਹਾਉਂਦੇ ਹੋਣ। ਵਿਦਿਆਰਥੀਆਂ ਦੇ ਦਿਮਾਗੀ ਪੱਧਰ ਅਨੁਸਾਰ ਸਭ ਦੇ ਕੰਮ ਨੂੰ ਅਹਿਮ ਮੰਨਿਆ ਜਾਂਦਾ ਹੈ। ਅਗਾਂਹਵਧੂ ਦੇਸ਼ਾਂ ਵਿਚ ਤਾਂ ਉਨ੍ਹਾਂ ਦੀ ਤਨਖਾਹ ਵਿਚ ਵੀ ਬਹੁਤਾ ਫਰਕ ਨਹੀਂ ਹੁੰਦਾ। ਸਗੋਂ ਕਈ ਵਾਰ ਤਾਂ ਸਕੂਲ ਅਧਿਆਪਕਾਂ ਦੀ ਤਨਖਾਹ ਕਾਲਜ ਵਾਲਿਆਂ ਤੋਂ ਵੱਧ ਹੁੰਦੀ ਹੈ।

ਜਦੋਂ ਮੈਂ ਕੈਲੀਫੋਰਨੀਆ ਦੇ ਇਕ ਸਕੂਲ ਵਿਚ ਪੜ੍ਹਾਉਂਦਾ ਸਾਂ ਤੇ ਸ਼ਾਮ ਨੂੰ ਯੂਨੀਵਰਸਿਟੀ ਵਿਚ ਬੀ.ਐਡ ਦਾ ਕੋਰਸ ਕਰਦਾ ਸਾਂ ਤਾਂ ਮੇਰੀ ਇਕ ਇੰਸਟਰਕਟਰ (ਅਮਰੀਕਾ ਸਿੱਖਿਆ ਨੂੰ ਸਿਖਲਾਈ ਕਾਰਜ ਮੰਨਿਆ ਜਾਂਦਾ ਹੈ, ਇਸ ਲਈ ਲੈਕਚਰਾਰ ਨੂੰ ਇੰਸਟਰਕਟਰ ਕਿਹਾ ਜਾਂਦਾ ਹੈ) ਨੇ ਮੇਰੀ ਸੈਲਰੀ ਪੁੱਛੀ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਸ ਨੇ ਦੱਸਿਆ ਕਿ ਮੈਂ ਉਸ ਨਾਲੋਂ ਕਿਤੇ ਵੱਧ ਲੈ ਰਿਹਾ ਸਾਂ। ਉਸ ਨੇ ਦੱਸਿਆ ਕਿ ਸਪੈਸ਼ਲ ਐਜੂਕੇਸ਼ਨ ਅਧਿਆਪਕ, ਜਿਨ੍ਹਾਂ ਨੂੰ ਅਵਤਾਰ ਸਿੰਘ ਜਿਹੇ ਵਿਦਵਾਨ ਅਧਿਆਪਕ ਹੀ ਨਾ ਸਮਝਣ, ਮੈਥੋਂ ਵੀ ਵੱਧ ਤਨਖਾਹ ਲੈਂਦੇ ਸਨ।

ਇਸ ਸਾਰੇ ਕੁਝ ਦਾ ਮਨੋਰਥ ਇਹ ਹੈ ਕਿ ਅਧਿਆਪਕਾਂ ਵਿਚ ਸਮਾਜਕ ਵਿਤਕਰਾ ਨਾ ਹੋਵੇ ਤੇ ਉਹ ਆਪਣੇ ਪੇਸ਼ੇ ਦੀ ਅਹਿਮੀਅਤ ਨੂੰ ਸਮਝ ਕੇ ਕੰਮ ਕਰ ਸਕਣ। ਪਰ ਲੇਖਕ ਅਵਤਾਰ ਸਿੰਘ ਕਾਲਜ 'ਪ੍ਰੋਫੈਸਰਾਂ' ਦੀ ਠੁੱਕ ਪੇਸ਼ ਕਰਨ ਲਈ ਸਕੂਲ ਅਧਿਆਪਕਾਂ ਨੂੰ 'ਮਾਸਟਰ' ਸੱਦ ਕੇ ਉਨ੍ਹਾਂ ਨਾਲ ਘੋਰ ਵਿਤਕਰੇ ਵਾਲੀ ਗੱਲ ਕਰਦੇ ਹਨ।

ਉਹ ਸੋਚਦੇ ਹਨ ਕਿ ਕਾਲਜ ਅਧਿਆਪਕਾਂ ਕੋਲ ਹੀ ਕਹਿਣ ਨੂੰ ਕੁਝ ਹੁੰਦਾ ਹੈ, ਇਸ ਲਈ ਉਹ ਸ੍ਰੇਸ਼ਟ ਅਹੁਦੇ ਦੇ ਹੱਕਦਾਰ ਹਨ। ਉਨ੍ਹਾਂ ਅਨੁਸਾਰ ਯੂਨੀਵਰਸਿਟੀ ਦੇ ਅਧਿਆਪਕਾਂ ਕੋਲ ਕਹਿਣ-ਸੁਣਨ ਨੂੰ ਕੁਝ ਹੁੰਦਾ ਹੀ ਨਹੀਂ, ਇਸ ਲਈ ਪੜ੍ਹਾਉਣ ਦੀ ਥਾਂ ਉਹ ਰਾਜੀਵ ਗਾਂਧੀ ਵਾਂਗ 'ਅਮਕਾ ਢਿਮਕਾ' ਕਰਦੇ ਰਹਿੰਦੇ ਹਨ। ਰਿਸਰਚ ਵਿਚ ਉਹ ਪਰਚਿਆਂ ਦੀ ਭਾਜੀ ਮੋੜਦੇ ਹਨ, ਇਕ ਦੂਜੇ ਦੀ ਨਕਲ ਮਾਰ ਕੇ ਲਿਖਦੇ ਹਨ ਤੇ ਖੋਜ ਦੇ ਨਾਂ 'ਤੇ ਚੋਜ ਕਰਦੇ ਹਨ। ਅਜਿਹੀਆਂ ਗੱਲਾਂ ਤੋਂ ਪ੍ਰੋਫੈਸਰ ਸਾਹਿਬ ਸਿਖਿਆ ਫਿਲਾਸਫੀ ਦੀ ਇਹ ਬੁਨਿਆਦੀ ਗੱਲ ਤੋਂ ਅਨਜਾਣ ਲਗਦੇ ਹਨ ਕਿ ਸਿੱਖਿਆ ਦਾ ਮਨੋਰਥ ਵਿਦਿਆਰਥੀਆਂ ਨੂੰ ਤੋਤਿਆਂ ਵਾਂਗ ਰੱਟੇ ਲਵਾਉਣਾ ਨਹੀਂ ਤੇ ਨਾ ਹੀ ਕੋਈ ਹਰਫੇ-ਆਖਰ ਦੱਸਣਾ ਹੈ। ਸਿਖਿਆ ਦਾ ਮੰਤਵ ਤਾਂ ਮੁੱਢ ਵਿਚ ਭਾਸ਼ਾ, ਮੱਧ ਵਿਚ ਵਿਸ਼ਾ-ਵਸਤੂ ਤੇ ਅੰਤ ਵਿਚ ਵਿਧੀ-ਵਿਧਾਨ ਦੀ ਜਾਣਕਾਰੀ ਦੇ ਕੇ ਵਿਦਿਆਰਥੀਆਂ ਦੀ ਸੋਝੀ ਨੂੰ ਸੰਪੂਰਨ ਤੌਰ 'ਤੇ ਵਿਕਸਿਤ ਕਰਨਾ ਹੈ। ਆਪਣਾ ਭਲਾ ਬੁਰਾ ਫਿਰ ਉਹ ਆਪ ਹੀ ਸੋਚਦੇ ਰਹਿਣਗੇ। ਹੁਣ ਇਹ ਤਾਂ ਹੋ ਨਹੀਂ ਸਕਦਾ ਕਿ ਪ੍ਰਾਇਮਰੀ ਜਮਾਤਾਂ ਨੂੰ ਵਿਧੀ-ਵਿਧਾਨ ਸਿਖਾਇਆ ਜਾਵੇ, ਕਾਲਜਾਂ ਵਿਚ 'ੳ ਅ ੲ' ਅਤੇ ਯੂਨੀਵਰਸਿਟੀਆਂ ਵਿਚ ਵਿਸ਼ਾ ਸਮਗਰੀ ਦੱਸੀ ਜਾਵੇ।

ਪ੍ਰੋਫੈਸਰ ਸਾਹਿਬ ਦੀ ਲਿਖਤ ਦਸਦੀ ਹੈ ਕਿ ਉਨ੍ਹਾਂ ਦੀ ਨਫਰਤ ਯੂਨੀਵਰਸਿਟੀ ਅਧਿਆਪਕਾਂ ਪ੍ਰਤੀ ਹੀ ਨਹੀਂ ਸਗੋਂ ਯੂਨੀਵਰਸਿਟੀ ਅਦਾਰਿਆਂ ਤੇ ਯੂਨੀਵਰਸਿਟੀ ਵਿਦਿਆਰਥੀਆਂ ਤੀਕ ਵੀ ਪਹੁੰਚੀ ਹੋਈ ਹੈ। ਤਕਸ਼ਿਲਾ, ਨਾਲੰਦਾ ਤੇ ਵਿਸ਼ਵਭਾਰਤੀ ਜਿਹੇ ਪੁਰਾਤਨ ਸੰਗਠਨਾਂ ਨੂੰ ਅੱਖੋਂ ਪਰੋਖੇ ਕਰ ਕੇ ਯੂਨੀਵਰਸਿਟੀਆਂ ਬਾਰੇ ਉਹ ਲਿਖਦੇ ਹਨ, "ਇਹ ਤਾਂ ਕੱਲ ਦੀਆਂ ਬੱਚੀਆਂ ਹਨ, ਸਰਕਾਰਾਂ ਨੇ ਇਨ੍ਹਾਂ ਨੂੰ ਕਾਲਜਾਂ ਸਿਰ ਬਿਠਾ ਦਿੱਤਾ ਹੈ, ਨਹੀਂ ਇਨ੍ਹਾਂ ਨੂੰ ਕੌਣ ਜਾਣਦਾ ਸੀ, ਇਹ ਪੈਰਾਸਾਈਟ ਹਨ ਤੇ ਕਾਲਜ ਹੀ ਵਿਦਿਆ ਦੇ ਅਸਲ ਉਚ-ਅਦਾਰੇ ਹਨ।"

ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਬਾਰੇ ਉਹ ਲਿਖਦੇ ਹਨ ਕਿ ਉਨ੍ਹਾਂ ਨੂੰ ਤਾਂ ਕੋਈ ਨਾਂ ਵੀ ਨਹੀਂ ਦਿੱਤਾ ਹੋਇਆ ਜਦੋਂ ਕਿ ਕਾਲਜ ਦੇ ਪਾੜ੍ਹੇ 'ਕਾਲਜੀਏਟ' ਦੇ ਸਨਮਾਨਤ ਸ਼ਬਦ ਨਾਲ ਪੁਕਾਰੇ ਜਾਂਦੇ ਹਨ। ਉਨ੍ਹਾਂ ਨੇ ਦੋ ਸੈਮੀਨਾਰਾਂ ਦਾ ਵੀ ਜ਼ਿਕਰ ਕੀਤਾ ਹੈ, ਜਿਥੇ ਉਨ੍ਹਾਂ ਦੇ ਦੋਸਤ ਨੇ ਉਨ੍ਹਾਂ ਦੇ ਦੱਸੇ ਨੁਕਤੇ ਉਠਾ ਕੇ ਉਥੇ ਹਾਜਰ ਯੂਨੀਵਰਸਿਟੀਆਂ ਦੇ 'ਮਹਾਂਰਥੀਆਂ' ਦੇ ਗੋਡੇ ਲਵਾ ਦਿੱਤੇ। ਇੰਨਾ ਹੀ ਨਹੀਂ, ਉਹ ਕੁਝ ਅਜਿਹਾ ਸੰਕੇਤ ਵੀ ਕਰਦੇ ਹਨ ਕਿ ਯੂਨੀਵਰਸਿਟੀ ਅਧਿਆਪਕ ਘਟੀਆ ਪੱਧਰ ਦੇ ਹੁੰਦੇ ਹਨ ਤੇ ਅਸਲ ਬੁੱਧੀਜੀਵੀ ਕਾਲਜਾਂ ਵਿਚ ਹੀ ਹੁੰਦੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡਾ ਮਨੋਰਥ ਪੰਜਾਬ ਯੂਨੀਵਰਸਿਟੀ, ਜਾਂ ਜੇ. ਐਨ. ਯੂ. ਜਿਹੇ ਕਿਸੇ ਵੱਡੇ ਵਿਸ਼ਵ-ਵਿਦਿਆਲੇ ਵਿਚ ਨਹੀਂ ਸਗੋਂ 'ਬੰਗੇ ਦੇ ਕਾਲਜ' ਵਿਚ 'ਪ੍ਰੋਫੈਸਰ' ਲੱਗਣਾ ਸੀ!

ਪਰ ਸਭ ਤੋਂ ਹਾਸੋਹੀਣੀ ਗੱਲ ਇਹ ਹੈ ਕਿ ਗੈਰ ਕਾਲਜੀ ਅਧਿਆਪਕਾਂ ਬਾਰੇ ਇੰਨੀਆਂ ਕੋਝੀਆਂ ਗੱਲਾਂ ਕਹਿਣ ਤੋਂ ਬਾਅਦ ਵੀ ਉਹ ਲਿਖਦੇ ਹਨ ਕਿ ਜਿਸ ਸਮਾਜ ਵਿਚ ਅਧਿਆਪਕਾਂ ਦੀ ਇੱਜਤ ਨਹੀਂ, ਉਹ ਤਰੱਕੀ ਨਹੀਂ ਕਰ ਸਕਦੇ!

ਇੰਜ ਲਗਦਾ ਹੈ ਕਿ ਲੇਖਕ ਅਵਤਾਰ ਸਿੰਘ ਕੁਝ ਕਹਿਣਾ ਚਾਹੁੰਦੇ ਹਨ ਪਰ ਕਹਿ ਨਹੀਂ ਪਾਉਂਦੇ, ਇਸ ਲਈ ਉਹ ਕੁਝ ਦਾ ਕੁਝ ਲਿਖੀ ਜਾਂਦੇ ਹਨ। ਦੋ ਕੁ ਮਹੀਨੇ ਪਹਿਲਾਂ ਵੀ ਉਨ੍ਹਾਂ ਨੇ ਇਕ ਲੇਖ ਵਿਚ ਲਿਖਿਆ ਸੀ ਕਿ ਪੰਜਾਬ ਦੀ ਰਾਜਨੀਤੀ ਦੀ ਸਮਝ ਪੰਜਾਬੀ ਯੂਨੀਵਰਸਿਟੀ ਦੇ ਦੋ ਮਹਾਨ ਪ੍ਰੋਫੈਸਰਾਂ ਹਰਜੀਤ ਸਿੰਘ ਗਿੱਲ ਤੇ ਪ੍ਰੋਫੈਸਰ ਮਿਨਹਾਸ ਤੋਂ ਬਿਨਾ ਕੋਈ ਨਹੀਂ ਰੱਖਦਾ। ਇਹ ਲੇਖ ਪੜ੍ਹ ਕੇ ਇਸੇ ਯੂਨੀਵਰਸਿਟੀ ਦੇ ਸਿੰਡਿਕ ਰਹੇ ਮੇਰੇ ਇਕ ਪ੍ਰਿੰਸੀਪਲ ਦੋਸਤ ਨੇ ਸਾਰਾ ਦਿਨ ਸੋਚਣ ਉਪਰੰਤ ਮੈਨੂੰ ਫੋਨ ਕਰਕੇ ਪੁੱਛਿਆ ਕਿ ਪੰਜਾਬ ਰਾਜਨੀਤੀ ਦੇ ਮਾਹਿਰ ਇਹ ਦੋ ਪ੍ਰੋਫੈਸਰ ਕੌਣ ਹਨ? ਮੈਂ ਉਨ੍ਹਾਂ ਨੂੰ ਕਿਹਾ, ਪ੍ਰੋ. ਹਰਜੀਤ ਗਿੱਲ ਤਾਂ ਭਾਸ਼ਾ ਵਿਗਿਆਨ ਦੇ ਉਘੇ ਵਿਦਵਾਨ ਹਨ ਤੇ ਪ੍ਰੋ. ਮਿਨਹਾਸ ਕੈਮਿਸਟਰੀ ਦੇ ਅਧਿਆਪਕ ਸਨ, ਜਿਨ੍ਹਾਂ ਦਾ ਰਾਜਨੀਤੀ ਨਾਲ ਕੋਈ ਵਾਹ ਵਾਸਤਾ ਨਹੀਂ ਜਾਪਦਾ। ਪਰ ਜਿਸ ਪ੍ਰੋ. ਮਿਨਹਾਸ ਦੀ ਫੋਟੋ ਲੇਖ ਵਿਚ ਛਪੀ ਹੈ, ਉਹ

## ਪ੍ਰਤੀਕਰਮ

ਮੇਰੀ ਸਮਝ ਤੋਂ ਬਾਹਰ ਹੈ। ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, ਕਿਸੇ ਨੇ ਅੱਧੀ ਅਧੂਰੀ ਗੱਲ ਲਿਖ ਕੇ ਟਪਾਰ ਮਾਰੀ ਹੈ। ਉਦਾਂ ਦੀਆਂ ਟਪਾਰਾਂ ਹੀ ਉਨ੍ਹਾਂ ਦੇ 'ਮਾਸਟਰ, ਪ੍ਰੋਫੈਸਰ, ਅਧਿਆਪਕ' ਲੇਖ ਵਿਚ ਭਰੀਆਂ ਪਈਆਂ ਹਨ।

ਅਮਰੀਕੀ ਸਕੂਲਾਂ ਵਿਚ ਮੁਢਲੀਆਂ ਜਮਾਤਾਂ ਤੋਂ ਹੀ ਰੀਡਿੰਗ ਤੇ ਰਾਈਟਿੰਗ ਦੇ ਦੋ ਵਿਸ਼ੇ ਪੜ੍ਹਾਏ ਜਾਂਦੇ ਹਨ। ਰੀਡਿੰਗ ਵਿਚ ਕਿਸੇ ਲੇਖ ਜਾਂ ਪੁਸਤਕ ਨੂੰ ਪੜ੍ਹ ਕੇ ਇਸ ਦੇ ਲੇਖਕ ਦਾ ਮਨੋਰਥ ਜਾਣਨ ਦੀ ਕਲਾ ਸਿਖਾਈ ਜਾਂਦੀ ਹੈ। ਇਸ ਕਲਾ ਦੀ ਵਰਤੋਂ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਇਸ ਲੇਖ ਵਿਚ 'ਪ੍ਰੋਫੈਸਰ ਸਾਹਿਬ' ਦਾ ਮਨੋਰਥ ਦੂਜਿਆਂ ਨੂੰ ਨੀਵਾਂ ਦਿਖਾ ਕੇ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੈ। ਆਪਣੇ ਇਸ ਮਨੋਰਥ ਦੀ ਪੂਰਤੀ ਲਈ ਉਹ ਈਰਖਾ ਭਰਪੂਰ ਤੇ ਬੇਬੁਨਿਆਦ ਗੱਲਾਂ ਦਾ ਸਹਾਰਾ ਵੀ ਲੈਂਦੇ ਹਨ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

# ਬਰਗਾੜੀ ਦਾ ਮੋਰਚਾ

ਬਰਗਾੜੀ ਮੋਰਚੇ ਬਾਰੇ ਪ੍ਰਭਸ਼ਰਨਦੀਪ ਸਿੰਘ ਦਾ ਪੂਰਨ ਸੰਤੁਲਿਤ ਅਤੇ ਖਰਾ ਵਿਸ਼ਲੇਸ਼ਣ ਪੜ੍ਹ ਕੇ ਮਨ ਪ੍ਰਸੰਨ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਫੜ੍ਹ ਕੇ ਸਜ਼ਾਵਾਂ ਦੇਣਾ ਦਰਕਿਨਾਰ, ਅਦਬ ਦੀ ਮੰਗ ਕਰਨ ਵਾਲਿਆਂ 'ਤੇ ਪੁਲਿਸ ਨੇ ਗੋਲੀਆਂ ਦਾਗੀਆਂ। ਪਹਿਲਾਂ ਅਕਾਲੀ ਸਰਕਾਰ, ਹੁਣ ਕਾਂਗਰਸ ਸਰਕਾਰ-ਦੋਹਾਂ ਦਾ ਹੀਜ ਪਿਆਜ ਨੰਗਾ ਹੋ ਗਿਆ। ਗੁਟਕਾ ਹੱਥ ਵਿਚ ਲੈ ਕੇ ਸਹੁੰ ਖਾਣ ਵਾਲਾ ਮੁੱਖ ਮੰਤਰੀ ਜਿੱਤਣ ਉਪਰੰਤ ਗੁਟਕੇ ਦੀ ਬੇਅਦਬੀ ਕਰਨ/ਕਰਾਉਣ ਵਾਲਿਆਂ ਨੂੰ ਸਜ਼ਾਵਾਂ ਦੇਣ ਤੋਂ ਮੁੱਕਰ ਗਿਆ। ਬਰਗਾੜੀ ਮੋਰਚੇ ਉਪਰ ਹਾਜ਼ਰ ਹੋਣ ਵਾਲਿਆਂ ਨੂੰ ਬਾਦਲ ਕੇ, ਦੇਸ਼ ਦੇ ਗੱਦਾਰ ਆਖ ਰਹੇ ਹਨ।

ਹੁਣ ਤੱਕ ਅਜਮੇਰ ਸਿੰਘ ਦੀਆਂ ਲਿਖਤਾਂ ਦਾ ਕਿਸੇ ਨੇ ਇਸ ਤਰੀਕੇ ਨੋਟਿਸ ਨਹੀਂ ਲਿਆ ਸੀ। ਸਿੱਖ, ਜਜ਼ਬਾਤ ਤੋਂ ਬਾਹਰ ਨਹੀਂ ਨਿਕਲਦੇ, ਆਦਰ ਕਰਦੇ ਕਰਦੇ ਬੁੱਤ ਪੂਜਕ ਹੋ ਜਾਂਦੇ ਹਨ। ਮੇਰੇ ਕੋਲ ਅਜਿਹੇ ਫੋਨ ਅਕਸਰ ਆਉਂਦੇ ਹਨ, "ਜੀ ਸਾਨੂੰ ਤੁਹਾਡੀਆਂ ਅਤੇ ਇੰਦਰ ਸਿੰਘ ਘੱਗਾ-ਦੋਹਾਂ ਦੀਆਂ ਲਿਖਤਾਂ ਚੰਗੀਆਂ ਲਗਦੀਆਂ ਹਨ।" ਮੈਂ ਸਿਰ ਫੜ੍ਹ ਕੇ ਬੈਠ ਜਾਂਦਾ ਹਾਂ। ਜਿਸ ਨੂੰ ਘੱਗਾ ਸਾਹਿਬ ਦੀ ਲਿਖਤ ਚੰਗੀ ਲਗਦੀ ਹੈ, ਉਸ ਨੂੰ ਮੈਂ ਬੁਰਾ ਲੱਗਣਾ ਚਾਹੀਦਾ ਹਾਂ ਕਿਉਂਕਿ ਸਾਡੀਆਂ ਲਿਖਤਾਂ ਦੀ ਦਿਸ਼ਾ ਇਕ ਦੂਜੇ ਤੋਂ ਉਲਟ ਹੈ।

ਦੋ ਸਾਲ ਪਹਿਲਾਂ ਅਜਮੇਰ ਸਿੰਘ ਮੇਰੇ ਵਿਭਾਗ ਵਿਚ ਲੈਕਚਰ ਦੇਣ ਆਏ, ਉਨ੍ਹਾਂ ਨੂੰ ਸੁਣ ਸਕਾਂ, ਮੈਨੂੰ ਸਦਿਆ ਨਹੀਂ ਗਿਆ। ਮੈਂ ਉਨ੍ਹਾਂ ਦੀ ਨੁਕਤਾਚੀਨੀ ਵੀ ਨਹੀਂ ਕਰਨੀ ਸੀ, ਤਾਂ ਵੀ ਨਹੀਂ। ਅਜਮੇਰ ਸਿੰਘ ਪੁੱਛਦੇ ਹਨ, ਚੱਬੇ ਦੇ ਇਕੱਠ ਵਿਚੋਂ ਕੀ ਨਿਕਲਿਆ? ਮੈਂ ਦਸਦਾ ਹਾਂ। ਭੈਣ ਦਾ ਵਿਆਹ ਸੀ। ਮਹੀਨਾ ਪਹਿਲਾਂ ਦੋ ਬੋਰੀਆਂ ਮੈਦਾ ਅਤੇ ਦੋ ਬੋਰੀਆਂ ਵੇਸਣ-ਚਾਰ ਕੁਇੰਟਲ ਲਿਆ ਕੇ ਛਾਣ ਲਿਆ। ਵਿਆਹ ਤੋਂ ਦੋ ਦਿਨ ਪਹਿਲਾਂ ਹਲਵਾਈ ਆਇਆ, ਹੁਕਮ ਦਿੱਤਾ, "ਚਾਰੇ ਬੋਰੀਆਂ ਛਾਣੋ।" ਅਸੀਂ ਆਖਿਆ, "ਛਾਣ ਕੇ ਰੱਖੀਆਂ ਹਨ।" ਉਹ ਕਹਿੰਦਾ, "ਨਹੀਂ ਜੀ, ਫੇਰ ਛਾਣੋ, ਕੀ ਪਤਾ ਟਿੱਡੀ ਪਪਲੀਹੀ ਛਿਪਕਲੀ ਕੀੜੇ ਕੰਡੇ ਦਾ।"

ਬੁੜ ਬੁੜ ਕਰਦਿਆਂ ਫਿਰ ਛਾਣਨਾ ਪਿਆ ਪਰ ਨਿਕਲਿਆ ਕੁਝ ਨਾ। ਅਸੀਂ ਹਲਵਾਈ ਨੂੰ ਕਿਹਾ, "ਖਾਹਮਖਾਹ ਖਪਾਈ ਕਰਵਾ ਦਿੱਤੀ। ਕੁਝ ਨਿਕਲਿਆ?"

ਹਲਵਾਈ ਨੇ ਕਿਹਾ, "ਹਾਂ! ਵਹਿਮ ਨਿਕਲ ਗਿਆ।"

ਚੱਬੇ ਅਤੇ ਬਰਗਾੜੀ ਦੇ ਇਕੱਠਾਂ ਨੇ ਕਾਂਗਰਸ ਅਤੇ ਅਕਾਲੀਆਂ ਦਾ ਇਹ ਵਹਿਮ ਕੱਢ ਦਿੱਤਾ ਕਿ ਪੰਥ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨੋਂ ਹਟ ਗਿਆ ਹੈ।

ਸ਼ਾਂਤਮਈ ਜੁਆਨ, ਜੋ ਬਾਣੀ ਜਪੁ ਰਹੇ ਸਨ, ਅਕਾਲੀ ਸਰਕਾਰ ਦੀ ਪੁਲਿਸ ਨੇ ਭੁੰਨ ਦਿਤੇ, ਗੁਟਕਾ ਹੱਥ ਵਿਚ ਫੜ੍ਹ ਕੇ ਸਹੁੰ ਚੁੱਕਣ ਵਾਲੇ ਮੁੱਖ ਮੰਤਰੀ ਨੇ ਇਨਸਾਫ ਦੇਣ ਤੋਂ ਅੱਖਾਂ ਫੇਰ ਲਈਆਂ। ਇਹ ਦੋਵੇਂ ਧੜੇ ਗੁਰਬਾਣੀ ਦਾ ਆਦਰ ਕਰਦੇ ਹਨ, ਪੰਜਾਬੀਆਂ ਦਾ ਇਹ ਵਹਿਮ ਵੀ ਨਿਕਲ ਗਿਆ।

*-ਡਾ. ਹਰਪਾਲ ਸਿੰਘ ਪੰਨੂ*
*ਫੋਨ: 91-94642-52454*

# ਉਚਾ ਰਾਵਣ

"ਆਪਣਾ ਰਾਵਣ ਸਭ ਤੋਂ ਉਚਾ ਹੋਣਾ ਚਾਹੀਦਾ। ਬਸ ਮੈਂ ਕਹਿ'ਤਾ!" ਰਾਮ ਲੀਲਾ ਕਮੇਟੀ ਦੀ ਮੀਟਿੰਗ ਵਿਚ ਪ੍ਰਧਾਨ ਨੇ ਆਪਣੇ ਧੌਂਸੀ ਤਰੀਕੇ ਨਾਲ ਕਿਹਾ।

"ਪਰ ਪ੍ਰਧਾਨ ਜੀ, ਵੀਹ-ਪੱਚੀ ਲੱਖ ਦਾ ਪ੍ਰਬੰਧ ਕਿਵੇਂ ਹੋਊ? ਹਰ ਕੋਈ ਹੱਥ ਘੁੱਟ ਦਾਨ ਦਿੰਦੈ।" ਖਜਾਨਚੀ ਨੇ ਖਰਚ ਸਬੰਧੀ ਕਮੇਟੀ ਨੂੰ ਜਾਣੂ ਕਰਵਾਇਆ।

"ਪੈਸਿਆਂ ਲਈ ਭਾਵੇਂ ਮੈਨੂੰ ਘਰ-ਘਰ, ਗਲੀ-ਗਲੀ ਜਾਣਾ ਪਵੇ, ਪਰ ਰਾਵਣ ਸਭ ਤੋਂ ਉਚਾ ਹੋਵੇ।" ਪ੍ਰਧਾਨ ਹਾਰ ਨਹੀਂ ਸੀ ਮੰਨਣੀ ਚਾਹੁੰਦਾ।

"ਵੀਰ ਜੀ, ਤੁਹਾਨੂੰ ਪਤਾ ਆਪਣਾ ਮਕਸਦ ਤਾਂ ਸੰਕੇਤਕ ਬੁਰਾਈ ਨੂੰ ਸਾੜਨਾ ਹੁੰਦਾ, ਉਚੇ-ਨੀਵੇਂ ਦੇ ਚੱਕਰਾਂ 'ਚ ਨਾ ਪਵੋ। ਦੂਸਰਾ ਇਸ ਵਿਚਲੇ ਪਟਾਕਿਆਂ ਅਤੇ ਬਾਰੂਦ ਨਾਲ ਵਾਤਾਵਰਣ 'ਤੇ ਬਹੁਤ ਬੁਰਾ ਅਸਰ ਪੈਂਦਾ।" ਖੇਤੀ ਵਿਗਿਆਨੀ ਅਤੇ ਸਮਾਜ ਸੇਵਕ ਇਕ ਡਾਕਟਰ ਸੱਜਣ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਵੇਖੋ ਜੀ, ਜੇ ਧਰਮ ਦੀ ਸੇਵਾ ਵਿਚ ਮਾੜੀ ਮੋਟੀ ਉਨੀ-ਇੱਕੀ ਹੁੰਦੀ ਹੈ ਤਾਂ ਕੋਈ ਫਰਕ ਨਹੀਂ ਪੈਂਦਾ ਪਰ ਰਾਵਣ ਕਿਸੇ ਨਾਲੋਂ ਨੀਵਾਂ ਨਾ ਹੋਵੇ।" ਰਾਜਿੰਦਰ ਸ਼ਰਮਾ ਵੀ ਪ੍ਰਧਾਨ ਵਾਂਗ ਉਚੇ ਰਾਵਣ ਦੇ ਹੱਕ ਵਿਚ ਸੀ।

"ਚਲੋ ਠੀਕ ਹੈ, ਜਿਵੇਂ ਸਭ ਦੀ ਮਰਜ਼ੀ, ਰਾਮ ਬਾਰੇ ਵੀ ਗੱਲ ਕਰ ਲਈਏ। ਕਾਸਟਿਊਮ ਪਹਿਲਾਂ ਵਾਲਾ ਹੀ ਰੱਖਣਾ ਜਾਂ...?" ਖਜਾਨਚੀ ਨੇ ਗੱਲ ਅੱਗੇ ਤੋਰੀ।

"ਰਾਮ ਤਾਂ ਉਹੀ ਰੱਖ ਲਵੋ, ਜਿਹੜਾ ਪਹਿਲਾਂ ਰਾਮ ਲੀਲਾ ਕਰਦਾ ਹੁੰਦਾ ਸੀ। ਕੱਪੜੇ ਅਜੇ ਠੀਕ ਪਏ ਨੇ, ਜੇ ਪੈਸੇ ਦੀ ਘਾਟ ਹੈ, ਫੇਰ ਵੇਖ ਲਵਾਂਗੇ।" ਪ੍ਰਧਾਨ ਨੇ ਫੈਸਲਾ ਦਿੰਦਿਆਂ ਕਿਹਾ।

"ਉਹ ਮੁੰਡਾ ਤਾਂ ਬਿਮਾਰ ਹੈ, ਸ਼ਾਇਦ ਕੈਂਸਰ...ਆਪਾਂ ਤਾਂ ਉਸ ਗਰੀਬ ਦਾ ਪਤਾ ਵੀ ਨਹੀਂ ਲੈ ਸਕੇ।"

"ਹੋਰ ਵੇਖ ਲੈਂਦੇ ਹਾਂ।" ਸਭ ਤੋਂ ਉਚੇ ਰਾਵਣ ਦੀ ਹਦਾਇਤ ਦਿੰਦਿਆਂ ਪ੍ਰਧਾਨ ਨੇ ਮੀਟਿੰਗ ਖਤਮ ਕਰ ਦਿੱਤੀ।

ਸਮਝ ਨਹੀਂ ਸੀ ਆ ਰਹੀ, ਦੁਸਹਿਰੇ ਵਿਚ ਜੈ ਜੈ ਕਾਰ ਰਾਮ ਦੀ ਹੋ ਰਹੀ ਸੀ ਜਾਂ ਰਾਵਣ ਦੀ!

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਰਾਮ ਰਾਜ ਪ੍ਰਾਜੈਕਟ

*ਚਰਨਜੀਤ ਸਿੰਘ ਪੰਨੂ*

ਤੁਸੀਂ ਦੀਵਾਲੀ ਮਨਾਓ,
ਘਿਓ ਦੇ ਦੀਵੇ ਜਗਾਓ,
ਜਸ਼ਨ ਮਨਾਓ, ਤੋਹਫੇ ਵਟਾਓ,
ਪਟਾਕੇ ਫੁਲਝੜੀਆਂ ਚਲਾਓ,
ਬੇਰ, ਖਜੂਰਾਂ, ਅਣਮੋਲ ਪਦਾਰਥ ਖਾਓ,
ਨਰਸਿੰਗਾ ਵਜਾਓ, ਵਿਜੇ ਦਿਵਸ ਮਨਾਓ।
ਮਰਿਆਦਾ ਪੁਰਸ਼ੋਤਮ ਵਾਪਸ ਆਇਆ ਹੈ,
ਬਾਪ ਰਾਜਾ ਦਸਰਥ ਦੇ ਹੁਕਮ ਨਾਲ ਦਿਤਾ,
ਚੌਦਾਂ ਸਾਲਾ ਬਣਵਾਸ ਕੱਟ ਕੇ ਚਿਤਰ-ਕੂਟ 'ਚੋਂ।

ਭ੍ਰਾਤਾ ਲਕਸ਼ਮਣ ਵੀ ਮੁੜ ਆਇਆ ਹੈ,
ਤੀਰ ਕਮਾਨ ਮੋਢੇ ਪਾ ਕੇ,
ਚੌੜੀ ਛਾਤੀ ਫੈਲਾ ਕੇ,
ਸਿਰ ਮੁਕਟ ਸਜਾ ਕੇ,
ਸਰੂਪ ਨਖਾ ਦਾ ਨੱਕ ਵੱਢ ਕੇ,
ਪਰਾਈ ਇਸਤਰੀ ਦੀ ਬੇਪਤੀ ਕਰਕੇ,
ਪਾਕ-ਪਵਿੱਤਰ ਬਲਵਾਨ ਦੁੱਧ ਧੋਤਾ।

ਸਤਜੁਗ ਅਵਤਾਰ ਰਾਮ ਚੰਦਰ ਜੀ ਆਏ ਨੇ,
ਵਿਦਵਾਨ ਦੁਰਾਚਾਰ ਰਾਵਣ ਦੇ ਉਧਾਲੇ ਵਿਚੋਂ,
ਹਨੂਮਾਨ ਸੁਗਰੀਵ ਦੀ ਬਾਨਰ ਸੈਨਾ ਸਹਾਰੇ
ਉਧਾਲੀ ਸੀਤਾ ਨੂੰ ਬੰਧਨ ਮੁਕਤ ਕਰਾ ਕੇ,
ਨੇਕੀ ਕਮਾ ਕੇ, ਜਿੱਤ ਦਾ ਡੰਕਾ ਵਜਾ ਕੇ।

ਹਾਰ ਪਹਿਨਾਓ, ਉਨ੍ਹਾਂ ਸਿਰ ਮੁਕਟ ਸਜਾਓ,
ਭਰਤ ਦੇ ਸਿੰਘਾਸਨ ਰੱਖੇ ਪਊਏ ਜਗ੍ਹਾ ਬਿਠਾਓ।
ਤੁਸੀਂ ਦਸ-ਸਿਰੇ ਜਲਾਓ, ਦੀਵਾਲੀ ਮਨਾਓ,
ਲੜੀਆਂ ਜਗਾਓ, ਫੈਣੀਆਂ, ਖਜੂਰਾਂ ਖਾਓ।

ਮੇਰੇ ਤਾਂ ਇਹ ਸੰਘੋਂ ਨਹੀਂ ਲੱਥਣੇ।
ਸੁਅੰਬਰ ਨਾਲ ਪਰਨਾਈ ਸਤ-ਸਲੱਖਣੀ,
ਸੀਤਾ ਵਿਚਾਰੀ ਪਤੀ-ਵਰਤ ਸੁਹਿਰਦ ਨਾਰੀ,
ਧੋਬੀ ਦੇ ਮਿਹਣੇ ਫਲਸਰੂਪ ਦੁਰਕਾਰੀ,
ਵਫਾਦਾਰੀ ਦੀ ਮੂਰਤ ਔਰਤ ਹੈਂਸਿਆਰੀ।
ਅਗਨ-ਪ੍ਰੀਖਿਆ ਲੰਘ ਕੇ ਵੀ
ਸਦਾਚਾਰੀ ਪਵਿੱਤਰ ਪ੍ਰਵਾਨ ਨਾ ਚੜ੍ਹੀ।

ਸ਼ਾਹਾਨਾ ਸੇਜ ਦੀ ਜਗ੍ਹਾ
ਸੰਤਾਪ ਭੋਗ ਰਹੀ ਸੰਨਿਆਸਣ,
ਭਟਕਦੀ ਰਹੀ ਜੰਗਲਾਂ ਵਿਚ
ਹੰਢਾ ਰਹੀ ਸਾਧਵੀ ਦੀ ਜ਼ਿੰਦਗੀ,
ਰਿਸ਼ੀ ਦੀ ਸ਼ਰਨ ਕੁਟੀਆ ਵਿਚ।

ਮਹਾਰਾਜੇ ਪਿਤਾ ਦੇ ਮਹੱਲਾਂ ਦੀ ਥਾਂ
ਬਾਲਮੀਕ ਦੇ ਪੰਘੂੜੇ ਸਹਾਰੇ ਪਲੇ,
ਜਵਾਨੀ ਚੜ੍ਹੇ ਸ਼ਹਿਜ਼ਾਦੇ ਲਵ ਕੁਸ਼,
ਨਿਪੁੰਨ ਯੋਧੇ ਘੋੜਾ ਫੜ੍ਹਦੇ ਨੇ,
ਬਾਪ ਨੂੰ ਹਰਾਉਂਦੇ ਨੇ ਅਸੁਮੇਧ ਯੁੱਧ ਵਿਚ,
ਬਦਲਾ ਲੈਣ ਲਈ ਆਪਣੇ ਵਾਲਦ ਕੋਲੋਂ,
ਮਾਂ ਨਾਲ ਕੀਤੇ ਦੁਰ-ਵਿਹਾਰ ਦਾ।

ਹਜ਼ਾਰਾਂ ਸਾਲਾਂ ਦੀ ਰਵਾਇਤੀ ਰੂੜ੍ਹੀ ਲੀਲਾ,
ਪਰਦੇ ਉਹਲੇ ਛੁਪੇ ਨਮੋਸ਼ੀ ਭਰੇ ਇਹ ਸਾਕੇ,
ਪੀੜਾਂ ਭਰਪੂਰ ਇਤਿਹਾਸ ਤਾਜ਼ਾ ਕਰਾਉਂਦੇ ਨੇ।
ਬਦਲ ਲਈ ਹੈ ਕਰਵਟ ਸਮੇਂ ਨੇ ਅੱਜ।

ਸੜ੍ਹਦਾ ਹੈ ਰਾਵਣ ਹਰ ਸਾਲ ਲੱਖ ਵਾਰ ਪਰ,
ਬਲਾਤਕਾਰ, ਡਕੈਤੀਆਂ, ਉਧਾਲੇ, ਖੂਨ ਖਰਾਬੇ ਕਰਦੇ,
ਦਨਦਨਾਉਂਦੇ ਹਨ ਅਜੇ ਅਨੇਕਾਂ ਰਾਵਣ ਹਰ ਗਲੀ।

ਸ਼ਰੂਤੀ ਮੁਥਾਜ ਨਹੀਂ ਹੁਣ ਅਗਨ ਪ੍ਰੀਖਿਆ ਦੀ,
ਨਾ ਹੀ ਪਾਬੰਦ ਕੈਦ ਹੈ ਕਿਸੇ ਰਾਮ-ਕਾਰ ਅੰਦਰ,
ਸਵੈ-ਸੁਰੱਖਿਅਤ ਹੈ ਸਵੈ-ਆਜ਼ਾਦ ਜਾਗਰੂਕ,
ਸਰਕਾਰੀ ਕਾਨੂੰਨੀ ਅਧਿਕਾਰਾਂ ਦੇ ਅੰਤਰਗਤ।

ਲੱਖਾਂ ਮਣ ਤੇਲ ਘਿਓ ਬਰੂਦ ਤੇ ਖਾਦ ਸਮੱਗਰੀ,
ਪਲੀਤ ਗੰਧਲਾ ਕਰ ਰਹੇ ਸ਼ੋਰ, ਧੂੰਏ ਪ੍ਰਦੂਸ਼ਣ,
ਨਿਰਮਲ ਵਾਯੂ-ਮੰਡਲ ਨੂੰ ਨਿਰਾਰਥ।

ਮਿਲੀਅਨ ਕਰੋੜਾਂ ਡਾਲਰਾਂ ਦਾ ਵਿਨਾਸ਼,
ਭੁੱਖਿਆਂ ਦੇ ਢਿੱਡ ਪਵੇ, ਅਨਪੜ੍ਹਾਂ ਨੂੰ ਵਿਦਿਆ ਦੇਵੇ,
ਇਹ ਸਰਮਾਇਆ ਨੰਗਿਆਂ ਦਾ ਨੰਗ ਕੱਜੇ,
ਲਾਚਾਰਾਂ ਬੀਮਾਰਾਂ ਦਾ ਇਲਾਜ ਕਰੇ,
ਬਿਰਧਾਂ ਲਈ ਸੀਨੀਅਰ ਵਿਸਰਾਮ ਘਰ
ਬੇਘਰਿਆਂ ਲਈ ਰੈਣ-ਬਸੇਰਾ ਕੁੱਲੀ ਬਣਾਏ।
ਰਚਨਾਤਮਕ 'ਰਾਮ-ਰਾਜ ਪ੍ਰਾਜੈਕਟ' ਬਣ ਜਾਏ।

# ਨਿੰਦਿਆ ਨੂੰ ਨਮਸਕਾਰ

**ਕਣੀਆਂ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਰਿਸ਼ਤਿਆਂ ਦੀ ਗੱਲ ਕੀਤੀ ਸੀ ਕਿ ਇਹ ਰਿਸ਼ਤੇ ਦੋ ਤਰ੍ਹਾਂ ਦੇ ਹਨ, ਇਕ ਨਿਰੀ ਜਾਣ-ਪਛਾਣ ਜਾਂ ਸੰਪਰਕ ਅਤੇ ਦੂਜੇ ਸਬੰਧਾਂ ਦੇ। ਉਹ ਕਹਿੰਦੇ ਹਨ, "ਸਬੰਧ ਹੋਣ ਤਾਂ ਗਲਵੱਕੜੀ 'ਚੋਂ ਵਿਸਮਾਦ ਪੈਦਾ ਹੁੰਦਾ ਅਤੇ ਸਕੂਨ ਤੇ ਅਪਣੱਤ ਦੀ ਮਹਿਕ ਫੈਲਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਸੁਭਾਅ 'ਚ ਨਿੰਦਿਆ ਦੇ ਗੁਣ/ਔਗੁਣ ਦਾ ਵਿਸਥਾਰ ਵਿਚ ਚਿੰਤਨ ਕੀਤਾ ਹੈ। ਉਹ ਕਹਿੰਦੇ ਹਨ, ਨਿੰਦਿਆ ਜੇ ਉਸਾਰੂ ਹੋਵੇ ਅਤੇ ਨਿੰਦਿਆ ਸਹਿਣ ਵਾਲਾ ਇਸ ਨੂੰ ਉਸਾਰੂ ਰੂਪ ਵਿਚ ਲਵੇ ਤਾਂ ਇਹ ਬਹੁਤ ਲਾਹੇਵੰਦ ਹੁੰਦੀ ਹੈ। ਉਹ ਕਹਿੰਦੇ ਹਨ, "ਨਿੰਦਿਆ ਕੌੜੀ, ਕੁਸੈਲੀ ਤੇ ਤਿੱਖੀ ਵੀ ਹੁੰਦੀ। ਕਈ ਵਾਰ ਰੂਹ ਨੂੰ ਜਖਮੀ ਵੀ ਕਰਦੀ, ਪਰ ਬਹੁਤੀ ਵਾਰ ਇਹੀ ਨਿੰਦਿਆ ਮਨੁੱਖ ਨੂੰ ਤਰਾਸ਼ਦੀ, ਉਸ ਦੇ ਮਨ ਵਿਚੋਂ ਕੂੜ-ਕੁਸੱਤ ਦਾ ਮੁਲੰਮਾ ਉਤਾਰਦੀ, ਸੋਚ ਨੂੰ ਸੇਧ ਅਤੇ ਸਮਰਪਣ ਵੱਲ ਉਲਾਰਦੀ।" ਉਹ ਦੱਸਦੇ ਹਨ ਕਿ ਨਿੰਦਿਆ ਅਤੇ ਚੁਗਲੀ ਵਿਭਿੰਨ। ਚੁਗਲੀ ਹਮੇਸ਼ਾ ਨਾਕਾਰਾਤਮਕ ਹੁੰਦੀ ਜਦ ਕਿ ਨਿੰਦਿਆ ਸਾਕਾਰਾਤਮਕ ਅਤੇ ਨਾਕਾਰਾਤਮਕ ਹੁੰਦੀ। ਉਹ ਭਗਤ ਕਬੀਰ ਦੇ ਫੁਰਮਾਨ ਦਾ ਹਵਾਲਾ ਦਿੰਦੇ ਹਨ, "ਨਿੰਦੋ ਨਿੰਦੋ ਮੋ ਕੋ ਲੋਗ ਨਿੰਦੋ...॥" -ਸੰਪਾਦਕ*

ਨਿੰਦਿਆ, ਕਿਸੇ ਦੀਆਂ ਊਣਤਾਈਆਂ 'ਤੇ ਉਂਗਲ, ਕਮੀਨਗੀਆਂ ਦਾ ਜੱਗ-ਜਾਹਰ, ਜਾਂ ਕਿਸੇ ਦੀਆਂ ਕੁਤਾਹੀਆਂ ਦਾ ਕੱਚਾ-ਚਿੱਠਾ ਫਰੋਲਣਾ।

ਨਿੰਦਿਆ, ਕਿਸੇ ਦੀਆਂ ਖਾਮੀਆਂ ਨੂੰ ਚਿਤਾਰਨਾ ਅਤੇ ਇਸ 'ਚੋਂ ਖੁਦ ਦੀ ਖੁਦੀ ਨੂੰ ਉਭਾਰਨਾ। ਮਨੁੱਖ ਦੀ ਕੇਹੀ ਫਿਤਰਤ ਹੈ ਕਿ ਉਹ ਕਿਸੇ ਨੂੰ ਨੀਵਾਂ ਦਿਖਾ ਕੇ ਖੁਦ ਉਪਰ ਉਠਣ ਦੀ ਤਵੱਕੋ ਮਨ ਵਿਚ ਪਾਲਦਾ-ਪਾਲਦਾ ਆਪਣੀਆਂ ਨਜ਼ਰਾਂ ਵਿਚ ਹੀ ਡਿੱਗ ਪੈਂਦਾ।

ਨਿੰਦਿਆ, ਕਿਸੇ ਦੀ ਕਿਰਤ, ਕਲਾ, ਕਾਰਾਗਰੀ ਅਤੇ ਕਾਰਗੁਜ਼ਾਰੀ ਨੂੰ ਅਸਾਵੀਂ ਨਜ਼ਰ ਨਾਲ ਤੱਕਣਾ ਤੇ ਪਾਸਕੂੰ ਨਾਲ ਤੋਲ ਕੇ ਤ੍ਰਿਸਕਾਰਨਾ। ਨਿੰਦਿਆ, ਲਿਆਕਤ, ਸੁਹੱਪਣ, ਯੋਗਤਾ, ਰੁਤਬਾ ਅਤੇ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਨਿੱਜੀ ਕੋਣਾਂ ਤੋਂ ਮਾਪ ਕੇ ਆਪਣੇ ਮਾਪਦੰਡਾਂ ਰਾਹੀਂ ਘਟੀਆਪਣ ਨੂੰ ਹੀ ਸਾਹਮਣੇ ਲਿਆਉਣਾ ਜਦ ਕਿ ਚੰਗਿਆਈ ਨੂੰ ਨਜ਼ਰ-ਅੰਦਾਜ਼ ਕਰਨਾ।

ਨਿੰਦਿਆ, ਹਾਂ-ਪੱਖੀ ਵੀ ਅਤੇ ਨਾਂਹ-ਪੱਖੀ ਵੀ। ਇਹ ਮਨੁੱਖ 'ਤੇ ਨਿਰਭਰ ਕਰਦਾ ਕਿ ਉਸ ਨੇ ਉਸਾਰੂ ਨਿੰਦਿਆ ਨੂੰ ਆਪਣੀ ਜੀਵਨ-ਜਾਚ ਬਣਾਉਣਾ ਜਾਂ ਆਪਣੀ ਨਾਂਹ-ਵਾਚਕ ਧਾਰਨਾ ਨਾਲ ਕਿਸੇ ਦੀ ਸ਼ਖਸੀਅਤ ਦੀ ਖਿੱਲੀ ਉਡਾਉਣਾ।

ਨਿੰਦਿਆ, ਮਨੁੱਖ ਨੂੰ ਨਿਖਾਰ ਵੀ ਸਕਦੀ ਅਤੇ ਵਿਗਾੜ ਵੀ। ਤਰਜ਼ੀਹਾਂ ਤੇ ਤਮੰਨਾਵਾਂ ਨੂੰ ਉਸਾਰੂ ਸੇਧ ਵੀ ਜਾਂ ਪੈਰਾਂ ਵਿਚ ਬੇਲੋੜੀ ਭਟਕਣ ਵੀ। ਇਹ ਤਾਂ ਮਨੁੱਖੀ ਸੋਚ 'ਤੇ ਨਿਰਭਰ ਕਰਦਾ ਕਿ ਉਸ ਨੇ ਨਿੰਦਿਆ ਨੂੰ ਕਿਸ ਸੰਦਰਭ ਵਿਚ ਲੈਣਾ? ਕਿਹੜੇ ਸਰੋਕਾਰਾਂ ਅਤੇ ਸੁਪਨਿਆਂ ਨੂੰ ਦੀਦਿਆਂ ਵਿਚ ਪਰੋਣਾ? ਜਾਂ ਸੁਪਨਿਆਂ ਦੀ ਕਬਰ 'ਤੇ ਬਹਿ ਕੇ ਰੋਣਾ?

***ਨਿੰਦਿਆ, ਆਪਣੇ ਵੀ ਕਰਦੇ ਅਤੇ ਬਾਹਰਲੇ ਵੀ, ਪਰ ਆਪਣਿਆਂ ਦੀ ਨਿੰਦਿਆ ਵਿਚ ਸ਼ੁਭ-ਚਿੰਤਨ ਹੁੰਦਾ। ਉਹ ਸਾਡੇ ਖੈਰਖਾਹ, ਮੰਜ਼ਿਲਾਂ ਲਈ ਮਾਰਗ-ਦਰਸ਼ਕ ਅਤੇ ਸਫਲਤਾ ਲਈ ਅਸੀਸ ਤੇ ਅਸ਼ੀਰਵਾਦ। ਉਹ ਰਹਿਮਤਾਂ ਅਤੇ ਦੁਆਵਾਂ ਵਰਗੀ ਨਿੰਦਿਆ ਵਿਚੋਂ ਸਾਨੂੰ ਸ਼ੁੱਧ ਬਣਾਉਣਾ ਲੋਚਦੇ। ਸਾਡੀ ਸੰਪੂਰਨਤਾ ਵਿਚੋਂ ਹੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਹੁੰਦੀ। ਬਾਹਰਲੇ ਵਿਅਕਤੀਆਂ ਦੀ ਨਿੰਦਿਆ ਵਿਚ ਈਰਖਾ ਭਾਰੂ ਹੁੰਦੀ। ਉਹ ਹੀਣ-ਭਾਵਨਾ ਤਹਿਤ ਨਿੰਦਿਆ-ਰੂਪੀ ਹਥਿਆਰ ਨੂੰ ਸਮਾਜਕ ਤਾਣੇ-ਬਾਣੇ ਨੂੰ ਉਲਝਾਉਣ ਅਤੇ ਨਿੱਜੀ ਮੁਫਾਦ ਨੂੰ ਚੋਗਾ ਪਾਉਣ ਖਾਤਰ ਹੀ ਨਿੰਦਿਆ ਨੂੰ ਤਰਜ਼ੀਹ ਦਿੰਦੇ।***

ਨਿੰਦਿਆ ਕੌੜੀ, ਕੁਸੈਲੀ ਤੇ ਤਿੱਖੀ ਵੀ ਹੁੰਦੀ। ਕਈ ਵਾਰ ਰੂਹ ਨੂੰ ਜਖਮੀ ਵੀ ਕਰਦੀ, ਪਰ ਬਹੁਤੀ ਵਾਰ ਇਹੀ ਨਿੰਦਿਆ ਮਨੁੱਖ ਨੂੰ ਤਰਾਸ਼ਦੀ, ਉਸ ਦੇ ਮਨ ਵਿਚੋਂ ਕੂੜ-ਕੁਸੱਤ ਦਾ ਮੁਲੰਮਾ ਉਤਾਰਦੀ, ਸੋਚ ਨੂੰ ਸੇਧ ਅਤੇ ਸਮਰਪਣ ਵੱਲ ਉਲਾਰਦੀ।

ਨਿੰਦਿਆ, ਜ਼ਿੰਦਗੀ ਵਿਚ ਅਹਿਮ। ਨਿੰਦਕ ਲੋਕ, ਸਮਾਜ ਦਾ ਅਨਿੱਖੜਵਾਂ ਹਿੱਸਾ। ਉਨ੍ਹਾਂ ਤੋਂ ਬਗੈਰ ਕੌਣ ਸਾਡੀਆਂ ਕਮੀਆਂ, ਕੁਤਾਹੀਆਂ, ਕੁਰੀਤੀਆਂ ਤੇ ਕੋਹਝਾਂ ਦੀ ਨਿਸ਼ਾਨਦੇਹੀ ਕਰੇਗਾ? ਕੌਣ ਸੁਚੇਤ ਕਰ ਜੀਵਨ-ਧਾਰਾ ਦੇ ਅਮੋੜ ਵਹਿਣ ਨੂੰ ਕਿਨਾਰਿਆਂ ਵਿਚ ਵਹਿਣ ਅਤੇ ਨਿਰੰਤਰਤਾ ਕਾਇਮ ਰੱਖਣ ਲਈ ਉਤਸ਼ਾਹਿਤ ਕਰੇਗਾ?

ਨਿੰਦਿਆ ਅਤੇ ਚੁਗਲੀ ਵਿਭਿੰਨ। ਚੁਗਲੀ ਹਮੇਸ਼ਾ ਨਾਕਾਰਾਤਮਕ ਹੁੰਦੀ ਜਦ ਕਿ ਨਿੰਦਿਆ ਸਾਕਾਰਾਤਮਕ ਅਤੇ ਨਾਕਾਰਾਤਮਕ ਹੁੰਦੀ। ਨਿੰਦਿਆ ਦਾ ਸਾਕਾਰਾਤਮਕ ਰੂਪ ਹੀ ਸਮਾਜ ਲਈ ਆਦਮੀਅਤ ਦਾ ਦਰ ਖੋਲ੍ਹਦਾ।

ਨਿੰਦਿਆ, ਆਪਣੇ ਵੀ ਕਰਦੇ ਅਤੇ ਬਾਹਰਲੇ ਵੀ, ਪਰ ਆਪਣਿਆਂ ਦੀ ਨਿੰਦਿਆ ਵਿਚ ਸ਼ੁਭ-ਚਿੰਤਨ ਹੁੰਦਾ। ਉਹ ਸਾਡੇ ਖੈਰਖਾਹ, ਮੰਜ਼ਿਲਾਂ ਲਈ ਮਾਰਗ-ਦਰਸ਼ਕ ਅਤੇ ਸਫਲਤਾ ਲਈ ਅਸੀਸ ਤੇ ਅਸ਼ੀਰਵਾਦ। ਉਹ ਰਹਿਮਤਾਂ ਅਤੇ ਦੁਆਵਾਂ ਵਰਗੀ ਨਿੰਦਿਆ ਵਿਚੋਂ ਸਾਨੂੰ ਸ਼ੁੱਧ ਬਣਾਉਣਾ ਲੋਚਦੇ। ਸਾਡੀ ਸੰਪੂਰਨਤਾ ਵਿਚੋਂ ਹੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਹੁੰਦੀ। ਬਾਹਰਲੇ ਵਿਅਕਤੀਆਂ ਦੀ ਨਿੰਦਿਆ ਵਿਚ ਈਰਖਾ ਭਾਰੂ ਹੁੰਦੀ। ਉਹ ਹੀਣ-ਭਾਵਨਾ ਤਹਿਤ ਨਿੰਦਿਆ-ਰੂਪੀ ਹਥਿਆਰ ਨੂੰ ਸਮਾਜਕ ਤਾਣੇ-ਬਾਣੇ ਨੂੰ ਉਲਝਾਉਣ ਅਤੇ ਨਿੱਜੀ ਮੁਫਾਦ ਨੂੰ ਚੋਗਾ ਪਾਉਣ ਖਾਤਰ ਹੀ ਨਿੰਦਿਆ ਨੂੰ ਤਰਜ਼ੀਹ ਦਿੰਦੇ। ਕੁਝ ਤਾਂ ਨਿੰਦਿਆ ਵਿਚੋਂ ਹੀ ਖੁਦ ਦੀ ਭਰਮ-ਪੂਰਤੀ ਦਾ ਅਹਿਸਾਸ ਮਨ ਵਿਚ ਉਪਜਾਉਂਦੇ ਅਤੇ ਅਡੰਬਰੀ ਸੋਚਾਂ ਤੇ ਸੁਪਨਿਆਂ ਦਾ ਕਾਫਲਾ ਉਜੜੀ ਬਸਤੀ ਦੇ ਨਾਮ ਲਾਉਂਦੇ।

ਨਿੰਦਿਆ ਜਦ ਕਿਸੇ ਲਈ ਨਿੱਤ ਦੀ ਕਰਮ-ਧਾਰਨਾ ਬਣ ਜਾਵੇ ਤਾਂ ਇਹ ਸਵੈ ਲਈ ਮਾਰੂ ਹੁੰਦੀ। ਦੂਸਰੇ ਦੀ ਨਿੰਦਿਆ ਵਿਚੋਂ ਕੁਝ ਨਹੀਂ ਪ੍ਰਾਪਤ ਹੁੰਦਾ ਸਗੋਂ ਤੁਹਾਡੀ ਸੋਚ ਵਿਚ ਨਾਕਾਰਾਤਮਕਤਾ ਹਾਵੀ ਹੁੰਦੀ, ਜੋ ਤੁਹਾਨੂੰ ਧੁਆਂਖਦੀ, ਤੁਹਾਡੀ ਕਰਮ-ਯੋਗਤਾ ਅਤੇ ਧਾਰਮਕ ਅਕੀਦੇ ਨੂੰ ਸਿਆਹ ਕਰਦੀ।

ਨਿੰਦਿਆ ਜਦ ਧਰਮ ਦੇ ਅਲੰਬਰਦਾਰਾਂ ਦੀ ਬਾਂਦੀ ਬਣ ਜਾਵੇ ਤਾਂ ਧਾਰਮਕਤਾ ਖਤਮ ਹੋ ਜਾਂਦੀ। ਦੂਜੇ ਦੇ ਧਰਮ ਨੂੰ ਨੀਵਾਂ ਸਿੱਧ ਕਰਨ ਅਤੇ ਆਪਣੇ ਧਰਮ ਨੂੰ ਉਚੇਰਾ ਸਿੱਧ ਕਰਨ ਲਈ ਵਰਤਿਆ ਜਾ ਰਿਹਾ ਨਿੰਦਾ-ਰੂਪੀ ਹਰਬਾ ਮਨੁੱਖ ਨੂੰ ਇਨਸਾਨ ਨਹੀਂ ਰਹਿਣ ਦਿੰਦਾ। ਸਗੋਂ ਆਦਮੀ ਹਿੰਦੂ, ਮੁਸਲਮਾਨ, ਈਸਾਈ ਜਾਂ ਸਿੱਖ ਬਣ ਜਾਂਦਾ। ਫਿਰ ਖੁਦਾ ਬੌਰਿਆਂ-ਹਾਰ ਕੂਕਦਾ ਕਿ ਮੇਰਾ ਬੰਦਾ ਕਿਧਰ ਗਿਆ?

ਨਿੰਦਿਆ ਜਾਰੀ ਰਹੇ ਤਾਂ ਇਹ ਚੁਗਲੀ, ਈਰਖਾ ਅਤੇ ਘ੍ਰਿਣਾ ਦਾ ਰੂਪ ਵਟਾਵੇ, ਇਨਸਾਨੀਅਤ ਨੂੰ ਦਾਗ ਲਾਵੇ ਅਤੇ ਮਾਨਵੀ ਸਰੋਕਾਰਾਂ ਦੀ ਧੂਣੀ ਧੁਖਾਵੇ, ਜਿਸ ਦਾ ਸੇਕ ਬੰਦਿਆਈ ਨੂੰ ਰਾਖ ਕਰ ਜਾਵੇ।

ਕੋਰੀ ਨਿੰਦਿਆ, ਸਿਰਫ ਕਮ-ਦਿਲੇ, ਕਮੀਨੇ ਅਤੇ ਅਸਮਰਥ ਲੋਕਾਂ ਦਾ ਕਰਮ। ਉਨ੍ਹਾਂ ਦੀ ਦਿਸ਼ਾਹੀਣਤਾ ਅਤੇ ਉਦਾਸੀਨਤਾ ਵਿਚੋਂ ਹੀ ਨਿੰਦਿਆ ਪ੍ਰਗਟ ਹੁੰਦੀ ਕਿਉਂਕਿ ਕੁਝ ਨਾ ਕਰਨ ਵਾਲੇ ਲੋਕ ਹੀ, ਕੁਝ ਕਰਨ ਵਾਲਿਆਂ ਦੀ ਨਿੰਦਿਆ ਕਰਕੇ ਖੁਦ ਦੀ ਢੀਠਤਾ ਨੂੰ ਤਰਕਸੰਗਤ ਕਹਿੰਦੇ।

ਨਿੰਦਿਆ, ਸਹਿ-ਕਰਮੀਆਂ ਸਹਿ-ਪਾਠੀਆਂ, ਹਮਸਫਰਾਂ, ਹਮ-ਪਿਆਲਿਆਂ, ਹਮਜੋਲੀਆਂ ਜਾਂ ਹਮ-ਫੇਸਬੁੱਕੀਆਂ ਦੀ ਹੋਵੇ ਤਾਂ ਇਸ ਵਿਚੋਂ ਨਿੰਦਿਆ ਕਰਨ ਵਾਲੇ ਨੂੰ ਕੁਝ ਨਹੀਂ ਮਿਲਦਾ ਅਤੇ ਨਾ ਹੀ ਨਿੰਦਾ ਕੀਤੇ ਜਾਣ ਵਾਲੇ ਦਾ ਕੁਝ ਵਿਗੜਦਾ। ਅਜਿਹੇ ਵਿਅਕਤੀ ਮਾਨਸਿਕ ਦਵੰਦ ਅਤੇ ਅਪਾਹਜਤਾ ਦਾ ਸ਼ਿਕਾਰ। ਤੰਦਰੁਸਤ ਜਾਪਦੇ ਵੀ ਅੰਦਰੋਂ ਬਿਮਾਰ। ਬੌਣਾ ਜਿਹਾ ਕਿਰਦਾਰ। ਜੀਵਨ ਦੇ ਪੈਂਡਿਆਂ 'ਚ ਮਿਲਦੀ ਏ ਹਾਰ; ਤਾਂ ਹੀ ਬਨਾਉਟੀ ਜਿਹਾ ਹੁੰਦਾ ਏ ਉਨ੍ਹਾਂ ਦਾ ਕਿਰਦਾਰ, ਸਦਾਚਾਰ ਅਤੇ ਵਿਹਾਰ।

ਕਾਲਖੀ ਨਿੰਦਿਆ, ਮਨੁੱਖੀ ਸ਼ਖਸੀਅਤ 'ਤੇ ਦਾਗ। ਇਸ ਦਾ ਕਾਲਾਪਣ ਮਨੁੱਖੀ ਕਾਰਗਰਤਾ ਨੂੰ ਸਿਉਂਕਦਾ। ਅਜਿਹੀ ਨਿੰਦਿਆ ਦੀ ਜੀਵਨ-ਯਾਤਰਾ ਹੁੰਦੀ ਏ, ਕੁੰਭੀ-ਨਰਕ।

ਨਿੰਦਿਆ ਜਦ ਉਸਾਰੂ ਹੁੰਦੀ ਤਾਂ ਇਹ ਸ਼ਖਸੀਅਤ ਵਿਕਾਸ ਦਾ ਮੁੱਢ ਬਣਦੀ। ਨਵੀਆਂ ਸੋਚਾਂ, ਸੁਪਨਿਆਂ ਅਤੇ ਸਰੋਕਾਰਾਂ ਨੂੰ ਸੋਚ ਦੇ ਨਾਮ ਲਾ, ਨਵੀਆਂ ਪੈੜਾਂ ਅਤੇ ਸੇਧਾਂ ਦਾ ਸਿਰਨਾਵਾਂ ਸਿਰਜਦੀ। ਇਹ ਕਮੀ ਨੂੰ ਕਾਮਯਾਬੀ, ਵਿਗਾੜ ਨੂੰ ਸੁਧਾਰ, ਅੰਧਕਾਰ ਨੂੰ ਰੁਸ਼ਨਾਈ, ਕੁਤਾਹੀ ਨੂੰ ਕਾਰੀਗਰੀ, ਅਧੂਰੇਪਣ ਨੂੰ ਸੰਪੂਰਨਤਾ ਅਤੇ ਕਲਮ ਨੂੰ ਕਲਾ ਤੇ ਕਿਰਤ ਦਾ ਜਾਗ ਲਾਉਂਦੀ। ਉਸਤਾਦ ਲੋਕ ਕਿਸੇ ਵੀ ਸਿਖਾਂਦਰੂ ਦੀਆਂ ਕਮੀਆਂ ਵਿਚੋਂ ਹੀ ਉਸ ਦੀ ਸਿਰਜਣਾਤਮਕ ਪਛਾਣ ਕਰਦੇ। ਉਨ੍ਹਾਂ ਦੀ ਨਿੰਦਿਆ ਸੁਚਾਰੂ ਹੁੰਦੀ। ਉਨ੍ਹਾਂ ਦੀ ਸੋਚ ਦਾ ਸਚਿਆਰਾਪਣ ਹੀ ਮਨੁੱਖ ਨੂੰ ਇਨਸਾਨ ਬਣਨ ਦੇ ਰਾਹ ਤੋਰਦਾ।

ਨਿੰਦਿਆ ਕਈ ਵਾਰ ਕਲਾ-ਬਿਰਤੀਆਂ ਅਤੇ ਸੋਚ-ਉਡਾਣ ਦੇ ਪਰਾਂ ਨੂੰ ਕੁਤਰ, ਸੋਚ 'ਚੋਂ ਅੰਬਰੀਂ ਉਡਾਣ ਹੀ ਮਨਫੀ ਕਰ ਦਿੰਦੀ, ਪਰ ਇਹ ਮਾਨਸਿਕ ਪਕਿਆਈ ਅਤੇ ਸੋਚ-ਦ੍ਰਿੜਤਾ ਹੀ ਹੁੰਦੀ, ਜਿਸ ਨਾਲ ਨਿੰਦਿਆ 'ਚੋਂ ਉਭਰਨਾ ਜਾਂ ਨਿੰਦਿਆ ਦੇ ਭਾਰ ਹੇਠ ਦੱਬੇ ਜਾਣਾ ਸੰਭਵ ਹੁੰਦਾ। ਇਕ ਰੂਸੀ ਚਿੰਤਕ ਦਾ ਕਹਿਣਾ ਹੈ ਕਿ ਦੀਵੇ ਨੂੰ ਇੰਨੀ ਕੁ ਫੂਕ ਮਾਰੋ ਕਿ ਉਹ ਜਗਦਾ ਰਹੇ। ਇੰਨੀ ਜੋਰ ਨਾਲ ਵੀ ਫੂਕ ਨਾ ਮਾਰੋ ਕਿ ਉਹ ਬੁਝ ਜਾਵੇ। ਦੀਵਾ ਬੁਝਾਉਣ ਵਾਲੇ ਤਾਂ ਤੁਹਾਨੂੰ ਜੀਵਨ ਦੇ ਹਰ ਮੋੜ 'ਤੇ ਮਿਲਣਗੇ ਪਰ ਤੁਹਾਡੇ ਲਈ ਦੀਵਾ ਡੰਗਣ ਵਾਲੇ ਬਹੁਤ ਵਿਰਲੇ ਹੁੰਦੇ।

ਨਿੰਦਿਆ, ਦਰਅਸਲ ਸਥਾਪਤੀ ਦੀ ਵੰਗਾਰ ਵਿਚੋਂ ਵੀ ਕਈ ਵਾਰ ਜਨਮ ਲੈਂਦੀ। ਸੰਸਾਰ ਵਿਚ ਜਦ ਵੀ ਕੋਈ ਸੋਚ, ਧਾਰਨਾ, ਵਿਚਾਰਧਾਰਾ ਜਾਂ ਮੁਹਿੰਮ ਸਥਾਪਤੀ ਨੂੰ ਵੰਗਾਰਦੀ ਤਾਂ ਉਸ ਦੀ ਨਿੰਦਿਆ ਸੁਭਾਵਕ। ਪਰ ਇਸ ਨਿੰਦਿਆ ਵਿਚੋਂ ਉਭਰਨਾ ਹੀ ਸਥਾਪਤੀ ਨੂੰ ਬਦਲਣ ਅਤੇ ਇਸ ਵਿਚਲੀਆਂ ਖਾਮੀਆਂ ਨੂੰ ਦਰੁਸਤ ਕਰਕੇ, ਰੌਸ਼ਨ ਮੁਹਾਂਦਰੇ ਨਾਲ ਸਮਾਜਕ ਦਾਇਰਿਆਂ ਦੀ ਪਰਿਕਰਮਾ ਕਰਨਾ ਹੁੰਦਾ। ਸਾਹਿਤ ਵਿਚ ਸਥਾਪਤ ਮਾਪਦੰਡਾਂ ਵਿਚ ਹੋ ਰਹੀ ਆਲੋਚਨਾ ਨਵੀਆਂ ਸਾਹਿਤਕ ਵੰਨਗੀਆਂ ਦੇ ਉਭਾਰ ਨੂੰ ਰੋਕਣ ਅਤੇ ਨਵੀਆਂ ਕਲਮਾਂ ਵਲੋਂ ਹਰਫੀ-ਸੰਵੇਦਨਾ ਨੂੰ ਉਲਥਾਉਣ ਤੋਂ ਮਨਾਹੀ ਦੇ ਬਰਾਬਰ।

ਮੇਰੀ ਪਹਿਲੀ ਕਾਵਿ-ਪੁਸਤਕ ਦਾ ਮੁੱਖਬੰਦ ਜਦ ਇਕ ਬਹੁਤ ਵੱਡੇ ਸਾਹਿਤਕਾਰ ਨੇ ਲਿਖ ਕੇ ਭੇਜਿਆ ਤਾਂ ਉਸ ਨੂੰ ਆਸ ਸੀ ਕਿ ਇੰਨਾ ਆਲੋਚਨਾਤਮਕ ਮੁੱਖਬੰਦ, ਮੈਂ ਆਪਣੀ ਪਹਿਲੀ ਪੁਸਤਕ ਵਿਚ ਛਾਪਣ ਦਾ ਹੌਂਸਲਾ ਨਹੀਂ ਕਰਾਂਗਾ। ਮੈਂ ਉਹ ਮੁੱਖਬੰਦ ਮੂਲ ਰੂਪ ਵਿਚ ਹੀ ਛਾਪ ਦਿੱਤਾ।



ਉਸ ਲੇਖਕ ਦੇ ਮਾਨਸਿਕ ਬੋਝ ਦਾ ਇਹ ਆਲਮ ਏ ਕਿ ਉਹ ਹੁਣ ਤੀਕ ਵੀ ਪਛਤਾ ਰਿਹਾ ਏ ਕਿ ਪਲੇਠੀ ਪੁਸਤਕ ਦਾ ਅਜਿਹਾ ਮੁੱਖਬੰਦ ਨਹੀਂ ਸੀ ਲਿਖਣਾ ਚਾਹੀਦਾ, ਪਰ ਮੇਰੇ ਸਾਹਿਤਕ ਸਫਰ ਲਈ ਉਹ ਮੁੱਖਬੰਦ ਇਕ ਵੰਗਾਰ ਬਣ ਗਿਆ। ਇਸ ਨਾਲ ਖੁਦ ਨੂੰ ਤਰਾਸ਼ਣ ਅਤੇ ਪਹਿਲ-ਕਦਮੀਆਂ ਤੇ ਪੇਸ਼ਬੰਦੀਆਂ ਕਰਨ ਦਾ ਹੌਸਲਾ ਅਤੇ ਹੀਆ ਪੈਦਾ ਹੋਇਆ, ਜੋ ਹੁਣ ਤੀਕ ਵੀ ਬਾ-ਦਸਤੂਰ ਜਾਰੀ ਏ। ਨਿੰਦਿਆ ਨੂੰ ਉਸਾਰੂ ਭਾਵ ਵਿਚ ਲੈਣ 'ਤੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਹੁੰਦੀ।

ਨਿੰਦਿਆ, ਨਵੀਂ ਨੁਹਾਰ ਦਾ ਨਗਮਾ। ਨਵੀਨਤਮ ਧਰਾਤਲ ਨੂੰ ਪ੍ਰਣਾਮ। ਨਵੀਆਂ ਚੁਣੌਤੀਆਂ ਦੇ ਸਨਮੁੱਖ ਹੋਣ ਲਈ ਖੁਦ ਨੂੰ ਵਿਸ਼ਾਲਣਾ ਅਤੇ ਵਿਗਾਸਣਾ।

ਨਿੰਦਿਆ ਨੂੰ ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦਾਂ ਰਾਹੀਂ ਵੱਖ-ਵੱਖ ਰੂਪਾਂ ਵਿਚ ਪ੍ਰਗਟਾਇਆ ਗਿਆ ਏ। ਗੁਰਬਾਣੀ, ਇਕ ਜੀਵਨ-ਜਾਚ ਏ ਜਿਸ ਵਿਚ ਮਨੁੱਖ ਦੇ ਹਰ ਸ਼ਖਸੀ ਪਹਿਲੂ ਨੂੰ ਵਿਚਾਰ ਕੇ ਇਸ ਦੀ ਸੁੱਚਮਤਾ, ਉਚਮਤਾ ਤੇ ਪ੍ਰਮੁੱਖਤਾ ਨੂੰ ਦਾਰਸ਼ਨਿਕ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਨਿੰਦਿਆ ਦੇ ਉਸਾਰੂ ਨਜ਼ਰੀਏ ਨੂੰ ਹੀ ਪ੍ਰਮੁੱਖਤਾ ਦਿਤੀ ਗਈ ਹੈ। ਭਗਤ ਕਬੀਰ ਦਾ ਫੁਰਮਾਨ, "ਨਿੰਦੋ ਨਿੰਦੋ ਮੋ ਕੋ ਲੋਗ ਨਿੰਦੋ...॥" ਦਰਅਸਲ ਖੁਦ ਦੀ ਨਿੰਦਿਆ ਵਿਚੋਂ ਖੁਦ ਦੀਆਂ ਕਮੀਆਂ ਨੂੰ ਜਾਣ ਕੇ, ਇਸ ਨੂੰ ਦੂਰ ਕਰ, ਇਨਸਾਨ ਬਣਨ ਦੇ ਮਾਰਗ ਵੰਨੀਂ ਤੁਰਨ ਦਾ ਅਹਿਦ ਹੀ ਤਾਂ ਹੈ। ਇਕ ਹੋਰ ਥਾਂ ਗੁਰਬਾਣੀ ਦਾ ਬਚਨ ਹੈ,

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥
ਮਲੁ ਧੋਵੈ ਮਨ ਕੀ ਜੂਠਿ ਨ ਜਾਏ॥

ਯਾਨਿ ਜੋ ਲੋਕ ਦੂਜਿਆਂ ਦੀ ਨਿੰਦਿਆ ਕਰਦੇ ਹਨ, ਉਹ ਆਪਣੇ ਮਨ ਨੂੰ ਪਲੀਤ ਕਰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਬਾਹਰ ਦੀ ਮੈਲ ਧੋ ਰਹੇ ਹਨ ਪਰ ਉਨ੍ਹਾਂ ਦੇ ਮਨ ਅੰਦਰਲੀ ਮੈਲ ਅਤੇ ਕਰੂਪਤਾ ਕਦੇ ਨਹੀਂ ਜਾਂਦੀ।

ਗੁਰੂ ਜੀ ਤਾਂ ਨਿੰਦਕ ਨੂੰ ਆਪਣਾ ਮੀਤ ਦਰਸਾਉਂਦਿਆਂ ਕਿੰਨੇ ਕਮਾਲ ਨਾਲ ਫੁਰਮਾਉਂਦੇ ਹਨ,

ਨਿੰਦਾ ਕਰੈ ਸੁ ਹਮਰਾ ਮੀਤੁ॥
ਨਿੰਦਕੁ ਮਾਹਿ ਹਮਾਰਾ ਚੀਤੁ॥
ਨਿੰਦਕੁ ਸੋ ਜੋ ਨਿੰਦਾ ਹੋਰੈ॥
ਹਮਰਾ ਜੀਵਨ ਨਿੰਦਾ ਲੋਰੈ॥

ਮਤਲਬ ਕਿ ਜੋ ਸਾਨੂੰ ਭੰਡਦਾ ਹੈ, ਉਹ ਦਰਅਸਲ ਸਾਡਾ ਮਿੱਤਰ ਹੈ। ਅਸੀਂ ਆਪਣੇ ਨਿੰਦਕ ਦੀ ਗੱਲ ਬੜੇ ਹੀ ਧਿਆਨ ਨਾਲ ਸੁਣਦੇ ਹਾਂ। ਨਿੰਦਾ ਕਰਨ ਵਾਲਾ ਉਹ ਭਲਾ ਪੁਰਸ਼ ਹੁੰਦਾ ਹੈ, ਜੋ ਸਾਡੇ ਐਬਾਂ ਨੂੰ ਦੱਸ ਕੇ, ਜੱਗ ਵਿਚ ਨਸ਼ਰ ਹੋਣ ਤੋਂ ਰੋਕਦਾ ਹੈ। ਇਸ ਨਾਲ ਉਹ ਸਾਡੇ ਜੀਵਨ ਵਿਚ ਚੰਗਿਆਈ ਭਰਨ ਲਈ ਹੀ ਸਾਡੀ ਨਿੰਦਿਆ ਕਰਦਾ ਹੈ। ਇਸ ਨਾਲ ਤਾਂ ਸਗੋਂ ਅਸੀਂ ਇਨਸਾਨ ਬਣਦੇ ਹਾਂ।

ਮਨੁੱਖੀ ਮਨ, ਐਬਾਂ ਅਤੇ ਬੁਰੀਆਂ ਆਦਤਾਂ ਨਾਲ ਭਰਿਆ ਪਿਆ ਹੈ ਅਤੇ ਉਹ ਖੁਦ ਹੀ ਅੰਤਰੀਵ ਯਾਤਰਾ ਨਾਲ ਉਨ੍ਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ,

ਕਾਮ ਕ੍ਰੋਧ ਲੋਭ ਝੂਠ ਨਿੰਦਾ
ਇਨ ਤੇ ਆਪਿ ਛਡਾਵਹਿ॥

ਗੁਰਬਾਣੀ ਇਕ ਹੋਰ ਬਚਨ ਰਾਹੀਂ ਸਮਾਜ ਦਾ ਬਹੁਤ ਵੱਡਾ ਸੱਚ ਪ੍ਰਗਟ ਕਰਦੀ ਹੈ,

ਪਰ ਨਿੰਦਾ ਮੁਖ ਤੇ ਨਹੀ ਛੂਟੀ
ਨਿਫਲ ਭਈ ਸਭ ਸੇਵਾ॥

ਜੋ ਲੋਕ ਨਿੰਦਿਆ ਕਰਨ ਦੀ ਆਦਤ ਤੋਂ ਬਾਜ਼ ਨਹੀਂ ਆਉਂਦੇ, ਉਨ੍ਹਾਂ ਦੀ ਕੀਤੀ ਹੋਈ ਸੇਵਾ ਵੀ ਸਫਲ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਨਿੰਦਿਆ, ਉਨ੍ਹਾਂ ਦਾ ਆਤਮਿਕ ਬਿੰਬ ਹੈ, ਜੋ ਧੁੰਦਲਕੇ ਨਾਲ ਭਰਿਆ ਹੋਇਆ ਹੈ। ਫਿਰ ਉਹ ਕਿਹੜੀ ਆਸਥਾ ਨਾਲ ਸੇਵਾ ਕਰ ਸਕਦੇ ਨੇ ਅਤੇ ਉਨ੍ਹਾਂ ਦੀਆਂ ਕਿਨ੍ਹਾਂ ਭਾਵਨਾਵਾਂ ਨੂੰ ਸੁੱਚਮ ਅਤੇ ਉਚਮ ਕਿਹਾ ਜਾ ਸਕਦਾ ਹੈ?

ਨਿੰਦਿਆ ਤਾਂ ਹੀ ਹੁੰਦੀ ਕਿ ਤੁਸੀਂ ਕੁਝ ਹੋ। ਤੁਹਾਡੀ ਹੋਂਦ ਕਿਸੇ ਲਈ ਕੋਈ ਅਰਥ ਰੱਖਦੀ ਏ। ਕਿਸੇ ਲਈ ਖਤਰਾ ਹੋ ਸਕਦੀ ਆ। ਜੇ ਤੁਸੀਂ ਕੁਝ ਨਾ ਬੋਲੋ, ਕੁਝ ਨਾ ਕਰੋ ਅਤੇ ਆਪਣੀ ਹੋਂਦ ਤੋਂ ਮੁੱਨਕਰ ਹੋ ਜਾਵੋ ਤਾਂ ਕੋਈ ਤੁਹਾਡੀ ਨਿੰਦਿਆ ਨਹੀਂ ਕਰੇਗਾ। ਨਿੰਦਾ ਸਿਰਫ ਉਨ੍ਹਾਂ ਹੀ ਲੋਕਾਂ ਦੀ ਹੁੰਦੀ, ਜਿਨ੍ਹਾਂ ਦੀ ਕੋਈ ਦੇਣ ਹੁੰਦੀ ਆ।

ਨਿੰਦਿਆ ਜਦ ਅਸੀਂ ਖੁਦ ਆਪਣੀ ਕਰਦੇ ਹਾਂ, ਖੁਦ ਨੂੰ ਖੁਦ ਦੇ ਤਰਾਜ਼ੂ ਵਿਚ ਤੋਲਦੇ ਹਾਂ, ਪਾਸਕੂੰ ਭਾਲਦੇ ਹਾਂ ਅਤੇ ਇਸ ਦੀ ਪੂਰਨਤਾ ਵੰਨੀਂ ਸੁਚੇਤ ਹੁੰਦੇ ਹਾਂ ਤਾਂ ਇਹ ਨਿੰਦਿਆ, ਸੰਪੂਰਨਤਾ ਦਾ ਮਾਰਗ ਬਣ ਜਾਂਦੀ।

ਨਿੰਦਿਆ ਨੂੰ ਆਪਣੀ ਬਿਹਤਰੀ ਲਈ ਵਰਤੋ, ਆਪਣੇ ਸਰੂਪ ਨੂੰ ਸੁਹੰਢਣਾ ਅਤੇ ਸਾਜ਼ਗਾਰ ਬਣਾਓ ਅਤੇ ਇਨਸਾਨੀਅਤ ਦਾ ਮਾਰਗ ਅਪਨਾਓ। ਨਿੰਦਿਆ, ਸੁੰਦਰਤਾ ਦਾ ਸਬੱਬ ਸਾਬਤ ਹੋਵੇਗੀ।

ਨਿੰਦਿਆ ਨੂੰ ਸਵੀਕਾਰੋ। ਕਦੇ ਵੀ ਚੇਤਿਆਂ 'ਚੋਂ ਨਾ ਵਿਸਾਰੋ। ਇਸ ਦੀ ਯਾਦ ਹੀ ਤੁਹਾਡੀ ਤਾਕਤ ਅਤੇ ਪ੍ਰੇਰਨਾ ਬਣੇਗੀ, ਜੋ ਤੁਹਾਡੇ ਰਾਹਾਂ ਦੇ ਮੱਥੇ 'ਤੇ ਸਫਲਤਾ ਦਾ ਸਿਰਨਾਵਾਂ ਖੁਣੇਗੀ।

ਨਿੰਦਿਆ ਕਰਨ ਵਾਲੇ ਨਾਲ ਤੁਸੀਂ ਹਰ ਵੇਲੇ ਅਤੇ ਹਰ ਨੁਕਤੇ ਤੋਂ ਸਹਿਮਤ ਨਹੀਂ ਹੁੰਦੇ, ਪਰ ਨਿੰਦਾ ਹੋਣਾ ਵੀ ਜ਼ਰੂਰੀ ਹੈ, ਸਿਹਤਮੰਦ ਵਿਚਾਰਾਂ ਅਤੇ ਸੰਤੁਲਤ ਸ਼ਖਸੀਅਤ ਲਈ ਤਾਂ ਕਿ ਮਨੁੱਖੀ ਉਕਾਈਆਂ ਨੂੰ ਸੁਧਾਰਨ ਦੀ ਗੁੰਜਾਇਸ਼ ਬਣੀ ਰਹੇ। ਨਿੰਦਿਆ ਜਦ ਹੁੰਦੀ ਤਾਂ ਮਨੁੱਖੀ ਧਿਆਨ ਉਨ੍ਹਾਂ ਨੁਕਤਿਆਂ ਦੀ ਨਜ਼ਰਸਾਨੀ ਜਰੂਰ ਕਰਦਾ, ਜੋ ਨਿੰਦਿਆ ਵਿਚ ਉਠਾਏ ਜਾਂਦੇ।

ਨਿੰਦਿਆ, ਉਸਤਤੀ ਨਾਲੋਂ ਕਈ ਗੁਣਾ ਬਿਹਤਰ। ਕਈ ਪੱਖਾਂ ਤੋਂ ਮਨੁੱਖ ਨੂੰ ਸੁਚਾਰੂ ਸੇਧ ਪ੍ਰਦਾਨ ਕਰਦੀ। ਨਿੰਦਿਆ ਪ੍ਰਗਤੀ ਦਾ ਮਾਰਗ ਜਦ ਕਿ ਉਸਤਤ ਤਬਾਹੀ ਨੂੰ ਜਾਂਦਾ ਰਾਹ। ਚਾਪਲੂਸ ਲੋਕਾਂ ਦੀ ਭੀੜ ਦੀ ਥਾਂ ਕੁਝ ਕੁ ਨਿੰਦਕ ਲੋਕਾਂ ਦੀ ਨਜ਼ਰਾਂ ਵਿਚ ਰਹਿਣਾ, ਜੀਵਨ-ਜਾਚ ਦਾ ਹਰ ਅਧਿਆਏ ਸਾਰੀ ਉਮਰ ਯਾਦ ਰਹੇਗਾ।

ਨਿੰਦਿਆ ਤੋਂ ਨਿਰੰਤਰ ਨਿਖਾਰ ਵੱਲ ਵਧਣਾ। ਪਾਕੀਜ਼ਗੀ ਵੱਲ ਪ੍ਰੇਰਿਤ ਹੋਣਾ। ਆਪਣੀਆਂ ਊਣਤਾਈਆਂ ਨੂੰ ਜਾਣਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਉਠਾਏ ਕਦਮ ਹੀ ਨਿੰਦਿਆ ਵਿਰੁਧ ਸਭ ਤੋਂ ਕਾਰਗਾਰ ਅਤੇ ਸਮਰੱਥ ਸਾਧਨ। ਇਸ ਨੇ ਹੀ ਸਫਲਤਾ ਦਾ ਨਵਾਂ ਅੱਖਰ, ਅਧਿਆਏ ਅਤੇ ਇਤਿਹਾਸ ਸਿਰਜਣ ਵੱਲ ਪਹਿਲ ਕਰਨੀ ਏ। ਤੁਸੀਂ ਇਸ ਪਹਿਲ ਦਾ ਪਹਿਲਾ ਕਦਮ ਜਰੂਰ ਬਣਨਾ, ਨਿੰਦਿਆ ਤੁਹਾਨੂੰ ਨਮਸਕਾਰ ਕਰੇਗੀ।

ਲੜੀਵਾਰ ਨਾਵਲ

ਕਿਸ਼ਤ ਦੂਜੀ

# ਕਿਆਮਤ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ.ਐਸ.ਆਈ.ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ.ਐਸ.ਆਈ.ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ ਜੋ ਅੱਜ ਵੀ ਪਾਠਕਾਂ ਦੇ ਚੇਤਿਆਂ ਵਿਚ ਖੁਣੀ ਹੋਈ ਹੈ। ਉਹ ਲਿਖਤ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਬੁਣੀ ਹੋਈ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

## ਤੁਸੀਂ ਪੜ੍ਹ ਚੁਕੇ ਹੋ...

ਜਾਜ਼ੀਦੀ ਕਬੀਲੇ ਦੇ ਉਜਾੜੇ ਪਿਛੋਂ ਅਤਿਵਾਦੀਆਂ ਦੇ ਹੱਥ ਆਈਆਂ ਕੁੜੀਆਂ ਵਿਚੋਂ ਇਕ ਆਸਮਾ ਨੂੰ ਹੋਰ ਕੁੜੀਆਂ ਨਾਲ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਕਿਸੇ ਤਰੀਕੇ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਪਿਛੇ ਛੁੱਟ ਗਏ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ ਤੇ ਉਹ ਚੇਤਿਆਂ ਵਿਚ ਆਪਣੇ ਪਿੰਡ ਜਾ ਵੜਦੀ ਹੈ। ਹੁਣ ਪੜ੍ਹੋ ਇਸ ਤੋਂ ਅੱਗੇ...

ਇਰਾਕ ਦੇ ਉਤਰ ਵਿਚ ਇਸ ਦਾ ਇਕ ਸੂਬਾ ਹੈ, ਕੁਰਦਸਤਾਨ, ਜੋ ਇਰਾਕ ਦਾ ਇਕੋ ਇਕ ਅਰਧ-ਆਜ਼ਾਦ ਸੂਬਾ ਹੈ। ਬਾਹਰੀ ਸੁਰੱਖਿਆ ਨੂੰ ਛੱਡ ਕੇ ਬਾਕੀ ਸਾਰੇ ਹੱਕ ਸੂਬੇ ਕੋਲ ਹਨ। ਇਕ ਤਰ੍ਹਾਂ ਨਾਲ ਕੁਰਦਸਤਾਨ ਖੁਦ-ਮੁਖਤਿਆਰ ਹੈ। ਇਸੇ ਪਾਸੇ ਇਰਾਕ ਦਾ ਸਰਹੱਦੀ ਸ਼ਹਿਰ ਸਿੰਜਾਰ ਹੈ। ਅੱਗੇ ਸੀਰੀਆ ਨਾਲ ਲੱਗਦੀ ਕੌਮਾਂਤਰੀ ਸਰਹੱਦ ਰਹਿ ਜਾਂਦੀ ਹੈ। ਸਿੰਜਾਰ ਦੇ ਇਲਾਕੇ ਵਿਚ ਹੀ ਇਕ ਪਿੰਡ ਹੈ, ਲਗਾਸ਼। ਇਹੀ ਮੇਰਾ ਪਿੰਡ ਹੈ। ਲਗਾਸ਼ ਦੀ ਆਬਾਦੀ ਉਦੋਂ ਦੋ ਕੁ ਹਜ਼ਾਰ ਸੀ ਅਤੇ ਸਾਰੇ ਲੋਕ ਜਾਜ਼ੀਦੀ ਧਰਮ ਤੋਂ ਸਨ। ਬਹੁਤੇ ਲੋਕ ਗਰੀਬ



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਸਨ। ਕੁਝ ਕੁ ਵੱਡੇ ਜ਼ਿਮੀਦਾਰਾਂ ਨੂੰ ਛੱਡ ਕੇ ਬਾਕੀ ਲੋਕ ਬਹੁਤ ਥੋੜ੍ਹੀਆਂ ਜ਼ਮੀਨਾਂ ਵਾਲੇ ਸਨ, ਮੁੱਖ ਕਿੱਤਾ ਖੇਤੀਬਾੜੀ ਹੀ ਸੀ। ਕੁਝ ਘਰ ਕੱਚੇ ਅਤੇ ਕੁਝ ਪੱਕੇ ਸਨ, ਬੀਹੀਆਂ ਉਘੜ ਦੁਗੜੀਆਂ, ਜਿੱਥੇ ਕਿਸੇ ਦਾ ਜੀਅ ਕੀਤਾ, ਘਰ ਪਾ ਲਿਆ। ਵਿੰਗੀਆਂ-ਟੇਢੀਆਂ ਗਲੀਆਂ ਕਿੱਧਰ ਨੂੰ ਜਾਂਦੀਆਂ ਸਨ, ਸਿਰਫ ਪਿੰਡ ਵਾਲੇ ਹੀ ਜਾਣਦੇ ਸਨ। ਪਿੰਡ ਦੇ ਪੂਰਬ ਵਲ ਸਾਹਮਣੇ ਹੀ ਪਹਾੜ ਸੀ ਜਿਸ ਦਾ ਨਾਂ ਮਾਊਂਟ ਸਿੰਜਾਰ ਹੈ, ਪਿੰਡ ਤੋਂ ਕੁਝ ਕੁ ਮੀਲ ਹੀ ਹੋਵੇਗਾ। ਲੋਕ ਇਸ ਨੂੰ ਸਿੰਜਾਰ ਪਹਾੜ ਹੀ ਕਹਿੰਦੇ। ਜਾਜ਼ੀਦੀ ਲੋਕਾਂ ਦੇ ਵੱਡੇ ਧਾਰਮਕ ਸਥਾਨ ਇਸੇ ਪਹਾੜ 'ਤੇ ਸਨ। ਪਿੰਡੋਂ ਬਾਹਰ, ਪਹਾੜ ਵਾਲੇ ਪਾਸੇ ਹਾਈ ਸਕੂਲ ਸੀ। ਸਕੂਲੋਂ ਪਿੰਡ ਵਲ ਜਾਂਦਿਆਂ ਵੱਡੀ ਗਲੀ ਸੀ। ਥੋੜ੍ਹਾ ਅੰਦਰ ਇਸ ਗਲੀ 'ਚੋਂ ਇਕ ਹੋਰ ਛੋਟੀ ਗਲੀ ਸੱਜੇ ਹੱਥ ਮੁੜਦੀ ਸੀ। ਇਸੇ ਗਲੀ ਵਿਚ ਸਾਡਾ ਘਰ ਸੀ। ਪਿੱਛੇ ਦੋ ਕਮਰੇ ਸਨ, ਅੱਗੇ ਵਿਹੜਾ ਸੀ। ਇਕ ਬੈਠਕ ਬੀਹੀ 'ਤੇ ਸੀ, ਨਾਲ ਕੱਚੀ ਰਸੋਈ ਸੀ। ਰਸੋਈ ਤੋਂ ਅੱਗੇ ਕੰਧ ਨਾਲ ਵੱਡਾ ਤੰਦੂਰ ਸੀ। ਦੂਰ ਖੂੰਝੇ 'ਚ ਪੱਕੀ ਕੰਧ ਦਾ ਬਣਿਆ ਗੁਸਲਖਾਨਾ ਸੀ। ਛੱਤ ਨੂੰ ਪੌੜੀਆਂ ਚੜ੍ਹਦੀਆਂ ਸਨ। ਵਿਹੜੇ 'ਚ ਸਪਾਈਡਰ ਦਾ ਰੁੱਖ ਸੀ। ਛਾਂ ਬਹੁਤੀ ਨਹੀਂ ਸੀ ਪਰ ਉਚਾ ਲੰਮਾ ਇਹ ਰੁੱਖ ਘਰ ਦੀ ਸ਼ੋਭਾ ਵਧਾਉਂਦਾ ਸੀ।

ਉਸ ਦਿਨ ਸਵੇਰੇ ਮੇਰੀ ਮਾਂ, ਤੰਦੂਰ 'ਤੇ ਰੋਟੀ ਪਕਾਉਣ ਲਈ ਬੈਠੀ ਹੀ ਸੀ ਕਿ ਮੇਰਾ ਬਾਪ ਆ ਗਿਆ ਤੇ ਮੈਨੂੰ ਲਾਡ ਲਡਾਉਣ ਲੱਗਾ। ਮੈਂ ਬੁੱਕਲ 'ਚ ਬੈਠ ਮੁੱਛਾਂ ਨਾਲ ਖੇਡਣ ਲੱਗੀ। ਉਦੋਂ ਮੈਂ ਅੱਠ ਕੁ ਸਾਲ ਦੀ ਸਾਂ। ਇੰਨੇ ਨੂੰ ਉਨ੍ਹਾਂ ਵਿਚਾਲੇ ਹਲਕੀ ਤਕਰਾਰ ਸ਼ੁਰੂ ਹੋ ਗਈ। ਕੁਝ ਦੇਰ ਮਗਰੋਂ ਇਕੱਲੀ ਮਾਂ ਦੀ ਆਵਾਜ਼ ਹੀ ਸੁਣਨ ਲੱਗੀ। ਬਾਪ ਚੁੱਪ ਸੀ ਤੇ ਮਾਂ ਉਲਾਂਭੇ ਦੇਈ ਜਾ ਰਹੀ ਸੀ। ਨਾਲ ਨਾਲ ਅੱਖਾਂ ਵੀ ਪੂੰਝੀ ਜਾ ਰਹੀ ਸੀ। ਬਾਪ ਉਦਾਸ ਸੀ ਤੇ ਉਸ ਦੀ ਚੁੱਪ ਤੋਂ ਜਾਪਦਾ ਸੀ ਜਿਵੇਂ ਖੁਦ ਨੂੰ ਦੋਸ਼ੀ ਮਹਿਸੂਸ ਕਰਦਾ ਹੋਵੇ।

ਮਾਂ ਨੇ ਕਿਹਾ, "ਅਹਿਸਾਨ ਮੀਆਂ, ਤੂੰ ਮੇਰੀ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾਇਐ। ਤੂੰ ਦੱਸ ਮੈਂ ਤੇਰੇ ਲਈ ਕੀ ਨ੍ਹੀਂ ਕੀਤਾ। ਮੈਂ ਤੇਰੇ ਗਿਆਰਾਂ ਬੱਚੇ ਜਣੇ। ਉਨ੍ਹਾਂ ਨੂੰ ਚੰਗੀ ਤਹਿਜ਼ੀਬ ਦਿਤੀ। ਚਾਰ ਬੱਚੇ ਤੇਰੀ ਪਹਿਲੀ ਬੀਵੀ ਦੇ...।"

ਮਾਂ ਨੇ ਗੱਲ ਵਿਚੇ ਛੱਡ ਦਿੱਤੀ। ਚੁੰਨੀ ਨਾਲ ਹੰਝੂ ਪੂੰਝੇ ਤੇ ਛੱਡੀ ਹੋਈ ਗੱਲ ਅੱਗੇ ਤੋਰੀ, "ਖੈਰ! ਉਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਕਿਉਂਕਿ ਮਾਂ ਤਾਂ ਛੋਟੇ ਜਿਹਿਆਂ ਨੂੰ ਛੱਡ ਕੇ ਚੱਲ ਵੱਸੀ। ਮੈਂ ਸਕੀ ਮਾਂ ਨਾਲੋਂ ਵੀ ਵਧ ਪਿਆਰ ਦਿੱਤਾ। ਪਾਲ ਪੋਸ ਕੇ ਵੱਡੇ ਕੀਤੇ। ਪਰ ਖੌਰੇ ਰੱਬ ਨੂੰ ਕੀ ਮਨਜ਼ੂਰ ਸੀ। ਹਾਏ ਮੇਰਾ ਸਲੀਮ ਪੁੱਤਰ...ਹਾਏ ਓਏ ਰੱਬਾ ਮੈਂ ਤੇਰਾ ਕੀ ਵਿਗਾੜਿਆ ਸੀ ਜੋ ਮੈਥੋਂ ਮੇਰਾ ਸਲੀਮ ਖੋਹ ਲਿਆ...।" ਇੰਨਾ ਆਖ ਉਹ ਹਉਕੇ ਭਰਦੀ ਰੋਣ ਲੱਗੀ। ਵਿਚ ਵਿਚਾਲੇ ਫਿਰ ਬੋਲੀ, "ਬੇੜਾ ਬਹੇ ਸੱਦਾਮ ਹੁਸੈਨ ਦਾ, ਜਿਸ ਨੇ ਮੇਰਾ ਸੋਹਣਾ ਪੁੱਤਰ ਜੰਗ ਦੀ ਭੱਠੀ 'ਚ ਝੋਕਿਆ। ਹਾਏ ਵੇ ਜ਼ਾਲਮੋਂ ਤੁਹਾਡਾ ਕੱਖ ਨਾ ਰਹੇ...।"

ਇਸ ਤੋਂ ਅੱਗੇ ਉਸ ਤੋਂ ਬੋਲ ਨਾ ਹੋਇਆ ਤੇ ਉਹ ਉਚੀ ਉਚੀ ਰੋਣ ਲੱਗੀ। ਸਲੀਮ ਨੂੰ ਯਾਦ ਕਰਦਿਆਂ ਮੇਰਾ ਬਾਪ ਵੀ ਹੰਝੂ ਕੇਰਨ ਲੱਗਾ। ਅਸਲ ਵਿਚ ਸਲੀਮ ਮੇਰੇ ਬਾਪ ਦੀ ਪਹਿਲੀ ਘਰ ਵਾਲੀ ਦਾ ਪੁੱਤਰ ਸੀ, ਸਾਰੇ ਪਰਿਵਾਰ 'ਚੋਂ ਵੱਡਾ। ਇਰਾਨ-ਇਰਾਕ ਦੀ ਲੜਾਈ ਨੇ ਸਭ ਨੌਜਵਾਨ ਨਿਗਲ ਲਏ। ਜਵਾਨਾਂ ਦੀ ਤੋਟ ਪਈ ਤਾਂ ਸੱਦਾਮ ਹੁਸੈਨ ਨੇ ਘੱਟ-ਗਿਣਤੀਆਂ ਦੇ ਪੁੱਤਰਾਂ ਨੂੰ ਧੱਕੇ ਨਾਲ ਭਰਤੀ ਕਰਕੇ ਇਰਾਨ ਦੇ ਮੁਹਾਜ਼ ਉਤੇ ਜੰਗ ਵਿਚ ਝੋਕ ਦਿੱਤਾ। ਸਲੀਮ ਵੀ ਇਸੇ ਮੁਹਾਜ਼ 'ਤੇ ਜੰਗ ਲੜਨ ਗਿਆ ਮਾਰਿਆ ਗਿਆ। ਮਾਂ ਨੇ ਉਸ ਨੂੰ ਬਹੁਤ ਲਾਡ ਪਿਆਰ ਦਿੱਤਾ। ਉਹ ਵੀ ਘਰ ਚਲਾਉਣ ਲਈ ਮਾਂ ਦੀ ਬਹੁਤ ਮੱਦਦ ਕਰਦਾ। ਉਸ ਦੀ ਮੌਤ ਪਿਛੋਂ ਮਾਂ ਰਾਤਾਂ ਨੂੰ ਉਠ ਉਠ ਕੇ ਕੀਰਨੇ ਪਾਉਣ ਲੱਗ ਜਾਂਦੀ। ਉਸ ਦੀ ਹਾਲਤ ਸ਼ੁਦਾਈਆਂ ਜਿਹੀ ਹੋ ਗਈ ਸੀ। ਹੁਣ ਭਾਵੇਂ ਕੁਝ ਸੰਭਲ ਚੁਕੀ ਸੀ ਪਰ ਜਦੋਂ ਕਦੇ ਬਾਪ ਨਾਲ ਲੜਦੀ ਤਾਂ ਸਲੀਮ ਨੂੰ ਯਾਦ ਕਰਦਿਆਂ ਵਿਲਕਣ ਲੱਗਦੀ। ਸ਼ਾਇਦ ਲੱਗਦਾ ਸੀ, ਸਲੀਮ ਦੇ ਜਾਣ ਨਾਲ ਉਸ ਦੀ ਧਿਰ ਖਤਮ ਹੋ ਗਈ। ਮਾਂ ਰੋਈ ਹੀ ਜਾ ਰਹੀ ਸੀ ਤਾਂ ਬਾਪ ਨੇ ਮੈਨੂੰ ਬੁੱਕਲ 'ਚੋਂ ਪਾਸੇ ਕੀਤਾ ਤੇ ਤੰਦੂਰ ਨੇੜੇ ਮਾਂ ਕੋਲ ਜਾ ਕੇ ਬਹਿ ਗਿਆ। ਬਾਪ ਬੋਲਿਆ, "ਬਸ ਕਰ ਸਾਇਰਾ ਬੇਗਮ, ਸਬਰ ਕਰ। ਸਲੀਮ ਨਾਲ ਆਪਣੀ ਇੰਨੀ ਕੁ ਈ ਸਾਂਝ ਸੀ। ਰੱਬ ਸੱਚੇ ਦੀ ਮਰਜ਼ੀ ਜੋ ਉਸ ਨੂੰ ਮਨਜ਼ੂਰ।"

ਮਾਂ ਬਾਪ ਵਲ ਵੇਖੇ ਬਿਨਾ ਰੋਈ ਗਈ। ਫਿਰ ਹੌਲੀ ਹੌਲੀ ਸੰਭਲਦਿਆਂ ਚੁੱਪ ਹੋ ਗਈ। ਬਾਪ ਨੇ ਸੋਗੀ ਚੁੱਪ ਤੋੜਦਿਆਂ ਕਿਹਾ, "ਸਾਇਰਾ, ਕੀ ਫਾਇਦਾ ਪੁਰਾਣੇ ਜ਼ਖਮ ਕੁਰੇਦਣ ਦਾ। ਬਸ ਕਰ।" ਮਾਂ ਚੁੱਪ ਤਾਂ ਹੋ ਗਈ ਪਰ ਕਹਿਰ ਭਰੀਆਂ ਨਜ਼ਰਾਂ ਨਾਲ ਬਾਪ ਵਲ ਵੇਖਦਿਆਂ ਫਿਰ ਬੋਲੀ, "ਪੁਰਾਣੇ ਤਾਂ ਚੱਲ ਨ੍ਹੀਂ ਕੁਰੇਦਦੀ। ਪਰ ਜੋ ਤੂੰ ਹੁਣ ਨਵੇਂ ਦੇਣ ਲੱਗਿਐਂ, ਉਨ੍ਹਾਂ ਦਾ ਕੀ ਕਰਾਂ?"

ਬਾਪ ਨੇ ਬੇਵਸ ਜਿਹਾ ਹੋ ਨੀਵੀਂ ਪਾ ਲਈ। ਮਾਂ ਨੂੰ ਸ਼ਾਇਦ ਤਸੱਲੀ ਨਹੀਂ ਸੀ ਹੋਈ, ਬੋਲੀ, "ਇਸ ਘਰ 'ਚ ਤੇਰੇ ਚੌਦਾਂ ਬੱਚੇ ਨੇ। ਗਿਆਰਾਂ ਨੂੰ ਜਨਮ ਮੈਂ ਦਿੱਤਾ ਤੇ ਤਿੰਨ ਉਸ ਵਿਚਾਰੀ ਪਹਿਲੀ ਦੇ। ਕੀ ਇਹ ਘੱਟ ਨੇ? ਐਡੇ ਵੱਡੇ ਪਰਿਵਾਰ ਨੂੰ ਅੱਖੋਂ ਉਹਲੇ ਕਰਕੇ ਤੂੰ ਉਸ ਦੀਮਾਲ ਚੰਦਰੀ ਨੂੰ ਮੇਰੀ ਹਿੱਕ 'ਤੇ ਸੌਂਕਣ ਬਣਾ ਕੇ ਬਿਠਾ ਦਿੱਤਾ। ਦੱਸ ਇਨ੍ਹਾਂ ਜੁਆਕਾਂ ਨੂੰ ਇਕੱਲੀ ਕਿਵੇਂ ਪਾਲਾਂ?"

ਅਸਲ ਵਿਚ ਬਾਪ ਦੇ ਦਿਲ 'ਚ ਪਤਾ ਨਹੀਂ ਕੀ ਆਈ ਕਿ ਉਸ ਨੇ ਭਰੇ ਪੂਰੇ ਟੱਬਰ ਨੂੰ ਛੱਡ ਕੇ ਦੀਮਾਲ ਨਾਂ ਦੀ ਇਕ ਜੁਆਨ ਕੁੜੀ ਨਾਲ ਵਿਆਹ ਕਰਾ ਲਿਆ। ਬਾਪ ਦੀ ਉਮਰ ਤਾਂ ਦੀਮਾਲ ਨਾਲੋਂ ਕਾਫੀ ਵੱਡੀ ਸੀ ਪਰ ਉਸ ਦੀ ਖੇਤੀ ਚੰਗੀ ਚੱਲਦੀ ਸੀ। ਸ਼ਾਇਦ ਇਸੇ ਕਰਕੇ ਦੀਮਾਲ ਦੇ ਗਰੀਬ ਪਰਿਵਾਰ ਨੇ ਉਸ ਨਾਲ ਆਪਣੀ ਕੁੜੀ ਵਿਆਹ ਦਿੱਤੀ। ਕੁਝ ਦੇਰ ਤਾਂ ਉਹ ਇਸ ਵੱਡੇ ਪਰਿਵਾਰ ਵਿਚ ਰਹੀ ਪਰ ਫਿਰ ਬਾਪ ਨੂੰ ਇਕੱਲਿਆਂ ਰਹਿਣ ਲਈ ਮਨਾ ਲਿਆ। ਮੇਰੀ ਮਾਂ ਕੁਝ ਨਾ ਕਰ ਸਕੀ। ਕਿਉਂਕਿ ਬਾਪ ਦੀਮਾਲ ਦੇ ਪਿਆਰ 'ਚ ਸਭ ਕੁਝ ਭੁੱਲ ਚੁਕਾ ਸੀ। ਹੁਣ ਮਾਂ ਦਾ ਨਿਹੋਰਾ ਸੁਣ ਕੇ ਬੋਲਿਆ, "ਸਾਇਰਾ ਬੇਗਮ, ਜੋ ਹੋਣਾ ਸੀ, ਹੋ ਚੁਕੈ। ਹੁਣ ਮੇਰੀ ਗੱਲ 'ਤੇ ਧਿਆਨ ਦੇਹ?"

"ਕੀ ਕਰਾਂ?"

"ਮੈਂ ਤੈਨੂੰ ਕਈ ਵਾਰ ਦੱਸ ਚੁਕਾਂ ਬਈ ਦੀਮਾਲ ਚਾਹੁੰਦੀ ਐ ਕਿ ਮੈਂ ਆਪਣੀ ਖੇਤੀ ਆਪ ਕਰਾਂ।" "ਤੇ ਅਸੀਂ ਕਿੱਧਰ ਜਾਈਏ?" ਮਾਂ ਨੇ ਅੱਖਾਂ ਕੱਢਦਿਆਂ ਕਿਹਾ। "ਥੋਡਾ ਮੈਂ ਇੰਤਜ਼ਾਮ ਕਰ ਦਿਆਂਗਾ। ਤੁਹਾਨੂੰ ਮੈਂ ਕਿਸੇ ਦੀ ਜ਼ਮੀਨ ਹਿੱਸੇ 'ਤੇ ਦੁਆ ਦਿਆਂਗਾ। ਤੁਸੀਂ ਤਾਂ ਪਰਿਵਾਰ ਦੇ ਬਹੁਤ ਸਾਰੇ ਜੀਅ ਹੋ। ਦੱਬ ਕੇ ਖੇਤੀ ਕਰਿਓ, ਗੁਜ਼ਾਰਾ ਵਧੀਆ ਚੱਲ ਪਊ।"

"ਨਾ ਅਹਿਸਾਨ ਮੀਆਂ ਨਾ, ਇਹ ਠੀਕ ਨ੍ਹੀਂ। ਮੈਂ ਤੈਨੂੰ ਪਹਿਲਾਂ ਵੀ ਕਈ ਵਾਰ ਜੁਆਬ ਦੇ ਚੁਕੀ ਆਂ ਕਿ ਮੈਂ ਇਕੱਲੀ ਜਣੀ ਇਨ੍ਹਾਂ ਜੁਆਕਾਂ ਨਾਲ ਕਿਵੇਂ ਕੰਮ ਚਲਾਊਂ, ਉਹ ਵੀ ਹਿੱਸੇਦਾਰ ਦੇ ਖੇਤ ਵਿਚ। ਮੈਂ ਔਰਤ ਜ਼ਾਤ, ਜ਼ਰਾ ਇੰਨਾ ਤਾਂ ਸੋਚ ਕਿ ਮੇਰੇ ਲਈ ਇਹ ਕਿੰਨਾ ਔਖਾ ਹੋਊ। ਤੂੰ ਜਿੱਥੇ ਮਰਜ਼ੀ ਰਹਿ ਪਰ ਜ਼ਮੀਨ ਨਾ ਖੋਹ।"

ਬਾਪ ਚੁੱਪ ਕਰ ਗਿਆ। ਉਂਜ ਮਾਂ ਦਾ ਕਹਿਣਾ ਵੀ ਸਹੀ ਸੀ। ਸਭ ਤੋਂ ਵੱਡਾ ਭਰਾ ਸੋਲ੍ਹਾਂ ਸਾਲ ਦਾ ਸੀ। ਸਭ ਤੋਂ ਛੋਟਾ ਅਜੇ ਮਾਂ ਦੀ ਗੋਦੀ ਸੀ। ਸਭ ਦਾ ਇਕ ਦੂਜੇ ਨਾਲੋਂ ਬਸ ਸਾਲ ਸਾਲ ਦਾ ਹੀ ਫਰਕ ਸੀ। ਬਾਪ ਦੇ ਨਾਲ ਹੁੰਦਿਆਂ ਘਰ ਦਾ ਕੰਮ ਚੰਗਾ ਚੱਲਦਾ ਸੀ ਪਰ ਹੁਣ ਮਾਂ ਦੇ ਸਾਹਮਣੇ ਮੁਸੀਬਤ ਖੜ੍ਹੀ ਸੀ। ਰਿਵਾਜ ਮੁਤਾਬਕ ਮਾਂ, ਬਾਪ ਨੂੰ ਦੂਜਾ ਵਿਆਹ ਕਰਵਾਉਣੋਂ ਰੋਕ ਨਹੀਂ ਸੀ ਸਕਦੀ। ਪਰ ਉਹ ਸ਼ਾਇਦ ਸੋਚਦੀ ਸੀ ਕਿ ਜੇ ਉਹ ਅੜੀ ਰਹੇ ਤਾਂ ਬਾਪ ਜ਼ਰੂਰ ਕੁਝ ਜ਼ਮੀਨ ਉਸ ਲਈ ਛੱਡ ਦੇਵੇਗਾ ਤੇ ਉਹ ਜੁਆਕਾਂ ਨੂੰ ਲਾ ਕੇ ਖੇਤੀ ਨਾਲ ਘਰ ਚਲਾ ਸਕੂਗੀ। ਨਹੀਂ ਤਾਂ ਫਿਰ ਫਾਕੇ ਕੱਟਣ ਦੇ ਦਿਨ ਆ ਜਾਣਗੇ।



*ਜਾਜ਼ੀਦੀਆਂ ਦੇ ਉਜਾੜੇ ਦੀ ਝਲਕ।*

ਬਾਪ ਨੇ ਕੁਝ ਦੇਰ ਚੁੱਪ ਰਹਿੰਦਿਆਂ ਕਿਹਾ, "ਚੱਲ ਥੋਨੂੰ ਮੈਂ ਤੀਜਾ ਹਿਸਾ ਛੱਡ ਦਿੰਨਾਂ। ਬਾਕੀ ਵੱਡੇ ਜ਼ਿਮੀਦਾਰ ਤੋਂ ਅੱਧ 'ਤੇ ਲੈ ਲਿਆ ਕਰਿਓ।"

"ਨਾ ਅਹਿਸਾਨ ਮੀਆਂ, ਇਹ ਗੱਲ ਗਲਤ ਐ। ਚਾਹੇਂ ਤਾਂ ਜਾਵੇਤ 'ਚ ਇਕੱਠ ਕਰ ਲੈ। ਅਹਿਮਦ ਜਾਸੋ ਆਪੇ ਫੈਸਲਾ ਕਰ ਦਊ।"

ਜਾਵੇਤ ਸਾਡਾ ਪੰਚਾਇਤ ਘਰ ਸੀ ਤੇ ਅਹਿਮਦ ਜਾਸੋ ਪਿੰਡ ਦਾ ਮੁਖਤਾਰ ਸੀ। ਸਭ ਤੋਂ ਵੱਧ ਜ਼ਮੀਨ ਉਸੇ ਕੋਲ ਸੀ, ਬੜਾ ਨੇਕ ਇਨਸਾਨ ਸੀ। ਫੈਸਲਾ ਇਨਸਾਫ ਵਾਲਾ ਕਰਦਾ। ਬਾਪ ਇਸ ਕਰਕੇ ਵੀ ਡਰਦਾ ਸੀ ਕਿ ਕਿਧਰੇ ਮੁਖਤਾਰ, ਵੱਡਾ ਪਰਿਵਾਰ ਵੇਖ ਸਾਰੀ ਜ਼ਮੀਨ ਮਾਂ ਨੂੰ ਨਾ ਦੇ ਦੇਵੇ। ਉਹ ਛੇਤੀ ਦੇਣੇ ਬੋਲਿਆ, "ਚੱਲ ਠੀਕ ਐ, ਤੂੰ ਮੇਰੀ ਗੱਲ ਉਲੱਦੀਂ ਨਾ। ਆਪਾਂ ਇਉਂ ਕਰਦੇ ਆਂ ਕਿ ਮੈਂ ਅੱਧੀ ਜ਼ਮੀਨ ਤੈਨੂੰ ਦੇ ਦਿੰਨਾਂ ਤੇ ਅੱਧੀ ਆਪ ਰੱਖ ਲੈਨਾਂ।" ਇੰਨਾ ਆਖ ਬਾਪ, ਮਾਂ ਵਲ ਵੇਖਣ ਲੱਗਾ। ਗੱਲ ਮਾਂ ਨੂੰ ਵੀ ਜਚ ਗਈ ਸੀ। ਬਾਪ ਫਿਰ ਬੋਲਿਆ, "ਮੈਂ ਇੰਨਾ ਜ਼ਾਲਮ ਨਹੀਂ। ਵਿਚ ਵਿਚਾਲੇ ਆਪਣੇ ਪੁੱਤਰਾਂ ਦੀ ਮੱਦਦ ਕਰਦਾ ਰਹਾਂਗਾ। ਪਰ ਹੁਣ ਤੂੰ ਹਾਮੀ ਭਰ ਦੇਹ।"

ਮਾਂ ਲੰਬਾ ਸਾਹ ਭਰ ਕੇ ਕਹਿਣ ਲੱਗੀ, "ਠੀਕ ਐ...ਜੋ ਰੱਬ ਦੀ ਰਜ਼ਾ।" ਇੰਨਾ ਕਹਿਣ ਦੀ ਦੇਰ ਸੀ ਕਿ ਬਾਪ ਖੁਸ਼ ਹੋ ਗਿਆ। ਮੇਰੇ ਸਿਰ 'ਤੇ ਹੱਥ ਫੇਰਿਆ ਤੇ ਘਰੋਂ ਨਿਕਲ ਗਿਆ। ਮੈਂ ਮਾਂ ਵਲ ਵੇਖਿਆ, ਉਹ ਸੰਤੁਸ਼ਟ ਜਾਪਦੀ ਸੀ। ਫਿਰ ਮਾਂ ਨੇ ਤੰਦੂਰ ਤਪਾ ਲਿਆ ਤੇ ਪੇੜੇ ਕਰਕੇ ਰੋਟੀਆਂ ਲਾਹੁਣ ਲੱਗੀ। ਉਸ ਨੇ ਸਾਰੇ ਪੇੜੇ ਅੰਦਰ ਲਾ ਦਿੱਤੇ, ਰੋਟੀਆਂ ਰਾੜ੍ਹ-ਰਾੜ੍ਹ ਛਾਬੇ ਵਿਚ ਰੱਖੀ ਜਾਂਦੀ। ਕੁਝ ਹੀ ਦੇਰ 'ਚ ਉਸ ਨੇ ਰੋਟੀਆਂ ਪਕਾ ਲਈਆਂ। ਮੈਨੂੰ ਕੋਲ ਬੈਠੀ ਨੂੰ ਮਾਂ ਨੇ ਬੜੇ ਪਿਆਰ ਨਾਲ ਰੋਟੀ ਪਰੋਸੀ। ਇਕ ਪਲੇਟ 'ਚ ਦਾਲ ਪਾਈ ਤੇ ਨਾਲ ਹੀ ਛੋਟੀ ਪਲੇਟ ਵਿਚ ਬਦਾਮੀ ਰੰਗਾ ਭੇਡ ਦਾ ਘਿਉ ਸੀ। ਮੈਂ ਬੜੇ ਮਜ਼ੇ ਨਾਲ ਰੋਟੀ ਖਾਣ ਲੱਗੀ। ਫਿਰ ਉਹ ਦੂਸਰੇ ਜੁਆਕਾਂ ਨੂੰ ਬੋਲ ਮਾਰਨ ਲੱਗੀ। ਮੇਰੇ ਛੋਟੇ ਵੱਡੇ ਭੈਣ ਭਰਾ ਬਾਹਰੋਂ ਗਲੀ 'ਚੋਂ ਖੇਡਦੇ ਅੰਦਰ ਆਏ ਤਾਂ ਮਾਂ ਨੇ ਸਭ ਨੂੰ ਰੋਟੀ ਪਾ ਦਿੱਤੀ। ਇੰਨੇ ਨੂੰ ਬਾਰ ਮੂਹਰੇ ਪਿਕਅੱਪ ਟਰੱਕ ਦਾ ਹਾਰਨ ਵੱਜਿਆ ਤਾਂ ਮਾਂ ਬੋਲੀ, "ਲਓ ਮਸੂਦ ਹੋਰੀਂ ਵੀ ਆ ਗਏ। ਜਾਹ ਆਸਮਾ ਦਰਵਾਜਾ ਖੋਲ੍ਹ। ਮੈਂ ਉਨ੍ਹਾਂ ਲਈ ਰੋਟੀ ਪਾਉਂਦੀ ਆਂ।"

ਮੈਂ ਖਾਣਾ ਵਿਚੇ ਛੱਡ ਛੇਤੀ ਦੇਣੇ ਜਾ ਕੇ ਦਰਵਾਜਾ ਖੋਲ੍ਹਿਆ। ਬਾਹਰੋਂ ਮੇਰੇ ਤਿੰਨੋਂ ਭਰਾ ਟਰੱਕ 'ਚੋਂ ਭੱਜ ਕੇ ਅੰਦਰ ਆ ਗਏ। ਮਾਂ ਨੇ ਸਭ ਨੂੰ ਰੋਟੀ ਦਿੱਤੀ। ਫਿਰ ਮਾਂ ਨੇ ਪੁੱਛਿਆ, "ਮਸੂਦ, ਗੰਢਿਆਂ ਦਾ ਕੀ ਹਾਲ ਐ?" "ਮਾਂ, ਗੰਢੇ ਤਾਂ ਪੱਕੇ ਪਏ ਨੇ। ਅੱਜ ਪੁੱਟਣੇ ਸ਼ੁਰੂ ਕਰਾਂਗੇ, ਤਾਂ ਹੀ ਮੈਂ ਪਿਕਅੱਪ ਟਰੱਕ ਕਿਰਾਏ 'ਤੇ ਲੈ ਆਇਆਂ। ਫਿਰ ਤੂੰ ਸਿੰਜਾਰ ਜਾ ਕੇ ਗੰਢੇ ਵੇਚ ਆਵੀਂ। ਅਸੀਂ ਪਿਛੋਂ ਸਬਜ਼ੀ ਬੀਜਣ ਦੀ ਤਿਆਰੀ ਕਰਾਂਗੇ।"

"ਨ੍ਹੀਂ, ਐਤਕੀ ਗੰਢੇ ਪਿੰਡ 'ਚ ਹੀ ਵੇਚਾਂਗੇ। ਕੱਲ੍ਹ ਵਣਜਾਰਾ ਆਇਆ ਸੀ। ਕਹਿੰਦਾ ਸੀ, ਇਸ ਵਾਰ ਇਥੋਂ ਹੀ ਖਰੀਦ ਕੇ ਲੈ ਜਾਵੇਗਾ।"

"ਮਾਂ, ਤੂੰ ਜਾਂਦੀ ਤਾਂ ਸ਼ਹਿਰੋਂ ਕੁਛ ਸਾਮਾਨ ਵੀ ਲੈ ਆਉਂਦੀ।" ਮਸੂਦ ਝਿਜਕਦਾ ਬੋਲਿਆ।

"ਸਾਮਾਨ ਕਿਹੜਾ?"

ਮਸੂਦ ਨੇ ਸਭ ਵਲ ਵੇਖ ਕਿਹਾ, "ਮਾਂ, ਮੇਰੀ ਪੈਂਟ ਉਕਾ ਹੀ ਪਾਟ ਗਈ ਐ...।" ਤੇ ਉਸ ਆਪਣੀ ਥਾਂ ਥਾਂ ਟਾਕੀਆਂ ਲੱਗੀ ਪੈਂਟ ਵਲ ਵੇਖਿਆ। ਫਿਰ ਦੂਸਰਿਆਂ ਵਲ ਝਾਕਦਿਆਂ ਕਹਿਣ ਲੱਗਾ, "ਜਿੰਜ਼ਾਲ ਵੀ ਕਿੱਦਣ ਦਾ ਪੈਰੋਂ ਨੰਗਾ ਫਿਰਦੈ। ਹਰੇਕ ਨੂੰ ਈ ਕੁਛ ਨਾ ਕੁਛ ਚਾਹੀਦੈ।"

ਗੱਲ ਸੁਣ ਕੇ ਮਾਂ ਨੇ ਵਿਚਾਰਗੀ ਜਿਹੀ ਨਾਲ ਉਸ ਵਲ ਵੇਖਦਿਆਂ ਕਿਹਾ, "ਐਤਕੀ ਮੈਂ ਕੱਪੜਾ ਵੀ ਵਣਜਾਰੇ ਤੋਂ ਈ ਲੈ ਲਵਾਂਗੀ। ਸਿਉਂਵਾਂਗੀ ਵੀ ਮੈਂ ਘਰੇ ਈ। ਪਰ ਪੁੱਤਰ, ਅਜੇ ਬੂਟ ਖਰੀਦਣ ਦੀ ਆਪਣੀ ਪਹੁੰਚ ਨ੍ਹੀਂ। ਤੁਸੀਂ ਕਿਵੇਂ ਨਾ ਕਿਵੇਂ ਅਗਲੀ ਫਸਲ ਤੱਕ ਉਡੀਕ ਲਵੋ। ਜੇ ਤੇਰਾ ਬਾਪ ਨਾਲ ਹੁੰਦਾ ਤਾਂ...।" ਸ਼ਾਇਦ ਮਸੂਦ ਉਸ ਦੀ ਗੱਲ ਸਮਝ ਗਿਆ ਸੀ, ਅਗਾਂਹ ਉਸ ਨੇ ਕੁਝ ਨਾ ਕਿਹਾ। ਰੋਟੀ ਖਾਣ ਪਿੱਛੋਂ ਬੋਲਿਆ, "ਮਾਂ, ਤਿੰਨ ਜਣਿਆਂ ਦੀ ਰੋਟੀ ਬੰਨ ਦੇ। ਜਿੰਜ਼ਾਲ ਤਾਂ ਖੇਤ ਈ ਐ। ਅੱਜ ਸ਼ਾਇਦ ਖੈਰੀ ਵੀ ਭੇਡਾਂ ਦਾ ਇੱਜੜ ਲੈ ਮੁੜ ਆਵੇ।"

ਮਾਂ ਬਿਨਾ ਕੁਝ ਕਿਹਾਂ ਰੋਟੀ ਬੰਨ੍ਹਣ ਲੱਗੀ। ਮਸੂਦ ਫਿਰ ਕਿਸੇ ਚਾਅ ਜਿਹੇ 'ਚ ਬੋਲਿਆ, "ਮਾਂ, ਐਤਕੀਂ ਆਪਣੇ ਗੰਢੇ ਬਹੁਤ ਚੰਗੇ ਨੇ। ਜਿਸ ਦਿਨ ਕੰਮ ਮੁੱਕਾ, ਬੱਕਰਾ ਵੱਢਾਂਗੇ।"

"ਹਾਂ ਜ਼ਰੂਰ ਮਸੂਦ ਪੁੱਤਰ। ਨਾਲੇ ਕੁੜੀਆਂ ਨੂੰ ਵੀ ਲੈ ਜਾ। ਖੇਤ ਕੰਮ ਕਰਵਾਉਣਗੀਆਂ।"

"ਠੀਕ ਐ। ਚਲੋ ਬਈ ਆਸਮਾ, ਜ਼ਾਹਰਾ, ਜ਼ੀਨਤ। ਸਭ ਚੜ੍ਹੋ ਟਰੱਕ 'ਚ।" ਮਸੂਦ ਨੇ ਸਾਡੇ ਵਲ ਵੇਖਦਿਆਂ ਕਿਹਾ। "ਹਾਂ ਚੱਲੋ।" ਅਸੀਂ ਇੰਨਾ ਆਖ ਬਚਦੀ ਰੋਟੀ ਹੱਥਾਂ 'ਚ ਫੜ੍ਹੀ ਬੀਹੀ ਵਲ ਭੱਜੀਆਂ ਤੇ ਟਰੱਕ 'ਚ ਜਾ ਚੜ੍ਹੀਆਂ। ਇੰਨੇ ਨੂੰ ਭਾਈ ਹੋਰੀਂ ਆ ਗਏ। ਮਸੂਦ ਡਰਾਈਵਰ ਸੀਟ 'ਤੇ ਬਹਿ ਗਿਆ ਤੇ ਸਈਅਦ ਨੇ ਬਰਾਬਰ ਦੀ ਸੀਟ ਮੱਲ ਲਈ। ਦਾਊਦ ਵੀ ਬਹਿ ਗਿਆ। ਮਸੂਦ ਨੇ ਹੌਲੀ ਜਿਹੀ ਟਰੱਕ ਤੋਰਿਆ। ਗਲੀਆਂ ਦੇ ਮੋੜ ਕੱਟਦਾ ਟਰੱਕ ਪਿੰਡੋਂ ਬਾਹਰ ਆ ਗਿਆ। ਸਕੂਲ ਕੋਲੋਂ ਦੀ ਲੰਘ ਕੇ ਜਿਉਂ ਹੀ ਟਰੱਕ ਪਹਾੜ ਵਾਲੇ ਰਾਹ ਪਿਆ ਤਾਂ ਮਸੂਦ ਨੇ ਟਰੱਕ ਪੂਰੀ ਰਫਤਾਰ ਵਿਚ ਭਜਾ ਦਿੱਤਾ। ਅਸੀਂ ਪਿੱਛੇ ਬੈਠੇ ਜੁਆਕਾਂ ਨੇ ਖੁਸ਼ੀ 'ਚ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਟਰੱਕ ਪਿੱਛੇ ਚੜ੍ਹੇ ਧੂੜ ਦੇ ਗੁਬਾਰ ਨੇ ਆਲਾ ਦੁਆਲਾ ਗਰਦੋ-ਗੋਰ ਕਰ ਦਿੱਤਾ। ਰੇਤਾ ਸਾਡੇ ਉਪਰ ਪੈ ਰਿਹਾ ਸੀ ਪਰ ਅਸੀਂ ਅਨੰਦ ਮਾਣਦੇ ਹੋਰ ਉਚੀ ਚੀਕਾਂ ਮਾਰਨ ਲੱਗ ਪਏ।

ਅੱਧੇ ਕੁ ਘੰਟੇ ਪਿੱਛੋਂ ਟਰੱਕ ਖੇਤ ਪਹੁੰਚ ਗਿਆ। ਖੇਤ ਦੇ ਦੂਜੇ ਸਿਰੇ 'ਤੇ ਖੈਰੀ ਭੇਡਾਂ ਲਈ ਫਿਰਦਾ ਸੀ। ਅਸੀਂ ਟਰੱਕ 'ਚੋਂ ਉਤਰ ਕੇ ਇਕਦਮ ਉਸ ਵਲ ਭੱਜੀਆਂ ਕਿ ਪਹਿਲਾਂ ਕੌਣ ਉਸ ਕੋਲ ਪਹੁੰਚੂ। ਮੈਂ ਭੱਜੀ ਜਾਂਦੀ ਡਿੱਗ ਪਈ ਪਰ ਫਿਰ ਭੱਜਣ ਲੱਗੀ। ਜ਼ਾਹਰਾ, ਕੱਦ 'ਚ ਤੇ ਉਮਰ ਵਿਚ ਵੱਡੀ ਸੀ। ਉਹ ਸਭ ਤੋਂ ਪਹਿਲਾਂ ਖੈਰੀ ਕੋਲ ਪਹੁੰਚ ਗਈ। ਖੈਰੀ ਨੇ ਉਸ ਨੂੰ ਬੁੱਕਲ 'ਚ ਘੁੱਟ ਲਿਆ। ਫਿਰ ਉਹ ਸਾਡੇ ਵਲ ਆਇਆ ਤੇ ਮੈਨੂੰ ਚੁੱਕ ਕੇ ਹਵਾ ਵਿਚ ਲਹਿਰਾਉਣ ਲੱਗਾ। ਜ਼ੀਨਤ, ਖੈਰੀ ਦੇ ਲੱਕ ਦੁਆਲੇ ਬੰਨ੍ਹੀ ਬਗਲੀ ਲਾਹੁਣ ਲੱਗ ਪਈ। ਇਹ ਵੇਖ ਕੇ ਖੈਰੀ ਨੇ ਆਪ ਹੀ ਲੱਕ ਨਾਲ ਬੰਨ੍ਹੀ ਬਗਲੀ ਖੋਲ੍ਹ ਲਈ। ਇੰਨੇ ਨੂੰ ਖੈਰੀ ਨੇ ਬਗਲੀ ਵਿਚੋਂ ਖਜੂਰਾਂ ਕੱਢੀਆਂ। ਅਸੀਂ ਖੁਸ਼ੀ 'ਚ ਉਛਲਣ ਲੱਗ ਪਈਆਂ। ਉਸ ਨੇ ਸਾਨੂੰ ਤਿੰਨਾਂ ਨੂੰ ਵੰਡ ਕੇ ਖਜੂਰਾਂ ਦਿੱਤੀਆਂ। ਮੈਂ ਖਜੂਰਾਂ ਖਾਂਦੀ ਨੇ ਪੁੱਛਿਆ, "ਖੈਰੀ, ਐਤਕੀ ਤਾਂ ਤੂੰ ਬੜੇ ਦਿਨਾਂ ਤੋਂ ਮੁੜਿਆ ਐਂ। ਦੱਸ ਨਾ ਫਿਰ ਕਿੱਥੇ ਕਿੱਥੇ ਰਿਹਾ?"

"ਉਹ ਕੁੜੀਓ ਸੁਣੋ ਫਿਰ।" ਏਨਾ ਆਖ ਉਸ ਲੱਕ ਨਾਲੋਂ ਬਗਲੀ ਤੇ ਮੋਢੇ ਤੋਂ ਸਾਫਾ ਲਾਹ ਕੇ ਪਾਸੇ ਰੱਖ ਦਿਤਾ। ਵੱਟ 'ਤੇ ਬਹਿੰਦਾ ਬੋਲਿਆ, "ਐਤਕੀ ਮੈਂ ਸਾਰਾ ਪਹਾੜ ਛਾਣ ਆਇਆਂ। ਸੀਰੀਆ ਦੀ ਹੱਦ ਤੱਕ ਜਾ ਪਹੁੰਚਿਆ ਸੀ। ਪਰ ਇਸ ਵਾਰ ਸਰਹੱਦ ਤੋਂ ਪਿੱਛੇ ਹੀ ਮੁੜ ਪਿਆ।"

"ਕਿਉਂ? ਅੱਗੇ ਕਿਉਂ ਨਾ ਗਿਆ?" ਜ਼ੀਨਤ ਨੇ ਭੋਲੇਪਣ ਨਾਲ ਪੁੱਛਿਆ। "ਮੈਨੂੰ ਲੱਗਾ ਕਿ ਅਗਾਂਹ ਖਤਰਾ ਐ। ਦਸ ਦਿਨ ਪਹਿਲਾਂ ਈ ਆਪਣੇ ਲਾਗਲੇ ਪਿੰਡ ਦਾ ਆਜੜੀ ਆਪਣੀਆਂ ਅੱਠ ਦੱਸ ਭੇਡਾਂ ਗੁਆ ਆਇਆ ਸੀ।"

"ਉਹ ਕਿਵੇਂ?" "ਉਧਰ ਸਰਹੱਦ 'ਤੇ ਬਾਰੂਦੀ ਸੁਰੰਗਾਂ ਦੱਬੀਆਂ ਰਹਿੰਦੀਆਂ ਨੇ। ਭੇਡਾਂ ਕਿਸੇ ਸੁਰੰਗ 'ਤੇ ਜਾ ਚੜ੍ਹੀਆਂ ਤੇ ਸੁਰੰਗ ਫਟ ਗਈ। ਵਿਚਾਰੇ ਦਾ ਕਾਫੀ ਨੁਕਸਾਨ ਹੋ ਗਿਆ।"

"ਖੈਰੀ, ਤੈਨੂੰ ਪਤੈ ਕਿ ਬਾਪ ਨੇ ਆਪਾਂ ਨੂੰ ਅੱਧੀ ਜ਼ਮੀਨ ਛੱਡ ਦਿੱਤੀ ਐ? ਹੁਣ ਸ਼ਾਇਦ ਆਪਣੇ ਦਿਨ ਫਿਰ ਜਾਣ।" ਸਾਡੇ 'ਚੋਂ ਵੱਡੀ ਜ਼ਾਹਰਾ ਨੇ ਗੱਲ ਹੋਰ ਪਾਸੇ ਮੋੜਦਿਆਂ ਥੋੜ੍ਹੀ ਸਿਆਣੀ ਗੱਲ ਕੀਤੀ। "ਤੈਨੂੰ ਕਿਵੇਂ ਪਤੈ?" ਖੈਰੀ ਨੇ ਭਵਾਂ ਸਕੋੜਦਿਆਂ ਪੁੱਛਿਆ।

"ਅੱਜ ਸਵੇਰੇ ਬਾਪ ਆਇਆ ਸੀ। ਮੈਨੂੰ ਲੱਗਦੈ, ਉਸ ਦੀਮਾਲ ਮਾਰੀ ਨੇ ਸਿੱਖਾ ਕੇ ਭੇਜਿਆ ਸੀ। ਮਾਂ ਨੂੰ ਕਹਿੰਦਾ, ਥੋਨੂੰ ਜ਼ਮੀਨ ਹਿੱਸੇ 'ਤੇ ਲੈ ਦਊਂ। ਪਰ ਮਾਂ ਅੜੀ ਰਹੀ ਤੇ ਅੱਧ ਲੈ ਕੇ ਹਟੀ।"

ਸੁਣ ਕੇ ਖੈਰੀ ਉਦਾਸ ਹੋ ਗਿਆ। ਲੰਬਾ ਸਾਹ ਲੈਂਦਿਆਂ ਬੋਲਿਆ, "ਜ਼ਾਹਰਾ, ਆਪਣੇ ਦਿਨ ਤਾਂ ਉਦੋਂ ਈ ਫਿਰਨਗੇ ਜਦੋਂ ਅਸੀਂ ਸਾਰੇ ਭਰਾ ਨੌਕਰੀਆਂ 'ਤੇ ਲੱਗ ਗਏ। ਉਦੋਂ ਤੱਕ ਫਾਕੇ ਈ ਕਟਦੇ ਫਿਰਾਂਗੇ।"

"ਫੇਰ ਤੁਸੀਂ ਨੌਕਰੀਆਂ 'ਤੇ ਕਿਉਂ ਨ੍ਹੀਂ ਲੱਗਦੇ?" ਮੈਂ ਜਗਿਆਸਾ ਵੱਸ ਪੁੱਛਿਆ।

"ਕਿਉਂਕਿ ਅਸੀਂ ਅਜੇ ਛੋਟੇ ਆਂ। ਸਾਨੂੰ

*(ਅਗਲੇ ਸਫੇ 'ਤੇ ਜਾਰੀ)*

ਕੋਈ ਨੌਕਰੀ ਮਿਲ ਨ੍ਹੀਂ ਸਕਦੀ। ਪਰ ਥੋੜ੍ਹੇ ਸਾਲਾਂ ਨੂੰ ਵੇਖੀਂ, ਅਸੀਂ ਕਮਾਈਆਂ ਕਰਨ ਲੱਗਾਂਗੇ। ਫਿਰ ਤੁਹਾਨੂੰ ਵਧੀਆ ਕੱਪੜੇ ਮਿਲਿਆ ਕਰਨਗੇ। ਖਾਣ ਲਈ ਭਾਂਤ-ਭਾਂਤ ਦੇ ਪਕਵਾਨ ਵੀ।"

"ਖੈਰੀ, ਫੇਰ ਤਾਂ ਮੈਂ ਵਣਜਾਰੇ ਤੋਂ ਪੂਰਾ ਡੱਬਾ ਆਈਸਕਰੀਮ ਦਾ ਲਿਆ ਕਰੂੰ।" ਜ਼ੀਨਤ ਨੇ ਭੋਲੇਪਣ 'ਚ ਕਿਹਾ ਤਾਂ ਖੈਰੀ ਉਸ ਨੂੰ ਚੁੱਕ ਕੇ ਉਛਾਲਦਾ ਬੋਲਿਆ, "ਆਹੋ ਮੇਰੀ ਨਿੱਕੜੀ ਭੈਣ, ਜਿੰਨੀ ਮਰਜ਼ੀ ਆਈਸਕਰੀਮ ਖਾਇਆ ਕਰੀਂ।"

"ਫਿਰ ਆਪਾਂ ਘਰੇ ਪਾਰਟੀਆਂ ਵੀ ਕਰਿਆ ਕਰਾਂਗੇ।" ਖੁਸ਼ੀ 'ਚ ਖੀਵੀ ਹੋਈ ਜ਼ਾਹਰਾ ਨੇ ਕਿਹਾ।

"ਹਾਂ ਹਾਂ ਕਿਉਂ ਨ੍ਹੀਂ।" ਜ਼ੀਨਤ ਨੂੰ ਹੇਠਾਂ ਉਤਾਰਦਾ ਖੈਰੀ ਬੋਲਿਆ। ਫਿਰ ਅਸੀਂ ਉਸ ਨੂੰ ਉਥੇ ਹੀ ਛੱਡ ਕੇ ਭੇਡਾਂ ਦੇ ਇੱਜੜ 'ਚ ਵੜ ਗਈਆਂ। ਭੇਡਾਂ ਦੇ ਲੇਲੇ ਚੁੱਕੀ ਅਸੀਂ ਇੱਧਰ-ਉਧਰ ਭੱਜਣ ਲੱਗੀਆਂ। ਭੇਡਾਂ ਵੀ ਬੈ ਬੈ ਕਰਨ ਲੱਗੀਆਂ। ਇੰਨੇ ਨੂੰ ਮਸੂਦ ਦੀ ਆਵਾਜ਼ ਆਈ, "ਓ ਕੁੜੀਓ। ਆਉ ਸਾਡੇ ਨਾਲ ਕੰਮ ਕਰਵਾਉ।"

ਸੁਣਦਿਆਂ ਹੀ ਅਸੀਂ ਉਧਰ ਵਲ ਭੱਜ ਪਈਆਂ। ਜਾਂਦਿਆਂ ਹੀ ਖੁਰਪੇ ਚੁੱਕ ਲਏ ਤੇ ਗੰਢੇ ਪੁੱਟਣ ਲੱਗੀਆਂ। ਗੰਡਿਆਂ ਦੀ ਅਜੀਬ ਕਿਸਮ ਦੀ ਗੰਧ ਆ ਰਹੀ ਸੀ ਪਰ ਸਾਨੂੰ ਬਹੁਤ ਚੰਗੀ ਲੱਗ ਰਹੀ ਸੀ। ਅਸੀਂ ਇਕ ਦੂਜੀ ਨਾਲ ਜਿਦ ਕੇ ਗੰਢੇ ਪੁੱਟਣ ਲੱਗੀਆਂ ਕਿ ਕੌਣ ਪਹਿਲਾਂ ਗੰਢਿਆਂ ਦੀ ਬਾਲਟੀ ਭਰਦਾ ਹੈ। ਜਿਉਂ ਹੀ ਬਾਲਟੀ ਭਰ ਜਾਂਦੀ, ਮਸੂਦ ਹੋਰੀਂ ਵੱਡੇ ਢੇਰ 'ਤੇ ਪਲਟ ਦਿੰਦੇ। ਦੁਪਹਿਰਾ ਹੋ ਚੱਲਿਆ ਸੀ, ਗਰਮੀ ਵੱਟ ਕੱਢ ਰਹੀ ਸੀ। ਸਭ ਦੇ ਕੱਪੜੇ ਮੁੜਕੇ ਨਾਲ ਤਰੋ-ਤਰ ਹੋ ਗਏ ਸਨ। ਫਿਰ ਮਸੂਦ ਨੇ ਕੰਮ ਬੰਦ ਕਰਨ ਦਾ ਕਿਹਾ ਤੇ ਉਹ ਝੁੰਬੇ ਵਿਚ ਚਲੇ ਗਏ।

ਸ਼ਾਮੀਂ ਮਸੂਦ ਨੇ ਸਾਰੇ ਗੰਢੇ ਇਕ ਥਾਂ ਇਕੱਠੇ ਕੀਤੇ ਤੇ ਸਾਨੂੰ ਟਰੱਕ 'ਤੇ ਚੜ੍ਹਨ ਨੂੰ ਕਿਹਾ। ਸਈਅਦ ਹੋਰੀਂ, ਮਸੂਦ ਨਾਲ ਅੱਗੇ ਬੈਠ ਗਏ। ਖੈਰੀ ਨੇ ਕਿਹਾ ਕਿ ਉਹ ਰਾਤੀਂ ਭੇਡਾਂ ਕੋਲ ਖੇਤ ਵਿਚ ਹੀ ਰੁਕੇਗਾ ਤੇ ਉਹ ਉਸ ਦੀ ਰੋਟੀ ਦੇ ਜਾਣ। ਟਰੱਕ ਤੁਰ ਪਿਆ। ਹੁਣ ਟਰੱਕ ਹੌਲੀ ਜਾ ਰਿਹਾ ਸੀ। ਅਸੀਂ ਵੀ ਟਿਕੀਆਂ ਹੋਈਆਂ ਬੈਠੀਆਂ ਸਾਂ। ਇੰਨੇ ਨੂੰ ਘਰ ਆ ਗਿਆ ਤੇ ਅਸੀਂ ਭੱਜ ਕੇ ਵਿਹੜੇ ਜਾ ਵੜੀਆਂ। ਮਾਂ ਨੇ ਬੜਾ ਕਿਹਾ ਕਿ ਨਹਾ ਧੋ ਲਵੋ, ਪਰ ਅਸੀਂ ਭੱਜ ਕੇ ਬੀਹੀ ਵਿਚ ਖੇਡਦੇ ਜੁਆਕਾਂ ਕੋਲ ਚਲੀਆਂ ਗਈਆਂ। ਸ਼ਾਮ ਹੋ ਗਈ ਤੇ ਖਾਣਾ ਖਾ ਕੇ ਅਸੀਂ ਪੌੜੀਆਂ ਚੜ੍ਹ ਕੇ ਛੱਤ 'ਤੇ ਚਲੀਆਂ ਗਈਆਂ। ਅਜੇ ਦਿਨ ਦੀ ਲਾਲੀ ਥੋੜ੍ਹੀ ਹੈ ਸੀ। ਮੈਂ ਕੋਠੇ 'ਤੇ ਖੜ੍ਹ ਕੇ ਮਾਊਂਟ ਸਿੰਜਾਰ ਵਲ ਨਜ਼ਰ ਮਾਰੀ। ਪਹਾੜ ਇਸ ਵੇਲੇ ਕਾਲਸ ਜਿਹੀ 'ਚ ਘਿਰਦਾ ਜਾ ਰਿਹਾ ਸੀ। ਮੈਂ ਉਧਰ ਵੇਖਿਆ ਜਿੱਧਰ ਥੋੜ੍ਹੀ ਦੇਰ ਪਹਿਲਾਂ ਸੂਰਜ ਛਿਪਿਆ ਸੀ। ਇਸ ਪਾਸੇ ਦੂਰ ਦੂਰ ਤੱਕ ਰੇਤਾ ਵਿਛਿਆ ਪਿਆ ਸੀ। ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਮਾਰੂਥਲ ਹੀ ਮਾਰੂਥਲ ਸੀ। ਜਿੰਜ਼ਾਲ, ਖੈਰੀ ਦੀ ਰੋਟੀ ਫੜ੍ਹਾ ਕੇ ਖੇਤੋਂ ਮੁੜ ਆਇਆ ਸੀ। ਮਾਂ ਚੁੱਲਾ ਚੌਂਕਾ ਨਿਪਟਾ ਕੇ ਉਪਰ ਆ ਸਾਡੇ ਵਿਚਾਲੇ ਲੇਟ ਗਈ। ਅਸੀਂ ਅਸਮਾਨ 'ਚ ਚਮਕਦੇ ਤਾਰੇ ਵੇਖ ਰਹੇ ਸਾਂ। ਇੰਨੇ ਨੂੰ ਛਿਪਦੇ ਵਲੋਂ ਠੰਢੀ ਠੰਢੀ ਹਵਾ ਰੁਮਕਣ ਲੱਗੀ। ਪਤਾ ਨਹੀਂ ਕਿਸ ਵੇਲੇ ਨੀਂਦ ਨੇ ਦਬੋਚ ਲਿਆ।

**(3)**

ਅਗਲੇ ਦਿਨ ਅਜੇ ਮੂੰਹ ਹਨੇਰਾ ਹੀ ਸੀ ਜਦੋਂ ਮੇਰੀ ਅੱਖ ਖੁੱਲ੍ਹ ਗਈ। ਵਿਹੜੇ 'ਚੋਂ 'ਥੱਪ ਥੱਪ' ਦੀ ਆਵਾਜ਼ ਆ ਰਹੀ ਸੀ। ਮੈਂ ਬਨੇਰੇ ਤੋਂ ਹੇਠਾਂ ਝਾਕੀ। ਮਾਂ ਤੰਦੂਰ 'ਤੇ ਰੋਟੀ ਪਕਾ ਰਹੀ ਸੀ। ਮੈਂ ਦੂਜੇ ਭੈਣ-ਭਰਾਵਾਂ ਨੂੰ ਜਗਾਇਆ ਤੇ ਅਸੀਂ ਸਾਰੇ ਹੇਠਾਂ ਉਤਰ ਆਏ। ਜ਼ਾਹਰਾ ਪਹਿਲਾਂ ਹੀ ਮਾਂ ਕੋਲ ਬੈਠੀ ਸੀ। ਮਾਂ ਨੇ ਸਭ ਨੂੰ ਰੋਟੀ ਖੁਆਈ। ਥੋੜ੍ਹਾ ਥੋੜ੍ਹਾ ਭੇਡ ਦਾ ਦੁੱਧ ਵੀ ਮਿਲਿਆ। ਮਾਂ ਨੇ ਸਾਨੂੰ ਹਦਾਇਤ ਕੀਤੀ ਕਿ ਅੱਜ ਸਕੂਲ ਲੱਗੇਗਾ ਤੇ ਅਸੀਂ ਤਿਆਰ ਹੋ ਜਾਈਏ। ਅਸੀਂ ਤਿਆਰ ਹੋ ਕੇ ਸਕੂਲ ਪਹੁੰਚ ਗਈਆਂ। ਮੇਰਾ ਅਧਿਆਪਕ ਨਾਲ ਦੇ ਪਿੰਡ ਤੋਂ ਇਕ ਸੁੰਨੀ ਅਰਬ ਸੀ। ਉਹ ਅਰਬੀ ਬੋਲਦਾ ਸੀ ਤੇ ਸਾਨੂੰ ਵੀ ਅਰਬੀ ਸਿੱਖਣ ਲਈ ਕਹਿੰਦਾ। ਉਂਜ ਭਾਵੇਂ ਸਾਡੀ ਮਾਤ-ਭਾਸ਼ਾ ਕੁਰਦਿਸ਼ ਸੀ ਪਰ ਇਹ ਮੇਰੇ ਅਧਿਆਪਕ ਕਰਕੇ ਹੀ ਸੀ ਕਿ ਮੈਂ ਅਰਬੀ ਸਿੱਖ ਗਈ।

ਸਕੂਲੋਂ ਛੁੱਟੀ ਹੋਣ 'ਤੇ ਅਸੀਂ ਸਭ ਘਰ ਮੁੜ ਆਏ। ਮਾਂ ਨੇ ਖਾਣਾ ਦਿੱਤਾ। ਖਾ ਪੀ ਕੇ ਅਸੀਂ ਮਾਂ ਨਾਲ ਵਿਹੜਾ ਸਾਫ ਕਰਵਾਉਣ ਲੱਗੇ। ਇੰਨੇ ਨੂੰ ਬੀਹੀ ਵਲੋਂ 'ਖੜੱਪ ਖੜੱਪ' ਦੀ ਆਵਾਜ਼ ਆਈ। ਮੈਂ ਭੱਜ ਕੇ ਬੀਹੀ ਵਲ ਗਈ। ਸ਼ਾਮੀ ਅੰਮਾ ਆਪਣੀਆਂ ਖਰੌੜੀਆਂ 'ਤੇ ਤੁਰਦੀ ਆ ਰਹੀ ਸੀ। ਮੈਂ ਪਿਛਲੇ ਕਈ ਦਿਨਾਂ ਤੋਂ ਉਸ ਨੂੰ ਉਡੀਕ ਰਹੀ ਸਾਂ, ਕਿਉਂਕਿ ਸ਼ਾਮੀ ਅੰਮਾ ਕਹਾਣੀਆਂ ਬਹੁਤ ਸੁਣਾਉਂਦੀ ਸੀ। ਉਸ ਦੀਆਂ ਗੱਲਾਂ ਬਹੁਤ ਦਿਲਚਸਪ ਹੁੰਦੀਆਂ। ਸ਼ਾਮੀ ਅੰਮਾ ਦਾ ਘਰ ਸਾਡੀ ਬੀਹੀ ਦੇ ਸਿਰੇ 'ਤੇ ਸੀ। ਉਹ ਪਿੰਡ ਦੀ ਇਕ ਸਤਿਕਾਰਤ ਔਰਤ ਸੀ ਤੇ ਇਕੱਲੀ ਹੀ ਰਹਿੰਦੀ ਸੀ। ਕਈ ਵਾਰੀ ਪੁੱਛਣਾ ਚਾਹਿਆ ਕਿ ਉਹ ਇਕੱਲੀ ਕਿਉਂ ਹੈ, ਪਰ ਹੌਸਲਾ ਨਾ ਪਿਆ। ਇੰਨੇ ਨੂੰ ਉਹ ਨੇੜੇ ਆ ਗਈ ਤੇ ਮੇਰਾ ਹੱਥ ਫੜ੍ਹਦਿਆਂ ਬੋਲੀ, "ਓ ਮੇਰੀ ਆਸਮਾ ਬੱਚੀ, ਕਿਵੇਂ ਐਂ ਤੂੰ?"

"ਅੰਮਾ ਮੈਂ ਠੀਕ ਆਂ। ਤੇਰਾ ਕੀ ਹਾਲ ਐ?"

"ਬੱਚੀਏ ਮੈਂ ਸਹੀ ਸਲਾਮਤ ਆਂ। ਪਰ ਹਾਂ ਦੱਸ ਤੇਰਾ ਸਕੂਲ ਕਿਵੇਂ ਰਿਹਾ ਅੱਜ?"

"ਅੰਮਾ ਸਕੂਲ ਠੀਕ ਸੀ। ਪਰ ਅੱਜ ਤੈਥੋਂ ਕਹਾਣੀਆਂ ਸੁਣਨੀਆਂ ਨੇ।"

ਉਸ ਨੇ ਮੇਰੀ ਗੱਲ 'ਤੇ ਕੋਈ ਧਿਆਨ ਨਾ ਦਿੱਤਾ ਤੇ ਆਪਣੀ ਹੀ ਤੋਰਦਿਆਂ ਬੋਲੀ, "ਅੱਛਾ, ਫੇਰ ਤੂੰ ਕਿਹੜੀ ਜਮਾਤ ਵਿਚ ਹੋ ਗਈ?"

"ਲੈ ਕਿੰਨੀ ਵਾਰੀ ਤਾਂ ਦੱਸਿਐ ਕਿ ਮੈਂ ਚੌਥੀ ਜਮਾਤ 'ਚ ਆਂ। ਪਰ ਅੰਮਾ ਤੂੰ ਮੇਰੀ ਗੱਲ ਨ੍ਹੀਂ ਸੁਣੀ। ਅੱਜ ਸਾਨੂੰ ਕਹਾਣੀਆਂ ਸੁਣਾ।"

"ਅੱਛਾ ਅੱਛਾ। ਚੱਲ ਘਰੇ ਚੱਲੀਏ।" ਉਹ ਮੇਰਾ ਹੱਥ ਛੱਡ ਘਰ ਵਲ ਤੁਰ ਪਈ। ਮੇਰੀ ਮਾਂ ਕੰਮ ਛੱਡ ਕੇ ਸ਼ਾਮੀ ਅੰਮਾ ਦੇ ਸੁਆਗਤ ਲਈ ਅਗਾਂਹ ਆ ਗਈ। ਇਕ ਕੁਰਸੀ 'ਤੇ ਬਿਠਾ ਉਸ ਨੇ ਅੰਮਾ ਲਈ ਨਿੰਬੂ ਦੇ ਜੂਸ ਦਾ ਗਲਾਸ ਭਰ ਲਿਆਂਦਾ। ਕੋਲ ਆ ਕੇ ਉਸ ਨੇ ਜੂਸ 'ਚ ਖੰਡ ਪਾਈ ਤੇ ਘੋਲ ਕੇ ਸ਼ਾਮੀ ਅੰਮਾ ਵਲ ਗਲਾਸ ਵਧਾਇਆ। ਸ਼ਾਮੀ ਅੰਮਾ ਨੇ ਮਾਂ ਦਾ ਸ਼ੁਕਰਾਨਾ ਕਰਦਿਆਂ ਗਲਾਸ ਫੜ੍ਹ ਲਿਆ। ਕੁਝ ਘੁੱਟਾਂ ਭਰ ਬੋਲੀ, "ਸਾਇਰਾ ਬੀਬੀ, ਸੱਚ ਜਾਣੀਂ ਬੜੇ ਦਿਨਾਂ ਪਿੱਛੋਂ ਮਿੱਠੇ ਦਾ ਸਵਾਦ ਚੱਖਿਐ।"

"ਅੰਮਾ, ਮਿੱਠਾ ਕਿੱਥੇ ਲੱਭਦੈ। ਇਹ ਤਾਂ ਬਹੁਤ ਪਹਿਲਾਂ ਖਰੀਦੀ ਖੰਡ ਬਚਾ ਕੇ ਰੱਖੀ ਹੋਈ ਸੀ। ਸੋਚਿਆ ਅੱਜ ਅੰਮਾ ਨੂੰ ਮਿੱਠਾ ਪਿਆ ਦਿਆਂ।"

"ਤੇਰਾ ਸ਼ੁਕਰਾਨਾ ਪੁੱਤਰੀਏ। ਮੈਂ ਬੜੀਆਂ ਕੋਸ਼ਿਸ਼ਾਂ ਕਰ ਹਟੀ ਕਿ ਭੋਰਾ ਖੰਡ ਮਿਲ ਜਾਵੇ, ਪਰ ਕੀ ਕਰਾਂ ਲੱਭਦੀ ਈ ਨ੍ਹੀਂ।"

"ਅੰਮਾ, ਕੱਲ੍ਹ ਸਾਮਾਨ ਵੇਚਣ ਵਾਲਾ ਆਇਆ ਸੀ। ਉਸ ਦੱਸਿਆ ਕਿ ਖੰਡ ਵਰਗੀਆਂ ਜ਼ਰੂਰੀ ਵਸਤਾਂ ਸਿੰਜਾਰ ਤਾਂ ਕੀ, ਮੋਸਲ ਤੱਕ ਵੀ ਨ੍ਹੀਂ ਮਿਲਦੀਆਂ। ਕਹਿੰਦਾ ਇਹ ਸਭ, ਸੈਂਕਸ਼ਨਾਂ ਕਰਕੇ ਐ। ਜਦੋਂ ਦੀਆਂ ਅਮਰੀਕਨਾਂ ਨੇ ਇਰਾਕ 'ਤੇ ਸੈਂਕਸ਼ਨਾਂ ਲਾਈਆਂ ਨੇ ਤਾਂ ਸਭ ਕੁਛ ਬੰਦ ਹੋ ਗਿਆ। ਚੰਗੀ ਚੀਜ਼ ਖਾਣ ਨੂੰ ਤਰਸੇ ਪਏ ਆਂ।"

"ਸਾਇਰਾ ਬੀਬੀ, ਅਮਰੀਕਨ ਚਾਹੁੰਦੇ ਨੇ ਕਿ ਸੱਦਾਮ ਹੁਸੈਨ ਟੁੱਟ ਜਾਵੇ। ਇਸੇ ਕਰਕੇ ਉਨ੍ਹਾਂ ਸੈਂਕਸ਼ਨਾਂ ਲਾਈਆਂ ਨੇ।"

"ਪਰ ਅੰਮਾ, ਸੱਦਾਮ ਬੁੱਚੜ ਤਾਂ ਕਦੇ ਵੀ ਨ੍ਹੀਂ ਟੁੱਟੇਗਾ। ਆਪਾਂ ਤਾਂ ਆਪ ਕਹਿੰਨੇ ਆਂ ਕਿ ਕੁਛ ਵੀ ਹੋ ਜਾਵੇ, ਔਖੇ ਹੋ ਲਵਾਂਗੇ, ਕਿਵੇਂ ਨਾ ਕਿਵੇਂ ਇਸ ਤੋਂ ਖਹਿੜਾ ਛੁੱਟੇ। ਪਰ ਲੱਗਦਾ ਨ੍ਹੀਂ ਖਹਿੜਾ ਛੁੱਟੂ। ਉਂਜ ਜਦੋਂ ਦੀਆਂ ਸੈਂਕਸ਼ਨਾਂ ਲੱਗੀਆਂ ਨੇ, ਆਪਣੇ 'ਤੇ ਜ਼ੁਲਮ ਘਟ ਗਿਐ। ਉਦੋਂ ਦਾ ਆਪਣੇ ਕੁਰਦਿਸ਼ ਇਲਾਕੇ ਵਲ ਨ੍ਹੀਂ ਆਇਆ। ਪਹਿਲਾਂ ਤਾਂ ਜਿਉਣ ਈ ਨ੍ਹੀਂ ਦਿੰਦਾ ਸੀ।"

"ਸਾਇਰਾ ਪੁੱਤਰੀਏ, ਇਹ ਬੜਾ ਜ਼ਾਲਮ ਹੁਕਮਰਾਨ ਐ। ਵੇਖ ਲੈ ਮੇਰਾ ਤਾਂ ਇਸ ਨੇ ਘਰ ਸੱਖਣਾ ਕਰ ਦਿੱਤਾ। ਅਜੇ ਪਤਾ ਨ੍ਹੀਂ ਹੋਰ ਕੀ ਕੀ ਵੇਖਣਾ ਬਾਕੀ ਐ।"

ਮੈਂ ਬੜੇ ਧਿਆਨ ਨਾਲ ਸ਼ਾਮੀ ਅੰਮਾ ਦੀਆਂ ਗੱਲਾਂ ਸੁਣ ਰਹੀ ਸਾਂ। ਜਦੋਂ ਘਰ ਸੱਖਣਾ ਕਰਨ ਦਾ ਕਹਿੰਦਿਆਂ ਉਸ ਨੇ ਹਉਕਾ ਭਰਿਆ ਤਾਂ ਮੈਂ ਅਣਭੋਲ ਪੁੱਛਿਆ, "ਅੰਮਾ, ਤੇਰਾ ਘਰ ਸੱਖਣਾ ਕਿਉਂ ਹੋ ਗਿਆ?"

ਮਾਂ ਨੇ ਮੇਰੇ ਵਲ ਘੂਰ ਕੇ ਵੇਖਿਆ ਪਰ ਸ਼ਾਮੀ ਅੰਮਾ ਨੇ ਬੁਰਾ ਨਾ ਮੰਨਿਆ, ਕੁੱਝ ਪਲ ਖਾਮੋਸ਼ ਰਹਿਣ ਪਿੱਛੋਂ ਦੱਸਣ ਲੱਗੀ, "ਉਏ ਆਸਮਾ ਬੱਚੀਏ, ਮੇਰੇ ਤਿੰਨ ਪੁੱਤਰ ਸਨ। ਵੱਡਾ ਪਹਿਲਾਂ, ਕੁਰਦਸਤਾਨ ਤੇ ਇਰਾਕ ਝਗੜੇ 'ਚ ਮਾਰਿਆ ਗਿਆ। ਉਸ ਤੋਂ ਛੋਟਾ ਵੀ ਫੌਜ ਵਿਚ ਸੀ। ਉਸ ਨੂੰ ਇਰਾਨ-ਇਰਾਕ ਜੰਗ ਨੇ ਖਾ ਲਿਆ। ਤੀਸਰਾ ਤੇ ਸਭ ਤੋਂ ਛੋਟਾ ਕੁਵੈਤ ਦੇ ਝਗੜੇ ਵੇਲੇ ਅਮਰੀਕਾ ਵਾਲੀ ਜੰਗ ਵਿਚ ਚਲ ਵਸਿਆ। ਮੇਰਾ ਘਰ ਖਾਲੀ ਹੋ ਗਿਆ।"

"ਅੰਮਾ, ਤੇਰੀ ਲੱਤ ਨੂੰ ਕੀ ਹੋ ਗਿਆ?" ਡਰਦਿਆਂ ਜ਼ਾਹਰਾ ਨੇ ਪੁੱਛਿਆ ਤਾਂ ਅੰਮਾ ਦੱਸਣ ਲੱਗੀ, "ਇਹ ਉਸ ਵੇਲੇ ਦੀ ਗੱਲ ਐ ਜਦੋਂ ਕੁਰਦਾਂ ਤੇ ਇਰਾਕੀਆਂ ਦੀ ਜੰਗ ਹੋਈ ਸੀ। ਜੰਗ ਪਿੱਛੋਂ ਆਪਣੀ ਨੇੜਲੀ ਸਰਹੱਦ 'ਤੇ ਭੇਡਾਂ ਚਾਰਦਿਆਂ ਮੇਰਾ ਪੈਰ ਬਾਰੂਦੀ ਸੁਰੰਗ 'ਤੇ ਜਾ ਪਿਆ। ਸੁਰੰਗ ਫਟ ਗਈ ਤੇ ਮੇਰੀ ਖੱਬੀ ਲੱਤ ਨੁਕਸਾਨੀ ਗਈ। ਪਿੱਛੋਂ ਡਾਕਟਰ ਨੇ ਗੋਡੇ ਤੋਂ ਉਪਰੋਂ ਲੱਤ ਕੱਟ ਦਿੱਤੀ। ਉਦੋਂ ਤੋਂ ਖਰੌੜੀਆਂ 'ਤੇ ਤੁਰਦੀ ਆਂ।"

ਸੁਣ ਕੇ ਚੁੱਪ ਪਸਰ ਗਈ। ਫਿਰ ਮਾਂ ਨੇ ਗੱਲ ਅੱਗੇ ਤੋਰੀ, "ਅੰਮਾ, ਇਨ੍ਹਾਂ ਜੰਗਾਂ ਨੇ ਮਾਂਵਾਂ ਨੂੰ ਜਿਉਂਦੀਆਂ ਮਾਰ ਦਿੱਤਾ। ਵੇਖ ਲੈ ਮੇਰਾ ਸਲੀਮ ਪੁੱਤਰ ਵੀ ਘਰੋਂ ਗਿਆ ਨਾ ਮੁੜਿਆ...।" ਇੰਨਾ ਕਹਿੰਦਿਆਂ ਮਾਂ ਹਉਕਾ ਭਰਦਿਆਂ ਹੰਝੂ ਪੂੰਝਣ ਲੱਗੀ। ਉਸ ਵਲ ਵੇਖ ਅੰਮਾ ਬੋਲੀ, "ਜੰਗ ਹੋਵੇ ਜਾਂ ਨਾ, ਪਰ ਆਪਣੇ ਜਾਜ਼ੀਦੀ ਲੋਕਾਂ 'ਤੇ ਤਾਂ ਮੁਸੀਬਤਾਂ ਦੇ ਪਹਾੜ ਟੁੱਟਦੇ ਈ ਰਹਿੰਦੇ ਨੇ। ਪਿਛਲੇ ਦਿਨੀਂ ਤੁਰਕੀ ਵਲ ਦੀ ਸਰਹੱਦ 'ਤੇ ਸੱਦਾਮ ਹੁਸੈਨ ਨੇ ਪਤੈ ਕੀ ਜ਼ੁਲਮ ਕੀਤਾ?"

"ਨ੍ਹੀਂ ਅੰਮਾ, ਸਾਨੂੰ ਤਾਂ ਨ੍ਹੀਂ ਪਤਾ। ਤੂੰ ਹੀ ਦੱਸ।"

"ਇਸ ਨੇ ਪੂਰੇ ਦਾ ਪੂਰਾ ਪਿੰਡ ਮਾਰ ਮੁਕਾਇਆ। ਜ਼ਹਿਰੀਲੀ ਗੈਸ ਛੱਡ ਦਿੱਤੀ ਲੋਕਾਂ 'ਤੇ। ਬਹੁਤੇ ਮਰ ਗਏ ਤੇ ਜੋ ਬਚੇ ਉਹ ਉਮਰ ਭਰ ਲਈ ਨਕਾਰਾ ਹੋ ਗਏ। ਕੋਈ ਅੰਨਾ ਹੋ ਗਿਆ, ਕੋਈ ਗੂੰਗਾ ਤੇ ਕੋਈ ਲੰਗੜਾ ਲੂਲ੍ਹਾ।"

"ਪਰ ਅੰਮਾ ਇਹ ਜ਼ੁਲਮ ਇਸ ਨੇ ਕਿਉਂ ਕੀਤਾ?"

"ਉਹ ਇਕ ਛੋਟਾ ਜਿਹਾ ਪਿੰਡ ਆਪਣੇ ਜਾਜ਼ੀਦੀ ਲੋਕਾਂ ਦਾ ਐ। ਉਨ੍ਹਾਂ 'ਤੇ ਇਲਜ਼ਾਮ ਲਾਇਆ ਸੀ ਕਿ ਉਹ ਮੁਲਕ ਦੇ ਗੱਦਾਰ ਨੇ ਤੇ ਕੁਰਦਸਤਾਨ ਦਾ ਪੱਖ ਪੂਰਦੇ ਨੇ।"

"ਬੇੜਾ ਗਰਕ ਹੋਵੇ ਇਸ ਚੰਦਰੇ ਹਾਕਮ ਦਾ।" ਮਾਂ ਨੇ ਸੱਦਾਮ ਹੁਸੈਨ ਨੂੰ ਕੋਸਿਆ।

"ਸਾਇਰਾ ਬੀਬੀ, ਆਪਣੇ ਨਾਲ ਤਾਂ ਕਿਸੇ ਨੇ ਵੀ ਸੁੱਖ ਨ੍ਹੀਂ ਗੁਜ਼ਾਰੀ। ਪਿਛੇ ਵਲ ਨਿਗ੍ਹਾ ਮਾਰੀਏ ਤਾਂ ਇਹੀ ਕੁਛ ਹੁੰਦਾ ਆ ਰਿਹੈ।"

ਜ਼ਾਹਰਾ ਛੇਤੀ ਦੇਣੇ ਅੰਮਾ ਨੇੜੇ ਹੁੰਦਿਆਂ ਬੋਲੀ, "ਅੰਮਾ, ਅੱਜ ਆਪਣੇ ਪਿਛੋਕੜ ਦੀਆਂ ਗੱਲਾਂ ਸੁਣਾ। ਬੜਾ ਚਿਰ ਹੋ ਗਿਆ ਤੈਥੋਂ ਸੁਣਿਆਂ।"

"ਲੈ ਮੈਂ ਜੂਸ ਮੁਕਾ ਲਵਾਂ। ਫੇਰ ਕਰਦੇ ਆਂ ਉਹ ਗੱਲਾਂ।" ਉਹ ਖੁਦ ਵੀ ਇਸ ਵਿਸ਼ੇ 'ਤੇ ਬੜੀ ਰੀਝ ਨਾਲ ਚਰਚਾ ਕਰਦੀ ਹੁੰਦੀ ਸੀ। ਉਸ ਨੂੰ ਵਾਰ ਵਾਰ ਆਪਣੇ ਵਡੇਰਿਆਂ ਦੀਆਂ, ਜਾਜ਼ੀਦੀ ਲੋਕਾਂ 'ਤੇ ਹੋਏ ਜ਼ੁਲਮਾਂ ਦੀਆਂ ਗੱਲਾਂ ਕਰਨ ਦੀ ਖਿੱਚ ਰਹਿੰਦੀ ਸੀ। ਉਸ ਨੇ ਜੂਸ ਮੁਕਾ ਕੇ ਗਲਾਸ ਪਾਸੇ ਰੱਖ ਦਿੱਤਾ ਤਾਂ ਮਾਂ ਨੇ ਕੁਰਸੀਆਂ ਤੇ ਮੂਹੜੇ ਛਾਂ ਹੇਠ ਕਰ ਲਏ। ਅੰਮਾ ਵੀ ਉਠ ਕੇ ਦੂਸਰੇ ਮੂਹੜੇ 'ਤੇ ਬਹਿ ਗਈ। ਅਸੀਂ ਸਾਰੇ ਉਸ ਦੇ ਆਲੇ-ਦੁਆਲੇ ਝੁਰਮਟ ਪਾ ਕੇ ਬੈਠ ਗਏ। ਸਾਨੂੰ ਲੱਗਾ ਜਿਵੇਂ ਮਨ ਚਾਹੀ ਮੁਰਾਦ ਮਿਲ ਗਈ ਹੋਵੇ।

"ਬੱਚੀਓ, ਆਪਣਾ ਜਾਜ਼ੀਦੀ ਧਰਮ ਬਹੁਤ ਪੁਰਾਣਾ ਐ। ਪਰ ਆਪਣਾ ਵਾਧਾ ਬਹੁਤਾ ਨ੍ਹੀਂ ਹੋਇਆ, ਕਿਉਂਕਿ ਆਪਣੇ 'ਤੇ ਜ਼ੁਲਮ ਬੜੇ ਹੁੰਦੇ ਰਹੇ। ਜਦੋਂ ਕਿਤੇ ਇਹ ਸਿਲਸਿਲਾ ਚੱਲਦਾ ਤਾਂ ਹਜ਼ਾਰਾਂ ਜਾਜ਼ੀਦੀ ਲੋਕਾਂ ਨੂੰ ਹੋਰ ਧਰਮਾਂ ਵਾਲੇ ਮਾਰ ਮੁਕਾਉਂਦੇ।"

ਇੰਨਾ ਆਖ ਅੰਮਾ ਨੇ ਸਭ ਦੇ ਚਿਹਰਿਆਂ ਵਲ ਵੇਖਿਆ ਤੇ ਫਿਰ ਅਗਾਂਹ ਦੀ ਗੱਲ ਤੋਰੀ, "ਕਿਹਾ ਜਾਂਦਾ ਐ ਕਿ ਪਹਿਲਾਂ ਖੁਦਾ ਨੇ ਬ੍ਰਹਿਮੰਡ ਬਣਾਇਆ। ਫਿਰ ਉਸ ਨੇ ਸੱਤ ਫਰਿਸ਼ਤੇ ਬਣਾਏ ਜੋ ਉਸ ਦਾ ਆਪਣਾ ਹੀ ਰੂਪ ਸਨ। ਉਸ ਪਿੱਛੋਂ ਖੁਦਾ ਨੇ ਇਨ੍ਹਾਂ ਫਰਿਸ਼ਤਿਆਂ ਦੇ ਮੁਖੀ, ਤਾਉਸੀ ਮਲਕ ਨੂੰ ਧਰਤੀ 'ਤੇ ਭੇਜਿਆ। ਤਾਉਸੀ ਮਲਕ ਮੋਰ ਦੀ ਸ਼ਕਲ 'ਚ ਧਰਤੀ 'ਤੇ ਆਇਆ। ਉਸ ਤੋਂ ਹੀ ਜਾਜ਼ੀਦੀ ਧਰਮ ਦੀ ਸ਼ੁਰੂਆਤ ਹੋਈ। ਤਾਉਸੀ ਮਲਕ ਨੇ ਐਡਮ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਪਰ ਜਿਨ੍ਹਾਂ ਲੋਕਾਂ ਮੋਰ ਨੂੰ ਪਛਾਣ ਲਿਆ ਕਿ ਇਹ ਰੱਬ ਦਾ ਮੁਖੀ ਫਰਿਸ਼ਤਾ ਐ, ਉਹ ਉਸ ਨੂੰ ਮੰਨਣ ਲੱਗੇ ਤੇ ਉਹ ਸਭ ਜਾਜ਼ੀਦੀ ਕਹਾਏ। ਤਾਉਸੀ ਮਲਕ, ਖੁਦਾ ਤੇ ਜਾਜ਼ੀਦੀ ਲੋਕਾਂ ਵਿਚਾਲੇ ਕੜੀ ਦਾ ਕੰਮ ਕਰਦੈ। ਜਦੋਂ ਤਾਉਸੀ ਮਲਕ ਮੋਰ ਦੇ ਰੂਪ ਵਿਚ ਪਹਿਲੀ ਵਾਰ ਧਰਤੀ 'ਤੇ ਆਇਆ ਤਾਂ ਉਹ ਜਾਜ਼ੀਦੀ ਧਰਮ ਦੇ ਸਾਲ ਦੀ ਸ਼ੁਰੂਆਤ ਐ।"

"ਪਰ ਅੰਮਾ, ਮੁਸਲਮਾਨ ਤਾਂ ਇਸ ਨੂੰ ਸਾਡਾ ਪਖੰਡ ਕਹਿੰਦੇ ਨੇ।" ਜ਼ਾਹਰਾ ਨੇ ਸੁਣੀ ਸੁਣਾਈ ਗੱਲ ਕਹੀ ਤਾਂ ਅੰਮਾ ਬੋਲੀ, "ਕਿਉਂਕਿ ਇਸਲਾਮ ਵਿਚ ਮੂਰਤੀ ਜਾਂ ਕਿਸੇ ਵੀ ਜੀਵ ਜੰਤੂ ਨੂੰ ਪੂਜਣ ਦੀ ਮਨਾਹੀ ਐ, ਇਸੇ ਕਰਕੇ ਉਹ ਸਾਨੂੰ ਮਖੌਲ ਕਰਦੇ ਨੇ। ਇੰਨਾ ਈ ਨ੍ਹੀਂ, ਉਹ ਤਾਂ ਸਗੋਂ ਸਾਨੂੰ ਕਾਫਰ ਕਹਿੰਦੇ ਨੇ। ਉਹ ਸਾਡੇ ਧਰਮ ਨੂੰ ਮਾਨਤਾ ਈ ਨ੍ਹੀਂ ਦਿੰਦੇ ਕਿਉਂਕਿ ਬਾਈਬਲ ਜਾਂ ਕੁਰਾਨ ਦੀ ਤਰ੍ਹਾਂ ਸਾਡੀ ਕੋਈ ਧਾਰਮਕ ਕਿਤਾਬ ਨ੍ਹੀਂ ਐ।"

"ਅੰਮਾ ਸਕੂਲ 'ਚ ਮੇਰੀ ਇਕ ਸਹੇਲੀ ਐ, ਉਹ ਕਹਿੰਦੀ ਐ ਕਿ ਜਾਜ਼ੀਦੀ ਲੋਕ ਗੰਦੇ ਨੇ ਕਿਉਂਕਿ ਉਹ ਨਹਾਉਂਦੇ ਨ੍ਹੀਂ।" ਕੋਲ ਬੈਠੀ ਜ਼ੀਨਤ ਨੇ ਕਿਹਾ।

"ਤਾਉਸੀ ਮਲਕ ਬੁੱਧਵਾਰ ਦੇ ਦਿਨ ਧਰਤੀ 'ਤੇ ਆਇਆ ਸੀ। ਇਸ ਕਰਕੇ ਇਸ ਦਿਨ ਨੂੰ ਅਸੀਂ ਬਹੁਤ ਪਵਿੱਤਰ ਮੰਨਦੇ ਆਂ। ਇਹ ਸਾਡਾ ਛੁੱਟੀ ਦਾ ਦਿਨ ਐ, ਨਾਲ ਈ ਪ੍ਰਾਰਥਨਾ ਦਾ ਵੀ। ਇਹ ਵੀ ਸਹੀ ਐ ਕਿ ਧਾਰਮਕ ਵਜ੍ਹਾ ਕਰਕੇ ਅਸੀਂ ਇਸ ਦਿਨ ਨਹਾਉਂਦੇ ਨ੍ਹੀਂ। ਇਸੇ ਇਕ ਗੱਲ ਤੋਂ ਉਹ ਸਾਨੂੰ ਗੰਦੇ ਕਹਿੰਦੇ ਨੇ। ਪਰ ਉਹ, ਇਹ ਸਿਰਫ ਨਫਰਤ ਕਰਕੇ ਕਹਿੰਦੇ ਨੇ।"

ਸ਼ਾਮੀ ਅੰਮਾ ਨੇ ਗੱਲ ਮੁਕਾ ਕੇ ਜ਼ੀਨਤ ਵਲ ਵੇਖਿਆ ਤੇ ਅੱਗੇ ਦੱਸਣ ਲੱਗੀ, "ਅਸੀਂ ਜਾਜ਼ੀਦੀ ਲੋਕ ਦੂਸਰੇ ਜਨਮ 'ਚ ਵਿਸ਼ਵਾਸ ਰੱਖਦੇ ਆਂ ਜਦੋਂ ਕਿ ਇਸਲਾਮ ਵਿਚ ਅਜਿਹਾ ਨ੍ਹੀਂ ਐ। ਇਹ ਵੀ ਇਕ ਵਜ੍ਹਾ ਐ ਕਿ ਉਹ ਸਾਨੂੰ ਨਫਰਤ ਕਰਦੇ ਨੇ। ਜਾਜ਼ੀਦੀ ਲੋਕ ਕਈ ਤਰ੍ਹਾਂ ਦੇ ਖਾਣੇ ਵੀ ਨ੍ਹੀਂ ਖਾਂਦੇ। ਅਤੇ ਮੋਰ ਦੇ ਗੂੜ੍ਹੇ ਰੰਗਾਂ ਕਾਰਨ ਸਾਡੇ ਬਹੁਤੇ ਲੋਕ ਗੂੜ੍ਹੇ ਰੰਗ ਦੇ ਕੱਪੜੇ ਵੀ ਪਹਿਨਦੇ ਨੇ। ਇਸ ਕਰਕੇ ਵੀ ਹੋਰ ਧਰਮਾਂ ਵਾਲੇ ਸਾਨੂੰ ਮਖੌਲ ਕਰਦੇ ਨੇ।"

"ਇਰਾਕ ਦੇ ਸ਼ੈਖਾਨ ਜ਼ਿਲ੍ਹੇ ਵਿਚ ਲਾਲਿਸ਼ ਸ਼ਹਿਰ ਸਾਡਾ ਧਾਰਮਕ ਸ਼ਹਿਰ ਐ। ਉਥੇ ਹੀ ਸਾਡੇ ਮੰਦਿਰ ਨੇ। ਸਾਡੇ ਪੁਜਾਰੀ ਨੂੰ ਸ਼ੇਖ ਕਿਹਾ ਜਾਂਦਾ ਐ ਜੋ ਕਿ ਉਥੇ ਲਾਲਿਸ਼ ਵਿਚ ਈ ਰਹਿੰਦੇ ਨੇ। ਬੱਚਾ ਥੋੜ੍ਹਾ ਵੱਡਾ ਹੋਵੇ ਤਾਂ ਉਸ ਨੂੰ ਪੁਜਾਰੀ ਤੋਂ ਅਸ਼ੀਰਵਾਦ ਲੈਣ ਲਈ ਉਥੇ ਲਿਜਾਇਆ ਜਾਂਦਾ ਐ। ਕੁਛ ਹੋਰ ਗੱਲਾਂ ਨੇ ਜਿਵੇਂ...।" ਇੰਨੇ ਨੂੰ ਸ਼ਾਮੀ ਅੰਮਾ ਨੂੰ ਖੰਘ ਛਿੜ ਪਈ। ਗਲਾ ਸਾਫ ਕਰਦਿਆਂ ਉਸ ਗੱਲ ਤੋਰੀ, "ਜਾਜ਼ੀਦੀ ਧਰਮ ਦੇ ਕੁਝ ਖਾਸ ਅਸੂਲ ਹਨ। ਕੋਈ ਵੀ ਧਰਮ ਤਬਦੀਲੀ ਕਰਕੇ ਜਾਜ਼ੀਦੀ ਨਹੀਂ ਬਣ ਸਕਦਾ। ਨਾ ਹੀ ਇਸ ਧਰਮ ਦਾ ਕੋਈ ਬੰਦਾ ਕਿਸੇ ਹੋਰ ਧਰਮ 'ਚ ਜਾ ਸਕਦਾ ਐ। ਜੇ ਕੋਈ ਔਰਤ ਜਾਂ ਬੰਦਾ ਕਿਸੇ ਹੋਰ ਧਰਮ ਵਾਲੇ ਨਾਲ ਵਿਆਹ ਕਰਵਾ ਲਵੇ ਤਾਂ ਉਹ ਜਾਜ਼ੀਦੀ ਨ੍ਹੀਂ ਰਹਿੰਦਾ ਤੇ ਨਾ ਹੀ ਮੁੜ ਕੇ ਧਰਮ 'ਚ ਆ ਸਕਦਾ ਹੈ। ਜਾਜ਼ੀਦੀ ਲੋਕ ਦਿਨ 'ਚ ਤਿੰਨ ਵਾਰ ਪ੍ਰਾਰਥਨਾ ਕਰਦੇ ਹਨ ਜੋ ਕਿਤੇ ਵੀ ਤੇ ਕਦੇ ਵੀ ਕੀਤੀ ਜਾ ਸਕਦੀ ਹੈ। ਰੋਟੀ ਖਾਂਦਿਆਂ, ਕੰਮ ਕਰਦਿਆਂ, ਪਰ ਆਮ ਤੌਰ 'ਤੇ ਸਵੇਰੇ ਸੂਰਜ ਅਤੇ ਰਾਤ ਨੂੰ ਚੰਦਰਮਾ ਵਲ ਵੇਖਦਿਆਂ ਹੀ ਪ੍ਰਾਰਥਨਾ ਕੀਤਾ ਜਾਂਦੀ ਹੈ। ਪਹਿਲਾਂ ਬਾਂਹ 'ਚ ਪਾਏ ਲਾਲ ਅਤੇ ਚਿੱਟੇ ਰੰਗ ਦੇ ਕੰਗਣ ਨੂੰ ਚੁੰਮ ਕੇ ਫਿਰ ਤਾਉਸੀ ਮਲਕ ਨੂੰ ਯਾਦ ਕੀਤਾ ਜਾਂਦਾ ਹੈ। ਉਸ ਨੂੰ ਆਪਣੀਆਂ ਮੁਸ਼ਕਿਲਾਂ ਜਾਂ ਜੋ ਵੀ ਦਿਲ ਵਿਚ ਹੈ, ਦੱਸ ਕੇ ਸੁਖ ਮੰਗੀ ਜਾਂਦੀ ਹੈ। ਪ੍ਰਾਰਥਨਾ ਚੁੱਪ ਚਾਪ ਸਿਰਫ ਮੂੰਹ 'ਚ ਕੀਤੀ ਜਾਂਦੀ ਹੈ। ਜਾਜ਼ੀਦੀ ਲੋਕਾਂ ਦਾ ਕਿਸੇ ਹੋਰ ਧਰਮ ਨਾਲ ਕੋਈ ਲੈਣ-ਦੇਣ ਨਹੀਂ ਹੈ। ਜਦੋਂ ਹੋਰ ਧਰਮਾਂ ਵਾਲੇ ਜਾਜ਼ਦੀ ਧਰਮ ਅਪਨਾ ਹੀ ਨਹੀਂ ਸਕਦੇ ਤਾਂ ਇਨ੍ਹਾਂ ਵਲੋਂ ਆਪਣੇ ਧਰਮ ਦਾ ਪ੍ਰਚਾਰ ਕਰਨ ਦਾ ਵੀ ਕੋਈ ਅਰਥ ਨਹੀਂ ਰਹਿ ਜਾਂਦਾ। ਜਾਜ਼ੀਦੀ ਲੋਕ ਚੁੱਪ-ਚਾਪ ਆਪਣੇ 'ਚ ਮਸਤ ਰਹਿੰਦੇ ਸ਼ਾਂਤਮਈ ਜ਼ਿੰਦਗੀ ਜਿਉਂਦੇ ਹਨ। ਪਰ ਫਿਰ ਸੁਆਲ ਪੈਦਾ ਹੁੰਦਾ ਐ ਕਿ ਇਹ ਧਰਮ ਬਚਦਾ ਕਿਵੇਂ ਹੈ? ਕਿਉਂਕਿ ਹੁਣ ਤੱਕ ਜਾਜ਼ੀਦੀਆਂ ਵਿਰੁਧ 73 ਫਰਮਾਨ ਜਾਰੀ ਹੋ ਚੁਕੇ ਹਨ। ਹਰ ਫਰਮਾਨ ਦਾ ਹੁਕਮ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਧਰਤੀ ਤੋਂ ਖਤਮ ਕਰ ਦਿਉ, ਕਿਉਂਕਿ ਇਸਲਾਮ ਵਾਲੇ ਜਾਜ਼ੀਦੀਆਂ ਨੂੰ ਕਾਫਰ ਕਹਿੰਦੇ ਹਨ। ਜਦੋਂ ਹੀ ਕਦੇ ਫਰਮਾਨ ਜਾਰੀ ਹੁੰਦਾ ਤਾਂ ਜਾਜ਼ੀਦੀਆਂ ਦਾ ਵੱਡੇ ਪੱਧਰ 'ਤੇ ਕਤਲੇਆਮ ਹੁੰਦਾ ਰਿਹਾ। ਗਿਣਤੀ ਹਰ ਵਾਰੀ ਘਟ ਜਾਂਦੀ।"

"ਅੰਮਾ, ਫਿਰ ਆਪਾਂ ਆਪਣੀ ਹਸਤੀ ਕਿਵੇਂ ਕਾਇਮ ਰੱਖ ਸਕਦੇ ਆਂ?" ਸ਼ਾਮੀ ਅੰਮਾ ਦੀ ਲੰਬੀ ਗੱਲ ਸੁਣ ਕੇ ਜ਼ਾਹਰਾ ਨੇ ਪੁੱਛਿਆ ਤਾਂ ਉਹ ਦੱਸਣ ਲੱਗੀ, "ਅਸੀਂ ਆਪਣੀ ਹੋਂਦ ਤਾਂ ਹੀ ਬਰਕਰਾਰ ਰੱਖ ਸਕਦੇ ਆਂ ਜੇ ਅਸੀਂ ਇਕੱਠੇ ਰਹੀਏ। ਕਿਸੇ ਬਾਹਰੀ ਹਮਲੇ ਵੇਲੇ ਇਕਮੁੱਠ ਹੋ ਕੇ ਮੁਕਾਬਲਾ ਕਰੀਏ। ਤੇ ਇਸ ਤੋਂ ਬਿਨਾ ਹਰ ਪਰਿਵਾਰ 'ਚ ਵੱਧ ਤੋਂ ਵੱਧ ਬੱਚੇ ਪੈਦਾ ਕੀਤੇ ਜਾਣ ਤਾਂ ਕਿ ਸਾਡੀ ਗਿਣਤੀ ਘਟੇ ਨਾ। ਇਸ ਵੇਲੇ ਸਾਰੀ ਦੁਨੀਆਂ ਵਿਚ ਸਿਰਫ ਨੌਂ ਕੁ ਲੱਖ ਜਾਜ਼ੀਦੀ ਲੋਕ ਰਹਿ ਗਏ ਨੇ। ਸਾਨੂੰ ਸਾਵਧਾਨ ਰਹਿਣਾ ਪਵੇਗਾ।"

ਇਹ ਗੱਲਾਂ ਸ਼ਾਮੀ ਅੰਮਾ ਨੇ ਕੋਈ ਪਹਿਲੀ ਵਾਰ ਨਹੀਂ ਸੀ ਦੱਸੀਆਂ। ਪਤਾ ਨਹੀਂ ਕਿੰਨੀ ਵਾਰ ਉਸ ਨੇ ਇਹ ਗੱਲਾਂ ਸੁਣਾਈਆਂ ਸਨ। ਇਸੇ ਕਰਕੇ ਮੈਂ ਬੋਲੀ, "ਅੰਮਾ, ਇਹ ਗੱਲਾਂ ਤਾਂ ਤੂੰ ਪਹਿਲਾਂ ਵੀ ਬਹੁਤ ਵਾਰ ਸੁਣਾਈਆਂ ਨੇ।"

"ਆਸਮਾ ਬੱਚੀਏ, ਸਾਡੇ ਧਰਮ ਦੀ ਇਹ ਪਰੰਪਰਾ ਐ ਕਿ ਵਾਰ ਵਾਰ ਕਹਾਣੀਆਂ ਦੁਹਰਾਓ। ਇਹ ਤਾਂ ਇਸ ਤਰ੍ਹਾਂ ਐ ਜਿਵੇਂ ਧਰਮ ਇਕ ਦਰੱਖਤ ਹੋਵੇ। ਤੇ ਜਿੰਨੇ ਦਰੱਖਤ ਉਪਰ ਪੱਤੇ ਨੇ ਉਹ ਸਭ ਕਹਾਣੀਆਂ ਨੇ। ਸਾਡੀ ਕੋਈ ਧਾਰਮਕ ਕਿਤਾਬ ਤਾਂ ਹੈ ਨ੍ਹੀਂ ਬਸ ਇਹ ਕਹਾਣੀਆਂ ਈ ਨੇ ਜੋ ਸਾਨੂੰ ਚਰਚਾ ਕਰਦੇ ਰਹਿਣਾ ਚਾਹੀਦਾ ਐ।"

ਜਦੋਂ ਜਾਪਿਆ ਕਿ ਸ਼ਾਮੀ ਅੰਮਾ ਦੀ ਗੱਲ ਪੂਰੀ ਹੋ ਗਈ ਹੈ ਤਾਂ ਜ਼ਾਹਰਾ ਨੇ ਕਿਹਾ, "ਅੰਮਾ, ਹੁਣ ਦੱਸ ਕਿ ਆਪਾਂ ਇਸ ਇਲਾਕੇ 'ਚ ਕਦੋਂ ਤੇ ਕਿਵੇਂ ਆ ਕੇ ਵਸੇ?"

"ਦੱਸਦੀ ਆਂ। ਪਹਿਲਾਂ ਮੈਨੂੰ ਪਾਣੀ ਦਾ ਗਲਾਸ ਦੇਹ।" ਜ਼ਾਹਰਾ ਨੇ ਭੱਜ ਕੇ ਪਾਣੀ ਲਿਆਂਦਾ। ਅੰਮਾ ਬੋਲੀ, "ਪਹਿਲੇ ਵੇਲਿਆਂ ਵਿਚ ਜਾਜ਼ੀਦੀਆਂ ਦਾ ਕੋਈ ਪੱਕਾ ਟਿਕਾਣਾ ਨਹੀਂ ਸੀ। ਉਦੋਂ ਇਹ ਖਾਨਾਬਦੋਸ਼ਾਂ ਵਾਂਗ ਰਹਿੰਦੇ ਸਨ, ਕਦੇ ਕਿਤੇ ਤੇ ਕਦੇ ਕਿਤੇ। ਇਸ ਇਲਾਕੇ 'ਚ ਇਹ ਉਨੀ ਸੌ ਪੰਜਾਹਵਿਆਂ ਵਿਚ ਆਏ। ਇਹ ਪਿੰਡ ਲਗਾਸ਼, ਉਦੋਂ ਜਿਹੇ ਹੀ ਬੱਝਿਆ। ਪਿੰਡ ਦੇ ਮੋਢੀ ਲੋਕ ਕਬੀਲੇ ਦੇ ਰੂਪ 'ਚ ਸਿੰਜਾਰ ਪਹਾੜਾਂ ਵਲ ਭੇਡਾਂ ਚਾਰਨ ਆਏ ਸਨ। ਪਰ ਪਹਾੜ ਦੇ ਪੈਰਾਂ 'ਚ ਗਰਮੀ ਬਹੁਤ ਸੀ। ਸੋ ਵਡੇਰਿਆਂ ਨੇ ਅੱਗ ਲਾਉਂਦੀ ਧੁੱਪ ਤੋਂ ਬਚਣ ਲਈ ਇਸ ਥਾਂ 'ਤੇ ਝੁੱਗੀਆਂ ਪਾ ਲਈਆਂ। ਉਦੋਂ ਤਾਂ ਸਿਰਫ ਪੰਝੀ ਤੀਹ ਪਰਿਵਾਰ ਹੀ ਸਨ। ਉਸ ਵੇਲੇ ਇੱਥੇ ਦੀਆਂ ਜ਼ਮੀਨਾਂ ਦੇ ਮਾਲਕ, ਮੋਸਲ ਦੇ ਜ਼ਿਮੀਦਾਰ ਸਨ। ਇੱਥੇ ਮੁਜ਼ਾਰੇ ਕੰਮ ਕਰਦੇ ਸਨ। ਜਾਜ਼ੀਦੀ ਲੋਕਾਂ ਨੇ ਪੈਸਾ ਇਕੱਠਾ ਕਰਕੇ ਇਥੇ ਜ਼ਮੀਨਾਂ ਖਰੀਦੀਆਂ ਤੇ ਖੇਤੀਬਾੜੀ ਸ਼ੁਰੂ ਕਰ ਲਈ। ਫਿਰ ਅਗਾਂਹ ਵਾਧਾ ਹੁੰਦਾ ਗਿਆ। ਅੱਜ ਇਸ ਪਿੰਡ ਵਿਚ ਢਾਈ ਸੌ ਦੇ ਕਰੀਬ ਪਰਿਵਾਰ ਹਨ ਅਤੇ ਆਬਾਦੀ ਕੋਈ ਦੋ ਹਜ਼ਾਰ ਹੈ। ਇੱਧਰ ਦੇ ਬਹੁਤੇ ਪਿੰਡ ਜਾਜ਼ੀਦੀ ਲੋਕਾਂ ਦੇ ਹੀ ਹਨ। ਇਰਾਕ ਦਾ ਇਹ ਉਤਰ ਵਲ ਦਾ ਕੋਨਾ, ਦੂਜੇ ਪਾਸਿਉਂ ਸੀਰੀਆ ਤੇ ਉਪਰੋਂ ਤੁਰਕੀ ਵਾਲਾ ਇਲਾਕਾ, ਇਸ ਖੂੰਜ ਜਿਹੀ 'ਚ ਸਾਰੇ ਜਾਜ਼ੀਦੀ ਲੋਕ ਹੀ ਵਸਦੇ ਹਨ। ਲਗਾਸ਼ ਤੋਂ ਸਿੰਜਾਰ ਵਲ ਵੀ ਜ਼ਿਆਦਾ ਜਾਜ਼ੀਦੀ ਲੋਕ ਹਨ। ਉਧਰ ਮੋਸਲ ਵਲ ਜਾਜ਼ੀਦੀ ਤੇ ਸੁੰਨੀ ਮੁਸਲਮਾਨਾਂ ਦੀ ਮਿਲੀ ਜੁਲੀ ਆਬਾਦੀ ਹੈ। ਉਸ ਤੋਂ ਅੱਗੇ ਸਿਰਫ ਸੁੰਨੀ ਲੋਕ ਹਨ।"

"ਅੰਮਾ, ਆਪਣੇ ਪਿੰਡ ਇੱਥੇ ਇਕੱਠੇ ਈ ਕਿਉਂ ਨੇ?" ਜ਼ਾਹਰਾ ਨੇ ਪੁੱਛਿਆ ਤਾਂ ਸ਼ਾਮੀ ਅੰਮਾ ਬੋਲੀ, "ਆਪਣਿਆਂ ਦੇ 'ਕੱਠੇ ਰਹਿਣ ਦਾ ਇਕ ਕਾਰਨ ਇਹ ਵੀ ਐ ਕਿ ਆਪਾਂ ਘੱਟ ਗਿਣਤੀ ਆਂ ਤੇ ਘੱਟ ਗਿਣਤੀਆਂ 'ਤੇ ਹਮੇਸ਼ਾ ਜ਼ੁਲਮ ਹੁੰਦੇ ਨੇ। ਇਸ ਲਈ ਜੇ ਉਹ 'ਕੱਠੇ ਰਹਿਣਗੇ ਤਾਂ ਆਪਣਾ ਬਚਾ ਕਰ ਸਕਣਗੇ।"

"ਅੰਮਾ, ਜੇ ਸੁੰਨੀ ਆਪਾਂ ਨੂੰ ਨਫਰਤ ਕਰਦੇ ਨੇ ਤਾਂ ਆਪਣੇ ਪਿੰਡਾਂ 'ਚ ਸਾਮਾਨ ਵੇਚਣ ਕਿਉਂ ਆਉਂਦੇ ਨੇ? ਜ਼ੀਨਤ ਨੇ ਅਣਭੋਲਤਾ ਵੱਸ ਪੁੱਛਿਆ ਤਾਂ ਅੰਮਾ ਦੱਸਣ ਲੱਗੀ, "ਹੈ ਤਾਂ ਉਹ ਸੁੰਨੀ ਈ, ਪਰ ਉਹ ਵਣਜਾਰੇ ਨੇ, ਤੇ ਵਣਜਾਰੇ ਵਪਾਰੀ ਹੁੰਦੇ ਨੇ। ਵਣਜਾਰਿਆਂ ਨੇ ਆਪਣਾ ਸਾਮਾਨ ਵੇਚਣਾ ਹੁੰਦੈ। ਆਮ ਹਾਲਾਤ ਵਿਚ ਆਪਣੇ ਆਲੇ ਦੁਆਲੇ ਦੇ ਸੁੰਨੀ ਅਰਬ ਆਪਾਂ ਨੂੰ ਕੁਛ ਨ੍ਹੀਂ ਕਹਿੰਦੇ। ਉਹ ਤਾਂ ਸਿਆਸੀ ਲੋਕਾਂ ਦੀ ਚੁੱਕ 'ਤੇ ਆਪਾਂ ਨੂੰ ਨਿਸ਼ਾਨਾ ਬਣਾ ਲੈਂਦੇ ਨੇ। ਪਹਿਲਾਂ ਜਦੋਂ ਤੁਰਕ ਸਲਤਨਤ ਸੀ, ਉਦੋਂ ਉਨ੍ਹਾਂ ਨੇ ਆਪਣੇ 'ਤੇ ਜ਼ੁਲਮ ਕੀਤੇ। ਫਿਰ ਅੰਗਰੇਜ਼ਾਂ ਵੇਲੇ ਫਸਾਦ ਹੋ ਜਾਂਦੇ ਤਾਂ ਜਾਜ਼ੀਦੀ ਹੀ ਮਾਰੇ ਜਾਂਦੇ। ਜਦੋਂ ਦਾ ਸੱਦਾਮ ਹੁਸੈਨ ਆਇਐ, ਇਹ ਆਪਣਾ ਵੈਰੀ ਬਣਿਆਂ ਹੋਇਐ। ਕਹਿੰਦੈ, ਮੁਸਲਮਾਨ ਹੋ ਜਾਵੋ, ਨਹੀਂ ਤਾਂ ਮਰਨ ਲਈ ਤਿਆਰ ਰਹੋ। ਸਾਡੀ ਤਾਂ ਇਰਾਕ ਦੇ ਇਤਿਹਾਸ ਜਾਂ ਸੰਵਿਧਾਨ ਵਿਚ ਵੀ ਕੋਈ ਥਾਂ ਨ੍ਹੀਂ।"

"ਹਾਂ ਅੰਮਾ, ਸਾਨੂੰ ਉਸਤਾਦ ਇਤਿਹਾਸ ਪੜ੍ਹਾਉਂਦੇ ਨੇ ਤਾਂ ਕਿਤੇ ਵੀ ਜਾਜ਼ੀਦੀ ਲੋਕਾਂ ਦਾ ਜ਼ਿਕਰ ਨ੍ਹੀਂ ਆਉਂਦਾ।" ਜ਼ਾਹਰਾ ਨੇ ਕਿਹਾ।

"ਹਾਂ ਇਹ ਸਹੀ ਐ...।" ਇੰਨਾ ਕਹਿੰਦਿਆਂ ਸ਼ਾਮੀ ਅੰਮਾ ਨੇ ਗੱਲ ਵਿਚਾਲੇ ਹੀ ਛੱਡ ਗਲੀ ਵਲੋਂ ਆਉਂਦੇ ਖੜਕੇ ਵਲ ਧਿਆਨ ਕੀਤਾ। ਇੰਨੇ ਨੂੰ ਬੀਹੀ ਵਿਚ ਕੋਈ ਛੋਟਾ ਟਰੱਕ ਆ ਕੇ ਰੁਕਿਆ ਤੇ ਭੌਂਪੂ ਦਾ ਹਾਰਨ ਵਜਾਇਆ। ਜ਼ੀਨਤ ਛੇਤੀ ਦੇਣੇ ਬੋਲੀ, "ਮਾਂ ਵਣਜਾਰਾ ਆ ਗਿਆ। ਮੈਂ ਤਾਂ ਅੱਜ ਕੈਂਡੀਆਂ ਲਊਂਗੀ।" ਉਸ ਦੀ ਗੱਲ ਵਲ ਧਿਆਨ ਨਾ ਦਿੰਦੀ ਜ਼ਾਹਰਾ ਨੇ ਪੁੱਛਿਆ, "ਅੰਮਾ, ਅੱਜ ਕੱਲ੍ਹ ਤਾਂ ਵਣਜਾਰੇ ਟਰੱਕਾਂ 'ਤੇ ਸਾਮਾਨ ਵੇਚਣ ਆਉਂਦੇ ਨੇ। ਪਹਿਲੇ ਵੇਲਿਆਂ ਵਿਚ ਕਾਹਦੇ 'ਤੇ ਆਉਂਦੇ ਸੀ?"

"ਬਹੁਤੇ ਤਾਂ ਤੁਰ ਕੇ ਈ ਆਉਂਦੇ ਸੀ। ਪਰ ਇਕ ਬੁੱਢਾ ਡਾਕਟਰ ਹਮੇਸ਼ਾ ਊਠ 'ਤੇ ਆਉਂਦਾ ਸੀ।"

ਸਾਰੇ ਉਠਣ ਲੱਗੇ। ਮਾਂ ਨੇ ਸ਼ਾਮੀ ਅੰਮਾ ਨੂੰ ਕਿਹਾ, "ਅੰਮਾ, ਛੋਟੀ ਗੁਡੀਆ ਨੂਰੀ ਨੂੰ ਦਸਤ ਲੱਗ ਜਾਂਦੇ ਨੇ। ਕੋਈ ਦਵਾ ਬਣਾ ਦੇ੍ਹ। ਨਾਲੇ ਉਸ ਤੋਂ ਵੱਡਾ ਹਾਜ਼ਮ, ਰਾਤ ਨੂੰ ਡਰ ਕੇ ਉਠ ਖੜੋਂਦਾ ਐ ਉਸ ਲਈ ਵੀ ਕੋਈ ਧਾਗਾ ਤਵੀਤ ਤਿਆਰ ਕਰ ਦਈਂ।"

"ਹਾਂ ਹਾਂ ਤੂੰ ਆ ਜਾਵੀਂ ਜਾਂ ਕਿਸੇ ਜੁਆਕ ਨੂੰ ਭੇਜ ਦੇਈਂ। ਮੈਂ ਬਣਾ ਛੱਡੂੰ।" ਇੰਨਾ ਆਖ ਅੰਮਾ ਨੇ ਖਰੌੜੀਆਂ ਚੁੱਕੀਆਂ ਤੇ 'ਖੜੱਪ ਖੜੱਪ' ਕਰਦੀ ਘਰ ਨੂੰ ਤੁਰ ਪਈ। ਉਹ ਜੜ੍ਹੀ ਬੂਟੀ ਦੀ ਦਵਾਈ ਅਤੇ ਥੌਲਾ ਥਾਮਣ ਵੀ ਕਰਦੀ ਸੀ।

***(ਚਲਦਾ)***

## ਗਦਰ ਦੀਆਂ ਗੱਲਾਂ

# ਪੰਜਾਬੀ ਸਿੰਘ ਅਤੇ ਗੁਜਰਾਤੀ ਔਰਤਾਂ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਸ ਅੰਕ ਤੋਂ 'ਗਦਰ' ਵਿਚ ਛਪੇ ਫੁਟਕਲ ਲੇਖਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ*

*(23 ਦਸੰਬਰ 1913 ਨੂੰ ਛਪਿਆ)*

ਹਿੰਦੁਸਤਾਨੀ ਲੋਕ ਆਮ ਰਿਵਾਜ ਨਾਲ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ, ਪਰ ਅਫਰੀਕਾ ਵਿਚ ਹਿੰਦੁਸਤਾਨ ਦੀਆਂ ਦੇਵੀਆਂ ਜੋ ਕੰਮ ਕਰ ਰਹੀਆਂ ਹਨ, ਇਸ ਤੋਂ ਹਿੰਦੁਸਤਾਨੀਆਂ ਦੇ ਗਲਤ ਖਿਆਲ ਦਾ ਖੰਡਨ ਹੁੰਦਾ ਹੈ। ਅਫਰੀਕਾ ਦੇ ਜ਼ਾਲਮ ਕਾਨੂੰਨ ਨੂੰ ਤੋੜਨ ਦੀ ਖਾਤਿਰ ਉਥੇ ਦੀ(ਆਂ) ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਵਧ ਕੇ ਟਾਕਰਾ ਕੀਤਾ ਹੈ। ਗੰਨੇ ਦੇ ਖੇਤਾਂ ਦੇ ਜਲਾਓ ਤੇ ਹੋਰ ਕੰਮਾਂ ਵਿਚ ਮਰਦਾਂ ਵਾਂਗ ਕੰਮ ਕੀਤਾ ਹੈ। ਮਰਦਾਂ ਦੇ ਨਾਲ ਹੀ ਜੇਲ੍ਹ ਵਿਚ ਜਾਣ ਦਾ ਡਰ ਨਹੀਂ ਮੰਨਿਆ।

ਹੁਣ ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਾਇਆ ਸੀ ਅਤੇ ਇਕ ਇਕ ਸਿੰਘ ਸਵਾ ਲੱਖ ਨਾਲ ਲੜਨ ਦਾ ਦਾਵਾ ਰਖਦੇ ਹਨ, ਪਰ ਹੁਣ ਕੀ ਪੰਜਾਬ ਵਿਚ ਇਸੇ ਤਰ੍ਹਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ, ਪਰ ਉਹ ਪਹਿਲਾਂ ਵਰਗੀ ਕੁਵੱਤ ਤੇ ਬਹਾਦਰੀ ਸਿੰਘਾਂ ਵਿਚ ਕਿਉਂ ਨਹੀਂ ਰਹੀ। ਇਸ ਦੇ ਦੋ ਸਬੱਬ ਹਨ:

ਪਹਿਲਾ, ਉਹ ਆਦਮੀ ਜੋ ਅੰਮ੍ਰਿਤ ਬਣਾਉਂਦੇ ਹਨ, ਉਹ ਗੁਲਾਮ ਹਨ। ਗੁਰਦਵਾਰਿਆਂ ਦੇ ਗ੍ਰੰਥੀ ਅੰਗਰੇਜ਼ਾਂ ਬਾਂਦਰਾਂ ਨੂੰ ਝੁਕ ਝੁਕ ਕੇ ਸਲਾਮ ਕਰਦੇ ਦੇਖੇ ਜਾਂਦੇ ਹਨ। ਅਜਿਹੇ ਨੀਚ ਪੁਰਸ਼ ਜਿਹੜੇ ਮਜ਼੍ਹਬੀ ਲੀਡਰ ਬਣੇ ਹੋਏ ਹਨ, ਤਾਂ ਕੌਮ ਵਿਚ ਤਾਕਤ ਤੇ ਦਲੇਰੀ ਹੋ ਸਕਦੀ ਹੈ? ਜਦ ਤਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰ ਦਿਲ ਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ, ਤਦ ਤਕ ਕੋਈ ਅਸਰ ਨਹੀਂ ਹੋਵੇਗਾ। ਅੱਜ ਕਲ੍ਹ ਦੇ ਹਾਲ 'ਤੇ ਅੱਛੀ ਤਰ੍ਹਾਂ ਸਿੰਘਾਂ ਨੂੰ ਨਿਗ੍ਹਾ ਮਾਰਨੀ ਚਾਹੀਦੀ ਹੈ ਅਤੇ ਗੁਲਾਮ ਤੇ ਡਰਾਕਲ ਗ੍ਰੰਥੀਆਂ ਨੂੰ ਨਿਕਾਲ ਦੇਣਾ ਚਾਹੀਦਾ ਹੈ।

ਦੂਜਾ ਸਬੱਬ ਇਹ ਹੈ ਕਿ ਗਵਰਨਮੈਂਟ ਦੇ ਹੱਦ ਤੋਂ ਵਧੇ ਹੋਏ ਮਾਮਲੇ ਦੇਣ ਮਗਰੋਂ ਸਿੰਘਾਂ ਕੋਲ ਖਾਣੇ ਜੋਗੇ ਦਾਣੇ ਭੀ ਨਹੀਂ ਬਚਦੇ। ਅੰਗਰੇਜ਼ੀ ਗਵਰਨਮੈਂਟ ਦਿਨੋ ਦਿਨ ਮਾਮਲਾ ਵਧਾਉਂਦੀ ਜਾਂਦੀ ਹੈ। ਕੋਈ ਸਿੰਘ ਭੀ ਪੁੱਛਣ ਦੀ ਹਿੰਮਤ ਨਹੀਂ ਕਰਦਾ। ਹੁਣ ਤਾਂ ਸਾਨੂੰ ਖੁਰਾਕ ਤੇ ਪਹਿਨਣ ਨੂੰ ਕੱਪੜੇ ਭੀ ਨਹੀਂ ਮਿਲਦੇ। ਦੂਜੇ ਮੁਲਕਾਂ ਵਿਚ ਧੱਕੇ ਪੈਣ ਲੱਗੇ ਪਏ। ਹੁਣ ਤਾਂ ਮਾਮਲਾ ਵਧਾਉਣ ਤੋਂ ਬੰਦ ਕਰੋ।

1908 ਵਿਚ ਅਜੀਤ ਸਿੰਘ ਦਿਨੋ ਦਿਨ ਤੇ ਲਾਜਪਤ ਰਾਏ ਨੇ ਥੋੜ੍ਹਾ ਜਿਹਾ ਸਿਰ ਹਿਲਾਇਆ ਸੀ। ਉਸ ਵਕਤ ਬਾਰ ਦਾ ਲਗਾਨ ਘਟਾ ਦਿੱਤਾ ਸੀ। ਲਾਜਪਤ ਰਾਏ ਨੂੰ ਸਰਕਾਰੀ ਟੱਟੂ ਬਣਨ ਤੋਂ ਮਗਰੋਂ ਅਤੇ ਅਜੀਤ ਸਿੰਘ ਨੂੰ ਦੇਸ਼ ਤੋਂ ਚਲੇ ਜਾਣ 'ਤੇ ਇਸ ਸਾਲ 1913 ਵਿਚ ਫੇਰ ਲਗਾਨ ਵਧਾ ਦਿੱਤਾ ਹੈ, ਪਰ ਕੋਈ ਭੀ ਸਿੰਘ ਦੇਸ਼ ਤੇ ਚੱਲੇ, ਹੁਣ ਤਾਂ ਸਿੰਘਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਜਦ ਸੂਬੇ ਗੁਜਰਾਤ ਦੀਆਂ ਔਰਤਾਂ ਭੀ ਮੈਦਾਨ ਵਿਚ ਨਿਕਲ ਪਈਆਂ ਹਨ। ਹੁਣ ਆਪਣੇ ਨਾਂ ਤੋਂ ਜਾਂ ਤਾਂ ਸਿੰਘਾਂ ਦਾ ਪਦ ਹਟਾ ਕੇ ਗੁਜਰਾਤੀ ਔਰਤਾਂ ਨੂੰ ਦਿਉ, ਨਹੀਂ ਤਾਂ ਸ਼ੇਰ ਬਣ ਕੇ ਮੈਦਾਨ ਵਿਚ ਆ ਜਾਉ ਅਤੇ ਗੁਰੂ ਗੋਬਿੰਦ ਸਿੰਘ ਦੇ ਬਖਸ਼ੇ ਖਿਤਾਬ ਦੀ ਇੱਜਤ ਕਰੋ।

## ਹਾਏ ਸਾਡੀ ਦਿਸ਼ਾ

*(17 ਫਰਵਰੀ 1913 ਨੂੰ ਛਪਿਆ)*

ਅਸਮਾਨ ਬਦਲਿਆ, ਧਰਤੀ ਬਦਲੀ, ਲੋਕ ਬਦਲੇ, ਪਰ ਸਾਡੀ ਹਾਲਤ ਨਾ ਬਦਲੀ। ਦੁਨੀਆਂ ਦੀਆਂ ਰੱਦੀ ਤੋਂ ਰੱਦੀ ਕੌਮਾਂ ਜਾਗ ਪਈਆਂ ਹਨ ਤੇ ਬਹੁਤ ਛੇਤੀ ਉਨਤੀ ਕਰ ਰਹੀਆਂ ਹਨ, ਪਰ ਵਾਹ ਸਾਡੀ ਨੀਂਦ! ਐਸੇ ਸੁੱਤੇ ਹਾਂ ਕਿ ਪਾਸਾ ਨਹੀਂ ਪਰਤਦੇ। ਦੁਨੀਆਂ ਸਾਡੀ ਸ਼ਕਲ ਨਹੀਂ ਦੇਖਣਾ ਚਾਹੁੰਦੀ। ਜਿਧਰ ਜਾਈਏ, ਸਾਨੂੰ ਧੱਕੇ ਹੀ ਪੈਂਦੇ ਹਨ। ਅਫਰੀਕਾ ਵਿਚ ਸਾਡੇ ਉਤੇ ਬੇਹੱਦ ਜ਼ੁਲਮ ਹੋ ਰਿਹਾ ਹੈ। ਅਮਰੀਕਾ ਵਾਲੇ ਆਪਣੇ ਦੇਸ਼ ਵਿਚ ਨਹੀਂ ਵੜਨ ਦਿੰਦੇ। ਕਹਿੰਦੇ ਹਨ, ਇਨ੍ਹਾਂ ਦੇ ਢਿੱਡ ਵਿਚ ਕੀੜੇ ਹਨ, ਪਰ ਐ ਮੁਰਦਾ ਕੌਮ, ਤੇਰੇ ਪਿੰਡੇ ਉਤੇ ਜੂੰ ਨਹੀਂ ਤੁਰਦੀ। ਤੁਹਾਨੂੰ ਕੋਈ ਸ਼ਰਮ ਨਹੀਂ ਆਉਂਦੀ। ਕੀ ਤੁਸੀਂ ਕਦੇ ਸੋਚਿਆ ਹੈ ਕਿ ਕਿਉਂ ਤੁਹਾਨੂੰ ਅਫਰੀਕਾ ਵਿਚ ਧੱਕੇ ਪੈਂਦੇ ਹਨ? ਕਿਉਂ ਤੁਹਾਨੂੰ ਕੈਨੇਡਾ ਵਿਚ ਦੁੱਖ ਦਿਤਾ ਜਾਂਦਾ ਹੈ? ਕਿਉਂ ਅਮਰੀਕਾ ਵਿਚੋਂ ਕੱਢਣ ਦੀਆਂ ਦਲੀਲਾਂ ਹੋ ਰਹੀਆਂ ਹਨ?

ਐ ਬੀਮਾਰ ਕੌਮ, ਤੇਰੀ ਚਾਨਣ ਜਿਹੀ ਦੇਹ ਨੂੰ ਘੁਣ ਲੱਗ ਗਿਆ ਹੈ। ਉਹ ਕਿਹੜੀ ਬੀਮਾਰੀ ਹੈ, ਜੋ ਦਿਨੋ ਦਿਨ ਤੇਰਾ ਲਹੂ ਪੀ ਰਹੀ ਹੈ? ਕਿਉਂ ਤੂੰ ਚੁੱਪ ਚਾਪ ਲੋਕਾਂ ਦੇ ਧੱਕੇ ਤੇ ਮਿਹਣੇ ਲੈ ਰਹੀ ਹੈਂ? ਉਹ ਤੇਰਾ ਜੋਸ਼, ਤੇਰੀ ਸੂਰਬੀਰਤਾ, ਤੇਰੇ ਬੜੇ ਬੜੇ ਸੂਬੇ ਜੋ ਕੌਮ ਆਨ 'ਤੇ ਕੁਰਬਾਨ ਹੋਣਾ ਸਭ ਤੋਂ ਪਹਿਲਾ ਫਰਜ਼ ਸਮਝਦੇ ਹਨ, ਕਿਧਰ ਛੁਪ ਗਏ? ਅਜੇ ਕੱਲ੍ਹ ਦੀ ਗੱਲ ਹੈ, ਤੂੰ ਬੜੀਆਂ ਬੜੀਆਂ ਲੜਾਈਆਂ ਕੀਤੀਆਂ, ਬੜੇ ਬੜੇ ਵੈਰੀਆਂ ਦੇ ਸਿਰ ਕੱਟੇ। ਸਾਰੀ ਦੁਨੀਆਂ ਵਿਚ ਤੇਰਾ ਡੰਕਾ ਵੱਜਦਾ ਸੀ। ਮੇਰੇ ਸੂਰਮੇ ਬੀਰ ਇਕ ਮਣ ਭਾਰੀ ਤਲਵਾਰ ਹੱਥ ਵਿਚ ਫੜ੍ਹ ਕੇ ਵੈਰੀਆਂ ਦੇ ਸਿਰਾਂ ਉਤੇ ਇਸ ਤਰ੍ਹਾਂ ਜਾ ਗੱਜਦੇ ਸਨ ਕਿ ਸਿਰ ਕਦੇਂਰ ਕੇ ਹੀ ਪਤਾ ਲੱਗਦਾ ਸੀ।...

ਕੌਮ, ਤੇਰਾ ਉਹ ਦੇਸ਼ ਤੇ ਆਜ਼ਾਦੀ ਨਾਲ ਪਿਆਰ ਕਰਨਾ ਕਿਧਰ ਗਿਆ? ਇਹ ਸਭ ਤੇਰੀ ਗਫਲਤ ਤੇ ਅਵਿਦਿਆ ਕਰਦੀ ਹਨ (ਹੈ)। ਕੱਲ੍ਹ ਜੋ ਕੌਮਾਂ ਜੰਗਲ ਵਿਚ ਨੰਗੇ ਪਿੰਡੇ ਘਾਹ ਅਤੇ ਪੱਤੇ ਖਾ ਕੇ ਗੁਜ਼ਾਰਾ ਕਰਦੀਆਂ ਸਨ, ਅੱਜ ਉਹ ਵਿਦਿਆ ਦੇ ਜ਼ੋਰ ਨਾਲ ਬੜੀਆਂ ਬੜੀਆਂ ਤੋਪਾਂ ਤੇ ਹਵਾਈ ਜਹਾਜ ਬਣਾ ਕੇ ਆਪਣੇ ਦੇਸ਼ਾਂ ਵਿਚ ਅਨੰਦ ਭੋਗਦੀਆਂ ਹਨ, ਸਗੋਂ ਵਿਦਿਆ ਦੀ ਚਾਲਾਕੀ ਨਾਲ ਅੰਗਰੇਜ਼ੀ ਕੌਮ ਨੇ ਤੁਹਾਡਾ ਸੋਨੇ ਦੀ ਖਾਣ ਦੇਸ਼ ਸਾਂਭ ਲਿਆ ਅਤੇ ਵਿਦਿਆ ਦੇ ਜ਼ੋਰ ਨਾਲ ਹੀ ਨਿਤ ਦਿਨ ਤੁਹਾਡਾ ਨਾਸ਼ ਕਰ ਰਹੀ ਹੈ, ਪਰ ਐ ਮੁਰਦਾ ਕੌਮ, ਤੇਰੀਆਂ ਅੱਖਾਂ ਜ਼ਰਾ ਨਹੀਂ ਖੁੱਲ੍ਹਦੀਆਂ। ਤੁਹਾਡੇ ਬਾਪ ਦਾਦੇ ਦੀ ਕਮਾਈ ਲੁਟ ਕੇ ਹੁਣ ਤੁਹਾਡਾ ਲਹੂ ਪੀਤਾ ਜਾ ਰਿਹਾ ਹੈ। ਤੁਸੀਂ ਭੀ ਕੁਝ ਐਸੇ ਬੇਸ਼ਰਮ ਹੋ ਕਿ ਜ਼ਰਾ ਅਣਖ ਨਹੀਂ ਆਉਂਦੀ। ਸਗੋਂ ਦਿਨੋਂ ਦਿਨ ਗੁਲਾਮੀ ਵਿਚ ਫਸੇ ਜਾਂਦੇ ਹੋ। ਦੁਸ਼ਮਣ ਨਾਚ ਰੰਗ ਵਿਚ ਮਸਤ ਹੈ। ਤੇਰੇ ਬੱਚੇ ਅਵਿਦਿਆ ਕਾਰਨ ਕਾਲ ਅਤੇ ਪਲੇਗ ਨਾਲ ਮਰ ਰਹੇ ਹਨ। ਐ ਹਿੰਦੁਸਤਾਨੀ ਕੌਮ, ਛੇਤੀ ਹੋਸ਼ ਸੰਭਾਲ। 'ਗੱਲੀਂ ਗਦਰ ਨਾ ਹੋਈ ਪਿਆਰੇ।'

## ਦੇਸੀ ਅਤੇ ਵਲੈਤੀ ਜੋਕਾਂ

*(3 ਮਾਰਚ 1913 ਨੂੰ ਛਪਿਆ)*


ਭਾਈਓ, ਤੁਸਾਂ ਨੇ ਦੇਸੀ ਜੋਕਾਂ ਨੂੰ ਕਦੀ ਕਦੀ ਦੇਖਿਆ ਹੋਵੇਗਾ। ਇਹ ਛੋਟੇ ਕੀੜਿਆਂ ਨੂੰ ਖਾ ਕੇ ਆਪਣਾ ਗੁਜ਼ਾਰਾ ਕਰਦੀਆਂ ਹਨ। ਕਦੇ ਕਦੇ ਗਊ, ਭੈਂਸ (ਮੱਝ) ਤੇ ਹੋਰ ਪਸੂਆਂ ਦੇ ਭੀ ਲਗ ਕੇ ਉਨ੍ਹਾਂ ਦਾ ਲਹੂ ਚੂਸਣ ਦਾ ਕੰਮ ਲੱਗ ਜਾਂਦੀਆਂ ਹਨ। ਕੁਝ ਆਦਮੀ ਇਨ੍ਹਾਂ ਜੋਕਾਂ ਨੂੰ ਪਾਲ ਵੀ ਲੈਂਦੇ ਹਨ। ਜੇ ਕਿਸੇ ਆਦਮੀ ਦਾ ਲਹੂ ਖਰਾਬ ਹੋ ਜਾਵੇ ਤਾਂ ਉਸ ਦੇ ਫੋੜੇ ਫਿਨਸੀਆਂ ਉਤੇ ਲਾ ਕੇ ਉਸ ਦਾ ਗੰਦਾ ਅਤੇ ਮੈਲਾ ਲਹੂ ਚੂਸ ਲੈਂਦੀਆਂ ਹਨ। ਇਹ ਜੋਕਾਂ ਹੌਲੀ ਹੌਲੀ ਸਾਰਾ ਲਹੂ ਚੂਸ ਲੈਂਦੀਆਂ ਹਨ, ਪਰ ਕੋਈ ਦੁੱਖ ਨਹੀਂ ਹੁੰਦਾ। ਇਸ ਕੀੜੇ ਦੀ ਇਹ ਆਦਤ ਹੈ ਕਿ ਜਦ ਇਸ ਦਾ ਪੇਟ ਭਰ ਜਾਂਦਾ ਹੈ ਤਾਂ ਆਪੇ ਹੀ ਉਸ ਥਾਂ ਨੂੰ ਛੱਡ ਦਿੰਦਾ ਹੈ।

ਇਹ ਤਾਂ ਦੇਸੀ ਜੋਕਾਂ ਹਨ। ਹੁਣ ਪਰਦੇਸੀ ਜੋਕਾਂ ਦਾ ਹਾਲ ਸੁਣੋ! ਵਲੈਤੀ ਜੋਕਾਂ ਇਸ ਤੋਂ ਬਿਲਕੁਲ ਨਿਰਾਲੀਆਂ ਹਨ। ਇਹ ਛੋਟੇ ਕੱਦ ਦੇ ਕੀੜੇ ਹੁੰਦੇ ਹਨ। ਇਨ੍ਹਾਂ ਦਾ ਰੰਗ ਜੋਕਾਂ ਵਰਗਾ ਕਾਲਾ ਜਾਂ ਮਿੱਟੀ ਰੰਗ ਨਹੀਂ ਹੁੰਦਾ, ਸਗੋਂ ਭੂਰਾ ਹੁੰਦਾ ਹੈ। ਇਹ ਛੱਪੜਾਂ ਦੇ ਥਾਂ ਮਕਾਨਾਂ ਅਤੇ ਮਹਿਲਾਂ ਵਿਚ ਰਹਿੰਦੀਆਂ ਹਨ। ਇਨ੍ਹਾਂ ਦੀ ਖੁਰਾਕ ਛੋਟੇ ਛੋਟੇ ਕੀੜੇ ਨਹੀਂ, ਇਹ ਆਦਮੀਆਂ ਦਾ ਲਹੂ ਚੂਸਦੀਆਂ ਹਨ ਪਰ ਉਹ ਭੀ ਗੰਦਾ ਨਹੀਂ ਸਗੋਂ ਮਿੱਠਾ ਹੋਵੇ।

ਇਹ ਦੇਸੀ ਜੋਕਾਂ ਵਾਂਗ ਪੇਟ ਭਰ ਕੇ ਆਪਣੇ ਆਪ ਨਹੀਂ ਡਿਗਦੀਆਂ ਸਗੋਂ ਲੱਗੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਦਾ ਪੇਟ ਨਹੀਂ ਭਰਦਾ ਜਦ ਤਕ ਇਨ੍ਹਾਂ ਨੂੰ ਫੜ੍ਹ ਕੇ ਨਾ ਤੋੜਿਆ ਜਾਵੇ। ਇਨ੍ਹਾਂ ਵਲੈਤੀ ਜੋਕਾਂ ਨੂੰ ਤੁਸੀਂ ਕੀ ਸਮਝਦੇ ਹੋ? ਇਹ ਅੰਗਰੇਜ਼ੀ ਕੌਮ ਦੇ ਮਰਦ-ਨਾਰੀਆਂ ਹਨ, ਜਿਨ੍ਹਾਂ ਨੇ ਲੱਖਾਂ ਕਰੋੜਾਂ ਆਦਮੀਆਂ ਦਾ ਲਹੂ ਚੂਸ-ਚੂਸ ਕੇ ਉਨ੍ਹਾਂ ਨੂੰ ਮੁਰਦੇ ਕਰ ਦਿੱਤਾ ਹੈ। ਉਨ੍ਹਾਂ ਵਿਚੋਂ ਉਹ ਬਹੁਤ ਤਾਂ ਮਰ ਗਏ ਹਨ ਅਤੇ ਕਈ ਕਰੋੜਾਂ ਮਰਨ ਵਾਲੇ ਹਨ। ਓਏ ਹਿੰਦੁਸਤਾਨੀ ਭਰਾਵੋ, ਇਹ ਜੋਕਾਂ ਡੇਢ ਸੌ ਬਰਸ ਤੋਂ ਤੁਸਾਂ ਦੇ ਗਲ ਚੁਮੜੀਆਂ ਹੋਈਆਂ ਹਨ। ਤੁਸੀਂ ਕਮਜ਼ੋਰ ਹੋ। ਇਹ ਆਪ ਨਹੀਂ ਹਟਣਗੀਆਂ। ਇਹ ਇਨ੍ਹਾਂ ਦੀ ਆਦਤ ਦੇ ਵਿਰੁਧ ਹੈ। ਅਸੀਂ ਅਧਮੋਏ ਹੋ ਚੱਲੇ ਹਾਂ, ਪਰ ਹੁਣ ਤਕ ਕੁਝ ਹੱਥ ਪੈਰ ਨਹੀਂ ਹਿਲਾਉਂਦੇ। ਐਵੇਂ ਗੱਲਾਂ ਬਾਤਾਂ ਨਾਲ ਕੁਝ ਨਹੀਂ ਬਣੇਗਾ। ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਹੋਰ ਹੀ ਢੰਗ ਹੈ, ਇਨ੍ਹਾਂ ਨੂੰ ਝੱਟ ਹੀ ਗੱਲੋਂ ਫੜ੍ਹ ਕੇ ਦੱਬ ਦਿਉ। ਜੋ ਤੋੜ ਕੇ ਸੁੱਟ ਦਿੱਤੀਆਂ ਤਾਂ ਫੇਰ ਨਾ ਆ ਲਗਣ। ਬਸ, ਇਨ੍ਹਾਂ ਦਾ ਖਾਤਮਾ ਕਰਨਾ ਹੀ ਅੱਛਾ ਹੈ, ਨਹੀਂ ਤਾਂ ਇਹ ਛੱਡਣਾ ਨਹੀਂ ਚਾਹੁਣਗੀਆਂ। ਦੁਨੀਆਂ ਉਤੇ ਤੁਸਾਂ ਦਾ ਨਾਉ ਤਾਂਈ ਮਲੀਆਮੇਟ ਕਰ ਦੇਣ ਨੂੰ ਤਿਆਰ ਹਨ। ਜਿਤਨੀ ਛੇਤੀ ਇਨ੍ਹਾਂ ਦਾ ਨਾਸ ਕਰੋਗੇ, ਉਤਨੀ ਹੀ ਛੇਤੀ ਤੁਸਾਂ ਦਾ ਛੁਟਕਾਰਾ ਹੋਵੇਗਾ।

## ਸਾਡਾ ਨਾਂ ਤੇ ਸਾਡਾ ਕੰਮ

*(9 ਦਸੰਬਰ 1913 ਨੂੰ ਛਪਿਆ)*



*ਉਰਦੂ ਅਤੇ ਪੰਜਾਬੀ ਵਿਚ ਕੱਢੇ ਪਰਚੇ 'ਗਦਰ' ਦਾ ਮੁਖੜਾ।*

ਅੱਜ ਪਹਿਲੀ ਨਵੰਬਰ 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁਧ ਪਰਦੇਸ ਵਿਚੋਂ ਦੇਸੀ ਜ਼ੁਬਾਨ ਵਿਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ ਕਿ ਅੰਗਰੇਜ਼ੀ ਜ਼ੁਲਮ ਦੀ ਜੜ੍ਹ ਉਖਾੜਨ ਵਾਲਾ ਅੱਖਰ ਉਰਦੂ ਅਤੇ ਗੁਰਮੁਖੀ ਅਖਬਾਰ ਉਤੇ ਜਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖਬਾਰ ਦਾ ਛਪਣਾ ਇਕ ਅਜਿਹਾ ਕੰਮ ਹੈ, ਜਿਸ 'ਤੇ ਨਿਗ੍ਹਾ ਮਾਰਨ 'ਤੇ ਦਿਲ ਦੀ ਖੁਸ਼ੀ ਭਰੀ ਨਹੀਂ ਸਮਾਉਂਦੀ। ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਆਂ ਉਮੀਦਾਂ ਤੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ 'ਤੇ ਜੋਸ਼ ਤੇ ਹਿੰਮਤ ਦਾ ਛਿਟਾ ਦੇ ਕੇ ਉਨ੍ਹਾਂ ਵਿਚ ਨਵੀਂ ਜ਼ੁਬਾਨ ਪਾਈ ਗਈ ਹੈ।

ਅੱਜ ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਤੇ ਤੋਪ ਬੀੜ ਦਿੱਤੀ ਹੈ, ਜਿਸ ਦਾ ਨਾਸ਼ ਕੀਤੇ ਬਿਨਾ ਬੰਦ ਨਾ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗੁਲਾਮੀ ਨੂੰ ਦੂਰ ਕਰਨ ਦੀ ਖਾਤਰ ਇਕ ਨਵਾਂ ਆਦਿ ਸੰਦ ਘੜਿਆ ਗਿਆ ਹੈ, ਜਿਸ ਤੋਂ ਸਾਰੀ ਸਰਕਾਰ ਦਾ ਲਹੂ ਸੁੱਕ ਗਿਆ ਹੈ। ਅੱਜ ਉਹ ਕੰਮ ਚਲਿਆ ਹੈ, ਜਿਸ ਦੀ ਮਹਿਮਾ ਸਾਰੀ ਦੁਨੀਆਂ ਵਿਚ ਸ਼ੁਰੂ ਹੋ ਜਾਵੇਗੀ, ਜਿਸ ਦੀਆਂ ਗੱਲਾਂ ਸਾਡੇ ਪੁੱਤ-ਪੋਤਰੇ ਬੜੀ ਖੁਸ਼ੀ ਨਾਲ ਕਰਨਗੇ। ਸਾਡਾ ਨਾਂ ਕੀ ਹੈ? 'ਗਦਰ'। ਕੰਮ ਕੀ ਹੈ? 'ਗਦਰ' ਅਤੇ ਨਾਂ ਤੇ ਕੰਮ ਇਕੋ ਹੈ। ਗਦਰ ਦੀ ਕਿਉਂ ਲੋੜ ਹੈ? ਕਿਉਂ ਇਹ ਗਦਰ ਹੋਵੇਗਾ? ਕਦ ਹੋਵੇਗਾ? ਲਉ ਜੀ, ਸਾਰਾ ਭੇਤ ਦੱਸ ਦਿੰਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ, ਨਹੀਂ ਤਾਂ ਘਰ ਨੂੰ ਭੱਜ ਜਾਉ। ਕਿਥੇ ਗਦਰ ਹੋਵੇਗਾ? ਭਾਰਤ ਵਿਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਤਕ। ਕਿਉਂ ਹੋਵੇਗਾ? ਕਿਉਂਕਿ ਅੰਗਰੇਜ਼ਾਂ ਦੇ ਜ਼ੁਲਮ ਤੋਂ ਖਲਕਤ ਦੁਖੀ ਹੋ ਗਈ ਹੈ ਅਤੇ ਆਜ਼ਾਦੀ ਖਾਤਿਰ ਲੜਨ ਮਰਨ ਨੂੰ ਤਿਆਰ ਹੈ। ਇਸ ਗਦਰ ਖਾਤਿਰ ਹਰ ਇਕ ਹਿੰਦੁਸਤਾਨੀ ਦਾ ਤਿਆਰ ਹੋਣਾ ਧਰਮ ਹੈ।

ਡੇਢ ਸੌ ਬਰਸ ਤੋਂ ਅੰਗਰੇਜ਼ਾਂ ਨੇ ਰਾਜ ਕਮਾਉਣਾ ਅਰੰਭਿਆ ਹੋਇਆ ਹੈ। ਹੌਲੇ ਹੌਲੇ ਸਾਰਾ ਹਿੰਦੁਸਤਾਨ ਦੱਬ ਲਿਆ ਹੈ। ਰਿਆਸਤਾਂ ਵਿਚ ਵੀ ਆਪਣਾ ਹੱਥ ਪਾਉਂਦੇ ਜਾਂਦੇ ਹਨ। ਮੁਸ਼ਕਿਲ ਨਾਲ ਨੇਪਾਲ ਤੇ ਭੂਟਾਨ ਇਨ੍ਹਾਂ ਦੇ ਦੰਦ ਤੋਂ ਬਚੇ ਹੋਏ ਹਨ। ਹੁਣ ਵੇਲਾ ਆ ਗਿਆ ਹੈ ਕਿ ਇਸ ਅੱਗ ਨੂੰ ਬੁਝਾਇਆ ਜਾਵੇ। ਇਸ ਪਲੇਗ ਦਾ ਖਾਤਮਾ ਕੀਤਾ ਜਾਵੇ। ਇਸ ਬਦਜ਼ਾਤ ਜ਼ਾਲਮ ਗਵਰਨਮੈਂਟ ਨੂੰ ਬਰਬਾਦ ਕਰਕੇ ਮੁਲਕ ਦੀ ਭਲਾਈ ਦਾ ਰਸਤਾ ਫੜ੍ਹਿਆ ਜਾਵੇ। ਅੰਗਰੇਜ਼ਾਂ ਦੇ ਰਾਜ ਨੇ ਮੁਲਕ ਦਾ ਨਾਸ ਕਰ ਦਿੱਤਾ ਹੈ। ਜਿਥੇ ਅੰਗਰੇਜ਼ਾਂ ਦੇ ਪਾਪੀ ਝੰਡੇ ਦੀ ਛਾਂ ਪੈਂਦੀ ਹੈ, ਉਥੇ ਖੁਸ਼ੀ ਤਾਂ ਪਲ ਵਿਚ ਉਡ ਜਾਂਦੀ ਹੈ। ਇਹ ਆਹਣ ਜਿਥੇ ਵੀ ਜਾਂਦੀ ਹੈ, ਇਕ ਹਰਾ ਪੱਤਾ ਨਹੀਂ ਛੱਡਦੀ। ਜਿਸ ਮੁਲਕ ਵਿਚ ਇਨ੍ਹਾਂ ਲੁਟੇਰਿਆਂ ਦੇ ਡੇਰੇ ਹਨ, ਉਥੇ ਕਾਲ, ਪਲੇਗ ਤੇ ਹੈਜ਼ਾ ਝੱਟ ਪੈਣ ਲਗ ਪਏ ਹਨ। ਜੇ ਇਸ ਘੋਲ ਵਿਚ ਜਿੱਤ ਹੋਈ ਤਾਂ ਮੁਲਕ ਦੀ ਤਰੱਕੀ ਦੇ ਝੰਡੇ ਉਠਾਏ ਜਾਣਗੇ। ਸੰਮਤ 1850 ਵਿਚ ਭਾਰਤ ਦੇ ਲੋਕਾਂ ਨੇ ਸੋਚ ਵਿਚਾਰ ਕੇ ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਰਾਜ ਬਣਾਉਣ ਖਾਤਿਰ ਹਿੰਦੂ ਤੇ ਮੁਸਲਮਾਨ, ਰਾਜਾ-ਪਰਜਾ ਸਭ ਇਕੱਠੇ ਹੋ ਗਏ। ਮਈ ਦੇ ਮਹੀਨੇ ਗਦਰ ਅਰੰਭ ਹੋਇਆ ਜਿਸ ਦੇ ਨਾਂ ਤੋਂ ਹੁਣ ਭੀ ਅੰਗਰੇਜ਼ ਕੰਬਦੇ ਹਨ, ਪਰ ਪੂਰਾ ਇਤਫਾਕ ਨਾ ਹੋਣ ਕਰਕੇ ਉਹ ਵਾਰ ਖਾਲੀ ਗਿਆ। ਅੰਗਰੇਜ਼ ਉਸ ਵੇਲੇ ਸਾਡੇ ਲੋਕਾਂ ਨੂੰ ਈਸਾਈ ਬਣਾ ਰਹੇ ਸਨ। ਰਿਆਸਤਾਂ ਖੋਹ ਰਹੇ ਸਨ। ਜੇ ਇਹ ਲੜਾਈ ਨਾ ਹੁੰਦੀ ਤਾਂ ਸਾਰੇ ਈਸਾਈ ਬਣ ਜਾਂਦੇ।

ਪੰਦਰਾਂ ਬਰਸ ਪਿੱਛੋਂ ਗੁਰੂ ਰਾਮ ਸਿੰਘ ਨੇ ਕੂਕੇ ਤਿਆਰ ਕੀਤੇ ਕਿ ਅੰਗਰੇਜ਼ਾਂ ਦੀ ਜੜ੍ਹ ਪੁੱਟ ਸੁਟੀਏ। ਕੂਕਿਆਂ ਨੇ ਅੰਗਰੇਜ਼ ਦੀ ਨੌਕਰੀ ਨੂੰ ਪਾਪ ਕਿਹਾ ਤੇ ਗਦਰ ਦਾ ਉਪਦੇਸ਼ ਕਰਨ ਲੱਗ ਪਏ। ਸੰਮਤ 1872 ਵਿਚ ਉਨ੍ਹਾਂ ਨੇ ਲੜਾਈ ਸ਼ੁਰੂ ਕਰ ਦਿੱਤੀ, ਪਰ ਸੁੱਤਿਆਂ ਵਿਚੋਂ ਇਕ ਜਾਗਦਾ ਭਾਈ ਕਿਸ ਤਰ੍ਹਾਂ ਲੜ ਸਕਦਾ ਹੈ? ਸੂਰਬੀਰ ਕੂਕੇ ਆਦਮੀ ਤੇ ਬੱਚੇ ਤੋਪ ਦੇ ਨਾਲ ਉਡਾ ਦਿੱਤੇ ਗਏ ਅਤੇ ਸਾਰੇ ਦੇਖਦੇ ਰਹੇ। ਹੁਣ 1905 ਵਿਚ ਫੇਰ ਲੜਾਈ ਦਾ ਕੰਮ ਤੋਰਿਆ ਹੈ ਜਿਸ ਦੇ ਪੂਰਾ ਕਰਨ ਦੀ ਖਾਤਿਰ ਮਹਾਂਪੁਰਸ਼ਾਂ ਤੇ ਬਹਾਦਰਾਂ ਨੇ ਆਪਣੀ ਜਾਨ ਦਿੱਤੀ। ਹੁਣ ਇਹ ਬੜਾ ਦਿਲ ਦੁਗਣਾ ਤੇ ਰਾਤ ਚੌਗਣਾ ਵਧਦਾ ਜਾਂਦਾ ਹੈ। ਇਸ ਵਿਚ ਵੱਡੇ ਵੱਡੇ ਵਿਦਵਾਨ ਤੇ ਧਰਮਾਤਮਾ ਹਨ ਜਿਨ੍ਹਾਂ ਦਾ ਨਾਂ ਮੋਤੀ ਦੀ ਲੜੀ ਦੀ ਤਰ੍ਹਾਂ ਭਾਰਤ ਦੀ ਤਵਾਰੀਖ ਵਿਚ ਲਿਖੇ ਜਾਣਗੇ। ਇਸ ਧੜੇ ਦਾ ਇਹ ਪ੍ਰਣ ਹੈ ਕਿ ਹਿੰਦੁਸਤਾਨ ਵਿਚ ਗਦਰ ਕਰਕੇ ਅੰਗਰੇਜ਼ੀ ਰਾਜ ਨੂੰ ਬਰਬਾਦ ਕੀਤਾ ਜਾਵੇ ਅਤੇ ਪਰਜਾ ਆਪਣਾ ਰਾਜ ਬਣਾ ਕੇ ਸੁਲਾਹ ਨਾਲ ਰਹੇ।

ਇਹ ਗੱਲ ਤਾਂ ਠੀਕ ਹੈ, ਪਰ ਕਿਥੇ ਹਿੰਦੁਸਤਾਨ, ਕਿਥੇ ਸੈਨ ਫਰਾਂਸਿਸਕੋ। ਇਹ ਤਾਂ ਦੱਸੋ, ਏਥੇ ਕਿਉਂ ਆਏ ਅਤੇ ਅਖਬਾਰ ਲਿਖਣ ਦੀ ਕਿਵੇਂ ਸੁਝੀ? ਸੁਣੋ: ਹਿੰਦੁਸਤਾਨ ਵਿਚ 1905 ਤੋਂ ਉਹ ਬੜਾ ਭਾਰੀ ਕੰਮ ਤੁਰਿਆ, ਤਿੰਨ ਸਾਲ ਵਿਚ ਅੰਗਰੇਜ਼ ਥਰ ਥਰ ਕੰਬਣ ਲੱਗ ਪਏ।

ਫੇਰ 1907 ਤੋਂ ਉਹ ਬੜਾ ਭਾਰੀ ਕੰਮ ਤੁਰਿਆ। 1907 ਵਿਚ ਪੰਜਾਬ ਵਿਚ ਅਜੀਤ ਸਿੰਘ ਅਤੇ ਲਾਜਪਤ ਰਾਏ ਨੇ 'ਬਾਰਾ' ਵਿਚ ਮਾਮਲਾ ਵਧਣ ਤੋਂ ਬੜੇ ਜ਼ੋਰ ਨਾਲ ਲੈਕਚਰ ਦਿੱਤੇ। ਜ਼ਿਮੀਂਦਾਰ ਲੱਠ ਲੈ ਕੇ ਲਾਹੌਰ ਆ ਗਏ। ਫੌਜ ਵੀ ਵਿਗੜਨ ਲੱਗ ਗਈ ਤਾਂ ਸਰਕਾਰ ਨੇ ਅਜੀਤ ਸਿੰਘ ਤੇ ਲਾਜਪਤ ਰਾਏ ਨੂੰ ਫੜ੍ਹ ਕੇ ਬਰਮਾ ਭੇਜ ਦਿੱਤਾ। ਇਸ ਮਗਰੋਂ ਬੰਗਾਲ ਵਿਚ ਬੜਾ ਕੰਮ ਹੋਇਆ।

## ਸਾਡਾ ਕੇਸਰੀ ਬਾਣਾ

*(23 ਦਸੰਬਰ 1913 ਨੂੰ ਛਪਿਆ)*

ਅੱਜ ਅਸੀਂ ਪਹਿਲੀ ਵਾਰ ਕੇਸਰੀ ਬਾਣਾ ਪਹਿਨ ਕੇ ਨਿਕਲੇ ਹਾਂ। ਹਿੰਦੁਸਤਾਨ ਦੀ ਤਵਾਰੀਖ ਵਿਚ ਇਹ ਕੇਸਰੀ ਬਾਣਾ ਸ਼ਹੀਦਾਂ ਤੇ ਸੂਰਬੀਰਾਂ ਦਾ ਜਾਮਾ ਹੈ। ਅਸੀਂ ਚੰਗੇ ਕਾਗਜ਼ 'ਤੇ ਪੱਤਰ ਭੇਜਦੇ ਹਾਂ, ਜਿਸ ਤੋਂ ਪੂਰਾ ਪਤਾ ਲੱਗ ਜਾਵੇ। ਅੱਜ ਇਸ ਨਵੀਂ ਸਜ ਧਜ ਨਾਲ ਸੂਰਮਾ ਗਦਰ ਨਿਕਲਿਆ ਹੈ ਅਤੇ ਪੁਕਾਰਦਾ ਹੈ ਕਿ ਓ ਸੂਰਮੇ ਵੀਰੋ, ਤੁਸੀਂ ਭੀ ਕੇਸਰੀ ਜਾਮਾ ਪਹਿਨ ਲਵੋ ਅਤੇ ਸੰਸਾਰ ਦੇ ਲਾਲਚ ਨੂੰ ਛੱਡ ਅੰਗਰੇਜ਼ਾਂ ਨਾਲ ਜੰਗ ਅਰੰਭ ਦਿਉ। ਬਹਾਦਰੀ ਦੀ ਅੱਗ ਨਾਲ ਇਸ ਪਾਪੀ ਵਾਰ ਨੂੰ ਸੁਆਹ ਕਰ ਦੇਵੋ। ਪੁਰਾਣੀ ਗੁਲਾਮੀ ਦੀ ਪੁਸ਼ਾਕ ਉਤਾਰ ਦੇਵੋ। ਅੱਜ ਤੋਂ ਸੂਰਬੀਰਤਾ ਦੀ ਨਦੀ ਵਿਚ ਇਸ਼ਨਾਨ ਕਰਕੇ ਮੁੱਦਤ ਦੀ ਮੈਲ ਧੋ ਦੇਵੋ। ਫੇਰ ਰੇਸ਼ਮੀ ਕੱਪੜੇ ਪਹਿਨ ਕੇ ਆਜ਼ਾਦੀ ਦੇ ਮੰਦਿਰ ਵਿਚ ਭੇਟ ਦਿਉ। ਇਥੇ ਜਾਨ ਤੋਂ ਘੱਟ ਭੇਟ ਕਬੂਲ ਨਹੀਂ ਹੁੰਦੀ। ਜੋ ਦੇਸ਼ ਭਗਤ ਇਸ ਅਖਬਾਰ ਨੂੰ ਪੜ੍ਹਦਾ ਹੈ, ਉਸ ਦਾ ਫਰਜ਼ ਹੈ ਕਿ ਗਦਰ ਦਾ ਸਿਪਾਹੀ ਬਣ ਜਾਵੇ। ਗਦਰ ਦੀ ਰਜਮੈਂਟ ਵਿਚ ਭਰਤੀ ਹੋ ਜਾਵੇ। ਗਦਰ ਵਿਚ ਲੜਨ ਦੀ ਤਿਆਰੀ ਕਰੇ। ਗਦਰ ਦੇ ਸੁਪਨੇ ਦੇਖੇ। ਗਦਰ ਦੀ ਉਡੀਕ ਬੜੀ ਬੇਕਰਾਰੀ ਨਾਲ ਕਰੇ। ਅੱਜ ਇਸ ਕੇਸਰੀ ਬਾਣੇ ਵਿਚ ਗਦਰ ਇਹ ਉਪਦੇਸ਼ ਕਰਦਾ ਹੈ ਕਿ ਡਰ ਤੇ ਖੁਦਗਰਜ਼ੀ ਤੋਂ ਆਪਣੇ ਆਪ ਨੂੰ ਸਾਫ ਕਰ ਦਿਉ। ਆਪਣੇ ਦਿਲ ਵਿਚੋਂ ਗਲਤ ਆਪਸੀ ਝਗੜਿਆਂ ਦੇ ਕੂੜੇ ਤੋਂ ਸਾਫ ਕਰਕੇ ਆਜ਼ਾਦ ਜੀਵਨ ਦੇਸ਼ ਭਗਤਾਂ ਦੀਆਂ ਸਾਫ ਤੋਂ ਸਾਫ ਸੂਰਤਾਂ ਰਖੋ। ਜਾਨ ਕੀ ਚੀਜ਼ ਹੈ? ਕਰੋੜਾਂ ਕੀੜੇ, ਪੰਛੀ ਤੇ ਜਨੌਰ ਫਿਰਦੇ ਫਿਰਦੇ ਮਰ ਜਾਂਦੇ ਹਨ। ਲੱਖਾਂ ਆਦਮੀ ਕੁਝ ਕੀਤੇ ਬਿਨਾ ਐਵੇਂ ਹੀ ਮਰ ਜਾਂਦੇ ਹਨ। ਰੋਟੀ ਖਾਧੀ, ਕੱਪੜੇ ਪਾਏ, ਵਿਆਹ ਕੀਤਾ, ਬੱਚੇ ਹੋਏ, ਉਨ੍ਹਾਂ ਨੂੰ ਪਾਲਿਆ, ਬਸ ਚੱਲ ਦਿੱਤੇ। ਪਰ ਭਲੀ ਜ਼ਿੰਦਗੀ ਉਸ ਦੀ ਹੈ, ਜੋ ਚਾਰ ਦਿਹਾੜੇ ਵਿਚ ਕਈ ਕਈ ਉਪਚਾਰ ਕਰਦਾ ਹੈ। ਵਿਦਿਆ 'ਚ ਮਦਦ ਦੇਵੇ ਤੇ ਜ਼ਾਲਮਾਂ ਨਾਲ ਲੜੇ।

## ਹਿੰਦੂ-ਮੁਸਲਮਾਨਾਂ ਦਾ ਇਤਫਾਕ

*(23 ਦਸੰਬਰ 1913 ਨੂੰ ਛਪਿਆ)*

ਅੱਜ ਕੱਲ੍ਹ ਹਿੰਦੁਸਤਾਨ ਵਿਚ ਹਿੰਦੂ-ਮੁਸਲਮਾਨਾਂ ਦੇ ਇਤਫਾਕ ਖਾਤਿਰ ਵੱਡੀਆਂ ਵੱਡੀਆਂ ਜੁਗਤਾਂ ਹੋ ਰਹੀਆਂ ਹਨ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ। ਹਿੰਦੂ ਅਖਬਾਰ ਕਹਿੰਦੇ ਹਨ ਕਿ

(ਅਗਲੇ ਸਫੇ 'ਤੇ ਜਾਰੀ)

# ਸੋਹਣੀ ਆਪ ਡੁੱਬੀ, ਰੂਹ ਤਰਦੀ

**ਪ੍ਰੀਤ ਗਾਥਾ**

ਸੋਹਣੀ-ਮਹੀਂਵਾਲ ਦੇ ਦੁਖਾਂਤ ਤੋਂ ਭਲਾ ਕਿਹੜਾ ਪੰਜਾਬੀ ਜਾਣੂੰ ਨਹੀਂ? ਇਸ ਪ੍ਰੀਤ ਗਾਥਾ ਨੂੰ ਪੰਜਾਬੀ ਬੜੀਆਂ ਲਟਕਾਂ ਨਾਲ ਗਾਉਂਦੇ ਹਨ।

ਬਲਖ ਬੁਖਾਰੇ ਦੇ ਇਕ ਅਮੀਰ ਮਿਰਜ਼ਾ ਅਲੀ ਦਾ ਨੌਜਵਾਨ ਪੁੱਤਰ ਇੱਜ਼ਤ ਬੇਗ ਪੰਜਾਬ ਵਿਚ ਵਪਾਰ ਕਰਨ ਦੀ ਨੀਅਤ ਨਾਲ ਆਇਆ। ਉਹ ਗੁਜਰਾਤ ਦੇ ਇੱਕ ਘੁਮਾਰ ਤੁਲੇ ਦੀ ਧੀ ਸੋਹਣੀ ਤੇ ਫਿਦਾ ਹੋ ਗਿਆ। ਉਹਨੇ ਸੋਹਣੀ ਦੀ ਖਾਤਰ ਗੁਜਰਾਤ ਵਿਚ ਹੀ ਇੱਕ ਭਾਂਡਿਆਂ ਦੀ ਦੁਕਾਨ ਪਾ ਲਈ। ਉਹ ਹਰ ਰੋਜ਼ ਸੋਹਣੀ ਨੂੰ ਤੱਕਣ ਲਈ ਭਾਂਡੇ ਖਰੀਦਣ ਦੇ ਪੱਜ ਤੁਲੇ ਦੀ ਹੱਟੀ 'ਤੇ ਜਾਂਦਾ। ਆਖਰ ਵਪਾਰ ਵਿਚ ਇੱਜ਼ਤ ਬੇਗ ਨੂੰ ਐਨਾ ਘਾਟਾ ਪੈ ਗਿਆ ਕਿ ਉਸ ਨੂੰ ਮਜਬੂਰ ਹੋ ਕੇ ਤੁਲੇ ਦੇ ਘਰ ਹੀ ਮੱਝਾਂ ਚਾਰਨ ਦੀ ਨੌਕਰੀ ਕਰਨੀ ਪੈ ਗਈ। ਉਹ ਹਰ ਰੋਜ਼ ਮੱਝਾਂ ਚਾਰਨ ਜਾਂਦਾ, ਮਗਰੇ ਸੋਹਣੀ ਭੱਤਾ ਲੈ ਟੁਰਦੀ। ਇੱਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਗਿਆ ਸੀ।

**ਸੁਖਦੇਵ ਮਾਦਪੁਰੀ**
ਫੋਨ: 91-94630-34472



ਸੋਹਣੀ ਮਹੀਂਵਾਲ ਦੀ ਹੋ ਗਈ। ਦੋਹਾਂ ਦਾ ਪਿਆਰ ਦਿਨੋਂ ਦਿਨ ਗੂੜ੍ਹਾ ਹੁੰਦਾ ਗਿਆ, ਪਰ ਉਨ੍ਹਾਂ ਦੇ ਪਿਆਰ ਨੂੰ ਹੋਰਨਾਂ ਆਸ਼ਕਾਂ ਵਾਂਗ ਸਮਾਜ ਨੇ ਜਰਿਆ ਨਾ। ਲੋਕਾਂ ਨੇ ਸੋਹਣੀ ਦੇ ਮਾਂ-ਬਾਪ ਪਾਸ ਉਨ੍ਹਾਂ ਦੇ ਪਿਆਰ ਬਾਰੇ ਸ਼ਿਕਾਇਤਾਂ ਕੀਤੀਆਂ, ਉਲਾਂਭੇ ਦਿੱਤੇ। ਮਹੀਂਵਾਲ ਨੂੰ ਨੌਕਰੀਓਂ ਜਵਾਬ ਮਿਲ ਗਿਆ ਅਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਘੁਮਾਰਾਂ ਦੇ ਇਕ ਹੋਰ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ, ਮਹੀਂਵਾਲ ਲਈ ਤੜਫਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ। ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ।

ਇੱਜ਼ਤ ਬੇਗ ਤੋਂ ਮਹੀਂਵਾਲ ਬਣਿਆ ਮਹੀਂਵਾਲ, ਮਹੀਂਵਾਲੋਂ ਫਕੀਰ ਬਣ ਗਿਆ ਅਤੇ ਗੁਜਰਾਤ ਤੋਂ ਵਜ਼ੀਰਾਬਾਦ ਦੇ ਪਾਸੇ ਇੱਕ ਮੀਲ ਦੀ ਦੂਰੀ 'ਤੇ ਝਨਾਂ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਆਪਣੇ ਸਹੁਰਿਆਂ ਦੇ ਘਰੋਂ ਰਾਤ ਸਮੇਂ ਚੋਰੀ ਮਹੀਂਵਾਲ ਨੂੰ ਮਿਲਣ ਲਈ ਦਰਿਆ ਕੰਢੇ 'ਤੇ ਪੁੱਜ ਜਾਂਦੀ। ਮਹੀਂਵਾਲ ਦਰਿਆ ਪਾਰ ਕਰਕੇ ਉਸ ਨੂੰ ਆਣ ਮਿਲਦਾ। ਉਹ ਆਪਣੇ ਨਾਲ ਮੱਛੀ ਦਾ ਮਾਸ ਲਈ ਆਉਂਦਾ। ਕਿਹਾ ਜਾਂਦਾ ਹੈ ਕਿ ਇਕ ਦਿਨ ਮਹੀਂਵਾਲ ਨੂੰ ਮੱਛੀਆਂ ਨਾ ਮਿਲੀਆਂ, ਉਹਨੇ ਆਪਣਾ ਪੱਟ ਚੀਰ ਕੇ ਕਬਾਬ ਬਣਾ ਲਿਆ। ਸੋਹਣੀ ਉਸ ਦਿਨ ਤੋਂ ਦਰਿਆ ਪਾਰ ਕਰਕੇ ਆਪਣੇ ਮਹੀਂਵਾਲ ਦੀ ਝੁੱਗੀ ਵਿਚ ਜਾਣ ਲੱਗ ਪਈ। ਸੋਹਣੀ ਦੀ ਸੱਸ ਨੂੰ ਉਹਦੇ ਰਾਤ ਸਮੇਂ ਘੜੇ ਰਾਹੀਂ ਦਰਿਆ ਪਾਰ ਕਰਕੇ ਜਾਣ ਦਾ ਪਤਾ ਲੱਗ ਗਿਆ। ਇਕ ਰਾਤ ਉਨ੍ਹਾਂ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ।

ਸੋਹਣੀ ਕੱਚੇ ਘੜੇ ਨਾਲ ਤੂਫਾਨੀ ਦਰਿਆ ਵਿਚ ਠਿਲ੍ਹ ਪਈ। ਘੜਾ ਖੁਰ ਗਿਆ ਤੇ ਸੋਹਣੀ ਅੱਧ ਵਿਚਾਲੇ ਡੁੱਬ ਮੋਈ। ਮਹੀਂਵਾਲ ਨੇ ਡੁਬਦੀ ਸੋਹਣੀ ਦੀ ਚੀਕ ਸੁਣੀ ਅਤੇ ਆਪ ਵੀ ਮਗਰੇ ਛਾਲ ਮਾਰ ਦਿੱਤੀ। ਦੋਵੇਂ ਪਿਆਰੇ ਝਨਾਂ ਦੀਆਂ ਤੂਫਾਨੀ ਲਹਿਰਾਂ ਵਿਚ ਰੁੜ੍ਹ ਗਏ।

ਪੰਜਾਬ ਦੀ ਗੋਰੀ ਇਸ ਪ੍ਰੀਤ ਕਥਾ ਨੂੰ ਆਪਣੇ ਲੋਕ ਗੀਤਾਂ ਵਿਚ ਗਾਉਂਦੀ ਹੈ। ਗੋਰੀ ਹਾਰ ਸ਼ਿੰਗਾਰ ਲਾ ਕੇ ਗਿੱਧੇ ਵਿਚ ਪੁੱਜ ਜਾਂਦੀ ਹੈ। ਉਹਦਾ ਨੱਚਦੀ ਦਾ ਚਾਅ ਝਲਿਆ ਨੀ ਜਾਂਦਾ, ਹਰ ਪਾਸੇ ਉਹਨੂੰ ਆਪਣਾ ਮਹੀਂਵਾਲ ਹੀ ਨਜ਼ਰ ਆਉਂਦਾ ਹੈ:

ਨ੍ਹਾਵੇ ਧੋਵੇ ਸੋਹਣੀ ਪਹਿਨੇ ਪੁਸ਼ਾਕਾਂ
ਅਤਰ ਫੁਲੇਲ ਲਗਾਵੇ।
ਗਿੱਧੇ ਵਿਚ ਉਹ ਹਸ ਹਸ ਆਵੇ
ਮਹੀਂਵਾਲ ਮਹੀਂਵਾਲ ਗਾਵੇ।
ਸੋਹਣੀ ਦੀ ਠੋਡੀ 'ਤੇ
ਮਛਲੀ ਹੁਲਾਰੇ ਖਾਵੇ।

ਆਪਣੇ ਮਹੀਂਵਾਲ ਨਾਲ ਨਿਹੁੰ ਲਾਉਣ ਕਰਕੇ ਉਸ ਨੂੰ ਜਿਹੜੇ ਦੁੱਖ ਝਲਣੇ ਪੈਂਦੇ ਹਨ, ਉਨ੍ਹਾਂ ਦੀ ਚੁਣੌਤੀ ਵੀ ਦੇ ਜਾਂਦੀ ਹੈ:

ਹੱਸ ਕੇ ਨਿਹੁੰ ਨਾ ਲਾਇਆ ਕਰ ਤੂੰ,
ਸੁਣ ਲੈ ਨਿਹੁੰ ਦੇ ਝੇੜੇ।
ਕੱਚਾ ਭੁਤਨਾ ਬਣ ਕੇ ਚਿੰਬੜਦਾ,
ਨਿਹੁੰ ਨੂੰ ਜਿਹੜਾ ਛੇੜੇ।
ਛੱਤੀ ਕੋਠੜੀਆ ਨੌਂ ਦਰਵਾਜੇ,
ਜਿੱਥੇ ਨਿਹੁੰ ਦੇ ਡੇਰੇ।
ਸੋਹਣੀ ਪੁੱਛੇ ਮਹੀਂਵਾਲ ਨੂੰ,
ਕੀ ਹਾਲ ਆ ਗਭਰੂਆ ਤੇਰੇ।

ਮਹੀਂਵਾਲ ਨੂੰ ਵੀ ਆਪਣੀ ਸੋਹਣੀ ਦੀ ਸੂਰਤ ਪਿਆਰੀ-ਪਿਆਰੀ ਲਗਦੀ ਹੈ, ਚੰਗੀ-ਚੰਗੀ ਲੱਗਦੀ ਹੈ:

ਮੱਥਾ ਤੇਰਾ ਚੌਰਸ ਖੂੰਜਾ,
ਜਿਉਂ ਮੱਕੀ ਦੇ ਕਿਆਰੇ।
ਉਨ ਖੜ੍ਹ ਸੋਹਣੀਏਂ ਨੀ,
ਮਹੀਂਵਾਲ ਹਾਕਾਂ ਮਾਰੇ।

ਉਹ ਉਸ ਨੂੰ ਜਦੋਂ ਹਸਦੀ ਵੇਖਦਾ ਹੈ ਤਾਂ ਉਹਦਾ ਮਨ ਖਿੜ ਜਾਂਦਾ ਹੈ। ਉਹਦੇ ਬੋਲ ਉਹਦੇ ਕੰਨਾਂ ਵਿਚ ਕੋਈ ਮਿਸ਼ਰੀ ਘੋਲ ਜਾਂਦੇ ਹਨ। ਉਹ ਸੁਆਦ-ਸੁਆਦ ਹੋਇਆ ਗਾ ਉਠਦਾ ਹੈ:

ਤੂੰ ਹੱਸਦੀ ਦਿਲ ਰਾਜ਼ੀ ਮੇਰਾ,
ਲਗਦੇ ਨੇ ਬੋਲ ਪਿਆਰੇ।
ਚਲ ਕਿਧਰੇ ਦੋ ਗੱਲਾਂ ਕਰੀਏ,
ਬਹਿ ਕੇ ਨਦੀ ਕਿਨਾਰੇ।
ਲੁਕ-ਲੁਕ ਲਾਈਆਂ ਪਰਗਟ ਹੋਈਆਂ,
ਵੱਜ ਗਏ ਢੋਲ ਨਗਾਰੇ।
ਸੋਹਣੀਏਂ ਆ ਜਾ ਨੀ,
ਡੁੱਬਦਿਆਂ ਨੂੰ ਰੱਬ ਤਾਰੇ।

ਉਹ ਮਹੀਂਵਾਲ ਦੇ ਪੱਟ ਚੀਰਨ ਦੀ ਘਟਨਾ ਨੂੰ ਬਿਆਨਦਾ ਆਪਣੇ ਆਪ ਨੂੰ ਮਹੀਂਵਾਲ ਸਮਝਦਾ ਹੈ:

ਮਹੀਂਵਾਲ ਨੇ ਕਰੀ ਤਿਆਰੀ,
ਮੋਢੇ ਜਾਲ ਟਿਕਾਇਆ।
ਲੀੜੇ ਲਾਹ ਕੇ ਰੱਖੇ ਪੱਤਣ 'ਤੇ,
ਜਾਲ ਚੁਫੇਰੇ ਲਾਇਆ।
ਅੱਗੇ ਤਾਂ ਮਛਲੀ ਸੌ-ਸੌ ਫਸਦੀ,
ਅੱਜ ਲੋਹੜਾ ਕੀ ਆਇਆ।
ਯਾਰ ਮੇਰੇ ਨੇ ਮੰਗਣਾ ਗੋਸ਼ਤ,
ਮੈਨੂੰ ਨਹੀਂ ਥਿਆਇਆ।
ਲੈ ਕੇ ਫਿਰ ਨਾਮ ਗੁਰਾਂ ਦਾ,
ਚੀਰਾ ਪੱਟ ਨੂੰ ਲਾਇਆ।
ਡੇਢ ਸੇਰ ਜਾਂ ਕੱਢ ਲਿਆ ਗੋਸ਼ਤ,
ਵਿਚ ਥਾਲ ਦੇ ਪਾਇਆ।
ਲੈ ਕੇ ਮਹੀਂਵਾਲ ਤੁਰ ਪਿਆ,
ਕੋਲ ਸੋਹਣੀ ਦੇ ਆਇਆ।
ਖਾਤਰ ਸੋਹਣੀ ਦੀ,
ਪੱਟ ਚੀਰ ਕਬਾਬ ਬਣਾਇਆ।

ਪੰਜਾਬ ਦੀ ਗੋਰੀ ਸੋਹਣੀ ਦੇ ਕੱਚੇ ਘੜੇ 'ਤੇ ਦਰਿਆ ਨੂੰ ਪਾਰ ਕਰਨ ਦੇ ਬਿਰਤਾਂਤ ਨੂੰ ਬੜੇ ਦਰਦੀਲੇ ਸ਼ਬਦਾਂ ਵਿਚ ਬਿਆਨ ਕਰਦੀ ਹੈ। ਪੰਜਾਬਣਾਂ ਇਸ ਗੀਤ ਨੂੰ ਕਰੁਣਾਮਈ ਅੰਦਾਜ਼ ਵਿਚ ਗਾਉਂਦੀਆਂ ਹਨ। ਗਾਉਣ ਸਮੇਂ ਗਲਾ ਭਰ ਭਰ ਆਉਂਦਾ ਹੈ ਤੇ ਅੱਖੀਆਂ ਸਿਮ-ਸਿਮ ਜਾਂਦੀਆਂ ਹਨ। ਮਹੀਂਵਾਲ ਦੀ ਪ੍ਰੀਤ ਕਹਾਣੀ ਨੈਣਾਂ ਅੱਗੇ ਲਟਕ-ਲਟਕ ਜਾਂਦੀ ਹੈ। ਸੁਣਨ ਵਾਲਿਆਂ ਦੇ ਕਲੇਜੇ ਧਰੂਹੇ ਜਾਂਦੇ ਹਨ, ਸੋਗ ਮਈ ਬੋਲ ਉਭਰਦੇ ਹਨ, ਸੰਨਾਟਾ ਛਾ ਜਾਂਦਾ ਹੈ। ਸਿਰਫ ਗੀਤ ਦੇ ਦਰਦ ਵਿੰਨ੍ਹੇ ਬੋਲ ਸੁਣਾਈ ਦਿੰਦੇ ਹਨ:

ਕਿੱਕਰੇ ਨੀ ਕੰਡਿਆਲੀਏ, ਤੇਰੀ ਠੰਡੜੀ ਛਾਂ
ਲਗ ਲਗ ਜਾਂਦੀਆਂ ਮਜਲਸਾਂ,
ਬਹਿ-ਬਹਿ ਜਾਣ ਦੀਵਾਨ।
ਨੀਲੇ ਘੋੜੇ ਵਾਲਿਆ,
ਘੋੜਾ ਸਹਿਜ ਦੁੜਾ
ਧਮਕ ਪਵੇ ਮੇਰੇ ਮਹਿਲ ਨੂੰ,
ਕਜਲ ਪਏ ਰਵਾਲ।
ਬਾਰੀ ਵਿਚ ਖੜੋਤੀਏ,
ਸ਼ੀਸ਼ਾ ਨਾ ਲਿਸ਼ਕਾ।
ਕਹਿਰ ਪਵੇ ਤੇਰੇ ਰੂਪ ਨੂੰ,
ਗਿਆ ਕਲੇਜੇ ਨੂੰ ਖਾ।
ਪਟੀਆਂ ਰੱਖ ਗੁੰਵਾ ਲਈਆਂ,
ਨੈਣ ਗੁੰਵਾ ਲਏ ਰੋ।
ਏਸ ਜਵਾਨੀ ਦੇ ਹਾਣ ਦਾ,
ਮਹਿਰਮ ਮਿਲਿਆ ਨਾ ਕੋ
ਪਟੀਆਂ ਰੱਖ ਗੁੰਦਾ ਕੇ,
ਨੈਣਾਂ ਨੂੰ ਸਮਝਾ।
ਏਸ ਜਵਾਨੀ ਦੇ ਹਾਣ ਦਾ,
ਮਹਿਰਮ ਹੈ ਮਹੀਂਵਾਲ
ਬੇਟਾ ਵੇ ਸੁਣ ਮੇਰਿਆ,
ਸੋਹਣੀ ਨੂੰ ਸਮਝਾ
ਤੈਨੂੰ ਸੁੱਤਾ ਛੱਡ ਕੇ,
ਜਾਂਦੀ ਕੋਲ ਮਹੀਂਵਾਲ।

ਮਾਏਂ ਨੀ ਸੁਣ ਮੇਰੀਏ,
ਐਡੇ ਬੋਲ ਨਾ ਬੋਲ।
ਦਿਨੇ ਕੱਢੇ ਕਸੀਦੜਾ,
ਰਾਤੀਂ ਸੌਂਦੀ ਸਾਡੇ ਕੋਲ।

ਨਾਰੀਆਂ ਚੰਚਲ ਹਾਰੀਆ,
ਚੰਚਲ ਕੰਮ ਕਰਨ।
ਦਿਨੇ ਡਰਨ ਥਰ ਥਰ ਕਰਨ,
ਰਾਤੀਂ ਨਦੀ ਤਰਨ।
ਸੱਸ ਗਈ ਘੁੰਮਿਆਰ ਦੇ,
ਕੱਚਾ ਘੜਾ ਪਥਾ।
ਛੇਤੀ ਜਾ ਕੇ ਰੱਖਿਆ,
ਉਸ ਬੂਝੇ ਲਾਗੇ ਜਾ।

ਆ ਸੋਹਣੀ ਲੈ ਤੁਰ ਪਈ,
ਠਿਲ੍ਹ ਪਈ ਦਰਿਆ।
ਕੱਚਾ ਘੜਾ ਤੇ ਖੁਰ ਗਿਆ,
ਸੋਹਣੀ ਵੀ ਡੁੱਬੀ ਨਾਲ
ਮੱਛੀਓ ਨੀ ਜਲ ਰਹਿੰਦੀਓ,
ਵੱਢ ਵੱਢ ਖਾਇਓ ਮਾਸ।
ਇਕ ਨਾ ਖਾਵੋ ਨੈਣ ਅਸਾਡੜੇ,
ਸਾਨੂੰ ਅਜੇ ਮਿਲਣ ਦੀ ਆਸ।

ਦੁੱਧੋਂ ਦਹੀਂ ਜਮਾ ਲਿਆ
ਦਹੀਓਂ ਬਣ ਗਈ ਛਾਹ।
ਅੱਜ ਨਹੀਂ ਸੋਹਣੀ ਆਂਵਦੀ
ਕਿਤੇ ਪੈ ਗਈ ਲੰਬੜੇ ਰਾਹ।
ਦੁਧੋਂ ਦਹੀਂ ਜਮਾ ਲਿਆ,
ਦਹੀਉਂ ਬਣਿਆ ਪਨੀਰ।
ਅੱਜ ਨਹੀਂ ਸੋਹਣੀ ਆਂਵਦੀ,
ਕਿਤੇ ਪੈ ਗਈ ਡੂੰਘੇ ਨੀਰ।

ਗੀਤ ਦੇ ਬੋਲ ਸੋਗੀ ਹਵਾਵਾਂ ਵਿਚ ਗੰਮ ਹੋ ਜਾਂਦੇ ਹਨ। ਕਿਸੇ ਦੀ ਦ੍ਰਿੜਤਾ ਭਰੀ ਆਵਾਜ਼ ਉਭਰਦੀ ਹੈ:

ਰਾਤ ਹਨੇਰੀ ਲਿਸ਼ਕਣ ਤਾਰੇ,
ਕੱਚੇ ਘੜੇ 'ਤੇ ਮੈਂ ਤਰਦੀ।
ਵੇਖੀਂ ਰੱਬਾ ਖੈਰ ਕਰੀਂ
ਤੇਰੀ ਆਸ 'ਤੇ ਮੂਲ ਨਾ ਡਰਦੀ।

ਮੂੰਹ ਜ਼ੋਰ ਪਾਣੀਆਂ ਅੱਗੇ, ਕੱਚਿਆਂ ਨੇ ਕਿੱਥੇ ਠਹਿਰਨਾ ਹੋਇਆ। ਘੜਾ ਅੱਧ ਵਿਚਕਾਰ ਹੀ ਖੁਰ ਗਿਆ ਤੇ ਸੋਹਣੀ ਆਪਣੀ ਵਫਾ ਨਿਭਾਉਂਦੀ ਆਪਣੀ-ਲਾਜ ਪਾਲ ਗਈ:

ਕੱਚੇ ਘੜੇ ਨੇ ਖੈਰ ਨਾ ਕੀਤੀ
ਡਾਢਾ ਜ਼ੁਲਮ ਕਮਾਇਆ।
ਜਿੱਥੇ ਸੋਹਣੀ ਡੁੱਬ ਕੇ ਮਾਰੀ
ਉਥੇ ਮੱਛੀਆਂ ਨੇ ਘੇਰਾ ਪਾਇਆ।

ਜਿਸ ਸਿਦਕ ਦਿਲੀ ਨਾਲ ਸੋਹਣੀ ਨੇ ਆਪਣੀ ਪ੍ਰੀਤ ਨਿਭਾਈ, ਉਸ ਦੇ ਸਦਕੇ ਅੱਜ ਸਦੀਆਂ ਬੀਤਣ ਮਗਰੋਂ ਵੀ ਸੋਹਣੀ ਦੀ ਆਤਮਾ ਨੂੰ ਅੱਜ ਦੀ ਲੋਕ ਆਤਮਾ ਪ੍ਰਣਾਮ ਕਰਦੀ ਹੈ ਅਤੇ ਸਜ਼ਦੇ ਵਿਚ ਸਿਰ ਝੁਕਾਉਂਦੀ ਹੈ:

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ।
ਵਿਚ ਝਨਾਂਵਾਂ ਦੇ
ਸੋਹਣੀ ਆਪ ਡੁੱਬੀ, ਰੂਹ ਤਰਦੀ।

ਸ਼ਾਲਾ! ਜੁੱਗ ਜੁੱਗ ਜਿਊਣ ਸੋਹਣੀਆਂ ਤੇ ਜਵਾਨੀਆਂ ਮਾਨਣ ਸਾਡੇ ਮਹੀਂਵਾਲ!

# ਪੰਜਾਬੀ ਸਿੰਘ ਅਤੇ ਗੁਜਰਾਤੀ ਔਰਤਾਂ

*(ਪਿਛਲੇ ਸਫੇ ਦੀ ਬਾਕੀ)*

ਮੁਸਲਮਾਨ ਗਊ ਹਤਿਆ ਨਾ ਕਰਨ। ਮੁਸਲਮਾਨ ਲੀਡਰ ਇਸ ਗੱਲ ਦੀ ਮਦਦ ਕਰਦੇ ਹਨ। ਲਾਹੌਰ ਦਾ ਲੁਟੇਰਾ ਤੇ ਗੰਦਾ ਅਖ਼ਬਾਰ (ਹਿੰਦੁਸਤਾਨ) ਇਸ ਉਤੇ ਬੜਾ ਜ਼ੋਰ ਦਿੰਦਾ ਹੈ ਕਿ ਗਊ ਹਤਿਆ ਨਾ ਹੋਵੇ। ਇਸ ਵੇਲੇ ਤੁਰਕੀ ਦੀ ਲੜਾਈ ਦੀ ਵਜ੍ਹਾ ਹੋਣ ਕਰਕੇ ਮੁਸਲਮਾਨ ਵੀ ਬੜੇ ਜ਼ੋਰ ਵਿਚ ਹਨ। ਉਹ ਅੰਗਰੇਜ਼ਾਂ ਦੇ ਹਥਕੰਡਿਆਂ ਨੂੰ ਜਾਣ ਗਏ ਹਨ। ਮੁਸਲਮਾਨਾਂ ਦੇ ਡਰਾਕਲ ਤੇ ਗੁਲਾਮ ਦਿਲ ਆਗੂ ਅਮੀਰ ਅਲੀ ਅਤੇ ਆਗਾ ਖਾਨ ਮੁਸਲਿਮ ਲੀਗ (ਮੁਸਲਮਾਨਾਂ ਦੀ ਸਭਾ) ਦੀ ਕਮੇਟੀ ਤੋਂ ਜੁਦਾ ਹੋ ਗਏ ਹਨ। ਲੰਦਨ ਦਾ ਅਖ਼ਬਾਰ 'ਟਾਈਮਜ਼' ਜੁਆਨ ਮੁਸਲਮਾਨਾਂ ਨੂੰ ਗਿੱਦੜ ਧਮਕੀਆਂ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਾਡੀ ਰਾਏ ਵਿਚ ਹਿੰਦੂ ਮੁਸਲਮਾਨਾਂ ਦੇ ਇਤਫਾਕ ਦੀਆਂ ਸਾਰੀਆਂ ਬਾਤਾਂ ਉਮਦਾ ਤੇ ਸ਼ੁਭ ਹਨ ਅਤੇ ਇਸ ਗਦਰ 1857 ਤਵਾਰੀਖ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿਉਂਕਿ ਇਸ ਗਦਰ ਵਿਚ ਹਿੰਦੂ ਮੁਸਲਮਾਨਾਂ ਨੇ ਏਕਾ ਕਰਕੇ ਅੰਗਰੇਜ਼ਾਂ ਦੇ ਰਾਜ ਨੂੰ ਹਿਲਾ ਦਿੱਤਾ ਹੈ। ਹੋਰ ਕਿਸਮ ਦਾ ਝਗੜਾ ਨਹੀਂ ਹੋਇਆ। ਉਸ ਇਤਫਾਕ ਦੀ ਯਾਦਗਾਰ ਕਾਇਮ ਰੱਖਣੀ ਚਾਹੀਦੀ ਹੈ। ਇਸੇ ਕਰਕੇ ਅਸੀਂ ਹਰ ਵਾਰ ਲੜੀ ਦਾ ਭਾਗ ਉਸ ਤਵਾਰੀਖ ਨੂੰ ਇਸ ਅਖ਼ਬਾਰ ਵਿਚ ਛਾਪਦੇ ਹਾਂ। ਇਸ ਤੋਂ ਹਿੰਦੂ ਮੁਸਲਮਾਨਾਂ ਨੂੰ ਮਾਲੀ ਖਿਆਲ ਜ਼ਿਆਦਾ ਰੱਖਣਾ ਚਾਹੀਦਾ ਹੈ ਅਤੇ ਮਜ਼੍ਹਬੀ ਸੁਆਸ ਜੁਦਾ ਰੱਖਣੇ ਚਾਹੀਦੇ ਹਨ। ਹਿੰਦੂ ਮੁਸਲਮਾਨ ਦੋਨੋਂ ਹੀ ਪਲੇਗ ਵਿਚ ਮਰਦੇ ਹਨ। ਕਾਲ ਵਿਚ ਦੋਨਾਂ ਨੂੰ ਹੀ ਰੋਟੀ ਨਹੀਂ ਮਿਲਦੀ। ਦੋਨੋਂ ਹੀ ਕੱਚੇ ਮਕਾਨਾਂ ਤੇ ਅੰਧੇਰੀ ਗਲੀਆਂ ਵਿਚ ਰਹਿੰਦੇ ਹਨ। ਦੋਹਾਂ ਦੀ ਜੇਬ ਖਾਲੀ ਹੈ। ਦੋਹਾਂ ਤੋਂ ਜ਼ਮੀਨ ਦਾ ਮਾਮਲਾ ਲਿਆ ਜਾਂਦਾ ਹੈ। ਦੋਨੋਂ ਹੀ ਵਗਾਰ ਵਿਚ ਫੜ੍ਹੇ ਜਾਂਦੇ ਹਨ। ਬਸ ਇਨ੍ਹਾਂ ਬਾਤਾਂ ਉਤੇ ਜ਼ੋਰ ਦੇਣ ਤੋਂ ਇਤਫਾਕ ਦਾ ਖਿਆਲ ਤਾਕਤ ਫੜ੍ਹੇਗਾ। ਮਜ਼੍ਹਬੀ ਬਾਤਾਂ ਦੇ ਨਾਲ ਅਸਲੀ ਮਤਲਬ ਗੁੰਮ ਹੋ ਜਾਂਦਾ ਹੈ ਅਤੇ ਇਹ ਭੀ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ ਅੰਗਰੇਜ਼ਾਂ ਦੇ ਕੱਢਣ ਦੀ ਖਾਤਿਰ ਹੀ ਹਿੰਦੂ ਮੁਸਲਮਾਨਾਂ ਦਾ ਇਤਫਾਕ ਹੋ ਸਕਦਾ ਹੈ ਕਿਉਂਕਿ ਇਤਫਾਕ ਦੀ ਖਾਤਿਰ ਇਕ ਦੁਸ਼ਮਣ ਹੋਣਾ ਜ਼ਰੂਰੀ ਹੈ ਜਿਸ ਦੇ ਬਰਖ਼ਿਲਾਫ ਇਤਫਾਕ ਕੀਤਾ ਜਾਵੇ। ਇਸ ਤਰ੍ਹਾਂ ਸਵਿਟਜ਼ਰਲੈਂਡ ਵਿਚ ਅਸਟਰੀਆ ਦੇ ਬਾਦਸ਼ਾਹ ਦੇ ਬਰਖ਼ਿਲਾਫ ਲੜਾਈ ਕਰਨ ਨੂੰ ਇਤਫਾਕ ਹੋ ਗਿਆ ਹੈ ਅਤੇ ਇੰਗਲਿਸ਼ਤਾਨ ਵਿਚ ਸਪੇਨ ਦੇ ਬਰਖ਼ਿਲਾਫ ਹੋਇਆ। ਇਸ ਤਰ੍ਹਾਂ ਹਿੰਦੁਸਤਾਨ ਵਿਚ ਗੋਰੀ ਚਮੜੀ ਦੇ ਮਾਸਖੋਰ ਜਾਨਵਰਾਂ ਦਾ ਸ਼ਿਕਾਰ ਕਰਨ ਦੀ ਖੇਡ ਵਿਚ ਸਾਰੀ ਕੌਮਾਂ ਦਾ ਇਤਫਾਕ ਹੋਵੇਗਾ। ਸਿਰਫ ਜ਼ੁਬਾਨੀ ਜਮ੍ਹਾਂ ਖਰਚ ਨਾਲ ਕੰਮ ਨਹੀਂ ਚਲੇਗਾ ਅਤੇ ਇਤਫਾਕ ਦੇ ਨਾਲ ਹੀ ਵੱਡੇ ਤੇ ਨੇਕ ਅਸੂਲਾਂ ਦੇ ਗਦਰ ਦੀ ਜੜ੍ਹ ਨੂੰ ਕਾਇਮ ਕਰਨਾ ਚਾਹੀਦਾ ਹੈ।

# ਅਮਰੀਕਾ ਅਤੇ ਇੰਗਲਿਸ਼ਤਾਨ ਦੇ ਆਪਸੀ ਸਬੰਧ ਹਿੰਦੁਸਤਾਨ ਨੂੰ ਇਕ ਉਮੀਦ

ਅੱਜ ਕੱਲ੍ਹ ਅਮਰੀਕਾ ਤੇ ਇੰਗਲਿਸ਼ਤਾਨ ਦੇ ਕੋਈ ਵੱਡੇ ਅਤੇ ਅੱਛੇ ਸਬੰਧ ਨਹੀਂ ਹਨ ਅਤੇ ਦਿਨੋਂ ਦਿਨ ਵਿਗੜਦੇ ਜਾਂਦੇ ਹਨ। ਕਾਰਨ ਕਈ ਹਨ। ਅੱਜ ਕੱਲ੍ਹ ਅਮਰੀਕਨਾਂ ਵਿਚ ਡੈਮੋਕ੍ਰੇਟਿਕ ਪਾਰਟੀ ਰਾਜ ਕਰਦੀ ਹੈ। ਇਹ ਪਾਰਟੀ ਦੂਜੀਆਂ ਕੌਮਾਂ 'ਤੇ ਰਾਜ ਕਰਨ ਵਿਰੁਧ ਹੈ। ਇੰਗਲਿਸ਼ਤਾਨ ਦੇ ਰਾਜ ਯੋਗ ਪਸੰਦ ਨਹੀਂ ਕਰਦੀ। ਇਸ ਤੋਂ ਬਿਨਾ ਨਹਿਰ ਪਨਾਮਾ ਤੇ ਖੁਲ੍ਹਣ ਤੋਂ ਇਨ੍ਹਾਂ ਦੋਹਾਂ ਕੌਮਾਂ ਵਿਚ ਗੜਬੜ ਨੇ ਇਕ ਹੋਰ ਭੁਚਾਲ ਪਾ ਦਿੱਤਾ ਹੈ। ਹੁਣ ਤਾਂ ਹੀ ਦੋਨੋਂ ਪਾਸੇ ਪੁਛਗਿਛ ਹੋ ਰਹੀ ਹੈ। ਇਸ ਨੇ ਹੁਣ ਜੁਗਤ ਕੱਢੀ ਹੈ ਕਿ ਦੋਹਾਂ ਦੇਸ਼ਾਂ ਵਿਚ ਸੌ ਸਾਲ ਤੋਂ ਕੋਈ ਲੜਾਈ ਨਹੀਂ ਹੋਈ, ਇਸ 'ਤੇ ਸਾਨੂੰ ਖੁਸ਼ੀ ਮਨਾਉਣੀ ਚਾਹੀਦੀ ਹੈ।

ਇਹ ਜਥਾ ਅਮਰੀਕਨ ਤੇ ਇੰਗਲੈਂਡ ਨੂੰ ਜਰਮਨੀ ਦੇ ਬਰਖ਼ਿਲਾਫ ਕਰਨਾ ਚਾਹੁੰਦਾ ਹੈ। ਕਈ ਵਾਰ ਕਹਿੰਦਾ ਹੈ ਕਿ ਇੰਗਲੈਂਡ ਤੇ ਅਮਰੀਕਨ ਇਕੋ ਲਹੂ ਹਨ। ਅਮਰੀਕਨ ਪਾਠਸ਼ਾਲਾ ਵਿਚ ਜੋ ਤਵਾਰੀਖ ਪੜ੍ਹਾਈ ਜਾਂਦੀ ਹੈ, ਉਸ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਬੱਚਿਆਂ ਦੇ ਦਿਲ ਵਿਚ ਨਫਰਤ ਨਾ ਪਵੇ। ਪਰ ਇਸ ਜਥੇ ਦੀ ਕੋਈ ਨਹੀਂ ਸੁਣਦਾ। ਅਮਰੀਕਨਾਂ ਵਿਚ ਲੱਖਾਂ ਜਰਮਨ ਤੇ ਮੈਰਲੈਂਡਾਏ ਅੰਗਰੇਜ਼ਾਂ ਦੇ ਜਾਨੀ ਦੁਸ਼ਮਣ ਹਨ। ਹੁਣ ਸਿਰਫ ਨਹਿਰ ਪਨਾਮਾ ਦੇ ਸਬਬ ਯਾਰੀ ਤੇ ਰਾਗ ਗਾਉਂਦੇ ਹਨ। ਨਹਿਰ ਪਨਾਮਾ ਨਾਲ ਅਮਰੀਕਨਾਂ ਦੀ ਦਸ ਗੁਣੀ ਤਾਕਤ ਵਧ ਜਾਵੇਗੀ। ਅਮਰੀਕਨਾਂ ਦੇ ਪੂਰਬੀ ਘਾਟਾਂ ਤੋਂ ਜਾਪਾਨ, ਚੀਨ ਤੇ ਹਿੰਦੁਸਤਾਨ ਨੂੰ ਜਹਾਜ਼ਾਂ ਦਾ ਸਿੱਧਾ ਰਾਹ ਨਿਕਲ ਆਇਆ। ਅਮਰੀਕਨਾਂ ਦੇ ਵਪਾਰ ਨੂੰ ਬੇਹੱਦ ਤਰੱਕੀ ਹੋਵੇਗੀ। ਅੱਗੇ ਨੂੰ ਚੀਨ ਦੇ ਵਪਾਰ ਦਾ ਕਈ ਕੌਮਾਂ ਨਾਲ ਮੁਕਾਬਲਾ ਹੋਵੇਗਾ। ਅਮਰੀਕਨ ਭੀ ਇਧਰ ਹੱਥ ਪਾਵੇਗਾ। ਇਸ ਵਾਸਤੇ ਚੀਨਿਆਂ ਦੇ ਪੰਚੈਤੀ ਰਾਜ ਨੂੰ ਛੇਤੀ ਮੰਨ ਲਿਆ ਗਿਆ ਤੇ ਚੀਨੀ ਵਿਦਿਆਰਥੀਆਂ ਦੀ ਮਦਦ ਵਧਾ ਦਿੱਤੀ ਸੀ। ਚੀਨ ਤੇ ਅਮਰੀਕਾ ਦੀ ਦੋਸਤੀ ਵਧਦੀ ਦੇਖ ਕੇ ਅੰਗਰੇਜ਼ਾਂ ਦਾ ਦਿਲ ਜਲਦਾ ਹੈ ਅਤੇ ਹੁਣ ਉਹ ਵੀ ਚੀਨ ਨੂੰ ਖੁਸ਼ ਕਰਨਾ ਚਾਹੁੰਦੇ ਹਨ।

ਦੇਖੋ, ਹੁਣ ਚੀਨ ਦੀ ਮਰਜ਼ੀ 'ਤੇ ਅੰਗਰੇਜ਼ਾਂ ਨੇ ਫੀਸ ਬੰਦ ਕਰ ਦਿੱਤੀ ਹੈ। ਨਾਲੇ ਪਹਿਲਾਂ ਫੀਸ ਦੀ ਖਾਤਿਰ ਹੀ ਲੜੇ ਹਨ। ਹੋਰ ਹੁਣ ਨਹਿਰ ਪਨਾਮਾ ਦੇ ਰਾਹ ਅਮਰੀਕਾ ਤੋਂ ਦੱਖਣੀ ਅਮਰੀਕਾ ਨੂੰ ਭੀ ਸੌਖਾ ਰਾਹ ਬਣ ਗਿਆ ਹੈ। ਹੁਣ ਨਿਊ ਯਾਰਕ ਦੇ (ਲੋਕ) ਪੇਰੂ, ਚਿੱਲੀ ਤੇ ਹੋਰ ਦੇਸ਼ਾਂ ਵਿਚ ਜਾ ਸਕਦੇ ਹਨ, ਪਰ ਦੱਖਣੀ ਅਮਰੀਕਾ ਵਿਚ ਵਪਾਰ ਵਿਚ ਅੰਗਰੇਜ਼ਾਂ ਤੇ ਅਮਰੀਕਨਾਂ ਦੀ ਦੁਸ਼ਮਣੀ ਹੈ। ਅੰਗਰੇਜ਼ਾਂ ਦਾ ਬਹੁਤ ਰੁਪਿਆ ਲੱਗਿਆ ਹੋਇਆ ਹੈ। ਪਰ ਉਸ ਮੁਲਕ ਵਾਲੇ ਅਮਰੀਕਨਾਂ ਦਾ ਜ਼ੋਰ ਨਹੀਂ ਮੰਗਦੇ ਅਤੇ ਇਹ ਮੁਲਕ ਸੋਨੇ ਦੀ ਖਾਣ ਹੈ। ਜਿਹੜੇ ਆਵੇ ਦੌਲਤ ਕੱਢ ਕੇ ਲੈ ਜਾਵੇ। ਹੁਣ ਇੰਗਲੈਂਡ ਤੇ ਅਮਰੀਕਾ ਦਾ ਟਾਕਰਾ ਹੈ। ਅਮਰੀਕਨਾਂ ਦੀ ਗਵਰਨਮੈਂਟ ਚਾਹੁੰਦੀ ਹੈ ਕਿ ਅਮਰੀਕਨਾਂ ਦੇ ਜਹਾਜ਼ਾਂ ਤੋਂ ਉਹ ਮਸੂਲ ਨਾ ਲੈਣ।

ਇਸ ਜੁਗਤ ਤੋਂ ਅੰਗਰੇਜ਼ ਨੁਕਸਾਨ ਦੇਖਦੇ ਹਨ ਅਤੇ ਨਾਰਾਜ਼ ਹੁੰਦੇ ਹਨ। ਅਮਰੀਕਨ ਗਵਰਨਮੈਂਟ ਨਹਿਰ 'ਤੇ ਆਪਣਾ ਜੰਗੀ ਕਿਲ੍ਹਾ ਬਣਾਉਣਾ ਚਾਹੁੰਦੀ ਹੈ। ਅੰਗਰੇਜ਼ ਇਸ ਤੋਂ ਹੋਰ ਸੜ੍ਹਦੇ ਹਨ ਕਿਉਂਕਿ ਇਹ ਨਹਿਰ ਉਨ੍ਹਾਂ ਦੇ ਹੱਥ ਚਲੀ ਜਾਵੇਗੀ। ਮੈਕਸੀਕੋ ਵਿਚ ਭੀ ਇਨ੍ਹਾਂ ਦੋਹਾਂ ਦੀ ਅਣਬਣ ਹੈ। ਉਥੇ ਭੀ ਤੇਲ, ਕੋਲਾ ਤੇ ਧਾਤਾਂ ਦੀ ਹੱਦ ਹੋ ਗਈ ਹੈ। ਅਮਰੀਕਨ ਆਖਦੇ ਹਨ, ਅਸੀਂ ਲੈ ਲਈਏ। ਅੰਗਰੇਜ਼ ਚਾਹੁੰਦੇ ਹਨ, ਅਸੀਂ ਨਿਗਲ ਜਾਈਏ। ਬਸ ਜੁਦਾ ਜੁਦਾ ਪਾਰਟੀਆਂ ਦੀ ਹਮਾਇਤ ਕਰਦੇ ਹਨ। ਆਪਣੇ ਆਪਣੇ ਫਾਇਦੇ ਦੀਆਂ ਜੁਗਤਾਂ ਕਰਦੇ ਹਨ। ਅਮਰੀਕਨਾਂ ਦਾ ਇਕ ਅਸੂਲ ਜਿਹੜਾ 'ਮਨ ਰੋ ਡਾਕਟਰਨ' ਹੈ, ਉਸ ਨੇ ਅੰਗਰੇਜ਼ਾਂ ਦਾ ਮੂੰਹ ਬੰਨ੍ਹ ਛੱਡਿਆ ਹੈ। ਅਮਰੀਕਾ ਡੌਂਡੀ ਪਿਟ ਚੁਕਾ ਹੈ ਕਿ ਯੂਰਪ ਦੀ ਕਿਸੇ ਕੌਮ ਨੂੰ ਦੱਖਣੀ ਤੇ ਉਤਰ ਅਮਰੀਕਾ ਵਿਚ ਹੱਥ ਦੇਣ ਦਾ ਅਖ਼ਤਿਆਰ ਨਹੀਂ ਹੈ। ਇਸ ਤੋਂ ਯੂਰਪ ਦੀ ਲਾਲਚੀ ਕੌਮਾਂ ਦੇ ਲੁੱਟ ਮਾਰ ਨੂੰ ਬੜਾ ਧੱਕਾ ਲੱਗਾ।

ਛੇਕੜ ਅਮਰੀਕਾ ਤੇ ਇੰਗਲੈਂਡ ਦੇ ਵਿਚਾਲੇ ਝਗੜੇ ਪੈ ਗਏ ਹਨ। ਹੁਣ ਰੋਜ਼ ਤੂੰ-ਤੂੰ ਮੈਂ-ਮੈਂ ਲੱਗੀ ਰਹਿੰਦੀ ਹੈ। ਹੁਣ ਦੋਸਤੀ ਹੋਣੀ ਮੁਸ਼ਕਿਲ ਹੈ। ਅਜਿਹੇ ਹਾਲ ਤੋਂ ਸਾਨੂੰ ਫਾਇਦਾ ਹੈ। ਸਾਡੇ ਪ੍ਰਚਾਰ ਤੇ ਕੋਈ ਉਪੱਦਰ ਖੜ੍ਹਾ ਨਹੀਂ ਹੋਵੇਗਾ ਅਤੇ ਆਜ਼ਾਦੀ ਦੇ ਯੁੱਧ ਵਿਚ ਅਮਰੀਕਨ ਮਦਦ ਦੇਣਗੇ। ਹਿੰਦੁਸਤਾਨ ਨੂੰ ਤਿਆਰ ਹੋਣਾ ਚਾਹੀਦਾ ਹੈ। ਅੰਗਰੇਜ਼ਾਂ ਨੂੰ ਫਸੇ ਦੇਖ ਕੇ ਆਪਣਾ ਮਤਲਬ ਕੱਢ ਲੈਣਾ ਚਾਹੀਦਾ ਹੈ।

# ਸਦੀਆਂ ਪੁਰਾਣਾ ਸੂਰਜ ਅਤੇ ਸਾਡੀ ਸਭਿਅਤਾ

**ਡਾ. ਪਰਮਜੀਤ ਸਿੰਘ**

ਐਂਡਸ ਪਰਬਤ-ਮਾਲਾ ਦੇ ਇਕ ਤੰਗ ਦੱਰੇ ਦੇ ਦੋਨਾਂ ਪਾਸੇ ਤੂਫਾਨਾਂ ਦੇ ਥਪੇੜੇ ਸਹਿਣ ਕਰ ਚੁੱਕੇ ਦੋ ਪਿੱਲਰ ਖੜ੍ਹੇ ਹਨ ਜੋ ਪੱਥਰ ਦੇ ਬਣੇ ਹੋਏ ਹਨ। ਇਨ੍ਹਾਂ ਉਪਰ ਜੰਗਾਲੇ ਹੋਏ ਲੋਹੇ ਦੇ ਚੱਕਰ ਸਦੀਆਂ ਤੋਂ ਬਰਕਰਾਰ ਹਨ। ਇਨ੍ਹਾਂ ਥੰਮਾਂ ਦਾ ਕੀ ਮੰਤਵ ਸੀ, ਇਹ ਹੁਣ ਅਤੀਤ ਦੀ ਯਾਦ ਵਿਚ ਗੁੰਮ ਹੋ ਗਿਆ ਹੈ। ਇਹ ਗਵਾਹ ਹਨ, ਉਨ੍ਹਾਂ ਰੀਤੀ-ਰਿਵਾਜਾਂ ਦੇ ਜਿਨ੍ਹਾਂ ਰਾਹੀਂ ਸੂਰਜ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਇਸ ਵਿਚ ਦੋਹਾਂ ਪਿੱਲਰਾਂ ਵਿਚਕਾਰ ਇਕ ਜਾਲ ਬੰਨਿਆਂ ਜਾਂਦਾ, ਅਤੇ ਜਦ ਸ਼ਾਮ ਸਮੇਂ ਸੂਰਜ ਉਸ ਪਥਰੀਲੀ ਚੱਟਾਨ ਵਿਚ ਵਿਖਾਈ ਦਿੰਦਾ ਤਾਂ ਲੋਕ ਸਮਝਦੇ ਅਸੀਂ ਇਸ ਇਕ ਘੰਟੇ ਲਈ ਸੂਰਜ ਨੂੰ ਇਸ ਜਾਲ ਵਿਚ ਕੈਦ ਕਰ ਲਿਆ ਹੈ।

ਅੱਖਾਂ ਖੋਲ੍ਹ ਕੇ ਜੇ ਅਸੀਂ ਸੂਰਜ ਵੱਲ ਵੇਖੀਏ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਸਾਰਾ ਸੰਸਾਰ ਨਸ਼ਟ ਹੋ ਗਿਆ ਹੋਵੇ। ਚਟਿਆਈ ਦ੍ਰਿਸ਼ਟੀ ਨੂੰ ਮਨਫੀ ਕਰ ਦਿੰਦੀ ਹੈ ਅਤੇ ਪਿੱਛੇ ਰਹਿ ਜਾਂਦੇ ਹਨ ਕਾਲੇ ਕਾਲੇ ਗੋਲੇ, ਭੰਬੂ ਤਾਰੇ। ਅੱਖਾਂ ਦੇ ਡੇਲੇ ਉਬਲਣ ਲੱਗ ਪੈਂਦੇ ਹਨ। ਦੁਬਾਰਾ ਅਸੀਂ ਛਾਂ ਵੱਲ ਵੇਖੀਏ ਤਾਂ ਇਕਾਗਰਤਾ ਬਣਾਉਣ ਲਈ ਲਾਲ ਅਤੇ ਹਰੇ ਰੰਗ ਦੇ ਹਲੂਣੇ ਆਉਂਦੇ ਹਨ। ਉਹ ਚਮਕ ਰੌਸ਼ਨੀ ਤੋਂ ਜਿਵੇਂ ਖਿਮਾ ਮੰਗ ਰਹੇ ਹੋਣ।

ਸੂਰਜ ਸਬੰਧੀ ਦੁਨੀਆਂ ਦੀਆਂ ਸਭ ਪੁਰਾਤਨ ਦੰਦ ਕਥਾਵਾਂ ਅਗਿਆਨ ਅਤੇ ਦ੍ਰਿਸ਼ਟੀਹੀਣਤਾ ਦੇ ਪਲਾਂ ਵਿਚ ਹੀ ਸ਼ੁਰੂ ਹੋਈਆਂ। ਜਿਵੇਂ ਅਚਾਨਕ, ਤਤਪਰਤਾ ਨਾਲ ਦ੍ਰਿਸ਼ਟੀ ਗੁਆਚ ਜਾਣ ਦਾ ਖੌਫ ਮੁੜ ਦ੍ਰਿਸ਼ਟੀ ਵਾਪਸ ਆ ਜਾਣ ਦੇ ਵਿਸ਼ਵਾਸ ਨਾਲ ਸੰਤੁਲਿਤ ਹੋ ਜਾਂਦਾ ਹੈ, ਇਸੇ ਤਰ੍ਹਾਂ ਕੋਈ ਵੀ ਐਸੀ ਸ਼ਕਤੀ ਜਿਸ ਵਿਚ ਅਭਿਲਾਸ਼ਾ ਹੋਵੇ ਕਦੇ ਵੀ ਤਰਕਸ਼ੀਲ ਨਹੀਂ ਹੋ ਸਕਦੀ। ਇਸ ਦੀ ਪੈਮਾਇਸ਼ ਕਿਸੇ ਹੋਰ ਮਾਪ-ਦੰਡ ਨਾਲ ਹੋਣੀ ਚਾਹੀਦੀ ਹੈ। ਸਾਇੰਸ ਵੀ ਇਸ ਵਿਸ਼ੇ ਸਬੰਧੀ ਕੁਝ ਨਹੀਂ ਦਸਦੀ। ਬੱਚਾ ਵੀ ਜਾਣਦਾ ਹੈ ਕਿ ਸੂਰਜ ਧਰਤੀ ਤੋਂ 930 ਲੱਖ ਮੀਲ ਦੂਰ ਹੈ। ਇਹ ਇਕ ਵਿਸ਼ਾਲ ਹਾਈਡਰੋਜਨ ਬੰਬ ਹੈ ਜੋ ਐਨਰਜੀ ਖਿਲਾਅ ਵਿਚ ਫੈਲਾਅ ਰਿਹਾ ਹੈ। ਇਸ ਦਾ ਅਦਭੁਤ ਕੌਤਕ, ਜਿਸ ਵਿਚ ਇਸ ਨੇ 9 ਗ੍ਰਹਿਆਂ ਨੂੰ ਇਕ ਜੰਜੀਰ ਨਾਲ ਬੰਨਿਆਂ ਹੋਇਆ ਹੈ ਅਤੇ ਇਨ੍ਹਾਂ ਗ੍ਰਹਿਆਂ ਦੇ ਪੈਰਾਂ ਵਿਚ ਅਨੇਕਾਂ ਚੰਦਰਮਾ ਕਲੋਲਾਂ ਕਰਦੇ ਹਨ। ਵਿਗਿਆਨੀ ਸੈਂਕੜੇ ਸਾਲਾਂ ਤੋਂ ਦੁੜਕੀ ਚਾਲ ਵਾਂਗ ਸੂਰਜ ਦੀਆਂ ਗੱਲਾਂ ਕਰਕੇ ਸ਼ੇਖੀ ਮਾਰਦੇ ਹਨ, ਜਿਵੇਂ ਸਕੂਲ ਵਿਚ ਪੜ੍ਹਨ ਵਾਲੇ ਵਿਦਿਆਰਥੀ ਆਪਣੇ ਅਮੀਰ ਅੰਕਲ ਸਬੰਧੀ ਲਫੌੜ ਛਡਦੇ ਹਨ। ਤਾਰਾ ਵਿਗਿਆਨੀਆਂ ਦਾ ਗਿਆਨ ਬਹੁਤ ਘੱਟ ਮੰਨਣਯੋਗ ਹੁੰਦਾ ਹੈ। ਸਭ ਜਾਣਦੇ ਹਨ ਕਿ ਸੂਰਜ ਦੀ ਰੌਸ਼ਨੀ ਗਰਮੀ ਦਿੰਦੀ ਹੈ। ਇਸ ਨਾਲ ਧੁੱਪ ਵਿਚ ਰੱਖੇ ਪਾਪੜ ਵੀ ਸੁੱਕ ਜਾਂਦੇ ਹਨ। ਵਿਗਿਆਨ ਸੂਰਜ ਸਬੰਧੀ ਅਗਿਆਨ ਹੈ। ਇਹ ਬਹੁਰੂਪੀਏ ਵਾਂਗ ਹੈ। ਇਹ ਸੂਰਜ ਨੂੰ ਕੋਈ ਮੁਹਾਂਦਰਾ ਨਹੀਂ ਦਿੰਦੀ।

ਸੂਰਜ ਦਾ ਚਿਹਰਾ-ਮੋਹਰਾ, ਨੈਣ-ਨਕਸ਼, ਮੁਹਾਂਦਰਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?

ਸੂਰਜ ਨੂੰ ਉਸ ਦੀ ਗਤੀ ਅਤੇ ਜੀਵਨ ਯਾਤਰਾ ਵਿਚ ਸ਼ੁਰੂ ਸ਼ੁਰੂ ਦੇ ਸਾਲਾਂ ਵਿਚ ਵੰਗਾਰਿਆ ਗਿਆ। ਇਸ ਨੂੰ ਦਇਆਵਾਨ, ਸ਼ੁਭ-ਚਿੰਤਕ ਦਾ ਰੂਪ ਦਿੱਤਾ ਗਿਆ। ਇਹ ਕਿਸਮਤ ਦਾ ਐਸਾ ਮੋੜ ਸੀ ਕਿ ਬਚ ਕੇ ਨਿਕਲਣਾ ਮੁਸ਼ਕਿਲ ਸੀ। ਮਨੁੱਖ ਜਾਤ ਸੂਰਜ ਦੀ ਅਰਾਧਨਾ, ਉਪਾਸ਼ਨਾ ਕੀਤੇ ਬਿਨਾਂ ਨਾ ਰਹਿ ਸਕੀ।

ਰੋਜ਼ਾਨਾ ਜੀਵਨ ਵਿਚ ਹੋਣ ਵਾਲੇ ਅਦਭੁੱਤ ਕੌਤਕਾਂ ਨੂੰ ਸਹਿਣ ਕਰਨਾ ਬਹੁਤ ਮੁਸ਼ਕਿਲ ਹੈ। ਕੋਈ ਵੀ ਰੌਹਾਬ, ਖੌਫ ਦੇ ਸਹਾਰੇ ਨਹੀਂ ਜਿਉਂ ਸਕਦਾ ਜਿਸ ਨੂੰ ਤੁਸੀਂ ਆਪਣਾ ਸਮਝਣਾ ਚਾਹੁੰਦੇ ਹੋਵੋ, ਉਹ ਸਭਿਅਤਾ ਅਨੁਸਾਰ ਫਰਮਾਬਰਦਾਰ ਹੋਵੇ ਅਤੇ ਉਹ ਤੁਹਾਡੀ ਪਰਿਵਾਰਕ ਵਿਵਸਥਾ, ਵਿਉਂਤਬੰਦੀ ਵਿਚ ਠੀਕ ਫਿੱਟ ਬੈਠਦਾ ਹੋਵੇ। ਦਰਿਆ ਸਾਡੇ ਨਹਾਉਣ ਵਾਲੇ ਪਾਣੀ ਦਾ ਕੰਮ ਦਿੰਦੇ ਹਨ, ਹਵਾ ਬਾਦਬਾਨ ਨੂੰ ਫੁਲਾਉਣ ਦਾ ਕੰਮ ਕਰਦੀ ਹੈ। ਤੀਰ ਹਵਾ ਨਾਲ ਹੀ ਉਡਦਾ ਹੈ। ਅਸਮਾਨ ਇਕ ਚੋਂਦੀ ਛੱਤ ਵਾਂਗ ਹੈ। ਫਿਰ ਮਨੁੱਖ ਨੇ ਸੂਰਜ ਨੂੰ ਕਿਸ ਤਰ੍ਹਾਂ ਕਾਬੂ ਕੀਤਾ?


ਜਿੰਨੀ ਦੇਰ ਸੂਰਜ ਚਮਕਦਾ, ਅਸੀਂ ਇਸ ਦੀ ਧੁੱਪ ਦਾ ਅਨੰਦ ਮਾਣਦੇ। ਅਸੀਂ ਧੁੱਪ ਸੇਕਦੇ। ਮਨੁੱਖ ਨੂੰ ਦਿਨ ਸਮੇਂ ਤਾਂ ਧੁੱਪ ਰੌਸ਼ਨੀ ਅਨੰਦ ਦਿੰਦੀ, ਪਰ ਜਿਉਂ ਹੀ ਸੂਰਜ ਛੁਪਦਾ ਰਾਤ ਪੈਂਦੀ ਤਾਂ ਮਨੁੱਖ ਵਿਆਕੁਲ ਹੋ ਉਠਦਾ। ਉਸ ਦੀ ਧਾਰਨਾ ਬਣ ਗਈ ਕਿ ਰਾਤ ਤਬਾਹੀ ਦੀ ਨਿਸ਼ਾਨੀ ਹੈ। ਦਿੱਗ-ਮੰਡਲ ਦੇ ਕਿਨਾਰੇ ਇਕ ਕਾਲੇ ਰੰਗ ਦੀ ਕੋਈ ਖਾਈ ਉਬਾਸੀ ਲੈਂਦੀ ਹੈ ਅਤੇ ਸੂਰਜ ਉਸ ਨਰਕ ਵਿਚ ਗੁਆਚ ਜਾਂਦਾ ਹੈ। ਇਸ ਧਾਰਨਾ ਨੇ ਮਨੁੱਖ ਨੂੰ ਭੈਅਭੀਤ ਕਰ ਦਿੱਤਾ। ਮਨੁੱਖ ਇਸ ਤਰ੍ਹਾਂ ਦੇ ਰਸਤੇ ਲੱਭਣ ਲੱਗਾ ਜਿਸ ਨਾਲ ਹਰ ਰੋਜ਼ ਸੂਰਜ ਕੁਝ ਹੌਲੀ-ਹੌਲੀ ਚੱਲੇ, ਭਾਵ ਆਦਮੀ ਦਿਨ ਦਾ ਸਮਾਂ ਵੱਡਾ ਕਰਨ ਦੀਆਂ ਤਰਕੀਬਾਂ ਬਣਾਉਣ ਲੱਗਾ।

ਸੱਚਮੁੱਚ ਮਨੁੱਖ ਦੀ ਇਹ ਕਾਲਪਨਿਕ, ਸਨਕੀਆਂ ਵਾਲੀ, ਹਾਸੋਹੀਣੀ ਸੋਚਣੀ ਸੀ। ਫਿਜ਼ੀ ਆਈਲੈਂਡ ਵਿਖੇ ਅੱਜ ਵੀ ਇਕ ਪ੍ਰਥਾ ਪ੍ਰਚਲਿਤ ਹੈ ਕਿ ਯਾਤਰੀ ਸੂਰਜ ਛੁਪਣ ਦੇ ਨੇੜੇ ਦਿੱਗ-ਮੰਡਲ ਵੱਲ ਸਰਕੰਡੇ ਦੀ ਮੁੱਠੀ ਭਰ ਕੇ ਸੁੱਟਦੇ ਹਨ ਤਾਂ ਕਿ ਸੂਰਜ ਇਸ ਸਰਕੰਡੇ ਵਿਚ ਫਸ ਜਾਵੇ ਅਤੇ ਛੁਪਣ ਲਈ ਉਸ ਨੂੰ ਥੋੜ੍ਹਾ ਵੱਧ ਸਮਾਂ ਲੱਗੇ ਤਾਂ ਕਿ ਸਫਰ ਕਰ ਰਿਹਾ ਯਾਤਰੀ ਹਨੇਰੇ ਤੋਂ ਪਹਿਲਾਂ ਆਪਣਾ ਪੈਂਡਾ ਮੁਕਾ ਸਕੇ। ਸੂਰਜ ਕੁਝ ਵੱਧ ਰੌਸ਼ਨੀ ਦੇ ਸਕੇ।

ਇਸਾਈਆਂ ਦੇ 'ਓਲਡ ਟੈਸਟਾਮੈਂਟ' ਅਨੁਸਾਰ ਪੈਗੰਬਰ ਜਸੂਆ ਨੇ ਸੂਰਜ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ। ਕਿਤਾਬਾਂ ਵਿਚ ਲਿਖਿਆ ਹੈ ਕਿ ਪੱਛਮੀ ਆਸਟਰੇਲੀਆ ਦੇ ਆਦਿਵਾਸੀ ਲੋਕ ਜਦੋਂ ਤੋਂ ਇਹ ਸੰਸਾਰ ਬਣਿਆ ਹੈ, ਉਸੇ ਸਮੇਂ ਤੋਂ ਸੂਰਜ ਨੂੰ ਰਾਤ ਸਮੇਂ ਲੁਕਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਰਜ ਦੇ ਰਸਤੇ ਵਿਚ ਉਹ ਮੁੱਠੀ ਭਰ ਮਿੱਟੀ ਦੇ ਢੇਲੇ ਜਾਂ ਪੱਤੇ ਰੱਖ ਦਿੰਦੇ ਹਨ ਤਾਂ ਕਿ ਰਾਤ ਜਲਦੀ ਨਾ ਪਵੇ।

ਪੁਰਾਣੇ ਸੰਸਕਾਰ, ਰੀਤੀ ਰਿਵਾਜ ਦਸਦੇ ਹਨ ਕਿ ਜੇ ਸੂਰਜ ਦੀ ਗਤੀ ਵਿਚ ਗਤੀਰੋਧ ਪੈਦਾ ਕੀਤਾ ਜਾ ਸਕਦਾ ਹੈ, ਸੂਰਜ ਨੂੰ ਅਟਕਾਇਆ ਜਾ ਸਕਦਾ ਹੈ ਤਾਂ ਹਨੇਰਾ ਵੀ ਜਲਦੀ ਕੀਤਾ ਜਾ ਸਕਦਾ ਹੈ, ਭਾਵ ਸੂਰਜ ਦੀ ਗਤੀ ਤੇਜ਼ ਵੀ ਕੀਤੀ ਜਾ ਸਕਦੀ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਥੋੜ੍ਹਾ ਜਿਹਾ ਰੇਤਾ ਲੈ ਕੇ ਸੂਰਜ ਵੱਲ ਸੁਟਿਆ ਜਾਵੇ ਤਾਂ ਇਹ ਬੁਝ ਜਾਂਦਾ ਹੈ। ਮਲੇਸ਼ੀਆ ਦੇ ਲੋਕ ਇਹ ਕੰਮ ਸਦੀਆਂ ਤੋਂ ਕਰਦੇ ਆ ਰਹੇ ਹਨ। ਮਹਾਂਭਾਰਤ ਵਿਚ ਵੀ ਇਸ ਤਰ੍ਹਾਂ ਦੇ ਜ਼ਿਕਰ ਆਉਂਦੇ ਹਨ।

ਬਣਾਉਟੀ ਮੀਂਹ ਪਾਉਣ ਬਾਰੇ ਕਈ ਵਾਰ ਅਸੀਂ ਪੁਰਾਤਨ ਦੈਵੀ ਸ਼ਕਤੀ ਸਬੰਧੀ ਪੜ੍ਹਦੇ ਰਹੇ ਹਾਂ ਪਰ ਕੀ ਅਸੀਂ ਕਦੇ ਧੁੱਪ ਕੱਢਣ ਸਬੰਧੀ ਸੁਣਿਆ ਹੈ? ਨਹੀਂ। ਪੁਰਾਤਨ ਅੰਧਵਿਸ਼ਵਾਸਾਂ ਅਨੁਸਾਰ ਇਕ ਕਬੀਲੇ ਦੇ ਵਾਸੀ ਜੋ ਆਪਣੇ ਆਪ ਨੂੰ ਸੂਰਜ ਦੀ ਬਰਾਦਰੀ ਵਿਚੋਂ ਮੰਨਦੇ ਹਨ, ਕਹਿੰਦੇ ਹਨ ਕਿ ਸੂਰਜ ਉਨ੍ਹਾਂ ਦਾ ਗੋਤ-ਭਾਈ ਹੈ। ਇਹ ਕਹਿੰਦੇ ਹਨ ਕਿ ਅਸੀਂ ਸੂਰਜ ਨੂੰ ਪੁਨਰ ਦੀਪਤ ਕਰ ਸਕਦੇ ਹਾਂ। ਉਹ ਸਾਰੇ ਪਿੰਡ ਵਾਲਿਆਂ ਨੂੰ ਸੂਕਦੀ ਬਲਦੀ ਅੱਗ ਦੇ ਆਸੇ-ਪਾਸੇ ਡਾਂਸ ਕਰਨ ਲਈ ਬੁਲਾਉਂਦੇ ਹਨ। ਅੱਗ ਦੇ ਭਾਂਬੜ ਅਤੇ ਪ੍ਰਚੰਡ ਤਪਸ਼ ਸੂਰਜ ਨੂੰ ਨਵੀਂ ਰੌਸ਼ਨੀ ਦੇ ਦਿੰਦੀ ਹੈ, ਇਸ ਤਰ੍ਹਾਂ ਦਾ ਉਹ ਵਿਸ਼ਵਾਸ ਕਰਦੇ ਹਨ। ਸੂਰਜ ਨੂੰ ਪੁਨਰ-ਦੀਪਤ ਕਰਨ ਦੀ ਰਸਮ ਤਕਰੀਬਨ ਸਾਰੇ ਵਿਸ਼ਵ ਵਿਚ ਪ੍ਰਚਲਿਤ ਹੈ। ਯੂਰਪ ਦੇ ਕਈ ਦੇਸ਼ਾਂ ਵਿਚ ਗਰਮੀ ਦੇ ਮੌਸਮ ਦੇ ਵਿਚਕਾਰਲੇ ਮਹੀਨਿਆਂ ਵਿਚ ਇਸ ਪ੍ਰਕਾਰ ਦੇ ਰੀਤੀ ਰਿਵਾਜ ਆਮ ਹੁੰਦੇ ਹਨ। ਇਨ੍ਹਾਂ ਵਿਚ ਖੁੱਲ੍ਹੇ ਮੈਦਾਨ ਵਿਚ ਅੱਗ ਬਾਲੀ ਜਾਂਦੀ ਹੈ, ਜਿਵੇਂ ਅਸੀਂ ਲੋਹੜੀ 'ਤੇ ਬਾਲਦੇ ਹਾਂ। ਇਸ ਅੱਗ ਵਿਚ ਕੋਈ ਪੁਤਲਾ, ਮੂਰਤੀ ਜਾਂ ਦਰਖਤ ਬਾਲਿਆ ਜਾਂਦਾ ਹੈ। ਜਦੋਂ ਅੱਗ ਦੇ ਭਾਂਬੜ ਨਿਕਲਦੇ ਹਨ ਤਾਂ ਜਵਾਨ ਔਰਤਾਂ ਇਨ੍ਹਾਂ ਅੱਗ ਦੀਆਂ ਲਾਟਾਂ ਵਿਚੋਂ ਛਾਲਾਂ ਮਾਰਦੀਆਂ ਹਨ। ਕੁਝ ਇਕ ਪਿੰਡਾਂ ਵਾਲੇ ਇਕ ਵਿਸ਼ਾਲ ਚੱਕਰ ਬਣਾਉਂਦੇ ਹਨ, ਜੋ ਪਰਾਲੀ ਦਾ ਬਣਿਆ ਹੁੰਦਾ ਹੈ, ਇਸ ਨੂੰ ਅੱਗ ਲਾ ਕੇ ਉਹ ਢਲਾਣ ਵੱਲ ਧੱਕ ਦਿੰਦੇ ਹਨ। ਪਰਾਲੀ ਦਾ ਬਲਦਾ ਚੱਕਰ ਸੂਰਜ ਦਾ ਰੂਪ ਹੁੰਦਾ ਹੈ ਅਤੇ ਚੰਗੀ ਫਸਲ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪੋਂਗਲ ਸਮੇਂ ਬੋਗੀ ਨੂੰ ਬਾਲਿਆ ਜਾਂਦਾ ਹੈ। ਪੋਂਗਲ ਜਨਵਰੀ ਦੇ ਮੱਧ ਵਿਚ ਆਉਂਦਾ ਹੈ। ਭਾਰਤੀ ਖਗੋਲ ਵਿਗਿਆਨੀਆਂ ਅਨੁਸਾਰ ਸੂਰਜ ਇਸ ਸਮੇਂ ਆਪਣੀ ਦੱਖਣ ਦੀ ਯਾਤਰਾ ਸ਼ੁਰੂ ਕਰਦਾ ਹੈ। ਪੋਂਗਲ ਪਿੰਡਾਂ ਦਾ ਇਕ ਤਿਉਹਾਰ ਹੈ, ਇਸ ਸਮੇਂ ਖੇਤਾਂ ਵਿਚ ਫਸਲ ਪੱਕਣੀ ਸ਼ੁਰੂ ਹੋ ਜਾਂਦੀ ਹੈ।



ਮੰਨਿਆ ਜਾਂਦਾ ਹੈ ਕਿ ਅੱਗ ਜਿਸ ਨੂੰ ਸੂਰਜ ਦਾ ਰੂਪ ਦਿੰਦੇ ਹਨ, ਸਾਲ ਦੇ ਬਾਕੀ ਦਿਨਾਂ ਵਿਚ ਫਸਲਾਂ ਦੀ ਰੱਖਿਆ ਕਰੇਗਾ, ਫਸਲਾਂ ਦੇ ਪੱਕਣ ਵਿਚ ਸਹਾਈ ਹੋਵੇਗਾ। ਸੂਰਜ ਦੀ ਉਸਤਤੀ ਨਾਲ ਸਬੰਧਤ ਪੋਂਗਲ, ਹੋਲੀ, ਦੁਸਹਿਰਾ ਮਿਥਿਆਵਾਂ ਨਾਲ ਭਰੇ ਹੋਏ ਹਨ। ਹੁਣ ਸੂਰਜ ਦੀ ਉਸਤਤੀ ਦੀ ਥਾਂ ਰਾਵਣ ਅਤੇ ਹੋਲੀਕਾ ਦੇ ਪੁਤਲੇ ਸਾੜੇ ਜਾਂਦੇ ਹਨ। ਪ੍ਰਾਚੀਨ ਸਮੇਂ ਵਿਚ ਸੂਰਜ ਨੂੰ ਮਸ਼ਾਲ ਜਾਂ ਜੋਤ ਨਾਲ ਅੱਗ ਵਿਖਾ ਕੇ ਚਾਨਣ ਕੀਤਾ ਜਾਂਦਾ ਸੀ। ਮਲੇਸ਼ੀਆ ਵਿਚ ਅੱਜ ਵੀ ਦੂਰ-ਦੁਰਾਡੇ ਇਲਾਕਿਆਂ ਵਿਚ ਕਈ ਵਾਰ ਮਨੁੱਖ ਦਾ ਪਿੰਜਰ, ਜਿਸ ਨੂੰ ਉਹ ਸੂਰਜ ਦਾ ਪ੍ਰਤੀਕ ਮੰਨਦੇ ਹਨ, ਸਾੜਿਆ ਜਾਂਦਾ ਹੈ। ਉਨ੍ਹਾਂ ਦਾ ਸੋਚਣਾ ਹੈ ਪਿੰਜਰ ਜੀਵਨ ਦਾ ਪ੍ਰਤੀਕ ਹੈ, ਇਸ ਨਾਲ ਸੂਰਜ ਦੀ ਕਾਇਆ-ਕਲਪ ਹੁੰਦੀ ਹੈ, ਸੂਰਜ 'ਤੇ ਮੁੜ ਜੋਬਨ ਆ ਜਾਂਦਾ ਹੈ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੂਰਜ ਦੀ ਉਪਮਾ ਵਿਚ ਬਾਲੀਆਂ ਜਾਂਦੀਆਂ ਇਹ ਅਗਨੀਆਂ 'ਅਕਾਂਖਿਆਂ ਅਗਨੀਆਂ' ਹੁੰਦੀਆਂ ਹਨ, ਭਾਵ ਕਿਸੇ ਇੱਛਾ ਲਈ ਇਹ ਅੱਗ ਬਾਲੀ ਜਾਂਦੀ ਹੈ। ਮਨੁੱਖ ਜਦੋਂ ਕਸ਼ਟ, ਬਿਪਤਾ ਵਿਚ ਹੁੰਦਾ ਹੈ ਤਾਂ ਇਸ ਤਰ੍ਹਾਂ ਦੀ ਮੰਗ ਕਰਦਾ ਹੈ। ਕਿਹਾ ਜਾਂਦਾ ਹੈ ਕਿ ਇੱਛਾ ਰੂਪੀ ਅੱਗ ਨੂੰ ਸੂਰਜ ਦੀ ਗਰਮੀ ਨਾਲ ਬਲਿਆ ਜਾਂਦਾ ਹੈ।

'ਸਨ ਸਿਟੀ' ਵਿਖੇ 'ਸੂਰਜ ਦੀ ਫੀਸਟ' ਨਾਮ ਦਾ ਇਕ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਸ ਵਿਚ ਬਲੀ ਦੀ ਜੋਤ ਨੂੰ ਮੁੱਖ ਪੁਜਾਰੀ ਦੇ ਹੱਥ ਦੇ ਕੜੇ ਨਾਲ ਅਗਨੀ ਦਿੱਤੀ ਜਾਂਦੀ ਹੈ। ਇਹ ਇਕ ਅਵਤਲ ਸ਼ੀਸ਼ਾ ਹੁੰਦਾ ਹੈ ਜੋ ਸੂਰਜ ਦੀਆਂ ਕਿਰਨਾਂ 'ਤੇ ਇਕ ਕੋਣ ਬਣਾ ਕੇ ਲੋਗੜ ਜਾਂ ਰੂੰ ਜੋ ਕਿ ਇਕ ਵਿਸ਼ੇਸ਼ ਢੰਗ ਨਾਲ ਰੱਖੀ ਹੁੰਦੀ ਹੈ, ਉਤੇ ਪਾਇਆ ਜਾਂਦਾ ਹੈ, ਰੂੰ ਨੂੰ ਅੱਗ ਲੱਗ ਜਾਂਦੀ ਹੈ ਅਤੇ ਜੋਤੀ ਬਲ ਉੱਠਦੀ ਹੈ।

ਸੂਰਜ ਨੂੰ ਔਰਤ ਦੀ ਉਪਜਾਊ ਸ਼ਕਤੀ ਜਾਂ ਬੱਚਾ ਜੰਮਣ ਦੀ ਤਾਕਤ ਨਾਲ ਵੀ ਜੋੜਿਆ ਜਾਂਦਾ ਹੈ। ਅਨੇਕਾਂ ਪ੍ਰਸਿੱਧ ਔਰਤਾਂ ਦੇ ਗਰਭ ਧਾਰਨ ਕਰਨ ਅਤੇ ਉਸ ਗਰਭ ਨਾਲ ਸੂਰਜ ਦਾ ਸਬੰਧ ਮੰਨਿਆ ਜਾਂਦਾ ਹੈ। ਕੁੰਤੀ ਨੇ ਕਰਨ ਦਾ ਗਰਭ ਧਾਰਨ ਕੀਤਾ ਅਤੇ ਦਾਨੀ ਦਾ ਗਰਭ ਇਕ ਝਰੋਖੇ ਵਿਚੋਂ ਸੋਨੇ ਰੰਗੀ ਧੁੱਪ ਦੁਆਰਾ ਹੋਇਆ ਮੰਨਿਆ ਜਾਂਦਾ ਹੈ, ਇਸ ਸਮੇਂ ਉਹ ਇਕ ਜੇਲ੍ਹ ਵਿਚ ਕੈਦ ਸੀ। ਇਹ ਪੁਰਾਣ ਕਥਾਵਾਂ ਇਕ ਸਰਬਵਿਆਪਕ ਡਰ ਦੇ ਬਦਲੇ ਹੋਏ ਰੂਪ ਸਨ। ਅਨੇਕਾਂ ਸਭਿਅਤਾਵਾਂ ਸੂਰਜ ਨੂੰ ਇਕ ਹਊਆ, ਖਬੀਸ, ਭੈੜੀ ਰੂਹ ਮੰਨਦੀਆਂ ਸਨ। ਜਵਾਨ ਲੜਕੀਆਂ ਨੂੰ ਸੂਰਜ ਤੋਂ ਅਨੇਕਾਂ ਮਹੀਨਿਆਂ, ਸਾਲਾਂ ਤਕ ਪਰੇ ਰੱਖਿਆ ਜਾਂਦਾ ਕਿਉਂਕਿ ਉਹ ਉਨ੍ਹਾਂ ਦੀ ਪ੍ਰੋੜਤਾ, ਕੁਆਰੇਪਨ 'ਤੇ ਬੁਰਾ ਪ੍ਰਭਾਵ ਪਾ ਸਕਦਾ ਸੀ।

ਨਿਊ ਗਿਆਨਾ ਵਿਖੇ ਕੁਆਰੀਆਂ ਕੁੜੀਆਂ ਨੂੰ ਬੈਂਤ, ਛਮਕਾਂ ਦੇ ਬਣੇ ਪਿੰਜਰੇ ਵਿਚ ਬੰਦ ਕਰਕੇ ਹਨੇਰੇ ਕਮਰੇ ਦੀਆਂ ਛੱਤਾਂ ਤੋਂ ਲਟਕਾ ਕੇ ਰੱਖਿਆ ਜਾਂਦਾ, ਤਾਂ ਕਿ ਸੂਰਜ ਦੀ ਇਕ ਕਿਰਨ ਵੀ ਉਨ੍ਹਾਂ ਨੇੜੇ ਨਾ ਆ ਸਕੇ ਅਤੇ ਪੈਰਾਂ ਨੂੰ ਮਿੱਟੀ ਨਾ ਲੱਗੇ। ਮਾਹਵਾਰੀ ਦੇ ਦਿਨਾਂ 'ਚ ਸਾਡੇ ਦੇਸ਼ ਤੇ ਕਈ ਹੋਰ ਦੇਸ਼ਾਂ ਦੇ ਪੁਰਾਣੇ ਰੀਤੀ-ਰਿਵਾਜਾਂ ਅਨੁਸਾਰ ਔਰਤ ਦਾ ਸੂਰਜ ਸਾਹਮਣੇ ਜਾਣਾ ਮਨ੍ਹਾਂ ਰਿਹਾ ਹੈ।

ਇਸ ਪ੍ਰਕਾਰ ਸਦੀਆਂ ਪੁਰਾਣੀ ਰੀਤ ਹੈ ਕਿ ਅਨੇਕਾਂ ਕਬੀਲੇ, ਅਨੇਕਾਂ ਲੋਕ ਸੂਰਜ ਨੂੰ ਦੇਵਤਾ ਸਮਝਦੇ ਰਹੇ ਹਨ, ਪੂਜਦੇ ਰਹੇ ਹਨ। ਅਨੇਕਾਂ ਲੋਕ, ਅਨੇਕਾਂ ਸਭਿਅਤਾਵਾਂ ਵਿਚ ਸੂਰਜ ਵੱਲ ਵੇਖਣ ਦੀ ਮਨਾਹੀ ਸੀ। ਅੱਜ ਦੇ ਸਮੇਂ ਸੂਰਜ ਨੂੰ ਵਿਗਿਆਨਕ ਰੂਪ ਵਿਚ ਵੇਖਿਆ ਜਾਂਦਾ ਹੈ, ਸੂਰਜ ਦੀ ਗਰਮੀ ਤੋਂ ਬਿਜਲੀ ਪੈਦਾ ਕੀਤੀ ਜਾ ਰਹੀ ਹੈ। ਸੂਰਜੀ ਸੌਰ-ਮੰਡਲ ਸਬੰਧੀ ਹੋਰ ਖੋਜਾਂ ਕੀਤੀਆਂ ਜਾ ਰਹੀਆਂ ਹਨ, ਪਰ ਸਾਨੂੰ ਆਪਣੇ ਪੂਰਵਜ਼ਾਂ ਬਾਰੇ ਅਤੇ ਪੁਰਾਤਨ ਰੀਤੀ-ਰਿਵਾਜਾਂ ਸਬੰਧੀ ਵੀ ਗਿਆਨ ਲੈਣਾ ਚਾਹੀਦਾ ਹੈ।

# ਜਦੋਂ ਹਾਂਗਕਾਂਗ ਪੁਲਿਸ ਦੇ ਪੰਜ ਜਵਾਨ ਜੈਤੋ ਮੋਰਚੇ ਲਈ ਪਹੁੰਚੇ

**ਸਰਵਣ ਸਿੰਘ ਬੀਰ**

**ਇਤਿਹਾਸ ਦੇ ਝਰੋਖੇ 'ਚੋਂ**

ਜਦੋਂ ਨਾਭਾ-ਪਟਿਆਲਾ ਰਿਆਸਤ ਦੇ ਮੁਕੱਦਮੇ ਦੀ ਆੜ ਲੈ ਕੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਨਾਜਾਇਜ਼ ਤੌਰ 'ਤੇ ਜ਼ਬਰਦਸਤੀ ਗੱਦੀਓਂ ਲਾਹੇ ਜਾਣ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਸਿੱਖਾਂ ਦੇ ਵੱਕਾਰ 'ਤੇ ਸੱਟ ਵੱਜੀ ਵੇਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਤੇ ਸ਼ੁਭਕਾਮਨਾਵਾਂ ਲਈ ਅਰਦਾਸੇ ਸੋਧਣ ਦੇ ਆਦੇਸ਼ ਜਾਰੀ ਕਰ ਦਿੱਤੇ ਤਾਂ ਸਿੰਘਾਂ ਨੇ ਰਿਆਸਤ ਨਾਭਾ ਦੇ ਜ਼ਿਲਾ ਫੂਲ ਦੇ ਕਸਬਾ ਜੈਤੋ ਵਿਚ ਗੁਰਦੁਆਰਾ ਗੰਗਸਰ ਅਤੇ ਟਿੱਬੀ ਸਾਹਿਬ ਵਿਖੇ ਅਖੰਡ ਪਾਠ ਕਰਨਾ ਅਰੰਭ ਦਿੱਤਾ ਤਾਂ ਰਿਆਸਤ ਦੇ ਨਵੇਂ ਥਾਪੇ ਪ੍ਰਸ਼ਾਸਕ ਮਿਸਟਰ ਵਿਲਸਨ ਨੇ ਪੁਲਿਸ ਰਾਹੀਂ ਗੁਰਦੁਆਰਾ ਗੰਗਸਰ ਉਤੇ ਧਾਵਾ ਬੋਲਿਆ ਅਤੇ ਬੈਠੇ ਤੇ ਪਾਠ ਸੁਣਦੇ ਸਾਰੇ ਸਿੰਘ 14 ਸਤੰਬਰ 1923 ਨੂੰ ਗ੍ਰਿਫਤਾਰ ਕਰ ਲਏ।

ਖਬਰ ਮਿਲਦਿਆਂ ਹੀ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਪੈਦਲ ਜਥੇ ਭੇਜਣੇ ਅਰੰਭ ਦਿੱਤੇ ਤਾਂ ਪੁਲਿਸ ਨੇ ਗ੍ਰਿਫਤਾਰ ਕਰ ਕੇ ਨਾਭਾ ਬੀੜ ਭੇਜਣਾ ਅਰੰਭ ਦਿੱਤਾ।

ਅਖਬਾਰਾਂ ਵਿਚ ਇਹ ਖਬਰ ਪੜ੍ਹ ਕੇ ਉਸ ਵੇਲੇ ਦੇ ਕਾਂਗਰਸੀ ਆਗੂ ਸਰਵਸ੍ਰੀ ਨਹਿਰੂ, ਮਨਥਾਨਮ ਤੇ ਗਿਡਵਾਨੀ ਦਾ ਇਕ ਜਥਾ ਮੁਕਤਸਰ ਤੋਂ ਗੱਡੇ 'ਤੇ ਸਵਾਰ ਹੋ ਕੇ 19 ਸਤੰਬਰ 1923 ਨੂੰ ਕਾਉਣੀ ਤੇ ਮੇਲਣ ਹੋ ਕੇ 21 ਸਤੰਬਰ ਨੂੰ ਜੈਤੋ ਪਹੁੰਚੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਉਸੇ ਸ਼ਾਮ ਬਠਿੰਡਾ ਰਾਹੀਂ ਨਾਭਾ ਲਿਆਂਦਾ ਗਿਆ ਜਿਸ ਨਾਲ ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ।

ਇਸ ਤੋਂ ਬਾਅਦ 13 ਅਕਤੂਬਰ 1923 ਨੂੰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ-ਦੋਵੇਂ ਗੈਰਕਾਨੂੰਨੀ ਕਰਾਰ ਦੇ ਕੇ ਇਸ ਦੇ ਮੁਖੀਆਂ ਨੂੰ ਫੜ੍ਹ ਲਿਆ। ਪਰ ਫਿਰ ਵੀ ਚਾਰ ਮਹੀਨੇ ਲਗਾਤਾਰ ਘੋਲ ਚੱਲਣ 'ਤੇ ਪੰਜ ਕੁ ਹਜ਼ਾਰ ਸਿੰਘ ਗ੍ਰਿਫਤਾਰ ਕਰ ਲਏ ਗਏ, ਜੋ ਅਨੇਕਾਂ ਮੁਸੀਬਤਾਂ ਝੱਲਦੇ ਰਹੇ।

25-25 ਸਿੰਘਾਂ ਦੇ ਜਥਿਆਂ ਦਾ ਕੋਈ ਚੰਗਾ ਨਤੀਜਾ ਨਾ ਨਿਕਲਿਆ ਤਾਂ ਕਮੇਟੀ ਨੇ 500 ਸਿੰਘਾਂ ਦਾ ਸ਼ਹੀਦੀ ਜਥਾ ਊਧਮ ਸਿੰਘ ਦੀ ਅਗਵਾਈ ਹੇਠ 9 ਫਰਵਰੀ 1924 ਨੂੰ ਅੰਮ੍ਰਿਤਸਰ ਤੋਂ ਭੇਜਿਆ ਜੋ ਤਰਨ ਤਾਰਨ, ਹਰੀਕੇ, ਜ਼ੀਰਾ ਹੁੰਦਾ ਹੋਇਆ ਬਰਗਾੜੀ ਪੁੱਜਾ। ਇਥੇ ਪੁੱਜਣ ਸਮੇਂ ਜਥੇ ਦੀ ਗਿਣਤੀ 5-6 ਹਜ਼ਾਰ ਸੀ। ਉਸ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਸ਼ਾਮਲ ਸਨ। ਇਥੇ ਕਾਂਗਰਸੀ ਆਗੂ ਸੈਫੂਦੀਨ ਕਿਚਲੂ, ਗਿਡਵਾਨੀ ਅਤੇ ਨਿਊ ਯਾਰਕ ਟਾਈਮਜ਼ ਦੇ ਨੁਮਾਇੰਦੇ ਆ ਸ਼ਾਮਲ ਹੋਏ।

ਇਥੋਂ 21 ਫਰਵਰੀ ਨੂੰ ਜਥਾ ਗੰਗਸਰ ਲਈ ਰਵਾਨਾ ਹੋਇਆ। ਜੈਤੋ ਦੀ ਹੱਦ ਵਿਚ ਵਿਲਸਨ ਨੇ ਰੋਕਣਾ ਚਾਹਿਆ ਪਰ ਜਥਾ ਅੱਗੇ ਵਧਦਾ ਗਿਆ। ਇਸ ਕਾਰਨ ਗੋਲੀ ਦਾ ਹੁਕਮ ਹੋ ਗਿਆ ਤੇ 90 ਤੋਂ 150 ਸਿੰਘ ਸ਼ਹੀਦ ਹੋਏ। ਜਥੇ ਦੇ ਬਚੇ ਮੈਂਬਰਾਂ ਨੂੰ ਬਾਬਲ ਕਾਟੀ ਜੇਲ੍ਹ ਭੇਜਿਆ ਗਿਆ। ਇਸੇ ਦਿਨ ਸਟੇਸ਼ਨ 'ਤੇ ਖੜ੍ਹੇ ਕਾਂਗਰਸੀ ਨੇਤਾ ਰਾਏਜ਼ਾਦਾ ਹੰਸ ਰਾਜ ਤੇ ਸਨਮੁਖਮ ਚੈਟੀ ਨੂੰ ਵੀ ਗ੍ਰਿਫਤਾਰ ਕਰ ਕੇ ਸਖਤੀ ਕੀਤੀ।

ਪਰ ਫਿਰ ਵੀ ਸ਼ਹੀਦੀ ਜਥੇ 27 ਫਰਵਰੀ 1924 ਤੋਂ ਅਪਰੈਲ 1925 ਤਕ ਲਗਾਤਾਰ ਜਾਂਦੇ ਰਹੇ ਜਿਨ੍ਹਾਂ ਵਿਚ ਪੰਜਾਬ ਤੋਂ ਇਲਾਵਾ ਸ਼ੰਘਾਈ, ਹਾਂਗਕਾਂਗ ਤੇ ਅਮਰੀਕਾ ਤੋਂ ਵੀ ਸ਼ਾਮਲ ਹੋ ਕੇ ਲੋਕਾਂ ਨੇ ਗ੍ਰਿਫਤਾਰੀਆਂ ਦਿੱਤੀਆਂ।

ਇਸ ਸਮੇਂ ਹਾਂਗਕਾਂਗ ਪੁਲਿਸ ਦੇ ਬਾਹੀਏ ਦੇ ਪਿੰਡ ਬੇਗਾ ਤੋਂ ਇਕ, ਮਹਿਰਾਜ ਤੋਂ ਤਿੰਨ ਜਿਨ੍ਹਾਂ ਵਿਚੋਂ ਇਕ ਘੁਮੰਡ ਸਿੰਘ ਪੁੱਤਰ ਹੀਰਾ ਸਿੰਘ ਪੱਤੀ ਕਰਮ ਚੰਦ ਅਤੇ ਬਰਨਾਲਾ ਜ਼ਿਲੇ ਦੇ ਠੀਕਰੀਵਾਲਾ ਤੋਂ ਇਕ ਜਵਾਨ ਪੁਲਿਸ ਦੀ ਨੌਕਰੀ ਨੂੰ ਲੱਤ ਮਾਰ ਕੇ ਜੈਤੋ ਪੁੱਜੇ।

ਇਨ੍ਹਾਂ ਪੰਜਾਂ ਜਵਾਨਾਂ ਵਿਚ ਲਹਿਰਾ ਬੇਗਾ ਦੇ ਪੁਲਿਸ ਜਵਾਨ ਦਾ ਨਾਮ ਨਰਿੰਦਰ ਸਿੰਘ ਉਰਫ ਸੁੱਚਾ ਸਿੰਘ ਪੁੱਤਰ ਨਾਰਾਇਣ ਸਿੰਘ ਸੀ। ਜੇਲ੍ਹ ਤੋਂ ਬਾਹਰ ਆਉਣ ਬਾਅਦ ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨ ਵਜੋਂ ਕ੍ਰਿਪਾਨ ਭੇਟ ਕੀਤੀ ਸੀ। ਉਹ ਬੁਰਜ ਗਿੱਲ ਵਿਖੇ ਆਪਣੀ ਭੈਣ ਨੂੰ ਮਿਲਣ ਗਿਆ ਤੇ ਫੂਲ ਪੁਲਿਸ ਨੇ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਜਿਥੋਂ 40 ਰੁਪਏ ਜੁਰਮਾਨੇ ਦੀ ਸਜ਼ਾ ਹੋਈ।

ਲਹਿਰਾ ਬੇਗਾ ਨੂੰ ਇਹ ਵੀ ਮਾਣ ਹੈ ਕਿ ਇਸ ਦੇ 36 ਸਿੰਘ ਜੈਤੋ ਮੋਰਚੇ ਵਿਚ ਗਏ ਜਿਨ੍ਹਾਂ ਵਿਚੋਂ ਨਾਭਾ ਬੀੜ ਜੇਲ੍ਹ ਵਿਚ ਦੋ ਸ਼ਹੀਦ ਹੋ ਗਏ ਸਨ। ਵਰਣਨਯੋਗ ਹੈ ਕਿ ਬਾਬੂ ਸਿੰਘ ਪੁੱਤਰ ਕਾਲਾ ਸਿੰਘ ਨਾਂ ਦਾ ਇਕ ਯੋਧਾ ਸੌ ਸਾਲ ਦੀ ਉਮਰ 'ਚ ਮੰਜੇ 'ਤੇ ਪਿਆ ਆਜ਼ਾਦੀ ਦੇ ਸੁਨਹਿਰੀ ਜਸ਼ਨਾਂ ਸਮੇਂ ਮੌਤ ਨੂੰ ਪਿਆਰਾ ਹੋ ਗਿਆ।

ਕਹਾਣੀ

# ਲੋਕਾਂ ਦੀ ਫੌਜ

ਰਘੁਬੀਰ ਢੰਡ

ਉਸ ਪਿੰਡ ਵਿਚੋਂ ਮਸਾਂ ਦੋ ਕੁ ਸੌ ਬਚ ਕੇ ਸੁਰੱਖਿਅਤ ਥਾਂ ਉਤੇ ਪਹੁੰਚੇ ਸਨ-ਛੇ ਸੌ 'ਚੋਂ ਮਸਾਂ ਦੋ ਕੁ ਸੌ। ਬਹੁਤੇ ਜਵਾਨ ਮੁੰਡੇ-ਕੁੜੀਆਂ ਤੇ ਪੰਜਾਹ ਕੁ ਬੱਚੇ ਤੇ ਬੁੱਢੇ-ਬੁੱਢੀਆਂ।

ਸਭ ਦੇ ਚਿਹਰੇ ਉਤਰੇ ਹੋਏ। ਬੱਚਿਆਂ ਦੀਆਂ ਜਿਵੇਂ ਚੀਕਾਂ ਮੁੱਕ ਗਈਆਂ ਸਨ। ਬੁੱਢੇ-ਬੁੱਢੀਆਂ ਵਲੋਂ ਹਰ ਸਾਹ ਨਾਲ ਪੁਕਾਰਨ ਨਾਲ ਜਿਵੇਂ ਅੱਲ੍ਹਾ ਤਾਅਲਾ ਵੀ ਅੱਕ ਗਿਆ ਸੀ। ਖ਼ੂਬਸੂਰਤ ਬੰਗਾਲਣਾਂ ਦੀਆਂ ਗਜ ਗਜ ਲੰਮੀਆਂ ਜ਼ੁਲਫਾਂ ਇੰਜ ਬੇਜਾਨ ਹੋ ਗਈਆਂ ਸਨ, ਜਿਵੇਂ ਸੱਪਣੀਆਂ ਉਤੇ ਬਿਜਲੀਆਂ ਡਿੱਗ ਪਈਆਂ ਹੋਣ।

ਸੁਰੱਖਿਅਤ ਥਾਂ ਉਤੇ ਪਹੁੰਚਦਿਆਂ ਹੀ ਸਭ ਨੇ ਆਪਣੇ ਮੋਇਆਂ ਨੂੰ ਰੋਣਾ ਸ਼ੁਰੂ ਕਰ ਦਿੱਤਾ। ਚੀਕਦੇ ਬੱਚਿਆਂ ਦੇ ਮੂੰਹਾਂ ਵਿਚ ਮਾਂਵਾਂ ਨੇ ਸੁੱਕੀਆਂ ਲਮਕਦੀਆਂ ਦੁੱਧੀਆਂ ਦੇ ਦਿੱਤੀਆਂ।

ਲੋਕਾਂ ਨੂੰ ਇੰਨੇ ਤੰਗ ਵੇਖ ਕੇ ਮੌਲਵੀ ਬਦਰਦੀਨ ਨੇ ਸੂਫੀਆਨਾ ਅੰਦਾਜ਼ ਵਿਚ ਕਿਹਾ, "ਵੇਖੋ! ਖੁਦਾ ਦਾ ਸ਼ੁਕਰ ਕਰੋ ਪਿੰਡ ਦਾ ਨਾਂ ਨਿਸ਼ਾਨ ਤਾਂ ਰਹਿ ਗਿਆ। ਹੁਣ ਸਬਰ ਕਰੋ ਅੱਲ੍ਹਾ ਤਾਅਲਾ ਨੂੰ ਇਹੀ ਮਨਜ਼ੂਰ ਸੀ...।"

ਮੌਲਵੀ ਦੀ ਗੱਲ ਟੋਕਦਿਆਂ ਉਸ ਦਾ ਲੜਕਾ ਰਫੀਕ ਬੋਲਿਆ, "ਅੱਬਾ, ਜਦੋਂ ਵੀ ਪਿੰਡ 'ਚ ਕੋਈ ਮਰਦੈ, ਜਾਂ ਕੋਈ ਹੋਰ ਮੁਸੀਬਤ ਥਰਪਾ ਹੁੰਦੀ ਐ, ਤੂੰ ਏਹੀ ਰੱਟ ਲਾਉਨੈਂ, 'ਅੱਲ੍ਹਾ ਤਾਅਲਾ ਨੂੰ ਏਹੀ ਮਨਜ਼ੂਰ ਸੀ।' ਕੀ ਅੱਲ੍ਹਾ ਤਾਅਲਾ ਨੂੰ ਸਭ ਬੁਰੀਆਂ ਗੱਲਾਂ ਈ ਮਨਜ਼ੂਰ ਹੁੰਦੀਆਂ?"

ਮੌਲਵੀ ਬਦਰਦੀਨ ਦੇ ਬੁੱਲ੍ਹ ਥਰਕੇ। ਚਿੱਟੀ ਦਾੜ੍ਹੀ ਜ਼ਰਾ ਉਤਾਂਹ ਉਠੀ ਤੇ ਗਲ ਦੀਆਂ ਰਗਾਂ ਖੜ੍ਹੀਆਂ ਹੋਈਆਂ, "ਓ, ਤੂੰ ਕਿਥੋਂ ਕਾਫਰ ਜੰਮ ਪਿਆ ਮੇਰੇ ਘਰ। ਹੇ ਅੱਲ੍ਹਾ, ਮਿਹਰ ਕਰੀਂ!"

"ਏਹਤੋਂ ਵੱਧ ਮਿਹਰ ਅੱਲ੍ਹਾ ਨੇ ਕੀ ਕਰਨੀ ਐ?" ਰਫੀਕ ਦੀ ਗੱਲ ਮੌਲਵੀ ਬਦਰਦੀਨ ਦੇ ਗੋਲੀ ਵਾਂਗ ਲੱਗੀ। ਉਸ ਨੂੰ ਜਾਪਿਆ ਜਿਵੇਂ ਉਸ ਦੇ ਕਾਫਰ ਮੁੰਡੇ ਨੇ ਸਿਰਫ ਅੱਲ੍ਹਾ ਨੂੰ ਹੀ ਨਹੀਂ ਬਲਕਿ ਉਸ ਦੀ ਆਪਣੀ ਮਕਬੂਲੀਅਤ ਨੂੰ ਵੀ ਵੰਗਾਰਿਆ ਹੋਵੇ। ਉਸ ਦਾ ਜੀਅ ਕੀਤਾ, ਇਹੋ ਜਿਹੇ ਕਾਫਰ ਪੁੱਤਰ ਦੀ ਜ਼ਬਾਨ ਖਿੱਚ ਦੇਵੇ। ਪਰ ਮੌਲਵੀ ਬੜੀਆਂ ਗਿਣਤੀਆਂ ਵਾਲਾ ਆਦਮੀ ਸੀ। ਉਹ ਆਪਣੇ ਪੁੱਤਰ ਦੇ ਮੁਸੱਮਮ ਇਰਾਦੇ ਤੋਂ ਵਾਕਫ ਸੀ।

ਮੌਲਵੀ ਨੂੰ ਇਸ ਤਰ੍ਹਾਂ ਉਧੇੜ-ਬੁਣ ਵਿਚ ਪਏ ਵੇਖ, ਉਸ ਦਾ ਲੰਗੋਟੀਆ ਯਾਰ ਮੁਸੀਤਉਲਾ, ਜੋ ਸਾਰੀ ਉਮਰ ਮਸੀਤ ਵਿਚ ਝਾੜੂ ਦਿੰਦਾ ਰਿਹਾ ਸੀ, ਕੜਕਿਆ, "ਓ ਛੋਕਰਿਆ, ਤੂੰ ਕਿਤੇ ਹਿੰਦੁਸਤਾਨ ਦਾ ਏਜੰਟ ਤੇ ਨ੍ਹੀਂ?"

"ਚਾਚਾ, ਜਦੋਂ ਮੈਂ ਅੱਲ੍ਹਾ ਤਾਅਲਾ ਦਾ ਏਜੰਟ ਨ੍ਹੀਂ, ਤਾਂ ਮੈਂ ਹਿੰਦੁਸਤਾਨ ਦਾ ਏਜੰਟ ਕਿਵੇਂ ਹੋ ਸਕਦਾਂ?"

ਐਤਕੀਂ ਮੌਲਵੀ ਬਦਰਦੀਨ ਤੋਂ ਆਪਣੇ ਯਾਰ ਦੀ ਬੇਇੱਜਤੀ ਬਰਦਾਸ਼ਤ ਨਾ ਹੋ ਸਕੀ। ਉਸ ਨੇ ਕਹਿਰੀ ਨਜ਼ਰਾਂ ਨਾਲ ਰਫੀਕ ਵਲ ਵੇਖਿਆ ਤੇ ਫਤਵਾ ਲਾਇਆ, "ਖ਼ੁਦਾ ਨੇ ਇਹ ਕਹਿਰ ਤੇਰੇ ਵਰਗੇ ਕਾਫਰ ਕਰ ਕੇ ਹੀ ਸਾਡੇ ਉਤੇ ਨਾਜ਼ਲ ਕੀਤੈ।"

ਇਹ ਕਹਿ ਕੇ ਮੌਲਵੀ ਨੇ ਆਪਣੀਆਂ ਅੱਖਾਂ ਨਾਲ ਸਭ ਦਾ ਜਾਇਜ਼ਾ ਲੈਣ ਲਈ ਇੱਕ ਸਿਰੇ ਤੋਂ ਦੂਜੇ ਸਿਰੇ ਤਕ ਵੇਖਿਆ। ਬਹੁਤੇ ਚਿਹਰਿਆਂ ਉਤੇ, ਖਾਸ ਕਰ ਜਵਾਨ ਚਿਹਰਿਆਂ 'ਤੇ ਨਾਮਨਜ਼ੂਰੀ ਦੇ ਨਿਸ਼ਾਨ ਸਨ। ਇੱਕ ਨੇ ਕਹਿ ਵੀ ਦਿੱਤਾ, "ਮੌਲਵੀ ਸਾਹਿਬ, ਇਹ ਗਲਤ ਐ। ਰਫੀਕੇ ਨੇ ਆਪਣੀ ਜਾਨ 'ਤੇ ਖੇਡ ਕੇ ਕਈ ਜਾਨਾਂ ਬਚਾਈਆਂ ਨੇ। ਆਹ ਵੇਖ ਲਓ, ਏਹਨੇ ਆਪਣਾ ਪਟਸਨ ਦਾ ਪੱਲੜ ਵੀ ਬੱਚਿਆਂ ਨੂੰ ਦੇ ਦਿੱਤੈ।"

ਮੌਲਵੀ ਨੇ ਮਸੀਤਉਲੇ ਵਲ ਤੇ ਮਸੀਤਉਲੇ ਨੇ ਮੌਲਵੀ ਵਲ ਤੱਕਿਆ। ਨਜ਼ਰਾਂ ਮਿਲੀਆਂ, ਜਿਵੇਂ ਪੁੱਛ ਰਹੀਆਂ ਹੋਣ ਕਿ ਹੁਣ ਕੀ ਜਵਾਬ ਦੇਣਾ ਹੈ। ਜਵਾਬ ਨਾ ਅਹੁੜਦਾ ਵੇਖ ਮੌਲਵੀ ਬਦਰਦੀਨ ਨੇ ਆਖਿਆ, "ਹੂੰ ਕਾਫਰ!" ਤੇ ਨਮਾਜ਼ ਗੁਜ਼ਾਰਨ ਚਲਾ ਗਿਆ।

"ਹੇ ਅੱਲ੍ਹਾ, ਰਹਿਮ ਕਰੀਂ!" ਤੇ ਮਸੀਤਉਲੇ ਨੇ ਤਸਬੀ ਦੇ ਮਣਕੇ ਫੇਰਨੇ ਸ਼ੁਰੂ ਕਰ ਦਿੱਤੇ।

ਰਫੀਕ ਮੁਸਕਰਾਇਆ ਤੇ ਇੱਕ ਪਾਸੇ ਹੋ ਕੇ ਪਾਣੀ ਦੇ ਪਸਾਰ ਨੂੰ ਵੇਖਣ ਲੱਗਾ। ਚਾਰੇ ਪਾਸੇ ਨਜ਼ਰਾਂ ਦੇ ਦਿਸਹੱਦਿਆਂ ਤੋਂ ਵੀ ਪਰੇ ਪਾਣੀ ਹੀ ਪਾਣੀ ਨਾਗਾਂ ਵਾਂਗ ਸ਼ੂਕ ਰਿਹਾ ਸੀ। ਪਾਣੀ ਵਿਚ ਡੁਬੀਆਂ ਫਸਲਾਂ ਤੇ ਲਾਸ਼ਾਂ ਹੀ ਲਾਸ਼ਾਂ। ਇੰਨਾ ਪਾਣੀ ਹੋਣ ਦੇ ਬਾਵਜੂਦ ਬਚੇ ਹੋਏ ਲੋਕ ਬੂੰਦ ਬੂੰਦ ਨੂੰ ਤਰਸ ਰਹੇ ਸਨ। ਕਾਲਰਿਜ ਨੇ ਠੀਕ ਹੀ ਤਾਂ ਆਖਿਆ ਸੀ:

ਚਾਰੇ ਪਾਸੇ ਪਾਣੀ ਪਾਣੀ
ਪੀਣ ਲਈ ਇੱਕ ਬੂੰਦ ਵੀ ਨਾਹੀਂ।

ਉਸ ਦੀ ਨਜ਼ਰ ਪਾਣੀ ਨੂੰ ਚੀਰ ਕੇ ਦੂਰ ਉਤਰ ਵਿਚ ਵਸਦੇ ਢਾਕੇ ਵਲ ਚਲੀ ਗਈ। ਕਿੰਨੀਆਂ ਯਾਦਾਂ ਸਨ, ਉਸ ਦੀਆਂ ਢਾਕੇ ਨਾਲ ਬੱਝੀਆਂ ਹੋਈਆਂ। ਉਸ ਨੇ ਢਾਕੇ ਵਿਚ ਹੀ ਇੱਕ ਵਾਰ ਮੌਲਾਨਾ ਭਾਸਾਨੀ ਨੂੰ ਬੋਲਦਿਆਂ ਸੁਣਿਆ ਸੀ। ਉਸ ਨੇ ਕਿਹਾ ਸੀ, ਤਾਲਬੇ-ਇਲਮਾਂ ਨੂੰ ਪਿੰਡਾਂ ਵਿਚ ਜਾ ਕੇ ਕਿਸਾਨਾਂ ਤੋਂ ਤਾਲੀਮ ਹਾਸਲ ਕਰਨੀ ਚਾਹੀਦੀ ਹੈ। ਰਫੀਕ ਨੇ ਉਸ ਦੀ ਗੱਲ ਲੜ ਬੰਨ੍ਹ ਲਈ ਸੀ ਤੇ ਸਦਾ ਕਿਸਾਨਾਂ ਨਾਲ ਰਿਹਾ ਸੀ। ਉਸ ਦੀਆਂ ਅੱਖਾਂ ਸਾਹਵੇਂ ਬਜੁਰਗ ਭਾਸ਼ਾਨੀ ਦੀ ਸ਼ਕਲ ਸਾਕਾਰ ਹੋਈ। ਅੱਸੀ ਵਰ੍ਹਿਆਂ ਦਾ ਬਜੁਰਗ, ਜਿਸ ਨੇ ਸਦਾ ਲੋਕਾਂ ਨੂੰ ਖੁਦਾ ਮੰਨਿਆ। ਅਜ ਜੋ ਮੌਲਾਨਾ ਭਾਸਾਨੀ ਮੁਲਕ ਦਾ ਰਹਿਬਰ ਹੁੰਦਾ ਤਾਂ ਇਹ ਹੜ੍ਹ ਆ ਹੀ ਨਹੀਂ ਸੀ ਸਕਦਾ। ਉਸ ਦੀਆਂ ਅੱਖਾਂ ਵਿਚ ਅਰਮਾਨਾਂ ਲੱਦੇ ਅੱਥਰੂ ਛਲਕੇ, ਪਰ ਦੂਜੇ ਹੀ ਪਲ ਉਸ ਦੇ ਅੰਦਰੋਂ ਸ਼ੰਕੇ ਬੋਲੇ, "ਪਾਗਲਾ, ਭਾਸ਼ਾਨੀ ਬੰਗਾਲ ਦੀ ਖਾੜੀ ਵਿਚੋਂ ਠਲ੍ਹੀਆਂ ਕਾਂਗਾਂ ਕਿਵੇਂ ਰੋਕ ਲੈਂਦਾ।" ਉਸ ਅੰਦਰੋਂ ਜਿਵੇਂ ਉਸ ਦਾ ਅੱਬਾ ਮੌਲਵੀ ਬਦਰਦੀਨ ਬੋਲਿਆ ਹੋਵੇ।

"ਪਗਲੇ ਤੁਮਹਾਰਾ ਨਾਸਤਕ ਭਾਸ਼ਾਨੀ ਗੰਗਾ ਮਾਈ ਕੀ ਕਰੋਪੀ ਕੋ ਕੈਸੇ ਟਾਲ ਸਕਤਾ ਹੈ?" ਉਨ੍ਹਾਂ ਦੇ ਪਿੰਡ ਦਾ ਜਿਵੇਂ ਪੰਡਿਤ ਸ਼ਿਵਨਾਥ ਬੋਲਿਆ ਹੋਵੇ।

ਥੋੜ੍ਹੇ ਚਿਰ ਲਈ ਉਸ ਦੀ ਸੋਚ ਜਿਵੇਂ ਬੰਦ ਹੋ ਗਈ।

"ਕਿਉਂ ਨਹੀਂ?" ਰਫੀਕ ਦੇ ਅੰਦਰ ਜਿਵੇਂ ਰੌਸ਼ਨੀ ਹੋਈ, "ਜੇ ਚੀਨ ਦੇ ਲੋਕ ਪਹਾੜਾਂ ਉਤੋਂ ਦੀ ਨਹਿਰਾਂ ਵਗਾ ਸਕਦੇ ਨੇ, ਜੇ ਉਤਰੀ ਕੋਰੀਆ ਦੇ ਲੋਕ ਮੁੜ ਸਾਰਾ ਮੁਲਕ ਉਸਾਰ ਸਕਦੇ ਨੇ, ਜੇ ਨਿੱਕਾ ਵੀਅਤਨਾਮ ਦੈਂਤ ਦੇ ਨੱਕ ਚਣੇ ਚਬਾ ਸਕਦਾ ਹੈ, ਤਾਂ ਅਸੀਂ ਹੜ੍ਹ ਕਿਉਂ ਨਹੀਂ ਰੋਕ ਸਕਦੇ?"

ਢਾਕਾ! ਢਾਕੇ ਦੀ ਮਲਮਲ ਜਿਸ ਦਾ ਪੂਰਾ ਥਾਨ ਤੀਲਾਂ ਵਾਲੀ ਡੱਬੀ ਵਿਚ ਪੈ ਜਾਂਦਾ ਸੀ, ਇੱਕ ਮੁੰਦਰੀ ਵਿਚੋਂ ਦੀ ਨਿਕਲ ਜਾਂਦਾ ਸੀ। ਅੰਗਰੇਜ਼ ਹਾਕਮਾਂ ਨੇ ਉਨ੍ਹਾਂ ਕਾਰੀਗਰਾਂ ਦੀਆਂ ਬਾਹਾਂ ਵਢਾ ਦਿੱਤੀਆਂ ਸਨ।

ਰਫੀਕ ਨੇ ਨਜ਼ਰ ਘੁਮਾਈ। ਦਰ ਗੰਗਾ ਦਰਿਆ ਠਾਠਾਂ ਮਾਰ ਰਿਹਾ ਸੀ। ਉਸ ਨੂੰ ਹਾਲਾਂ ਤਕ ਸਮਝ ਨਹੀਂ ਸੀ ਆਈ ਕਿ ਪਵਿੱਤਰ ਗੰਗਾ ਹਰ ਸਾਲ ਇੰਨੀਆਂ ਲਾਸ਼ਾਂ ਕਿਉਂ ਨਿਗਲ ਜਾਂਦੀ ਸੀ। ਪੰਡਿਤ ਸ਼ਿਵਨਾਥ ਕਹਿੰਦਾ ਸੀ, ਜਦੋਂ ਪਾਪ ਵਧ ਜਾਂਦੇ ਨੇ ਤਾਂ ਗੰਗਾ ਮਾਈ ਕਰੋਪੀ ਹੋ ਕੇ ਪਾਪੀਆਂ ਦਾ ਸੰਘਾਰ ਕਰਨ ਆਉਂਦੀ ਹੈ।

"ਪਰ ਪੰਡਿਤ ਜੀ, ਆਪਾਂ ਗਰੀਬਾਂ ਨੇ ਕੀ ਪਾਪ ਕਰਨੈ? ਪੈਸੇ ਬਿਨਾ ਪਾਪ ਵੀ ਤੇ ਨਹੀਂ ਨਾ ਹੋ ਸਕਦਾ। ਸ਼ਹਿਰ ਮਿਲ ਮਾਲਕਾਂ ਤੇ ਜੋਤਦਾਰਾਂ ਦਾ ਗੰਗਾ ਮਾਈ ਨੇ ਕਦੀ ਸੰਘਾਰ ਨਹੀਂ ਕੀਤਾ...?"

"ਤੁਮ ਅਭੀ ਬੱਚੇ ਹੋ, ਯੇਹ ਸਭ ਪੂਰਵਲੇ ਕਰਮੋਂ ਕਾ ਫਲ ਹੈ।" ਪੰਡਿਤ ਸ਼ਿਵਨਾਥ ਨੇ ਇੰਜ ਕਹਿ ਕੇ ਰਫੀਕ ਨੂੰ ਤੋਰ ਦਿੱਤਾ ਸੀ।

ਫਿਰ ਉਸ ਨੇ ਪੱਛਮ ਵਲ ਵੇਖਿਆ। ਪਾਣੀ ਤੇ ਲਾਸ਼ਾਂ, ਉਨ੍ਹਾਂ ਤੋਂ ਅਗਾਂਹ ਘਣੇ ਜੰਗਲ, ਸੁੰਦਰ ਬਨ! ਕਿੰਨਾ ਪਿਆਰਾ ਨਾਂ ਹੈ! ਇਥੇ ਸ਼ੇਰ ਬੁੱਕਦੇ ਨੇ। ਬੰਗਾਲ ਦੀਆਂ ਦੋ ਚੀਜ਼ਾਂ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ-ਭੁੱਖ ਤੇ ਸੁੰਦਰ ਬਨ! ਜਿਥੇ 'ਬੰਗਾਲ ਟਾਈਗਰ' ਵਿਚਰਦਾ ਹੈ। ਉਨ੍ਹਾਂ ਵਣਾਂ ਤੋਂ ਪਾਰ ਉਸ ਦਾ ਹਿੰਦੁਸਤਾਨੀ ਬੰਗਾਲ ਹੈ ਤੇ ਕਲਕੱਤਾ, ਜਿਥੇ ਧੌਲਰਾਂ ਵਿਚ ਬਹਿ ਕੇ ਟੈਗੋਰ ਨੇ ਗੀਤ ਲਿਖੇ ਸਨ-ਪਿਆਰ ਦੇ ਗੀਤ, ਠੰਡੇ ਸੀਤ ਗੀਤ। ਰਾਬਿੰਦਰ ਸੰਗੀਤ ਨੂੰ ਅੱਜ ਵੀ ਕਾਰਖਾਨੇਦਾਰਾਂ ਤੇ ਜੋਤਦਾਰਾਂ ਦੇ ਮੁੰਡੇ-ਕੁੜੀਆਂ ਡਾਢੇ ਸ਼ੌਕ ਨਾਲ ਸੁਣਦੇ ਹਨ। ਹਾਂ, ਬਰਦਵਾਨ, ਜਿਥੇ ਨਜ਼ਰ-ਉਲ-ਸਲਾਮ ਜੰਮਿਆ ਸੀ, ਜਿਸ ਨੇ ਅੱਗ ਦੇ ਗੀਤ ਲਿਖੇ ਸਨ, ਜੋ ਲੋਕਾਂ ਵਿਚ ਰਿਹਾ ਸੀ, ਜਿਸ ਦੇ ਗੀਤ ਸੁਣ ਕੇ ਧਰਤ ਪਿਘਲਣ ਲਗ ਪੈਂਦੀ ਹੈ। ਨਜ਼ਰ-ਉਲ-ਸਲਾਮ ਦਾ ਖਿਆਲ ਆਉਂਦਿਆਂ ਹੀ ਰਫੀਕ ਨੇ ਗੁਣਗੁਣਾਇਆ,

ਹੇ ਗੁਰਬਤ!
ਇਹ ਅਜ਼ਮਤ ਦੇਣ ਹੈ ਤੇਰੀ!
ਈਸਾ ਦੇ ਸਿਰ 'ਤੇ
ਤਾਜ਼ ਕੰਡਿਆਂ ਦਾ
ਲਗ ਰਿਹਾ ਕਿੰਨਾ ਹੁਸੀਨ?

ਪਤਾ ਨਹੀਂ ਉਹ ਕਿੰਨਾ ਚਿਰ ਨਜ਼ਰ-ਉਲ-ਸਲਾਮ ਦੇ ਗੀਤ ਗਾਉਂਦਾ ਰਹਿੰਦਾ, ਜੇ ਉਸ ਨੂੰ ਕਿਸੇ ਦੇ ਉਲਟੀ ਕਰਨ ਦੀ ਉਚੀ ਉਚੀ ਖੰਘ ਸੁਣਾਈ ਨਾ ਦਿੰਦੀ। ਉਹ ਅਧਖੜ ਉਮਰ ਦੀ ਔਰਤ ਕੋਲ ਗਿਆ। ਉਸ ਦਾ ਮੱਥਾ ਬੁਖਾਰ ਨਾਲ ਗਰਮ ਸੀ। ਰਫੀਕ ਨੇ ਉਸ ਦਾ ਸਿਰ ਫੜ੍ਹ ਲਿਆ।

ਮੌਲਵੀ ਬਦਰਦੀਨ ਨੇ ਆਪਣੇ ਯਾਰ ਮਸੀਤਉਲੇ ਵਲ ਵੇਖ ਕੇ ਡਾਢੇ ਦੁੱਖ ਤੇ ਨਫਰਤ ਨਾਲ ਕਿਹਾ, "ਹੂੰ ਕਮਜ਼ਾਤ, ਏਹਨੇ ਸਭ ਨੂੰ ਹੈਜ਼ਾ ਕਰ ਦੇਣੈ।"

ਰਫੀਕ ਨੇ ਉਸ ਦੀਆਂ ਅੱਖਾਂ ਵਿਚੋਂ ਚੋਅ ਰਹੇ ਪਾਣੀ ਨੂੰ ਪੂੰਝਿਆ, ਉਲਟੀ ਵਾਲੀ ਥਾਂ ਉਤੇ ਮਿੱਟੀ ਪਾ ਕੇ ਔਰਤ ਨੂੰ ਲਿਟਾਉਂਦਿਆਂ ਬੋਲਿਆ, "ਘਬਰਾ ਨਾ ਚਾਚੀ, ਤੈਨੂੰ ਹੁਣੇ 'ਰਾਮ ਆ ਜਾਏਗਾ।"

"ਤੂੰ ਜੀਵੇਂ, ਬਚੜਿਆ!" ਚਾਚੀ ਨੇ ਸਾਹ 'ਚ ਸਾਹ ਰਲਾਉਂਦਿਆਂ ਅਸੀਸ ਦਿੱਤੀ।

"ਹੂੰ ਕਾਫਰ!" ਮੌਲਵੀ ਨੇ ਸੜ ਕੇ ਮਸੀਤਉਲੇ ਨੂੰ ਕਿਹਾ।

ਰਫੀਕ ਨੇ ਸੰਜੀਦਾ ਅੰਦਾਜ਼ ਵਿਚ ਦੋ ਸੌ ਚਿਹਰਿਆਂ ਵਲ ਤੱਕਿਆ: ਉਦਾਸ ਉਦਾਸ ਚਿਹਰੇ, ਭੁੱਖੇ ਭੁੱਖੇ ਚਿਹਰੇ। ਉਹ, ਇਬਰਾਹੀਮ ਤੇ ਕਈ ਹੋਰ ਨੌਜਵਾਨਾਂ ਨੂੰ ਨਾਲ ਲੈ ਕੇ ਇਕੱਲੇ ਇਕੱਲੇ ਕੋਲ ਫਿਰਨ ਲੱਗਾ, ਤਸੱਲੀਆਂ ਦੇਣ ਲੱਗਾ।



"ਪਰ ਪੁੱਤਰਾ! ਇੰਜ ਕਿੰਨੇ ਕੁ ਦਿਨ ਕੱਢਾਂਗੇ?" ਇੱਕ ਬਜੁਰਗ ਨੇ ਪੁੱਛਿਆ।

ਰਫੀਕ ਜਵਾਬ ਟੋਲਣ ਲੱਗਾ। ਪਰ ਉਸ ਦੀ ਸੋਚ ਉਨ੍ਹਾਂ ਦੇ ਸਿਰ ਉਤੇ ਗੂੰਜਦੇ ਹੈਲੀਕਾਪਟਰ ਦੀ ਗੂੰਜ ਵਿਚ ਸਮੋ ਗਈ। ਹੈਲੀਕਾਪਟਰ ਖਲੋਤਾ, ਕੁਝ ਚੀਜ਼ਾਂ ਸੁੱਟੀਆਂ ਤੇ ਤੁਰਦਾ ਹੋਇਆ।

ਸਭ ਦੇ ਚਿਹਰਿਆਂ ਉਤੇ ਖੁਸ਼ੀ ਦੀ ਲਹਿਰ ਦੌੜ ਗਈ।

ਮੌਲਵੀ ਬਦਰਦੀਨ ਤੇ ਮਸੀਤਉਲਾ ਇੱਲਾਂ ਵਾਂਗ ਝਪਟੇ। ਰਫੀਕ ਨੇ ਲਲਕਾਰਿਆਂ, "ਖਬਰਦਾਰ, ਚੀਜ਼ਾਂ ਲੋੜ ਅਨੁਸਾਰ ਮਿਲਣਗੀਆਂ।"

ਮੌਲਵੀ ਤੇ ਮਸੀਤਉਲੇ ਦੇ ਹੱਥ ਰੁਕੇ, ਪੈਰ ਰੁਕੇ। ਫਿਰ ਉਹ ਬੁੜਬੁੜ ਕਰਦੇ ਇੱਕ ਪਾਸੇ ਖਲੋ ਗਏ।

ਰਫੀਕ, ਇਬਰਾਹੀਮ ਤੇ ਹੋਰ ਜਵਾਨਾਂ ਨੇ ਚੀਜ਼ਾਂ ਖੋਲ੍ਹੀਆਂ, ਚਾਚੀ ਨੂੰ ਬੁਖਾਰ ਵਾਲੀ ਗੋਲੀ ਦਿੱਤੀ। ਸਭ ਨੂੰ ਚੌਲ, ਪਾਣੀ ਤੇ ਕੰਬਲ-ਨਵੇਂ ਨਕੋਰ ਕੰਬਲ।

ਰੱਜੇ ਢਿੱਡ ਤੇ ਨਿੱਘੇ ਪਿੰਡੇ-ਸਭ ਦੀਆਂ ਅੱਖਾਂ ਮੀਟੀਆਂ ਜਾ ਰਹੀਆਂ ਸਨ।

"ਤੈਨੂੰ ਇੱਕ ਤਮਾਸ਼ਾ ਵਿਖਾਵਾਂ?" ਰਫੀਕ ਨੇ ਆਪਣੇ ਨੌਜਵਾਨ ਸਾਥੀ, ਇਬਰਾਹੀਮ ਨੂੰ ਕਿਹਾ।

"ਕੀ?"

"ਵੇਖ!" ਕਹਿ ਕੇ ਰਫੀਕ ਨੇ ਮੌਲਵੀ ਬਦਰਦੀਨ ਤੇ ਮਸੀਤਉਲੇ ਨੂੰ ਸੰਬੋਧਨ ਕੀਤਾ, "ਅੱਬਾ! ਚਾਚਾ! ਠੀਕ ਠਾਕ ਓ ਨਾ?"

"ਹਾਂ, ਅੱਲ੍ਹਾ ਤਾਅਲਾ ਦਾ ਸ਼ੁਕਰ ਐ।" ਦੋਹਾਂ ਦੀਆਂ ਇਕੱਠੀਆਂ ਆਵਾਜ਼ਾਂ ਨਿਕਲੀਆਂ। ਨਾਲ ਹੀ ਮੌਲਵੀ ਨੇ ਗਰੂਰ ਨਾਲ ਆਖਿਆ, "ਤੈਨੂੰ ਆਖਿਆ ਨ੍ਹੀਂ ਸੀ ਕਿ ਸਾਹਿਬ-ਸਦਰ ਦੌਰੇ ਪਿਛੋਂ ਫੌਰਨ ਸਾਡੀ ਮਦਦ ਲਈ ਹੀਲਾ ਕਰਨਗੇ। ਅੱਲ੍ਹਾ ਤਾਅਲਾ ਉਨ੍ਹਾਂ ਦੀ ਉਮਰ ਦਰਾਜ ਕਰੇ...।"

"ਆਮੀਨ।" ਮਸੀਤਉਲੇ ਨੇ ਵੀ ਆਪਣਾ ਹਿੱਸਾ ਪਾਇਆ, ਤੇ ਕੰਬਲ ਛਾਤੀ ਨਾਲ ਘੁੱਟ ਲਿਆ।

"ਏਹ ਤਾਂ ਕਾਫਰਾਂ ਦੇ ਨੇ!" ਰਫੀਕ ਬੋਲਿਆ।

"ਕੀ ਮਤਲਬ?" ਮੌਲਵੀ ਤੇ ਮਸੀਤਉਲਾ ਕੰਬਲਾਂ ਵੱਲ ਵੇਖਣ ਲਗ ਪਏ।

"ਇਹ ਚੀਨ ਦੇ ਨੇ। ਵੇਖਦੇ ਨੀ ਇਨ੍ਹਾਂ ਦਾ ਰੰਗ ਲਾਲ ਐ, ਤੇ ਨੁੱਕਰ ਵਿਚ ਲਿਖਿਆ ਏ: ਚੀਨ ਦੇ ਬਣੇ ਹੋਏ।"

ਦੋਹਾਂ ਨੇ ਛੇਤੀ ਛੇਤੀ ਨੁੱਕਰਾਂ ਵੇਖਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਇੱਕ ਦੂਜੇ ਨਾਲ ਨਜ਼ਰਾਂ ਮਿਲਾਈਆਂ। ਫਿਰ ਮਸੀਤਉਲਾ ਬੋਲਿਆ, "ਇਹ ਮੁੱਲ ਲਏ ਨੇ, ਐਵੇਂ ਕੌਣ ਦਿੰਦੈ?"

"ਚਾਚਾ, ਜ਼ਰਾ ਉਤਾਂਹ ਤਾਂ ਵੇਖ, ਜਿਥੇ ਲਿਖਿਐ: ਬੰਗਾਲੀ ਭਰਾਵਾਂ ਨੂੰ ਬੈਨੁਲਕਵਾਮੀ ਫਰਜ਼ ਦੇ ਤੌਰ ਤੇ!" ਰਫੀਕ ਨੇ ਸੰਜੀਦਾ ਤਨਜ਼ ਨਾਲ ਆਖਿਆ।

ਮੌਲਵੀ ਤੇ ਮਸੀਤਉਲੇ ਨੇ ਨਜ਼ਰ ਮਾਰੀ। ਫਿਰ ਇੱਕ ਦੂਜੇ ਨਾਲ ਅੱਖਾਂ ਮਿਲਾਈਆਂ। ਉਨ੍ਹਾਂ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ। ਇੰਨੇ ਨੂੰ ਇਬਰਾਹੀਮ ਨੇ ਬਲਦੀ 'ਤੇ ਤੇਲ ਪਾਉਂਦਿਆਂ ਆਖਿਆ, "ਕਾਫਰਾਂ ਦੇ ਕੰਬਲ ਲਾਹ ਸੁਟੋ, ਚਾਚਾ! ਨਹੀਂ ਤੇ ਭਿੱਟੇ ਜਾਵੋਗੇ।"

ਮੌਲਵੀ ਤੇ ਮਸੀਤਉਲੇ ਦੇ ਚਿਹਰਿਆਂ 'ਤੇ ਇੱਕ ਚੜ੍ਹ ਰਹੀ ਸੀ, ਇਕ ਉਤਰ ਰਹੀ ਸੀ। ਉਨ੍ਹਾਂ ਨੇ ਇਕ ਦੂਜੇ ਨਾਲ ਫਿਰ ਨਜ਼ਰਾਂ ਮਿਲਾਈਆਂ। ਉਨ੍ਹਾਂ ਦੀਆਂ ਨਜ਼ਰਾਂ ਨੇ ਬੜੇ ਧਿਆਨ ਨਾਲ ਮਾਮਲੇ 'ਤੇ ਗੌਰ ਕਰ ਕੇ ਅਹਿਦਨਾਮਾ ਕੀਤਾ ਕਿ ਕੰਬਲ ਹਨ ਤਾਂ ਭਾਵੇਂ ਕਾਫਰਾਂ ਦੇ ਈ, ਪਰ ਉਨ੍ਹਾਂ ਨੂੰ ਲਾਹੁਣਾ ਬਿਲਕੁਲ ਨਹੀਂ ਚਾਹੀਦਾ। ਪਰ ਆਖਰ ਜਵਾਬ ਵੀ ਤੇ ਕੋਈ ਦੇਣਾ ਹੀ ਸੀ। ਲੰਮਾ ਪੈਂਦਾ ਮੌਲਵੀ ਬੋਲਿਆ, "ਵਾਹ ਬਈ ਵਾਹ! ਹੁਣ ਤੁਹਾਡੇ ਕਾਫਰਾਂ ਦੇ ਆਖੇ ਲਗ ਕੇ ਪਾਲੇ ਮਰ ਜਾਈਏ।"

"ਹਾ-ਹਾ-ਹਾ" ਰਫੀਕ, ਇਬਰਾਹੀਮ ਤੇ ਹੋਰ ਸਾਥੀ ਖਿੜ ਖਿੜਾ ਕੇ ਹੱਸੇ, ਪਰ ਉਨ੍ਹਾਂ ਦਾ ਹਾਸਾ ਸਿਰ ਉਤੇ ਗੂੰਜਦੇ ਇਕ ਹੋਰ ਹੈਲੀਕਾਪਟਰ ਦੀ ਗੂੰਜ ਵਿਚ ਸਮਾ ਗਿਆ।

ਉਸ ਨੇ ਕੁਝ ਨਹੀਂ ਸੁੱਟਿਆ, ਬਲਕਿ ਹੇਠਾਂ ਉਤਰ ਆਇਆ। ਉਸ ਵਿਚੋਂ ਚਾਰ ਫੌਜੀ ਵਰਦੀਆਂ ਵਾਲੇ ਆਦਮੀ ਬਾਹਰ ਨਿਕਲੇ। ਉਨ੍ਹਾਂ ਦੇ ਹੱਥਾਂ ਵਿਚ ਚਮੜੇ ਜਿਹੇ ਦੇ ਹੰਟਰ ਫੜ੍ਹੇ ਹੋਏ ਸਨ। ਉਨ੍ਹਾਂ ਨੇ ਭਾਂਤ ਭਾਂਤ ਦੇ ਰੰਗਾਂ ਦੇ ਪਾਟੇ ਪੁਰਾਣੇ ਜਿਹੇ ਕੰਬਲ ਹੇਠਾਂ ਰੱਖੇ ਤੇ ਲੋਕਾਂ ਵਲ ਵੇਖਿਆ-ਖਾਸ ਕਰ ਉਨ੍ਹਾਂ ਦੇ ਨਵੇਂ ਕੰਬਲਾਂ ਵਲ। ਚਹੁੰਆਂ ਨੇ ਆਪਸ ਵਿਚ ਸ਼ੱਕੀ ਨਜ਼ਰਾਂ ਮਿਲਾਈਆਂ ਤੇ ਲੋਕਾਂ ਦੇ ਕੋਲ ਆ ਕੇ ਖਲੋ ਗਏ। ਇਕ ਨੇ ਟੋਪੀ ਜ਼ਰਾ ਉਤਾਂਹ ਕੀਤੀ ਤੇ ਸਾਰੇ ਜ਼ੋਰ ਨਾਲ ਖੰਘੂਰਾ ਮਾਰਿਆ। ਹੈਲੀਕਾਪਟਰ ਦੀ ਗੂੰਜ ਨਾਲ ਅੱਧ-ਜਾਗੇ ਲੋਕ, ਖੰਘੂਰੇ ਨਾਲ ਪੂਰੇ ਜਾਗ ਪਏ। ਉਨ੍ਹਾਂ ਦੀਆਂ ਰੱਜੀਆਂ ਪਰ ਨੀਂਦ ਵਿਗੁਤੀਆਂ ਅੱਖਾਂ ਵਿਚ ਸਹਿਮ ਧੜਕਣ ਲੱਗਾ।

ਮੌਲਵੀ ਬਦਰਦੀਨ ਨੇ ਮਸੀਤਉਲੇ ਨੂੰ ਅੱਖ ਦਾ ਇਸ਼ਾਰਾ ਕੀਤਾ ਤੇ ਦੋਵੇਂ ਅਗਾਂਹ ਵਧ ਕੇ ਮੁਅੱਦਬਾਨਾ ਅੰਦਾਜ਼ ਵਿਚ ਬੋਲੇ, "ਸਲਾਮਾਲੇਕਮ ਜਨਾਬ।"

ਫੌਜੀ ਨੇ ਆਪਣੇ ਹੰਟਰ ਨਾਲ ਮੌਲਵੀ ਦਾ ਕੰਬਲ ਠੋਕਰਿਆ ਤੇ ਰੋਅਬ ਨਾਲ ਬੋਲਿਆ, "ਕਿਥੋਂ ਲਏ ਨੇ ਇਹ ਕੰਬਲ?"

"ਜਨਾਬ ਆਲੀ," ਮੌਲਵੀ ਨੇ ਕੰਬਦੀਆਂ ਲੱਤਾਂ ਨਾਲ ਬਿਆਨ ਦਿੱਤਾ, "ਇੱਕ ਜਹਾਜ ਸੁੱਟ ਕੇ ਗਿਆ ਏ!"

"ਪਰ ਇਹ ਤੁਹਾਨੂੰ ਉਤੇ ਲੈਣ ਲਈ ਕਿਸ ਨੇ ਕਿਹਾ ਸੀ?"

ਮੌਲਵੀ ਤੇ ਮਸੀਤਉਲਾ ਜਿਵੇਂ ਸੁੰਨ ਹੋ ਗਏ।

"ਮੈਂ।" ਇਹ ਰਫੀਕ ਸੀ।

ਇਸ ਛੋਕਰੇ ਦੀ ਇਹ ਮਜਾਲ ਕਿ ਇੰਨਾ ਵੱਡਾ ਗੁਨਾਹ ਕਰ ਕੇ ਵੀ ਇੰਜ ਸਾਬਤ ਕਦਮੀ ਨਾਲ ਬੋਲੇ!

"ਕਿਉਂ ਵੰਡੇ ਤੂੰ ਸਾਡੇ ਹੁਕਮ ਬਿਨਾ?" ਜਵਾਬ ਉਡੀਕਣ ਤੋਂ ਪਹਿਲਾਂ ਹੀ ਫੌਜੀ ਨੇ ਰਫੀਕ ਦੇ ਖੱਬੇ ਡੌਲੇ 'ਤੇ ਵੱਟ ਕੇ ਹੰਟਰ ਮਾਰਿਆ।

"ਵੇਖ ਮੂੰਹ ਨਾਲ ਗੱਲ ਕਰ। ਕੰਬਲ ਆਖਰ ਉਤੇ ਹੀ ਲੈਣੇ ਸਨ...।"

ਰਫੀਕ ਦਾ ਫਿਕਰਾ ਹਾਲੀਂ ਅਧੂਰਾ ਹੀ ਸੀ ਕਿ ਦੂਜੇ ਫੌਜੀ ਨੇ ਕਾੜ ਕਰਦਾ ਹੰਟਰ ਮਾਰਿਆ ਤੇ ਕੜਕਿਆ, "ਹਰਾਮਜ਼ਾਦੇ! ਅਫਸਰ ਦੇ ਬਰਾਬਰ ਬੋਲਦੈਂ।"

ਇੰਨੇ ਨੂੰ ਦੂਜੇ ਅਫਸਰ ਨੇ ਹੁਕਮ ਦਿੱਤਾ, "ਲਾਹ ਦੇਵੋ ਇਹ ਕੰਬਲ, ਤੁਹਾਨੂੰ ਹੋਰ ਮਿਲਣਗੇ।"

ਮੌਲਵੀ ਬਦਰਦੀਨ ਤੇ ਮਸੀਤਉਲੇ ਨੇ ਕੰਬਲ ਲਾਹ ਘੱਤੇ, ਅਤੇ ਹੋਰ ਕਈਆਂ ਨੇ ਆਪਣੇ ਕੰਬਦੇ ਹੱਥ ਕੰਬਲ ਦੀਆਂ ਕੰਨੀਆਂ ਨੂੰ ਪਾਏ।

"ਬਿਲਕੁਲ ਕਿਸੇ ਨੇ ਕੰਬਲ ਨਹੀਂ ਲਾਹੁਣੇ।" ਰਫੀਕ ਗਰਜਿਆ। ਕਹਿਰਵਾਨ ਅਫਸਰ ਨੇ ਸਾਰੇ ਜ਼ੋਰ ਨਾਲ ਹੰਟਰ ਉਤਾਂਹ ਚੁਕਿਆ। ਰਫੀਕ ਬਿਜਲੀ ਦੀ ਤੇਜ਼ੀ ਨਾਲ ਪਿਛਾਂਹ ਹਟ ਗਿਆ। ਵਾਰ ਖਾਲੀ ਗਿਆ, ਤੇ ਬਿਜਲੀ ਦੀ ਤੇਜ਼ੀ ਨਾਲ ਹੀ ਲਪਕਿਆ। ਦੂਜੇ ਹੀ ਪਲ ਫੌਜੀ ਅਫਸਰ ਧਰਤੀ 'ਤੇ ਪਿਆ ਮੂੰਹ 'ਚੋਂ ਖੂਨ ਪੂੰਝ ਰਿਹਾ ਸੀ। ਦੂਜੇ ਫੌਜੀ ਰਫੀਕ ਉਤੇ ਟੁੱਟ ਪਏ। ਨੌਜਵਾਨਾਂ ਦਾ ਖੂਨ ਖੌਲਿਆ ਅਤੇ ਉਨ੍ਹਾਂ ਨੇ ਬਾਕੀਆਂ ਨੂੰ ਆ ਦਬੋਚਿਆ। ਹੰਟਰ ਖੋਹ ਕੇ ਚਹੁੰਆਂ ਨੂੰ ਸਾਹਮਣੇ ਖੜ੍ਹੇ ਕਰ ਲਿਆ ਗਿਆ। ਨਾਢੂ ਖਾਨਾਂ ਦੇ ਪੁੱਤ ਭਿੱਜੀਆਂ ਬਿੱਲੀਆਂ ਬਣੇ ਖੜੋਤੇ ਸਨ।

"ਬੋਲੋ ਕੰਬਲ ਲਾਹ ਦਈਏ?" ਰਫੀਕ ਨੇ ਤਨਜ਼ ਨਾਲ ਕਿਹਾ।

"ਨਹੀਂ ਬਹਾਦਰ! ਅਸੀਂ ਤਾਂ ਤੁਹਾਡੇ ਲਈ ਸਗੋਂ ਹੋਰ ਕੰਬਲ, ਦਵਾਈਆਂ ਤੇ ਚੌਲ ਲੈ ਕੇ ਆਏ ਆਂ," ਅਹਿਸਾਸ-ਏ-ਕਮਤਰੀ ਦੇ ਮਾਰੇ ਫੌਜੀ ਅਫਸਰ ਨੇ ਕਿਹਾ ਤੇ ਫਿਰ ਅਰਜ਼ ਗੁਜ਼ਾਰੀ, "ਸਾਨੂੰ ਹੁਣ ਜਾਣ ਦੇਵੋ।"

"ਜਾਣ ਦੇਵੋ?" ਇਬਰਾਹੀਮ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ। ਉਸ ਨੇ ਭੁੱਖੇ ਬਘਿਆੜ ਵਾਂਗ ਅਫਸਰ ਦੀ ਸੰਘੀ ਆ ਨੱਪੀ ਤੇ ਗਰਜ਼ਿਆ, "ਆਓ ਚਹੁੰਆਂ ਸੂਰਾਂ ਦੀਆਂ ਲਾਸ਼ਾਂ ਵੀ ਹੜ੍ਹ ਵਿਚ ਹੜ੍ਹਾ ਦਈਏ।"

ਰਫੀਕ ਨੇ ਛੇਤੀ ਨਾਲ ਫੌਜੀ ਦੀ ਸੰਘੀ ਛੁਡਾਈ ਤੇ ਸੰਜੀਦਗੀ ਨਾਲ ਬੋਲਿਆ, "ਇਬਰਾਹੀਮਾ, ਜਜ਼ਬਾਤੀ ਨਾ ਹੋ। ਇਨ੍ਹਾਂ ਦੀ ਮੌਤ ਸਾਰੀ ਫੌਜਸ਼ਾਹੀ ਨੂੰ ਅੰਨ੍ਹੇ ਤਸ਼ੱਦਦ ਦਾ ਮੌਕਾ ਦੇ ਸਕਦੀ ਹੈ।"

ਮੌਲਵੀ ਬਦਰਦੀਨ ਦੀਆਂ ਡਰੀਆਂ ਅੱਖਾਂ ਚਮਕੀਆਂ। ਸਿਆਣੇ ਮੌਲਵੀ ਨੇ ਆਪਣੀ ਸਿਆਣਪ ਦਾ ਸਬੂਤ ਦਿੰਦਿਆਂ ਆਖਿਆ, "ਬਿਲਕੁਲ ਠੀਕ, ਇਨ੍ਹਾਂ ਨੂੰ ਜਾਣ ਦਿਓ।"

"ਨਹੀਂ", ਰਫੀਕ ਕੜਕਿਆ, "ਇੰਜ ਕੀਤਿਆਂ ਇਹ ਘੰਟੇ ਤਕ ਰਫਲਾਂ ਲੈ ਕੇ ਸਾਨੂੰ ਭੁੰਨ ਸੁਟਣਗੇ। ਭਾਈ ਸੌਂ ਜਾਂਦੇ ਨੇ, ਪਰ ਦੁਸ਼ਮਣ ਨਹੀਂ।"

"ਫਿਰ ਕੀ ਕਰੀਏ?" ਇਬਰਾਹੀਮ ਕਾਹਲਾ ਪੈ ਗਿਆ ਸੀ।

"ਮੈਂ ਦਸਨਾਂ," ਕਹਿੰਦਿਆਂ ਰਫੀਕ ਨੇ ਫੌਜੀਆਂ ਨੂੰ ਹੁਕਮ ਦਿੱਤਾ, "ਵਰਦੀਆਂ ਲਾਹ ਦਿਓ।"

ਵਰਦੀਆਂ ਲਹਿ ਗਈਆਂ।

"ਆਓ ਵਰਦੀਆਂ ਆਪਾਂ ਪਾ ਲਈਏ ਤੇ ਕੰਬਲ ਏਨ੍ਹਾਂ ਚਹੁੰਆਂ ਨੂੰ ਦੇ ਦੇਈਏ," ਉਸ ਨੇ ਇਬਰਾਹੀਮ ਤੇ ਦੋ ਹੋਰ ਜਵਾਨਾਂ ਨੂੰ ਕਿਹਾ।

ਵਰਦੀਆਂ ਪਾ ਕੇ ਉਹ ਹੈਲੀਕਾਪਟਰ ਵਿਚੋਂ ਖਾਣਾ, ਦਵਾਈਆਂ ਤੇ ਪੁਰਾਣੇ ਕੰਬਲ ਚੁੱਕ ਲਿਆਏ। ਪੁਰਾਣੇ ਕੰਬਲ ਹੇਠਾਂ ਵਿਛਾਉਣ ਲਈ ਦੇ ਦਿੱਤੇ। ਬੇਵਰਦੀ ਫੌਜੀਆਂ ਨੂੰ ਰਫੀਕ ਨੇ ਬੜੀ ਅਪਣੱਤ ਨਾਲ ਕਿਹਾ, "ਖਾਤਰ ਜਮ੍ਹਾਂ ਰੱਖੋ। ਤੁਸੀਂ ਸਾਡੇ ਵਾਂਗ ਰਹੋਗੇ। ਜੇ ਸਾਨੂੰ ਬਾਗੀਆਂ ਦਾ ਫਤਵਾ ਲਾ ਕੇ ਗੋਲੀਆਂ ਦਾ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਨਾਲ ਤੁਸੀਂ ਵੀ ਮਰੋਗੇ।"

ਮਸੀਤਉਲਾ ਪਿਘਲ ਗਿਆ ਸੀ। ਉਸ ਨੇ ਤਸਬੀ ਗਲ ਵਿਚ ਪਾਈ ਤੇ ਰਫੀਕ ਦੇ ਮੋਢੇ ਉਤੇ ਥਾਪੀ ਦਿੰਦਿਆਂ ਡਰੇ ਹੋਏ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਬੋਲਿਆ, "ਵਾਹ ਉਏ ਸ਼ੇਰਾ! ਫੌਜੀ ਹੋਣ ਤਾਂ ਏਹੋ ਜਿਹੇ ਈ ਹੋਣ।" ਕਹਿੰਦਿਆਂ ਮਸੀਤਉਲੇ ਦਾ ਗਲ ਭਰ ਆਇਆ। ਰਫੀਕ ਨੇ ਉਸ ਨਾਲ ਬਗਲਗੀਰ ਹੁੰਦਿਆਂ ਆਖਿਆ, "ਲੋਕਾਂ ਦੀ ਫੌਜ ਏਹੋ ਜਿਹੀ ਹੀ ਹੁੰਦੀ ਐ, ਚਾਚਾ!"

# ਸੂਤਕ ਵਿਚਾਰ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕੁਝ ਸਮੇਂ ਤੋਂ ਕੇਰਲ ਵਿਚ ਸ਼ਬਰੀਮਲਾ ਨਾਂ ਦਾ ਮੰਦਿਰ ਕਾਫੀ ਚਰਚਾ ਵਿਚ ਹੈ। ਇਹ ਮੰਦਿਰ ਅਠਾਰਾਂ ਪਹਾੜੀਆਂ ਅਤੇ ਘਣੇ ਜੰਗਲਾਂ ਵਿਚਾਲੇ ਕੋਈ 480 ਮੀਟਰ ਦੀ ਉਚਾਈ 'ਤੇ ਸਥਿਤ ਹੈ। ਮਲਿਆਲਮ ਵਿਚ ਸਬਰੀਮਲਾ ਦਾ ਅਰਥ ਹੀ ਪਰਬਤ ਹੈ। ਇਸ ਤੱਕ ਪਹੁੰਚਣ ਲਈ ਵੀ ਸ਼ਰਧਾਲੂਆਂ ਨੂੰ ਅਠਾਰਾਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ।

ਇਹ ਮੰਦਿਰ ਅਯਾਪਨ ਦੇਵਤੇ (ਇਯਾਪਾ) ਨੂੰ ਸਮਰਪਿਤ ਹੈ, ਜੋ ਮਾਨਤਾ ਅਨੁਸਾਰ ਸ਼ਿਵ ਅਤੇ ਵਿਸ਼ਨੂੰ ਦਾ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਉਹ ਸ਼ਾਸਤਾ ਨਾਂ ਦੇ ਇਕ ਦੇਵਤੇ ਦਾ ਅਵਤਾਰ




ਸੀ, ਜਿਸ ਦਾ ਜਨਮ ਮੋਹਨੀ ਦੇ ਵੇਸਧਾਰੀ ਵਿਸ਼ਨੂੰ ਅਤੇ ਸ਼ਿਵ ਦੇ ਸਮਾਗਮ ਤੋਂ ਹੋਇਆ ਸੀ। ਕੋਈ ਸੱਤ ਅੱਠ ਸੌ ਸਾਲ ਪਹਿਲਾਂ ਦੱਖਣ ਵਿਚ ਸ਼ੈਵ ਅਤੇ ਵੈਸ਼ਣਵ ਮੱਤਾਂ ਵਿਚਾਲੇ ਜ਼ਬਰਦਸਤ ਵਿਰੋਧ ਚੱਲ ਪਿਆ ਤਾਂ ਮਤਭੇਦਾਂ ਨੂੰ ਸੁਲਝਾਉਣ ਲਈ ਅਯਾਪਨ ਦੀ ਪਰਿਕਲਪਨਾ ਕੀਤੀ ਗਈ। ਸ਼ਾਸਤਾ ਦੇਵਤੇ ਦੇ ਜਨਮ ਦੀ ਮਿਥ ਇਸੇ ਵੱਲ ਸੰਕੇਤ ਕਰਦੀ ਹੈ।

ਅਯਾਪਨ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਨੂੰ 'ਨੈਸ਼ਤਿਕ ਬ੍ਰਹਮਚਾਰੀ' ਅਰਥਾਤ ਸਦੈਵ ਕੁਆਰਾ ਕਿਹਾ ਗਿਆ ਹੈ। ਇਸ ਲਈ ਇਸ ਮੰਦਿਰ ਵਿਚ ਹਰ ਉਮਰ ਦੇ ਮਰਦ ਤਾਂ ਜਾ ਸਕਦੇ ਹਨ ਪਰ 10 ਤੋਂ 50 ਸਾਲ ਦੀਆਂ ਮਾਹਵਾਰੀ ਉਮਰ ਦੀਆਂ ਔਰਤਾਂ ਨਹੀਂ। ਮਤਲਬ ਇਹ ਕਿ ਬੱਚੀਆਂ/ਬੁਢੀਆਂ ਇੱਕ ਤਰ੍ਹਾਂ ਮਰਦਾਂ ਦੇ ਨਿਆਈਂ ਹੀ ਹਨ ਕਿਉਂਕਿ ਉਹ ਬੱਚੇ ਪੈਦਾ ਨਹੀਂ ਕਰ ਸਕਦੀਆਂ। ਇਸੇ ਕਾਰਨ ਉਹ ਛੜੇ ਅਵਤਾਰ ਦੀ ਪੂਜਾ ਅਰਚਨਾ ਦੇ ਯੋਗ ਹਨ ਜਦ ਕਿ ਮਾਹਵਾਰੀ ਵਾਲੀਆਂ ਨਹੀਂ, ਕਿਉਂਕਿ ਕਾਮੁਕ ਨਜ਼ਰੀਏ ਤੋਂ ਉਹ ਪੂਰਨ ਔਰਤਾਂ ਹਨ। ਨੈਸ਼ਤਿਕ ਬ੍ਰਹਮਚਾਰੀ ਦਾ ਸਤ ਭੰਗ ਹੋਣ ਦੀ ਸ਼ੰਕਾ ਹੋ ਸਕਦੀ ਹੈ। ਭਾਵ ਸਾਡੇ ਸਮਾਜ ਵਿਚ ਮਰਦ ਦਾ ਬ੍ਰਹਮਚਰਯ ਭੰਗ ਹੋਣ ਦੀ ਜ਼ਿੰਮੇਵਾਰੀ ਔਰਤ ਦੇ ਸਿਰ ਮੜ੍ਹ ਦਿੱਤੀ ਜਾਂਦੀ ਹੈ।

ਪਿਛੇ ਜਿਹੇ ਸੁਪਰੀਮ ਕੋਰਟ ਨੇ ਭਾਰਤੀ ਸੰਵਿਧਾਨ ਅਨੁਸਾਰ ਔਰਤ ਨੂੰ ਮਰਦ ਦੇ ਬਰਾਬਰ ਪੂਜਾ ਅਧਿਕਾਰ ਹੋਣ ਕਾਰਨ ਮਾਹਵਾਰੀ ਉਮਰ ਦੀਆਂ ਇਸਤਰੀਆਂ ਨੂੰ ਵੀ ਇਯਾਪਾ ਦੀ ਪੂਜਾ ਕਰਨ ਦਾ ਅਧਿਕਾਰ ਦੇ ਦਿੱਤਾ। ਆਰ. ਐਸ. ਐਸ. ਜਿਹੀਆਂ ਪਿਛਾਖੜੀ ਸ਼ਕਤੀਆਂ ਸੁਪਰੀਮ ਕੋਰਟ ਦੇ ਆਦੇਸ਼ ਦਾ ਜ਼ਬਰਦਸਤ ਅਤੇ ਸਰਗਰਮ ਵਿਰੋਧ ਕਰ ਰਹੀਆਂ ਹਨ, ਜਦਕਿ ਕੇਰਲ ਸਰਕਾਰ ਆਦੇਸ਼ ਨੂੰ ਲਾਗੂ ਕਰਨ 'ਤੇ ਤੁਲੀ ਹੋਈ ਹੈ। ਕੇਂਦਰੀ ਮੰਤਰੀ ਸਿਮ੍ਰਤੀ ਇਰਾਨੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ, "ਕੀ ਤੁਸੀਂ ਖੂਨ ਨਾਲ ਲੱਥ ਪੱਥ ਮਾਹਵਾਰੀ ਕੱਪੜੇ ਆਪਣੇ ਦੋਸਤ ਦੇ ਘਰ ਲੈ ਜਾਵੋਗੇ? ਇਸੇ ਤਰ੍ਹਾਂ ਰੱਬ ਦੇ ਘਰ ਵਿਚ ਇਨ੍ਹਾਂ ਨੂੰ ਕਿਉਂ ਲਿਜਾਵੋਗੇ?" ਕਿੰਨੀ ਹਾਸੋਹੀਣੀ ਦਲੀਲ ਹੈ। ਕੀ ਔਰਤਾਂ ਮਾਹਵਾਰੀ ਕੱਪੜੇ ਹੱਥਾਂ ਵਿਚ ਚੁੱਕੀ ਫਿਰਦੀਆਂ ਹਨ? ਹੋਰ ਤਾਂ ਹੋਰ ਇੱਕ ਪੜ੍ਹੇ-ਲਿਖੇ ਅਫਸਰ ਨੇ ਇਹ ਵੀ ਕਹਿ ਮਾਰਿਆ ਕਿ ਕੇਰਲ ਵਿਚ ਆਏ ਭਿਅੰਕਰ ਹੜ੍ਹ ਸ਼ਬਰੀਮਲਾ ਮੰਦਿਰ ਵਿਚ ਔਰਤਾਂ ਦੇ ਪਰਵੇਸ਼ ਦੀ ਇਜਾਜ਼ਤ ਕਾਰਨ ਇਆਪਾ ਦੇ ਪ੍ਰਕੋਪ ਦਾ ਨਤੀਜਾ ਹਨ।

ਅਯਾਪਨ-ਪੂਜਾ ਬਾਰੇ ਉਪਰੋਕਤ ਮਨਾਹੀ ਨੂੰ ਸਹੀ ਠਹਿਰਾਉਣ ਲਈ ਭਾਵੇਂ ਪ੍ਰਚਲਿਤ ਮਰਿਆਦਾ ਜਾਂ ਕੋਈ ਵੀ ਹੋਰ ਦਲੀਲ ਦਿੱਤੀ ਜਾ ਰਹੀ ਹੈ ਪਰ ਮੇਰੇ ਖਿਆਲ ਵਿਚ ਇਸ ਪਿੱਛੇ ਕੰਮ ਕਰ ਰਹੀ ਭਾਵਨਾ ਇਸ ਉਮਰ ਦੀਆਂ ਔਰਤਾਂ ਨੂੰ ਮਲੀਨ ਸਮਝਣ ਵਾਲੀ ਪੁਰਾਣੀ ਹਿੰਦੂ ਮਾਨਤਾ ਦੀ ਰਹਿੰਦ-ਖੂੰਹਦ ਹੀ ਹੈ। ਧਰਮ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਪਿਛੇ ਕੋਈ ਨਾ ਕੋਈ ਸਮਾਜਕ ਸੱਚਾਈ ਜੁੜੀ ਹੋਈ ਹੁੰਦੀ ਹੈ, ਜਿਸ ਨੂੰ ਧਰਮ ਕਰਮ-ਕਾਂਡ ਵਿਚ ਬਦਲ ਕੇ ਲਾਗੂ ਕਰਾਉਂਦਾ ਹੈ। ਬਾਅਦ ਵਿਚ ਇਹ ਧਰਮ ਦੀ ਮਰਿਆਦਾ ਬਣ ਕੇ ਅਬਦਲ ਹੀ ਹੋ ਜਾਂਦੀ ਹੈ, ਪਰ ਸਮਾਜਕ ਲਹਿਰਾਂ ਨੇ ਧਾਰਮਕ ਮਰਿਆਦਾਵਾਂ ਅਤੇ ਸੰਸਕਾਰਾਂ ਨੂੰ ਬਦਲਵਾਇਆ ਹੈ। ਉਨ੍ਹੀਵੀਂ ਸਦੀ ਤੱਕ ਕੇਰਲ ਦੀਆਂ ਔਰਤਾਂ ਛਾਤੀ ਨਹੀਂ ਸਨ ਢਕ ਸਕਦੀਆਂ ਅਤੇ 1936 ਤੱਕ ਅਛੂਤਾਂ ਨੂੰ ਮੰਦਿਰਾਂ ਵਿਚ ਨਹੀਂ ਸੀ ਜਾਣ ਦਿੱਤਾ ਜਾਂਦਾ। ਦੇਸ਼ ਵਿਚ ਸਤੀ ਪ੍ਰਥਾ ਨੂੰ ਖਤਮ ਕੀਤਾ ਗਿਆ ਹੈ।



ਮਾਹਵਾਰੀ ਔਰਤਾਂ ਦੇ ਅਪਵਿੱਤਰ ਹੋਣ ਵਾਲੇ ਵਿਚਾਰ ਨੂੰ ਸੂਤਕ ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਰਵਾਇਤੀ ਤੌਰ 'ਤੇ ਬੱਚੇ ਦੇ ਜਨਮ ਤੋਂ ਦਸ ਦਿਨ ਤੱਕ ਸੂਤਕ ਦਾ ਵਿਚਾਰ ਕੀਤਾ ਜਾਂਦਾ ਹੈ। ਸੰਕੋਚ ਦਾ ਇਹ ਅਰਸਾ ਬ੍ਰਾਹਮਣਾਂ ਲਈ ਦਸ ਦਿਨ, ਖਤਰੀਆਂ ਲਈ ਬਾਰਾਂ ਦਿਨ, ਵੈਸ਼ਾਂ ਲਈ ਵੀਹ ਦਿਨ ਅਤੇ ਸੂਦਰਾਂ ਲਈ ਤੀਹ ਦਿਨ ਹੈ। ਸੂਦਰ ਔਰਤਾਂ ਨੂੰ ਖੇਤਾਂ ਵਿਚ ਕੰਮ ਵੀ ਕਰਨਾ ਹੁੰਦਾ ਸੀ, ਇਸ ਲਈ ਉਚ ਜਾਤੀਆਂ ਲਈ ਉਨ੍ਹਾਂ ਤੋਂ ਭਿਟ ਕੁਝ ਵਧੇਰੇ ਹੀ ਹੁੰਦੀ ਸੀ। ਇਸ ਦੌਰਾਨ ਬੱਚੇ ਦੀ ਮਾਂ ਨਾ ਤਾਂ ਕਿਸੇ ਨੂੰ ਮਿਲ ਸਕਦੀ ਹੈ ਤੇ ਨਾ ਹੀ ਉਹ ਰਸੋਈ ਵਿਚ ਜਾ ਸਕਦੀ ਹੈ। ਘਰ ਦੇ ਹੋਰ ਜੀਆਂ ਲਈ ਵੀ ਧਰਮ-ਕਰਮ ਤੋਂ ਵਰਜਣਾ ਕੀਤੀ ਗਈ ਹੈ। ਨਿਰਧਾਰਤ ਸਮੇਂ ਤੋਂ ਪਿਛੋਂ ਹੀ ਹਵਨ ਆਦਿ ਕਰਕੇ ਸੂਤਕ ਤੋਂ ਮੁਕਤੀ ਹੁੰਦੀ ਹੈ। ਅਸਲ ਵਿਚ ਸੂਤਕ ਦੀ ਪਾਲਣਾ ਕਿਸੇ ਦੀ ਮੌਤ ਪਿਛੋਂ ਵੀ ਕੀਤੀ ਜਾਂਦੀ ਹੈ, ਜਿਸ ਲਈ ਵਖਰਾ ਸ਼ਬਦ ਪਾਤਕ ਹੈ, ਪਰ ਅੱਜ ਕਲ੍ਹ ਇਸ ਨੂੰ ਵੀ ਸੂਤਕ ਜਾਂ ਸੂਤਕ-ਪਾਤਕ ਹੀ ਕਹਿ ਦਿੱਤਾ ਜਾਂਦਾ ਹੈ। ਚੰਦ-ਸੂਰਜ ਗ੍ਰਹਿਣ ਵੇਲੇ ਵੀ ਸੂਤਕ ਦੀ ਪਾਲਣਾ ਕੀਤੀ ਜਾਂਦੀ ਹੈ।

ਅੱਜ ਅਸੀਂ ਸੂਤਕ 'ਤੇ ਹੀ ਵਿਚਾਰ ਕਰਨ ਲੱਗੇ ਹਾਂ ਕਿਉਂਕਿ ਇਸ ਸ਼ਬਦ ਦਾ ਸਬੰਧ ਹੀ ਜਨਮ ਨਾਲ ਹੈ। ਸੂਤਕ ਪਾਲਣਾ ਦੀ ਵਿਗਿਆਨਕ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਅਖੇ ਇਸ ਸਮੇਂ ਦੌਰਾਨ ਜੱਚਾ ਤੇ ਬੱਚਾ ਨੂੰ ਛੂਤ ਦੀ ਬੀਮਾਰੀ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਸਾਡੇ ਸਮਾਜ ਵਿਚ ਔਰਤਾਂ ਅਤੇ ਨਿਮਨ ਜਾਤੀਆਂ ਨੂੰ ਨਖਿਧ ਸਮਝਿਆ ਗਿਆ ਹੈ। ਭਿਟ-ਸੁੱਚ ਦਾ ਵਿਚਾਰ ਇਸ ਵਰਗ 'ਤੇ ਹੀ ਵਧੇਰੇ ਲਾਗੂ ਹੁੰਦਾ ਹੈ। ਰੋਟੀ ਜੂਠੀ ਹੋਣ ਦਾ ਵਿਚਾਰ ਵੀ ਸਾਡੇ ਬਹੁਤ ਪ੍ਰਚਲਿਤ ਹੈ। ਤਨਜ਼ ਵਾਲੀ ਗੱਲ ਇਹ ਹੈ ਕਿ ਔਰਤਾਂ ਆਪਣੇ ਪਤੀ ਜਾਂ ਬੱਚੇ ਦੀ ਜੂਠ ਖਾ ਲੈਂਦੀਆਂ ਹਨ ਪਰ ਇਸ ਤੋਂ ਉਲਟ ਨਹੀਂ ਕਰਨ ਦਿੰਦੀਆਂ। ਇਹ ਵੀ ਦੇਖਣ ਵਿਚ ਆਇਆ ਹੈ ਕਿ ਔਰਤਾਂ ਧਰਮ-ਕਰਮ ਨੂੰ ਮਰਦਾਂ ਨਾਲੋਂ ਵੀ ਵਧੇਰੇ ਉਤਸ਼ਾਹ ਨਾਲ ਨਿਭਾਉਂਦੀਆਂ ਹਨ। ਸ਼ਬਰੀਮਲਾ ਬਾਰੇ ਕੋਰਟ ਦੇ ਆਦੇਸ਼ ਦਾ ਔਰਤਾਂ ਵਧੇਰੇ ਜ਼ੋਰ ਸ਼ੋਰ ਨਾਲ ਵਿਰੋਧ ਕਰ ਰਹੀਆਂ ਹਨ, ਹਾਲਾਂ ਕਿ ਇਹ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ।

ਸਿੱਖੀ ਵਿਚ ਕਰਮ ਕਾਂਡ 'ਤੇ ਬਹੁਤਾ ਜ਼ੋਰ ਨਹੀਂ ਦਿੱਤਾ ਗਿਆ, ਇਸ ਲਈ ਸਿੱਖ ਪਰਿਵਾਰਾਂ ਵਿਚ ਸੂਤਕ ਦਾ ਬਹੁਤਾ ਵਿਚਾਰ ਨਹੀਂ ਕੀਤਾ ਜਾਂਦਾ। ਗੁਰੂ ਨਾਨਕ ਦੇਵ ਨੇ ਬਹੁਤ ਸਾਰੇ ਸਮਾਜਕ ਵਿਸ਼ਿਆਂ 'ਤੇ ਕਾਫੀ ਤਰਕ ਕੀਤਾ ਹੈ। ਇਸ ਤੋਂ ਪਹਿਲਾਂ ਭਗਤ ਕਬੀਰ ਨੇ ਵੀ ਇਸ ਰੀਤ ਦਾ ਖੂਬ ਖੰਡਨ ਕੀਤਾ,

> ਜਲਿ ਹੈ ਸੂਤਕੁ ਥਲਿ ਹੈ ਸੂਤਕੁ
> ਸੂਤਕ ਓਪਤਿ ਹੋਈ॥
> ਜਨਮੇ ਸੂਤਕੁ ਮੂਏ ਫੁਨਿ ਸੂਤਕੁ
> ਸੂਤਕ ਪਰਜ ਬਿਗੋਈ॥

ਭਾਵ ਪਾਣੀ ਅਤੇ ਧਰਤੀ ਉਤੇ ਹਰ ਵੇਲੇ ਉਤਪਤੀ ਹੋ ਰਹੀ ਹੈ, ਮਤਲਬ ਸਭ ਕੁਝ ਭਿਟਿਆ ਹੋਇਆ ਹੈ। ਇਸ ਭਿਟ ਪਿਛੇ ਲੋਕਾਈ ਖੁਆਰ ਹੋ ਰਹੀ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਨੇ ਸਿਰੇ ਦੀ ਗੱਲ ਬਿਆਨੀ ਹੈ,

> ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥



> ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
> ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
> ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥

ਸੂਤਕ ਮੁਢਲੇ ਤੌਰ 'ਤੇ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਸੂਣ, ਜਨਮ, ਪੈਦਾਇਸ਼; ਜਨਮ ਨਾਲ ਜੁੜੀ ਅਪਵਿੱਤਰਤਾ ਅਤੇ ਆਮ ਅਪਵਿਤਰਤਾ, ਅਸ਼ੁਧਤਾ ਹੈ। ਸੰਸਕ੍ਰਿਤ ਵਿਚ ਸੂਤਕਾ ਜਣੇਪੇ ਵਾਲੀ ਔਰਤ ਹੈ ਤੇ ਸੂਤਿਕਾ ਜਣੇਪੇ ਪਿਛੋਂ ਹੋਇਆ ਰੋਗ ਹੈ। ਇਸ ਸ਼ਬਦ ਦਾ ਧਾਤੂ 'ਸੂ' ਹੈ ਜਿਸ ਵਿਚ ਜਮਾਉਣ, ਪੈਦਾ ਕਰਨ ਦਾ ਭਾਵ ਹੈ। 'ਸੂ' ਦਾ ਹੀ ਅਰਥ ਜਣਨੀ ਅਰਥਾਤ ਮਾਤਾ ਵੀ ਹੈ।

ਪੰਜਾਬੀ ਵਿਚ ਬੱਚਾ ਜਣਨ ਦੇ ਅਰਥ ਵਿਚ ਸੂਣਾ ਸ਼ਬਦ ਵਰਤਿਆ ਜਾਂਦਾ ਹੈ, ਭਾਵੇਂ ਇਹ ਪਸੂਆਂ ਦੇ ਪ੍ਰਸੰਗ ਵਿਚ ਹੀ ਰੂੜ੍ਹ ਹੋ ਗਿਆ ਹੈ। ਜਿਵੇਂ 'ਮੱਝ ਸੂ ਪਈ।' ਸੂਆਂ ਜਿਵੇਂ 'ਮੱਝ ਦਾ ਤੀਜਾ ਸੂਆ' ਮਾਦਾ ਪਸੂਆਂ ਦਾ ਜਣੇਪਾ ਹੀ ਹੈ। ਪਰ ਇਸ ਦੇ ਅੱਗੇ 'ਪ੍ਰ' ਅਗੇਤਰ ਲਾ ਕੇ ਬਣਿਆ ਪ੍ਰਸੂਤ ਸ਼ਬਦ ਜਣਨੀ ਇਸਤਰੀ ਦੇ ਸਬੰਧ ਵਿਚ ਵਰਤਿਆ ਜਾਂਦਾ ਹੈ। ਜਣੇਪੇ ਦੀਆਂ ਦਰਦਾਂ ਨੂੰ ਪ੍ਰਸੂਤ ਪੀੜਾ ਕਿਹਾ ਜਾਂਦਾ ਹੈ।

ਗੁਰੂ ਅਮਰ ਦਾਸ ਨੇ ਇਹ ਸ਼ਬਦ ਔਲਾਦ ਦੇ ਅਰਥਾਂ ਵਿਚ ਵਰਤਿਆ ਹੈ, "ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ॥" ਸੰਸਕ੍ਰਿਤ ਵਿਚ ਪ੍ਰਸੂਤਿ ਸ਼ਬਦ ਦਾ ਮੁਢਲਾ ਅਰਥ ਜਣੇਪਾ, ਜਨਮ ਦੇਣ, ਸੂਆ, ਆਂਡੇ ਦੇਣ, ਫਲਣ ਆਦਿ ਹੈ, ਹੋਰ ਅੱਗੇ ਜਨਮ ਦੇਣ ਵਾਲੇ ਮਾਤਾ-ਪਿਤਾ ਵੀ ਹੈ ਤੇ ਔਲਾਦ ਵੀ। ਇਸੇ ਕਰਕੇ ਗੁਰੂ ਅਮਰ ਦਾਸ ਦੀ ਉਪਰੋਕਤ ਤੁਕ ਵਿਚਲੇ ਪਰਸੂਤਿ ਸ਼ਬਦ ਦਾ ਭਾਈ ਕਾਹਨ ਸਿੰਘ ਨੇ ਅਰਥ 'ਮਾਤਾ' ਕੀਤਾ ਹੈ, ਪਰ ਮੇਰੀ ਜਾਚੇ ਸੰਤਾਨ ਵਧੇਰੇ ਢੁਕਦਾ ਹੈ।

ਅਸਲ ਵਿਚ ਤਾਂ ਸੂਤ ਜਾਂ ਸੂਤਿ ਦਾ ਅਰਥ ਜਣੇਪਾ, ਜਣਨ ਵੀ ਹੈ ਤੇ ਜਣਨ ਦਾ ਨਤੀਜਾ ਅਰਥਾਤ ਸੰਤਾਨ ਜਾਂ ਬੱਚਾ ਤੇ ਫਲ ਵੀ ਹੈ। ਸੁਤ ਦਾ ਅਰਥ ਪੁੱਤਰ ਵੀ ਹੈ ਤੇ ਸੰਤਾਨ ਵੀ। ਇਸ ਦੇ ਟਾਕਰੇ 'ਤੇ ਸੁਤਾ ਦਾ ਅਰਥ ਧੀ ਹੈ। ਪੁੱਤਰ ਦੇ ਅਰਥਾਂ ਵਿਚ ਗੁਰੂ ਅਰਜਨ ਦੇਵ ਨੇ ਇਹ ਸ਼ਬਦ ਵਰਤਿਆ ਹੈ, "ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥" ਹੋਰ ਦੇਖੋ, "ਸੁਤਿ ਮੁਕਲਾਈ ਅਪਨੀ ਮਾਉ॥" (ਭਗਤ ਕਬੀਰ)। ਪੰਜਾਬੀ ਵਿਚ ਪਹਿਲੇ ਸੂਏ ਦੀ ਕੱਟੀ ਨੂੰ ਪਲੂਣ ਜਾਂ ਪਹਿਲ ਪਲੂਣ ਕਿਹਾ ਜਾਂਦਾ ਹੈ। ਪਲੂਣ ਸ਼ਬਦ ਬਣਿਆ ਹੀ 'ਪਹਿਲ+ਸੂਣ' ਤੋਂ ਹੈ, ਪਰ ਤੂਣਾ ਇਸ ਨਾਲ ਸਬੰਧਤ ਸ਼ਬਦ ਨਹੀਂ ਹੈ, ਇਸ ਦਾ ਧਾਤੂ 'ਤੁਜ' ਹੈ, ਜਿਸ ਵਿਚ ਬਾਹਰ ਕੱਢਣ ਦਾ ਭਾਵ ਹੈ।

ਵਿਦਵਾਨਾਂ ਦੀ ਰਾਏ ਹੈ ਕਿ ਇਹ ਸਾਰੇ ਸ਼ਬਦ ਭਾਰੋਪੀ ਖਾਸੇ ਵਾਲੇ ਹਨ। ਇੱਕ ਭਾਰੋਪੀ ਮੂਲ 'Seue' ਕਲਪਿਆ ਗਿਆ ਹੈ ਜਿਸ ਵਿਚ ਜਨਮ ਦੇਣ, ਸੂਣ ਦੇ ਭਾਵ ਹਨ। ਇਸ ਦੇ ਪਿਛੇ 'N' ਧੁਨੀ ਲੱਗ ਕੇ 'Su(e)-nu' ਜਿਹਾ ਉਪਧਾਤੂ ਸੂੰਦਾ ਹੈ, ਜਿਸ ਵਿਚ ਪੁੱਤਰ ਦਾ ਭਾਵ ਹੈ। ਜਰਮੈਨਿਕ ਭਾਸ਼ਾਵਾਂ ਵਿਚ ਇਸ ਤੋਂ ਵਿਉਤਪਤ ਹੋਏ ਸ਼ਬਦਾਂ ਦੇ ਅਰਥ ਪੁੱਤਰ ਅਰਥਾਤ 'ਜਿਸ ਨੂੰ ਜਨਮ ਦਿੱਤਾ' ਹੈ। ਕੁਝ ਸ਼ਬਦ ਗਿਣਾਉਂਦੇ ਹਾਂ: ਓਲਡ ਸੈਕਸਨ ਤੇ ਓਲਡ ਫਰੀਜ਼ੀਅਨ Sunu, ਡੈਨਿਸ਼ ਤੇ ਸਵੀਡਿਸ਼ Son, ਡੱਚ Zoon, ਜਰਮਨ Sohn, ਗੌਥਿਕ Sunus ਅਤੇ ਅੰਗਰੇਜ਼ੀ Son. ਜਰਮੈਨਿਕ ਤੋਂ ਬਿਨਾ ਗਰੀਕ Huios, ਅਵੇਸਤਨ Hunush, ਲਿਥੂਏਨੀਅਨ Sunus, ਰੂਸੀ ਤੇ ਪੋਲਿਸ਼ Syn ਵੀ ਸਕੇ ਸ਼ਬਦ ਹਨ, ਜਿਨ੍ਹਾਂ ਦਾ ਅਰਥ ਪੁੱਤਰ ਹੈ। ਸੰਸਕ੍ਰਿਤ 'ਸੂਨੁ' ਸ਼ਬਦ ਦਾ ਅਰਥ ਪੁੱਤਰ/ਪੁਤਰੀ ਹੈ। ਹਿੰਦੀ ਵਿਚ ਸੂਨੂ ਧੀ ਨੂੰ ਅਤੇ ਸੂਨ ਪੁੱਤਰ ਨੂੰ ਕਹਿੰਦੇ ਹਨ, 'ਸ਼੍ਰੀ ਬਸੁਦੇਵ ਸੂਨ ਹੈ, ਨੰਦ ਕੁਮਾਰ ਕਹਾਵਤ।' "ਇਹੀ ਬੀਚ ਆਯੋ ਮ੍ਰਿਤੰ ਸੂਨ ਬਿੱਪੰ॥" (ਰਾਮ ਅਵਤਾਰ)

## ਕਾਵਿ-ਜਗਤ

### ਚੁਰਾਸੀ-ਦਿੱਲੀ

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀਂ ਕਤਰਾਉਂਦੇ ਰਹੇ।
ਹਕੂਮਤ ਰਸੂਖ ਰਿਸ਼ਵਤ ਰੁਤਬੇ ਦੀ ਧੌਂਸ ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।

ਦਰਖਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਰੱਤ ਵਹਾਉਂਦੇ ਰਹੇ।
ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ ਬਸਤੀਆਂ ਜਲਾਉਂਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੈਟ ਅੱਗੇ,
ਪ੍ਰਯੋਜਨ ਲਲਕਾਰਦੇ, ਬਿਗਲ ਵਜਾਉਂਦੇ ਰਹੇ।
ਸਾੜੋ, ਮਾਰੋ, ਲੁੱਟੋ, ਮੁਕਾ ਦਿਉ ਨਸਲ ਸਾਰੀ,
ਭੂਤਰੀ ਭੀੜ ਸੀ ਅਬਦਾਲੀ ਉਕਸਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਛਾਂਗਦੇ ਰਹੇ, ਮੋਛੇ ਮਚਾਉਂਦੇ ਰਹੇ।
ਕਰਦੇ ਰਹੇ ਵਾਢੀ, ਮਾਵੇ ਡੁੰਗ ਕੇ ਇਹ ਸੀਰੀ,
ਸਿਰਾਂ ਦੇ ਮੁੱਲ ਵੱਟਦੇ, ਸੱਥਰ ਵਿਛਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।
ਗਜ਼ਨੀ ਦੀਆਂ ਫੌਜਾਂ ਵਾਂਗਰ ਮਚਾਈ ਆਗਜ਼ਨੀ,
ਆਬਰੂ ਬਹੂ ਬੇਟੀਆਂ ਦੀ ਘੱਟੇ ਰੁਲਾਉਂਦੇ ਰਹੇ।

ਚਾਂਦਨੀ ਚੌਕ ਮੁੜ ਸਾੜ੍ਹਸਤੀ ਦੀ ਭੇਟ ਚੜ੍ਹਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਲਾਉਂਦੇ ਰਹੇ।

ਜਹਾਦੀ ਹਜੂਮ ਬੁੱਕਦੇ, ਖੁੰਧਕ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ 'ਤੇ ਲਹੂ ਨਦੀਆਂ ਵਗਾਉਂਦੇ ਰਹੇ।
ਮਾਰ ਧਾੜ ਫੈਲੀ ਬੁਰਛਾ-ਗਰਦੀ ਮੱਚਦੀ ਰਹੀ,
ਵਿਸਕੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।

ਘਰ ਕਾਰਖਾਨੇ ਟਰਾਂਸਪੋਰਟ ਤਬਾਹ ਕੀਤੇ ਸਾਰੇ,
ਘਿਣਾਉਣਾ ਸਾਕਾ ਨਨਕਾਣਾ ਦੁਹਰਾਉਂਦੇ ਰਹੇ।
ਜ਼ਖਮੀ ਤੜਫਦੇ ਉਡੀਕਦੇ ਰਹੇ ਬਚਾਉ ਛਤਰੀ,
ਤਾੜੀਆਂ ਮਾਰਦੇ ਨਰੈਣੇ ਖਿੱਲੀ ਉਡਾਉਂਦੇ ਰਹੇ।

ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਮਸੀਤਾਂ ਢਾਹੁੰਦੇ ਰਹੇ, ਮੰਦਿਰ ਬਣਾਉਂਦੇ ਰਹੇ।
ਸਾਂਭ ਬੈਠੇ ਵਜੀਰੀਆਂ, ਸ਼ੜਯੰਤਰ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ 'ਤੇ ਜੋ ਦੀਵੇ ਜਗਾਉਂਦੇ ਰਹੇ।

ਨੰਗੇ ਹੋ ਜਾਣੇ ਨੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।
ਫਾਂਸੀ ਚੜ੍ਹਨੇ ਚਾਹੀਦੇ ਪੰਨੂ, ਕਤਲੇਆਮ ਦੇ ਹੀਰੋ,
ਮਰਿਆਦਾ ਪੁਰਸ਼ੋਤਮ ਜੋ ਧਣੁਖ ਚਲਾਉਂਦੇ ਰਹੇ।

-ਚਰਨਜੀਤ ਸਿੰਘ ਪੰਨੂ

---

### ਬਾਬਾ-ਪੋਤਾ

ਬਾਬਾ ਤੇਰੀ ਹੋਂਦ ਦੀ ਪਛਾਣ ਭੁੱਲੀ ਜਾਂਦੀ ਹੈ,
ਮੌਤ ਬਾਅਦ ਆਈ ਜੋ ਮਕਾਣ ਭੁੱਲੀ ਜਾਂਦੀ ਹੈ।

ਚਿੱਟੀ ਤੇਰੀ ਦਾੜ੍ਹੀ ਫਰੋਲੀ ਪੋਟਿਆਂ ਦੇ ਨਾਲ ਸੀ,
ਨਿੱਘੀ ਗੋਦੀ ਬੈਠ ਜਦ ਚੜ੍ਹਦਾ ਸਿਆਲ ਸੀ।
ਸੁਣਾਏ ਤੇਰੇ ਕਿੱਸੇ ਤੇ ਕਹਾਣ ਭੁੱਲੀ ਜਾਂਦੀ ਹੈ...।
ਬਾਬਾ ਤੇਰੀ ਹੋਂਦ ਦੀ ਪਛਾਣ ਭੁੱਲੀ ਜਾਂਦੀ ਹੈ।

ਤੂੰ ਐਨਕਾਂ 'ਚੋਂ ਵੇਖੇਂ ਤੇ ਮੈਂ ਐਨਕਾਂ ਨੂੰ ਵੇਖਾਂ,
ਤਿਓੜੀ ਮੱਥੇ ਦੀ ਨੂੰ ਤਕ, ਸੋਚੇਂ ਮੇਰੇ ਲੇਖਾਂ।
ਤੋਤਲੀਆਂ ਗੱਲਾਂ ਦੀ ਰੁਝਾਣ ਭੁੱਲੀ ਜਾਂਦੀ ਹੈ...।
ਬਾਬਾ ਤੇਰੀ ਹੋਂਦ ਦੀ ਪਛਾਣ ਭੁੱਲੀ ਜਾਂਦੀ ਹੈ।

ਤੇਰੇ ਨਾਂ ਉਤੇ ਪਈ ਟੱਬਰ ਦੀ ਅੱਲ ਸੀ,
ਸਿੱਧੀ ਸਾਧੀ ਜ਼ਿੰਦਗੀ ਸੌਖੇ ਜਿਹੇ ਪਲ ਸੀ।
ਤੇਜ਼ ਰਫਤਾਰੀ ਰਿਸ਼ਤੇ ਦਾ ਮਾਣ ਭੁੱਲੀ ਜਾਂਦੀ ਹੈ...।
ਬਾਬਾ ਤੇਰੀ ਹੋਂਦ ਦੀ ਪਛਾਣ ਭੁੱਲੀ ਜਾਂਦੀ ਹੈ।

ਦਾਦੇ-ਪੋਤੇ ਦੀ ਕਹਾਣੀ ਅੱਜ ਕੱਲ ਹੋ ਗਈ,
ਤੇਰੇ ਮੰਜੇ ਵਾਲੀ ਥਾਂ ਹੁਣ ਮੱਲ ਹੋ ਗਈ।
ਸਾਂਝੇ ਟੱਬਰਾਂ 'ਤੇ ਤੇਰੀ ਕਮਾਨ ਭੁੱਲੀ ਜਾਂਦੀ ਹੈ।
ਬਾਬਾ ਤੇਰੀ ਹੋਂਦ ਦੀ ਪਛਾਣ ਭੁੱਲੀ ਜਾਂਦੀ ਹੈ।

-ਪਰਦੀਪ ਸੈਨ ਹੋਜੇ

# ਅਦਿੱਤੀ ਸ਼ਰਮਾ ਦੇ ਪਿਆਰ 'ਚ 'ਲਾਟੂ' ਬਣ ਕੇ ਜਗਮਗਾਏਗਾ ਗਗਨ ਕੋਕਰੀ

ਫਿਲਮ ਨਾਮਾ



ਸੁਰਜੀਤ ਜੱਸਲ
ਫੋਨ: 91-98146-07737

ਚੰਗੀ ਗਾਇਕੀ ਨਾਲ ਵੱਖਰੀ ਪਛਾਣ ਬਣਾਉਣ ਵਾਲਾ ਗਾਇਕ ਗਗਨ ਕੋਕਰੀ ਵੀ ਹੁਣ ਫਿਲਮ 'ਲਾਟੂ' ਨਾਲ ਪੰਜਾਬੀ ਸਿਨਮਾ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ। ਇਸ ਫਿਲਮ ਵਿਚ ਉਹ ਠੇਠ ਮਲਵਈ ਦਿੱਖ 'ਚ ਕੁੜਤਾ-ਚਾਦਰਾ ਤੇ ਲੜ ਛੱਡਵੇਂ ਸਾਫੇ 'ਚ ਬਤੌਰ ਨਾਇਕ ਅਦਾਕਾਰਾ ਅਦਿੱਤੀ ਸ਼ਰਮਾ (ਫਿਲਮ 'ਅੰਗਰੇਜ਼' ਵਾਲੀ ਮਾੜੋ) ਨਾਲ ਪਿਆਰ ਦੀਆਂ ਪੀਂਘਾ ਝੂਟਦਾ ਨਜ਼ਰ ਆਵੇਗਾ।

ਫਰੀਦ ਐਂਟਰਟੇਨਮੈਂਟ ਦੇ ਬੈਨਰ ਹੇਠ ਨਿਰਮਾਤਾ ਜਗਮੀਤ ਸਿੰਘ ਰਾਣਾ (ਰਾਜਾ ਢਾਬਾ, ਖਮਾਣੋਂ) ਤੇ ਸਹਿ ਨਿਰਮਾਤਾ ਵਿਕਾਸ ਵਧਵਾ (ਡਾਨਫੋਰਡ ਕਾਲਜ, ਆਸਟਰੇਲੀਆ) ਦੀ ਇਸ ਫਿਲਮ 'ਲਾਟੂ' ਦੀ ਕਹਾਣੀ 1960 ਦੇ ਜ਼ਮਾਨੇ ਦੀ ਹੈ, ਜਦੋਂ ਪਿੰਡਾਂ ਵਿਚ ਨਵੀਂ-ਨਵੀਂ ਬਿਜਲੀ ਆਈ ਸੀ, ਜਿਸ ਦਾ ਲੋਕਾਂ ਵਿਚ ਨਵੀਂ ਵਿਆਹੀ ਦਾ ਮੂੰਹ ਵੇਖਣ ਜਿਨ੍ਹਾਂ ਚਾਅ ਹੁੰਦਾ ਸੀ। ਉਦੋਂ ਆਪਣੇ ਘਰ ਵਿਚ ਬਿਜਲੀ ਦਾ ਲਾਟੂ ਲਵਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ। ਉਚੇ ਰੁਤਬੇ ਵਾਲੇ ਲਾਟੂ ਲਵਾਉਣਾ ਆਪਣੀ ਸ਼ਾਨ ਮੰਨਦੇ ਸਨ।

ਫਿਲਮ ਦੀ ਕਹਾਣੀ ਵਿਚ ਇਲਾਕੇ ਦੇ ਸਲੇਮਪੁਰੀਏ ਅਤੇ ਦੋਦੜੇ ਵਾਲਿਆਂ-ਦੋ ਸਰਦਾਰਾਂ ਨੂੰ ਵਿਖਾਇਆ ਗਿਆ ਹੈ, ਜਿਨ੍ਹਾਂ ਨੂੰ ਆਪਣੀ 'ਮੁੱਛ' 'ਤੇ ਬੜਾ ਮਾਣ ਹੈ। ਜਦ ਇਨ੍ਹਾਂ ਦੇ ਹੀ ਪਰਿਵਾਰਾਂ ਦੇ ਬੱਚੇ ਆਪਸ ਵਿਚ ਪਿਆਰ ਕਰਨ ਲੱਗਦੇ ਹਨ ਤਾਂ ਫਿਲਮ ਦੀ ਕਹਾਣੀ ਅਨੇਕਾਂ ਮੋੜ ਲੈਂਦੀ ਹੈ। ਗੱਜਣ ਸਿੰਘ ਦੇ ਵਿਹੜੇ ਵਿਚ ਜਗਦਾ 'ਲਾਟੂ' ਦੋਹਾਂ ਦੇ ਪਿਆਰ ਵਿਚ ਅਨੇਕਾਂ ਪੁਆੜੇ ਖੜ੍ਹੇ ਕਰਦਾ ਹੈ। ਬਿਜਲੀ ਦੇ ਲਾਟੂ ਦੇ ਦੁਆਲੇ ਘੁੰਮਦੀ ਇਹ ਫਿਲਮ ਪੁਰਾਤਨ ਸੱਭਿਆਚਾਰ ਤੇ ਰੀਤੀ ਰਿਵਾਜਾਂ ਦੀ ਵਿਲੱਖਣ ਪੇਸ਼ਕਾਰੀ ਹੋਵੇਗੀ। ਫਿਲਮ ਵਿਚ ਉਨ੍ਹਾਂ ਵੇਲਿਆਂ ਦੀ ਸਾਰਥਕ ਕਾਮੇਡੀ ਵੀ ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰੇਗੀ।






ਫਿਲਮ ਦਾ ਲੇਖਕ ਤੇ ਨਿਰਦੇਸ਼ਕ ਮਾਨਵ ਸ਼ਾਹ ਹੈ, ਜਿਸ ਨੇ ਬਹੁਤ ਹੀ ਸੰਜੀਦਾ ਵਿਸ਼ੇ 'ਤੇ ਕੰਮ ਕਰਦਿਆਂ ਉਸ ਵੇਲੇ ਦੀ ਹਰ ਚੀਜ਼ ਦਾ ਖਾਸ ਧਿਆਨ ਰੱਖਿਆ ਹੈ। ਫਿਲਮ ਦਾ ਸਕਰੀਨ ਪਲੇਅ ਧੀਰਜ ਰਤਨ ਨੇ ਲਿਖਿਆ ਹੈ ਜਦਕਿ ਡਾਇਲਾਗ ਸੁਰਮੀਤ ਮਾਵੀ ਨੇ ਲਿਖੇ ਹਨ। ਫਿਲਮ ਵਿਚ ਗਗਨ ਕੋਕਰੀ, ਅਦਿੱਤੀ ਸ਼ਰਮਾ, ਸਰਦਾਰ ਸੋਹੀ, ਆਸ਼ੀਸ ਦੁੱਗਲ, ਕਰਮਜੀਤ ਅਨਮੋਲ, ਨਿਸ਼ਾ ਬਾਨੋ, ਨਿਰਮਲ ਰਿਸ਼ੀ, ਅਨੀਤਾ ਦੇਵਗਣ, ਹਰਦੀਪ ਗਿੱਲ, ਪ੍ਰਿੰਸ ਕੰਵਲਜੀਤ ਸਿੰਘ, ਰਾਹੁਲ ਜੁਗਰਾਲ, ਮਲਕੀਤ ਰੌਣੀ, ਸੁਖਦੇਵ ਬਰਨਾਲਾ, ਦਿਲਾਵਰ ਸਿੱਧੂ, ਪ੍ਰਕਾਸ਼ ਗਾਧੂ, ਜਤਿੰਦਰ ਕੌਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਦਰਸ਼ਕ ਪਹਿਲੀ ਵਾਰ ਸਰਦਾਰ ਸੋਹੀ ਤੇ ਆਸ਼ੀਸ ਦੁੱਗਲ ਨੂੰ ਜਬਰਦਸਤ ਘੈਂਟ ਕਿਰਦਾਰਾਂ 'ਚ ਪਰਦੇ 'ਤੇ ਵੇਖਣਗੇ। ਜਤਿੰਦਰ ਸ਼ਾਹ ਵਲੋਂ ਦਿੱਤਾ ਫਿਲਮ ਦਾ ਗੀਤ-ਸੰਗੀਤ ਵੀ ਬਹੁਤ ਵਧੀਆ ਹੈ। ਪਿਆਰ-ਮੁਹੱਬਤਾਂ ਦੀ ਬਾਤ ਪਾਉਂਦੀ ਫਿਲਮ 'ਲਾਟੂ' 16 ਨਵੰਬਰ ਨੂੰ ਪੰਜਾਬੀ ਸਿਨਮਿਆਂ ਦੇ ਵਿਹੜੇ ਰੁਸ਼ਨਾਵੇਗੀ।

# ਪੇਂਡੂ ਮੁੰਡੇ ਦੀ ਫਿਲਮ ਕਲਾਕਾਰ ਬਣਨ ਦੀ ਦਿਲਚਸਪ ਕਹਾਣੀ 'ਵੱਡਾ ਕਲਾਕਾਰ'

ਫਿਲਮੀ ਹਸਤੀਆਂ ਤੋਂ ਪ੍ਰਭਾਵਿਤ ਹੋ ਕੇ ਫਿਲਮਾਂ ਵੱਲ ਜਾਣ ਵਾਲਿਆਂ ਦੇ ਬਹੁਤ ਕਿੱਸੇ ਹਨ, ਜੋ ਉਨ੍ਹਾਂ ਦੀ ਸੰਘਰਸ਼ ਅਤੇ ਸ਼ੋਸਣ ਭਰੀ ਗਾਥਾ ਬਿਆਨਦੇ ਹਨ। ਅਜਿਹੇ ਰੌਚਕਤਾ ਅਤੇ ਸੰਘਰਸ਼ ਭਰੇ ਕਿੱਸਿਆ ਨੂੰ ਜੱਗ ਜਾਹਰ ਕਰਦੀ



ਗਾਇਕ ਅਲਫਾਜ਼ ਦੀ ਫਿਲਮ 'ਵੱਡਾ ਕਲਾਕਾਰ' 16 ਨਵੰਬਰ ਨੂੰ ਰਿਲੀਜ਼ ਹੋ ਰਹੀ ਹੈ, ਜਿਸ ਦਾ ਨਾਇਕ ਫਿਲਮ ਅਦਾਕਾਰ ਧਰਮਿੰਦਰ ਦਾ ਦੀਵਾਨਾ ਹੈ ਤੇ ਮਨ ਹੀ ਮਨ ਉਸ ਨੂੰ ਆਪਣਾ ਗੁਰੂ ਧਾਰ ਕੇ ਮੁੰਬਈ ਜਾਂਦਾ ਹੈ। ਅੱਗੇ ਉਸ ਨਾਲ ਕੀ ਕੀ ਹੁੰਦਾ ਹੈ? ਇਹ ਇਸ ਫਿਲਮ ਰਾਹੀਂ ਬਹੁਤ ਹੀ ਕਾਮੇਡੀ ਅੰਦਾਜ਼ ਵਿਚ ਪਰਦੇ 'ਤੇ ਪੇਸ਼ ਕੀਤਾ ਗਿਆ ਹੈ।

ਰੈਡ ਕੈਸਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪਾਰੁਲ ਕਟਿਆਲ ਦੀ ਪੇਸ਼ਕਸ, ਨਿਰਮਾਤਾ ਪ੍ਰਿੰਸ ਅਤੇ ਰਾਜਨ ਦੀ ਫਿਲਮ 'ਵੱਡਾ ਕਲਾਕਾਰ' ਮੌਜੂਦਾ ਦੌਰ ਵਿਚ ਬਣਨ ਵਾਲੀਆਂ ਆਮ ਫਿਲਮਾਂ ਤੋਂ ਬਹੁਤ ਹੀ ਹਟਵੇਂ ਵਿਸ਼ੇ ਦੀ ਹੈ। ਫਿਲਮ ਦਾ ਨਿਰਦੇਸ਼ਨ ਕੁਲਦੀਪ ਕੌਸ਼ਿਕ ਨੇ ਦਿੱਤਾ ਹੈ, ਜਿਸ ਨੇ ਫਿਲਮ ਦੀ ਕਹਾਣੀ ਨੂੰ ਬਹੁਤ ਹੀ ਬਾਖੂਬੀ ਕੈਮਰਬੱਧ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਗਲੈਮਰ ਦੀ ਦੁਨੀਆਂ ਨੇ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ ਹੈ। ਫਿਲਮ ਨਗਰੀ ਨਾਲ ਸਬੰਧਤ ਲੋਕਾਂ ਦੀ ਕੈਮਰੇ ਦੇ ਅੱਗੇ ਦੀ ਜ਼ਿੰਦਗੀ ਹੋਰ ਹੁੰਦੀ ਹੈ ਤੇ ਪਿੱਛੇ ਦੀ ਹੋਰ! ਇਹ ਫਿਲਮ ਇਸ ਸੰਘਰਸ਼ ਭਰੀ ਗਾਥਾ ਨੂੰ ਕਾਮੇਡੀ ਅਤੇ ਭਾਵੁਕਤਾ ਨਾਲ ਪਰਦੇ 'ਤੇ ਪੇਸ਼ ਕਰਦੀ ਹੈ। ਇਹ ਫਿਲਮ ਮਨੋਰੰਜਨ ਦੇ ਨਾਲ ਨਾਲ ਨੌਜਵਾਨਾਂ ਦੀ ਜ਼ਿੰਦਗੀ ਨੂੰ ਇੱਕ ਨਵੀਂ ਸੇਧ ਵੀ ਦਿੰਦੀ ਹੈ।

ਪੰਜਾਬੀ ਗਾਇਕੀ ਵਿਚ ਚੰਗਾ ਨਾਮ ਖੱਟਣ ਵਾਲਾ ਅਲਫਾਜ਼ ਇਸ ਫਿਲਮ ਦਾ ਹੀਰੋ ਬਣਿਆ ਹੈ। ਖੂਬਸੂਰਤ ਅਦਾਕਾਰਾ ਰੂਪੀ ਗਿੱਲ ਉਸ ਦੀ ਹੀਰੋਇਨ ਹੈ। ਜ਼ਿਕਰਯੋਗ ਹੈ ਕਿ ਰੂਪੀ ਕੈਨੇਡਾ ਦੀ ਜੰਮਪਲ ਪੰਜਾਬਣ ਮੁਟਿਆਰ ਹੈ ਤੇ ਅੱਧੀ ਦਰਜਨ ਤੋਂ ਵੱਧ ਗੀਤਾਂ ਦੇ ਫਿਲਮਾਂਕਣਾਂ 'ਚ ਕੰਮ ਕਰ ਚੁਕੀ ਹੈ। ਅਮਰਿੰਦਰ ਗਿੱਲ ਦੀ ਫਿਲਮ 'ਅਸ਼ਕੇ' ਵਿਚ ਕੰਮ ਕਰਨ ਤੋਂ ਬਾਅਦ ਫਿਲਮ 'ਵੱਡਾ ਕਲਾਕਾਰ' ਵਿਚ ਉਹ ਮੇਨ ਲੀਡ 'ਚ ਨਜ਼ਰ ਆਵੇਗੀ। ਗਾਇਕ ਅਲਫਾਜ਼ ਵੀ ਇਸ ਤੋਂ ਪਹਿਲਾਂ ਇੱਕ ਦੋ ਫਿਲਮਾਂ ਵਿਚ ਕੰਮ ਕਰ ਚੁਕਾ ਹੈ ਜਦਕਿ ਬਤੌਰ ਹੀਰੋ ਇਹ ਉਸ ਦੀ ਜ਼ਿੰਦਗੀ ਦੀ ਅਹਿਮ ਫਿਲਮ ਹੈ।

ਇਸ ਤੋਂ ਇਲਾਵਾ ਯੋਗਰਾਜ ਸਿੰਘ, ਨਿਰਮਲ ਰਿਸ਼ੀ, ਬੀ. ਐਨ. ਸ਼ਰਮਾ, ਜੱਸੀ ਕੌਰ, ਹਰਬੀ ਸੰਘਾ, ਮਲਕੀਤ ਰੌਣੀ, ਤੇਜ਼ੀ ਸੰਧੂ ਆਦਿ ਕਲਾਕਾਰਾਂ ਨੇ ਇਸ ਫਿਲਮ ਵਿਚ ਕੰਮ ਕੀਤਾ ਹੈ। ਫਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਦੀਦਾਰ ਗਿੱਲ ਨੇ ਲਿਖੇ ਹਨ। ਫਿਲਮ ਦੇ ਗੀਤ ਅਲਫਾਜ਼, ਸ਼ਿਆਮ ਬਲਕਾਰ ਅਤੇ ਬਿੰਦਰ ਨੱਥੂਮਾਜਰਾ ਨੇ ਲਿਖੇ ਹਨ, ਜਿਨ੍ਹਾਂ ਨੂੰ ਗਾਇਆ ਹੈ, ਅਲਫਾਜ਼, ਪ੍ਰਭ ਗਿੱਲ, ਰਣਜੀਤ ਬਾਵਾ, ਕਮਲ ਖਾਂ ਤੇ ਅਫਸਾਨਾ ਖਾਂ ਨੇ। ਫਿਲਮ ਦਾ ਸੰਗੀਤ ਗੁਰਮੀਤ ਸਿੰਘ, ਅਲਫਾਜ਼ ਤੇ ਸ਼ਾਮ ਬਲਕਾਰ ਨੇ ਦਿੱਤਾ ਹੈ।



# ਰਾਂਝਾ ਰਿਫਿਊਜੀ: ਨਾ ਰਾਂਝਾ, ਨਾ ਰਿਫਿਊਜੀ, ਫਿਲਮ ਦੇ ਨਾਂ 'ਤੇ ਮਜ਼ਾਕ !

ਇਕਬਾਲ ਸਿੰਘ ਚਾਨਾ

ਫਿਲਮ ਦੀ ਸਮੀਖਿਆ ਫਿਲਮ ਦੇ ਅੰਤ ਤੋਂ ਸ਼ੁਰੂ ਕਰਦਾ ਹਾਂ, ਜਿੱਥੇ ਲਿਖਿਆ ਹੈ, 'ਠੋ ਬਣ ਚੋਨਟਨ੍ਹਿਦ...!' ਏਨੀ ਗੱਲ ਤਾਂ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਫਿਲਮ ਦੇ ਮੌਜੂਦਾ ਪ੍ਰੋਡਿਊਸਰ ਤਾਂ ਸ਼ਾਇਦ ਲੱਤਾਂ ਹੇਠ ਦੀ ਕੰਨ ਫੜ੍ਹ ਕੇ ਤੌਬਾ ਕਰ ਚੁਕੇ ਹੋਣਗੇ ਕਿ ਮੁੜ ਕੇ ਪੰਜਾਬੀ ਫਿਲਮ ਨਹੀਂ ਬਣਾਉਣੀ! ਕੋਈ ਨਵਾਂ 'ਮੁਰਗਾ' ਫਸ ਜਾਵੇ ਤਾਂ ਗੱਲ ਵੱਖਰੀ ਹੈ। ਕੁਲ ਮਿਲਾ ਕੇ 'ਰਾਂਝਾ ਰਿਫਿਊਜੀ' ਵਿਚ ਨਾ ਤਾਂ ਰਾਂਝੇ ਵਾਲੀ ਕੋਈ ਗੱਲ ਹੈ ਤੇ ਨਾ ਰਿਫਿਊਜੀ ਵਾਲੀ! ਬਸ 'ਕੱਚ ਘਰੜ' ਜਿਹੀ ਬਣਾ ਕੇ ਰੱਖ ਦਿੱਤੀ ਹੈ, ਸਾਰੀ ਫਿਲਮ!

ਫਿਲਮ 1947 ਦੇ ਇਕ ਛੋਟੇ ਜਿਹੇ 'ਫਲੈਸ਼' ਤੋਂ ਸ਼ੁਰੂ ਹੁੰਦੀ ਹੈ। ਫੌਰਨ ਬਾਅਦ ਕਹਾਣੀ ਪੰਜਾਬ ਆ ਜਾਂਦੀ ਹੈ, ਤੇ ਪਾਕਿਸਤਾਨ ਤੋਂ ਆਏ ਇਕ ਰਿਫਿਊਜੀ ਦੇ ਬੇਟੇ 'ਰਾਂਝੇ' ਨੂੰ ਲੋਕ ਰਾਂਝਾ ਰਿਫਿਊਜੀ ਕਹਿੰਦੇ ਹਨ। ਉਹ ਰਾਂਝਾ ਘੱਟ ਤੇ ਮੁਸ਼ਟੰਡਾ ਵੱਧ ਲਗਦਾ ਹੈ।

ਪਿੰਡ ਦੀ ਕੁੜੀ ਨਾਲ ਇਸ਼ਕ ਵਿਚ ਹੀ ਵਿਲਨ ਦਾ ਅੜੰਗਾ, ਪੰਚਾਇਤਾਂ ਤੇ ਹੋਰ ਬੜਾ ਕੁਝ। ਫਿਰ ਹੀਰੋ ਦਾ ਫੌਜ ਵਿਚ ਚਲੇ ਜਾਣਾ, ਉਥੇ ਪਾਕਿਸਤਾਨ ਵਿਚ ਬਚਪਨ ਵਿਚ ਵਿਛੜ ਗਏ ਭਰਾ ਦਾ ਮਿਲਣਾ। ਪਾਕਿਸਤਾਨ ਵਿਚ ਰਹਿ ਗਈ ਮਾਂ ਦਾ ਰੋਣਾ ਧੋਣਾ। ਲਗਦਾ ਫਿਲਮ ਦੇ ਕਹਾਣੀਕਾਰ, ਸਕ੍ਰੀਨਪਲੇ ਲੇਖਕ ਤੇ ਡਾਇਰੈਕਟਰ ਪੂਰੀ ਤਰ੍ਹਾਂ ਭੰਬਲਭੂਸੇ ਵਿਚ ਰਹੇ, ਕਿਤੇ ਵੀ ਫਿਲਮ ਸਕਰਿਪਟ ਵਿਚ ਬੱਝੀ ਹੋਈ ਨਹੀਂ ਲਗਦੀ, ਬਸ ਸਭ ਕੁਝ ਖਿਲਰਿਆ ਹੋਇਆ ਹੈ। ਫਿਲਮ ਦੇ ਡਾਇਲਾਗ ਅਮਨ ਸਿੱਧੂ ਨੇ ਲਿਖੇ ਹਨ, ਉਸ ਨੂੰ ਪਤਾ ਨਹੀਂ ਕਿੱਥੋਂ ਸੁੱਝਿਆ ਕਿ ਝਾਂਗੀਆਂ ਵਾਲੀ ਬੋਲੀ ਬੋਲਣ ਨਾਲ ਕਰੈਕਟਰ ਪਾਕਿਸਤਾਨੀ ਬਣ ਜਾਂਦਾ ਹੈ। ਲੇਖਕ ਨੂੰ ਸ਼ਾਇਦ ਜਾਣਕਾਰੀ ਨਹੀਂ ਕਿ ਪਾਕਿਸਤਾਨੀ ਸਾਡੇ ਏਧਰ ਨਾਲੋਂ ਵਧੀਆ ਪੰਜਾਬੀ ਬੋਲਦੇ ਹਨ।

ਫਿਲਮ ਦੀ ਕਹਾਣੀ ਦਾ ਕਾਫੀ ਹਿੱਸਾ ਬਾਰਡਰ 'ਤੇ ਦਿਖਾਇਆ ਗਿਆ ਹੈ। ਇੱਕ ਟਿੱਬੇ ਜਿਹੇ ਉਤੇ ਦੋ ਕੁ ਤੰਬੂ ਲਾ ਕੇ ਇਨ੍ਹਾਂ ਨੇ ਬਾਰਡਰ ਵਿਖਾ ਦਿੱਤਾ। ਕੋਈ ਤੋਪ, ਕੋਈ ਮਸ਼ੀਨਗਨ ਜਾਂ ਕੋਈ ਗੱਡੀ ਤਕ ਨਹੀਂ। ਬਾਰਡਰ ਵਾਲਾ ਤਣਾਅ ਜਰਾ ਵੀ ਨਹੀਂ। ਬਸ ਬੋਰੀਅਤ ਹੀ ਬੋਰੀਅਤ!

ਹਾਲਾਂਕਿ ਮੈਂ ਸਮੀਖਿਆ ਕਰਨ ਦੇ ਇਰਾਦੇ ਨਾਲ ਸੁਚੇਤ ਰਹਿ ਕੇ ਫਿਲਮ ਵੇਖਦਾ ਹਾਂ, ਪਰ ਇਸ ਵਿਚ ਮੇਰੀ ਵੀ ਦੋ ਕੁ ਵਾਰ ਝਪਕੀ ਲੱਗ ਗਈ! ਐਕਟਿੰਗ ਦੀ ਗੱਲ ਕਰੀਏ ਤਾਂ ਰੌਸ਼ਨ ਪ੍ਰਿੰਸ ਨੇ ਫਿਲਮ ਵਿਚ ਡਬਲ ਰੋਲ ਕੀਤਾ ਹੈ। ਸਿੰਗਲ ਰੋਲ ਵਿਚ ਤਾਂ ਦਰਸ਼ਕਾਂ ਨੇ ਅਜੇ ਤਕ ਉਸ ਨੂੰ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ, ਇੱਥੇ ਡਬਲ ਹੈ। ਡਬਲ ਰੋਲ ਦੇ ਕਿਰਦਾਰ ਕਿਵੇਂ ਨਿਭਾਏ ਜਾਂਦੇ ਹਨ, ਨਾ ਉਸ ਨੂੰ ਤੇ ਨਾ ਸ਼ਾਇਦ ਡਾਇਰੈਕਟਰ ਨੂੰ ਪਤਾ ਹੈ। ਕੇਵਲ ਪਗੜੀ ਬੰਨ੍ਹ ਕੇ ਤੇ ਟੋਪੀ ਪਹਿਨ ਕੇ ਡਬਲ ਰੋਲ ਨਹੀਂ ਹੋ ਜਾਂਦਾ। ਕਿਰਦਾਰਾਂ ਦੇ ਹਾਵ ਭਾਵ ਦੀ ਵਿਲੱਖਣਤਾ ਵੀ ਜ਼ਰੂਰੀ ਹੈ।



ਰੌਸ਼ਨ ਪ੍ਰਿੰਸ

ਰੌਸ਼ਨ ਪ੍ਰਿੰਸ ਤੇ ਫਿਲਮ ਦੇ ਡਾਇਰੈਕਟਰ ਨੂੰ ਫਿਲਮ ਸ਼ੁਰੂ ਕਰਨ ਤੋਂ ਪਹਿਲਾਂ 'ਰਾਮ ਔਰ ਸ਼ਿਆਮ' ਤੇ 'ਗੋਰਾ ਔਰ ਕਾਲਾ' ਜਿਹੀਆਂ ਫਿਲਮਾਂ ਘੱਟੋ ਘੱਟ ਦਸ ਦਸ ਵਾਰ ਵੇਖਣੀਆਂ ਚਾਹੀਦੀਆਂ ਸਨ। ਫਿਲਮ ਵਿਚ ਉਹ ਰਾਂਝਾ ਘੱਟ ਤੇ 'ਫੁਕਰਾ' ਵੱਧ ਲਗਦਾ ਹੈ। ਇਸੇ ਤਰ੍ਹਾਂ ਹੀਰੋਇਨ ਸਾਨਵੀ ਧੀਮਾਨ ਵੀ 'ਹੀਰ' ਦੇ 'ਸੁਹੱਪਣ' ਤੋਂ ਕੋਹਾਂ ਦੂਰ ਹੈ, ਤੇ ਐਕਟਿੰਗ ਵਿਚ ਵੀ ਕਮਜ਼ੋਰ। ਕਰਮਜੀਤ ਅਨਮੋਲ ਨੇ ਕਾਮੇਡੀ ਦੇ ਨਾਲ ਨਾਲ ਖਲਨਾਇਕੀ ਵੀ ਕੀਤੀ ਹੈ ਪਰ ਨਾ ਤਾਂ ਕਾਮੇਡੀਅਨ ਤੇ ਨਾ ਹੀ ਵਿਲਨ ਜਚਦਾ ਹੈ।

ਪਾਕਿਸਤਾਨ ਵਿਚ ਮੁਸਲਿਮ ਮਾਂ ਦੇ ਰੋਲ ਵਿਚ ਅਨੀਤਾ ਸ਼ਬਦੀਸ਼ ਨੇ ਵੀ ਨਿਰਾਸ਼ ਕੀਤਾ ਹੈ। ਜੋ ਦਰਦ ਉਸ ਕਿਰਦਾਰ ਵਿਚ ਹੋਣਾ ਚਾਹੀਦਾ ਸੀ, ਪਰਦੇ 'ਤੇ ਉਜਾਗਰ ਨਹੀਂ ਹੋ ਸਕਿਆ। ਹਾਰਬੀ ਸੰਘਾ ਨੂੰ ਫੌਜੀ ਦਾ ਕਿਰਦਾਰ ਪਤਾ ਨਹੀਂ ਕੀ ਸੋਚ ਕੇ ਦਿੱਤਾ ਗਿਆ ਹੈ। ਉਹ ਫੌਜੀ ਘੱਟ ਤੇ ਕਾਰਟੂਨ ਜਾਂ ਜੋਕਰ ਵੱਧ ਲਗਦਾ ਹੈ। ਅਜਿਹੇ ਕਿਰਦਾਰ ਸਿਰਜਣਾ ਹੀ ਫੌਜ ਦੀ ਬੇਅਦਬੀ ਹੈ। ਬਾਕੀ ਸਾਰੇ ਕਲਾਕਾਰ ਖਾਨਾ-ਪੂਰਤੀ ਹਨ।

ਲੇਖਕ ਤੇ ਡਾਇਰੈਕਟਰ ਅਵਤਾਰ ਸਿੰਘ ਨੇ ਇਸ ਤੋਂ ਪਹਿਲਾਂ 'ਮਿੱਟੀ ਨਾ ਫਰੋਲ ਜੋਗੀਆ' ਤੇ 'ਰੁਪਿੰਦਰ ਗਾਂਧੀ-2' ਫਿਲਮਾਂ ਦਿੱਤੀਆਂ ਹਨ। 'ਮਿੱਟੀ ਨਾ ਫਰੋਲ ਜੋਗੀਆ' ਸਿਨਮਾ ਖਿੜਕੀ 'ਤੇ ਲੁੜ੍ਹਕ ਗਈ ਸੀ ਤੇ 'ਰੁਪਿੰਦਰ ਗਾਂਧੀ-2' ਹਿੱਟ ਸੀ। ਪਰ 'ਰਾਂਝਾ ਰਿਫਿਊਜੀ' ਉਸ ਦੀ ਦੋਹਾਂ ਤੋਂ ਘਟੀਆ ਫਿਲਮ ਹੈ!

SIKH SPORTS ASSOCIATION OF U.S.A.

"Healthy Body Healthy Mind"

Cash Prizes for Marathon Winners




Sikh Sports Association proudly holding




Venue: Quarry Lakes
2100 Isherwood Way, Fremont CA 94536



12TH ANNUAL GAMES

# Guru Nanak Marathon

## Saturday November 10th, 2018

Events

- **12 miles race**
  At 9 AM.
  Age Groups 19, 29, 39, 49, 50 & 60+
- **5K race**
  At 11:45 AM.
  Age Groups 19, 29, 39, 49, 50 & 60+
- **2 miles race**
  At 11:15 AM. Age Groups 10, 12, 14 and 16 years
- **2 miles walk**

Fun race for kids under 10 (No registration required)

Register: www.sikhsports.com 1-866-499-0032

Sikh sports is non-profit organization.

## Free drinks, snacks and lunch for everyone





Food sewa by Upkar Kaur Mangat and Lachman Singh Mangat